B.A.(Prog.)/B.Com.(Prog.) Semester-III/IV Punjabi-2C

# MODERN INDIAN LANGUAGE (CORE MIL)
## Punjabi Auto-biography & Functional Punjabi

## ਪੰਜਾਬੀ ਸਵੈ-ਜੀਵਨੀ ਅਤੇ ਵਿਹਾਰਕ ਪੰਜਾਬੀ

**Study Material 1-8**

**SCHOOL OF OPEN LEARNING**
**University of Delhi**

**Department of Punjabi**

Undergraduate Course

# MODERN INDIAN LANGUAGE (CORE MIL)

## Punjabi Auto-biography & Functional Punjabi

## ਪੰਜਾਬੀ ਸਵੈ-ਜੀਵਨੀ ਅਤੇ ਵਿਹਾਰਕ ਪੰਜਾਬੀ

## Study Material 1-8

## CONTENTS


ਪਾਠ ਨੰਬਰ : 1 ਸਵੈ-ਜੀਵਨੀ : ਸਿਧਾਂਤਕ ਪੱਖ

ਪਾਠ ਨੰਬਰ : 2 'ਸਵੈ-ਜੀਵਨੀ ਅੰਸ਼' (ਸੰਪਾਦਕ, ਡਾ. ਮਨਜੀਤ ਸਿੰਘ)

ਪਾਠ ਨੰਬਰ : 3 'ਕਿਸੁ ਪਹਿ ਖੋਲਉ ਗੰਠੜੀ' (ਕਰਤਾਰ ਸਿੰਘ ਦੁੱਗਲ)

ਪਾਠ ਨੰਬਰ : 4 "ਉਪਨਾਮ ਨੇਕੀ; ਕ੍ਰੋਧ ਵੀ ਮਹਾਨ ਤੇ ਖ਼ਿਮਾ ਵੀ ਮਹਾਨ; ਰੱਬ ਨਾਲ਼ ਮੇਲ" (ਜਸਵੰਤ ਸਿੰਘ ਨੇਕੀ)

ਪਾਠ ਨੰਬਰ : 5 'ਆਪਣੇ ਨਾਂ ਨਾਲ਼ ਨਫ਼ਰਤ' (ਬਲਬੀਰ ਮਾਧੋਪੁਰੀ)

ਪਾਠ ਨੰਬਰ : 6 ਸ਼ਬਦ-ਬੋਧ ਅਤੇ ਸ਼ੁੱਧ/ਅਸ਼ੁੱਧ ਸ਼ਬਦਾਂ ਦੀ ਪਛਾਣ

ਪਾਠ ਨੰਬਰ : 7 ਪੈਰਾ ਰਚਨਾ

ਪਾਠ ਨੰਬਰ : 8 3.4 ਵਿਗਿਆਪਨ ਰਚਨਾ



*Editor :-*
**Kuldeep Kaur Pahwa (Dr.)**
*Associate Professor*
(Punjabi Department)
Shri Guru Tegh Bahadur Khalsa College
University Campus
D.U., Delhi-110007

*Author :-*
**Kuljit Singh Bhatia (Dr.)**
*Associate Professor (Retd.)*
(Punjabi Department)
Desh Bandhu College
(University of Delhi)
Kalkaji, New Delhi-110019

*Co-editor :-*
**Manjeet Kaur (Dr.)**
*Associate Professor*
(Punjabi Department)
Guru Gobind Singh College of Commerce
Pitam Pura, Delhi-110034



**SCHOOL OF OPEN LEARNING**
UNIVERSITY OF DELHI
5, Cavalry Lane, Delhi-110007

**ਪਾਠ ਨੰਬਰ : 1**

**ਭਾਗ ਪਹਿਲਾ : ਸਿਧਾਂਤਕ ਪਰਿਪੇਖ**

# ਸਵੈ-ਜੀਵਨੀ : ਸਿਧਾਂਤਕ ਪੱਖ

*** ਡਾ. ਕੁਲਜੀਤ ਸਿੰਘ ਭਾਟੀਆ**

## ਆਰੰਭਿਕਾ

ਪਿਆਰੇ ਵਿਦਿਆਰਥੀਓ ! 'ਚਾਇਸ ਬੇਸਡ ਕਰੈਡਿਟ ਸਿਸਟਮ' (ਸੀ.ਬੀ.ਸੀ.ਐੱਸ.) ਦੇ ਤਹਿਤ, ਦਿੱਲੀ ਯੂਨੀਵਰਸਿਟੀ ਵੱਲੋਂ ਪਾਸ ਕੀਤੇ ਗਏ, 'ਕੋਰ' ਐੱਮ.ਆਈ.ਐੱਲ. (ਪੰਜਾਬੀ, 2-ਸੀ) ਪੇਪਰ ਦਾ ਸਿਲੇਬਸ, ਇਸ ਪ੍ਰਕਾਰ ਹੈ :-

1. **ਸਿਧਾਂਤਕ ਪਰਿਪੇਖ**

    1.1 ਸਵੈ-ਜੀਵਨੀ : ਸਿਧਾਂਤਕ ਪੱਖ

    1.2 ਜੀਵਨੀ ਤੇ ਸਵੈ-ਜੀਵਨੀ : ਅੰਤਰ ਤੇ ਸਾਂਝਾਂ

    1.3 ਆਧੁਨਿਕ ਵਾਰਤਕ ਦੇ ਰੂਪਾਕਾਰ

    1.4 ਪੰਜਾਬੀ ਸਵੈ-ਜੀਵਨੀ ਸਾਹਿਤ ਦਾ ਭਵਿੱਖ

    1.5 ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ

2. **ਮਨਜੀਤ ਸਿੰਘ (ਡਾ.) (ਸੰਪਾ.) 2011; 'ਪੰਜਾਬੀ ਸਵੈ-ਜੀਵਨੀ ਅੰਸ਼', ਮਨਪ੍ਰੀਤ ਪ੍ਰਕਾਸ਼ਨ, ਨਵੀਂ ਦਿੱਲੀ**

    2.1 ਭੂਮਿਕਾ ਵਿਚਲੇ ਵਿਚਾਰ

    2.2 ਸਵੈ-ਜੀਵਨੀ ਅੰਸ਼ਾਂ ਵਿਚੋਂ ਉੱਭਰਣ ਵਾਲ਼ੇ ਲੇਖਕ-ਬਿੰਬ

    2.3 ਪਾਠਗਤ ਅਧਿਐਨ

    2.4 ਸ਼ੈਲੀਗਤ ਵਿਸ਼ੇਸ਼ਤਾਵਾਂ

    2.5 ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ

---

* ਐਸੋਸੀਏਟ ਪ੍ਰੋਫ਼ੈਸਰ (ਸੇਵਾ ਮੁਕਤ), ਦੇਸ਼ਬੰਧੂ ਕਾਲਜ, ਕਾਲਕਾਜੀ, ਨਵੀਂ ਦਿੱਲੀ।

3. **ਵਿਹਾਰਕ ਪੰਜਾਬੀ**

3.1 ਸ਼ੁੱਧ-ਅਸ਼ੁੱਧ ਸ਼ਬਦ ਬੋਧ

3.2 ਬਹੁਅਰਥਕ ਸ਼ਬਦ

3.3 ਪੈਰਾ ਰਚਨਾ

3.4 ਵਿਗਿਆਪਨ ਰਚਨਾ

ਪਿਆਰੇ ਵਿਦਿਆਰਥੀਓ ! ਪਾਠਾਂ ਦੀ ਇਹ ਲੜੀ ਤੁਹਾਡੀ ਪਾਠ-ਪੁਸਤਕ **'ਪੰਜਾਬੀ ਸਵੈ-ਜੀਵਨੀ ਅੰਸ਼'** ਨਾਲ਼ ਸੰਬੰਧਿਤ ਹੈ, ਜੋ ਕਿ ਡਾ. ਮਨਜੀਤ ਸਿੰਘ ਵੱਲੋਂ ਸੰਪਾਦਿਤ ਕੀਤੀ ਗਈ ਹੈ। ਇਸ ਦਾ ਸਾਹਿਤਕ ਰੂਪਾਕਾਰ, 'ਸਵੈ-ਜੀਵਨੀ' ਹੈ। ਇਸ ਪਾਠ-ਪੁਸਤਕ ਬਾਰੇ ਪੁੱਛੇ ਜਾਣ ਵਾਲ਼ੇ ਵਧੇਰੇ ਪ੍ਰਸ਼ਨ ਸਵੈ-ਜੀਵਨੀ ਕਲਾ, ਵਾਰਤਕ-ਸ਼ੈਲੀ ਅਤੇ ਵਾਰਤਕ ਦੇ ਹੋਰ ਰੂਪਾਕਾਰਾਂ ਬਾਰੇ ਹੋਣਗੇ। ਸਵੈ-ਜੀਵਨੀ ਦੇ, ਦੂਸਰੇ ਵਾਰਤਕ-ਰੂਪਾਕਾਰਾਂ ਨਾਲ਼, ਸੰਬੰਧ ਵੀ ਹਨ ਅਤੇ ਅੰਤਰ ਵੀ। ਇਹਨਾਂ ਦੀ ਜਾਣਕਾਰੀ ਵੀ ਤੁਹਾਨੂੰ ਦਿੱਤੀ ਜਾਵੇਗੀ। ਪੰਜਾਬੀ ਸਵੈ-ਜੀਵਨੀ ਸਾਹਿਤ ਬਾਰੇ ਵਿਚਾਰਦਿਆਂ, ਅਸੀਂ ਸੰਬੰਧਿਤ ਰਚਨਾਕਾਰਾਂ ਬਾਰੇ, ਸੰਖੇਪ ਜਾਣਕਾਰੀ ਵੀ ਦਿਆਂਗੇ ਅਤੇ ਉਹਨਾਂ ਦੀਆਂ ਰਚਨਾਵਾਂ ਦਾ ਮੁਲਾਂਕਣ ਪੇਸ਼ ਕਰਨ ਦੀ ਕੋਸ਼ਿਸ਼ ਵੀ ਕਰਾਂਗੇ। ਇਹਨਾਂ ਸਾਰੇ ਨੁਕਤਿਆਂ ਨੂੰ ਧਿਆਨ ਵਿਚ ਰੱਖਦਿਆਂ, ਅਸੀਂ ਇਸ ਪਾਠ-ਪੁਸਤਕ ਨਾਲ਼ ਸੰਬੰਧਿਤ ਵਿਚਾਰ-ਚਰਚਾ ਨੂੰ ਵੱਖੋ-ਵੱਖਰੇ ਪਾਠਾਂ ਦੀ ਲੜੀ ਵਿਚ ਵੰਡਿਆ ਹੈ। ਹੱਥਲੇ ਪਾਠ ਵਿਚ ਅਸੀਂ, ਵਾਰਤਕ ਦੇ 'ਸਾਹਿਤਕ ਰੂਪਾਕਾਰਾਂ' (literary genres) ਦੀਆਂ ਵਿਸ਼ੇਸ਼ਤਾਵਾਂ ਦਾ ਲੇਖਾ-ਜੋਖਾ ਕਰ ਕੇ, ਸਵੈ-ਜੀਵਨੀ ਕਲਾ ਬਾਰੇ, ਵਿਸਤਾਰ ਨਾਲ਼ ਚਰਚਾ ਕਰਾਂਗੇ। ਧਿਆਨ ਰਹੇ ਕਿ ਹਾਲ ਦੀ ਘੜੀ ਸਾਡਾ ਮੁੱਖ ਸਰੋਕਾਰ, ਇਸੇ ਸਾਹਿਤ-ਰੂਪਾਕਾਰ ਨਾਲ਼ ਹੀ ਹੈ।

# 1.1 ਸਵੈ-ਜੀਵਨੀ : ਸਿਧਾਂਤਕ ਪੱਖ

ਹਰ ਸਾਹਿਤਕਾਰ ਆਪਣੀਆਂ ਸਾਹਿਤਕ-ਰਚਨਾਵਾਂ ਦੀ ਸਿਰਜਣਾ ਵਾਸਤੇ, ਕਿਸੇ ਨਾ ਕਿਸੇ ਸਾਹਿਤਕ ਰੂਪ/ਰੂਪਾਕਾਰ ਨੂੰ ਚੁਣਦਾ ਹੈ, ਜਿਵੇਂ ਕਿ: ਕਵਿਤਾ, ਕਹਾਣੀ, ਨਾਵਲ, ਨਾਟਕ, ਨਿਬੰਧ, ਜੀਵਨੀ, ਸਵੈ-ਜੀਵਨੀ, ਰੇਖਾ-ਚਿੱਤਰ ਆਦਿ। ਸਾਹਿਤ ਦੇ ਇਹਨਾਂ ਵੱਖੋ-ਵੱਖਰੇ ਰੂਪਾਂ/ਰੂਪਾਕਾਰਾਂ ਦੀਆਂ, ਆਪੋ ਆਪਣੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਸਵੈ-ਜੀਵਨੀ, ਮੂਲ ਰੂਪ ਵਿਚ, ਕਿਸੇ ਸਾਹਿਤਕਾਰ ਵੱਲੋਂ ਲਿਖਿਆ, ਆਪਣਾ ਹੀ ਜੀਵਨ-ਬਿਰਤਾਂਤ ਹੁੰਦੀ ਹੈ। ਇਸ ਨੂੰ, ਆਤਮ-ਕਥਾ ਜਾਂ ਆਪ-ਬੀਤੀ ਵੀ ਕਿਹਾ ਜਾ ਸਕਦਾ ਹੈ। 'ਸਵੈ-ਜੀਵਨੀ' ਦੀ ਸੰਖੇਪ ਪਰਿਭਾਸ਼ਾ, ਇਸ ਤਰ੍ਹਾਂ ਕੀਤੀ ਜਾ ਸਕਦੀ ਹੈ ਕਿ ਸਵੈ-ਜੀਵਨੀ, ਆਪਣੇ ਸਹੀ ਰੂਪ ਵਿਚ, ਲੇਖਕ ਦੇ ਆਪਣੇ ਜੀਵਨ ਨਾਲ਼ ਸੰਬੰਧਿਤ ਉਹ **ਬਿਰਤਾਂਤ** ਹੈ, ਜਿਸ ਵਿਚ **ਆਤਮ-ਨਿਰੀਖਣ** ਉਪਰ ਬਲ ਦਿੱਤਾ ਜਾਂਦਾ ਹੈ ਅਤੇ ਆਪਣੇ ਜੀਵਨ ਦੀ ਸਾਰਥਕਤਾ ਨੂੰ, ਵੱਡੇਰੇ ਪਿਛੋਕੜ ਵਿਚ ਰੱਖ ਕੇ ਬਿਆਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਸਵੈ-ਜੀਵਨੀ, ਜਿੱਥੇ ਲੇਖਕ ਦੇ ਨਿੱਜੀ ਜੀਵਨ-ਅਨੁਭਵ ਦਾ ਨਿਰੀਖਣ ਕਰਦੀ ਹੈ, ਉੱਥੇ ਇਹ ਆਪਣੇ ਆਲ਼ੇ-ਦੁਆਲ਼ੇ ਦੇ ਸਮਾਜ ਅਤੇ ਸਭਿਆਚਾਰ ਦਾ ਵਿਸ਼ਲੇਸ਼ਣ ਵੀ ਕਰਦੀ ਹੈ। ਅਸਲ ਵਿਚ ਸਵੈ-ਜੀਵਨੀ, ਜੀਵਨੀ ਦਾ ਹੀ ਇਕ ਵਿਸ਼ੇਸ਼ ਰੂਪ ਹੈ। ਜਿੱਥੇ ਜੀਵਨੀ ਵਿਚ ਲੇਖਕ, ਕਿਸੇ ਹੋਰ ਵਿਅਕਤੀ ਦੇ ਜੀਵਨ-ਬਿਰਤਾਂਤ ਨੂੰ ਪੇਸ਼ ਕਰਦਾ ਹੈ, ਉੱਥੇ ਸਵੈ-ਜੀਵਨੀ ਵਿਚ ਲੇਖਕ, ਆਪਣੇ **ਨਿੱਜੀ ਜੀਵਨ-ਚਰਿੱਤਰ** ਨੂੰ, ਆਪਣੇ ਹੀ ਨਜ਼ਰੀਏ ਤੋਂ ਵੇਖਦਿਆਂ ਪੇਸ਼ ਕਰਦਾ ਹੈ। ਜੀਵਨੀ, ਆਮ ਤੌਰ 'ਤੇ, ਕਿਸੇ ਮਹਾਨ ਵਿਅਕਤੀ ਨਾਲ਼ ਸੰਬੰਧਿਤ ਹੁੰਦੀ ਹੈ ਅਤੇ ਸਵੈ-ਜੀਵਨੀ ਲਿਖਣ ਵਾਲ਼ਾ ਵਿਅਕਤੀ ਵੀ, ਵਿਸ਼ੇਸ਼-ਸ਼ਖ਼ਸੀਅਤ ਦਾ ਅਤੇ ਆਮ ਲੋਕਾਂ ਲਈ ਪ੍ਰਸਿੱਧੀ ਦਾ ਮਾਲਕ ਹੁੰਦਾ ਹੈ। ਅਜਿਹਾ ਵਿਅਕਤੀ, ਸਮਾਜਕ ਰੁੱਤਬੇ ਤੋਂ ਮਹਾਨ ਅਤੇ ਜੀਵਨ ਦੇ ਕਿਸੇ ਖ਼ਾਸ ਖੇਤਰ ਵਿਚ, ਵਿਸ਼ੇਸ਼ ਨਾਮਣਾ ਕਮਾਉਣ ਵਾਲ਼ਾ ਵਿਅਕਤੀ ਹੀ ਹੋ ਸਕਦਾ ਹੈ। ਇਸੇ ਲਈ ਜੀਵਨੀ-ਸਾਹਿਤ, ਮਹਾਨ ਧਾਰਮਕ ਆਗੂਆਂ,

ਰਾਜਨੀਤਕ-ਵਿਅਕਤੀਆਂ, ਦਾਰਸ਼ਨਿਕ-ਚਿੰਤਕਾਂ, ਕਲਾਕਾਰਾਂ, ਸਾਹਿਤਕਾਰਾਂ, ਵਿਗਿਆਨੀਆਂ ਦੇ ਜੀਵਨ-ਚਰਿੱਤਰ ਨਾਲ਼ ਸੰਬੰਧ ਰੱਖਦਾ ਹੈ। ਸਵੈ-ਜੀਵਨੀ, ਭਾਵੇਂ ਕੋਈ ਵੀ ਲਿਖ ਸਕਦਾ ਹੈ, ਪਰ ਪਾਠਕਾਂ ਦੀ ਦਿਲਚਸਪੀ, ਕਿਸੇ ਅਜਿਹੇ ਵਿਅਕਤੀ ਦੀ ਸਵੈ-ਜੀਵਨੀ ਨੂੰ ਪੜ੍ਹਣ ਵਿਚ ਹੀ ਵਧੇਰੇ ਹੋਵੇਗੀ, ਜਿਸ ਨੇ, ਆਪਣੀ ਯੋਗਤਾ ਜਾਂ ਪ੍ਰਤਿਭਾ ਰਾਹੀਂ, ਜੀਵਨ ਦੇ ਕਿਸੇ ਨਾ ਕਿਸੇ ਖ਼ੇਤਰ ਵਿਚ ਆਪਣੀ ਵਿਸ਼ੇਸ਼ ਥਾਂ ਬਣਾਈ ਹੋਵੇ।

ਡਾ. ਸੁਖਿੰਦਰ ਸਿੰਘ ਰੰਧਾਵਾ 'ਕਹਾਣੀ ਪੰਜਾਬ' ਦੇ ਅੰਕ ਨੰਬਰ 73, ਪੰਨਾ ਨੰਬਰ 18 ਉਪਰ, ਸਵੈ-ਜੀਵਨੀ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਦੇ ਹਨ :-

> "ਸਵੈ-ਜੀਵਨੀ, ਇਕ ਬਿਰਤਾਂਤਕ ਰੂਪਾਕਾਰ ਹੈ, **ਜੋ ਜੀਵਨ ਦੇ ਤੱਥ, ਸੱਚ ਤੇ ਯਥਾਰਥ ਦੇ** ਸਭ ਤੋਂ ਨਜ਼ਦੀਕ ਮੰਨਿਆ ਜਾਂਦਾ ਹੈ। ਇਹ ਕਿਹਾ ਜਾਂਦਾ ਹੈ ਕਿ ਇਸ ਵਿਚ ਪ੍ਰਸਤੁਤ ਸੱਚ, ਜੀਵਨ ਦਾ 'ਨੰਗਾ-ਸੱਚ' ਹੁੰਦਾ ਹੈ, ਜੋ ਕਿ ਲੇਖਕ ਦੇ **ਅੱਖੀਂ ਡਿੱਠੇ ਤੇ ਹੱਡੀਂ ਹੰਢਾਏ ਅਨੁਭਵ ਉਪਰ ਆਧਾਰਿਤ** ਹੁੰਦਾ ਹੈ। ਸੱਚ ਨੂੰ ਠੋਸ ਤੇ ਪ੍ਰਮਾਣਿਕ ਰੂਪ ਵਿਚ ਪੇਸ਼ ਕਰਨ ਦੀ ਅਸੀਮ ਸੰਭਾਵਨਾ, ਇਸ ਰੂਪਾਕਾਰ ਵਿਚ ਸਮੋਈ ਹੁੰਦੀ ਹੈ। ਇਸ ਦੇ ਨਾਲ਼ ਹੀ, ਕਿਉਂਕਿ, ਇਹ ਸੱਚ ਲੇਖਕ ਦੇ ਜੀਵਨ-ਬਿਰਤਾਂਤ ਰਾਹੀਂ ਸਾਹਮਣੇ ਆ ਰਿਹਾ ਹੁੰਦਾ ਹੈ, ਇਸ ਕਰਕੇ, ਇਹਦੇ ਆਤਮਪਰਕ, ਆਦਰਸ਼ੀਕ੍ਰਿਤ ਤੇ ਨਾਇਕਤਵ ਦੀ ਭਾਵਨਾ ਨੂੰ ਉੱਭਾਰਨ ਵਾਲ਼ਾ ਬਣ ਜਾਣ ਦੀ ਸੰਭਾਵਨਾ ਵੀ, ਬਰਾਬਰ ਬਣੀ ਰਹਿੰਦੀ ਹੈ। ਸਜੱਗ ਸਵੈ-ਜੀਵਨੀਕਾਰ, ਇਸ ਤੋਂ ਬਚਣ ਲਈ ਅਨੇਕ ਵਿਧੀਆਂ/ਜੁਗਤਾਂ ਦੀ ਵਰਤੋਂ ਕਰਦਾ ਹੈ। ਉਹ ਆਪਣੇ ਸਵੈ-ਪਛਾਣ ਦੇ ਅਮਲ ਨੂੰ, ਵਸਤੂਪਰਕ ਰੂਪ ਵਿਚ ਕਹਿਣ ਦੇ, ਨਿੱਜੀ ਜੀਵਨ ਬਿਉਰਿਆਂ/ਵੇਰਵਿਆਂ ਨੂੰ ਵੱਧ ਤੋਂ ਵੱਧ ਸਮੂਹਿਕ, ਸਮਾਜਕ, ਸੱਭਿਆਚਾਰਕ ਵਿਹਾਰਾਂ, ਵਰਤਾਰਿਆਂ ਦੇ ਪ੍ਰਸੰਗ ਵਿਚ ਪੇਸ਼ ਕਰਕੇ 'ਸਵੈ' ਨੂੰ 'ਸਮੂਹ' ਵਿਚੋਂ ਉਗਮਦੇ/ਵਿਕਸਿਤ ਹੁੰਦਿਆਂ ਨਿਹਾਰਦਾ/ਪਛਾਣਦਾ ਹੈ। ਇਉਂ, ਸਵੈ ਤੇ ਸਮੂਹ, ਅੰਤਰ-ਸੰਵਾਦੀ ਸੰਬੰਧਾਂ ਵਿਚ ਬੱਝੇ ਹੋਏ, ਵਿਅਕਤੀ-ਵਿਸ਼ੇਸ਼ ਦੇ **'ਆਤਮਪਰਕ ਸੱਚ'** ਦੀ ਥਾਂ, ਜੀਵਨ ਦੇ **'ਵਿਆਪਕ-ਸੱਚ'** ਨੂੰ ਪੇਸ਼ ਕਰਨ ਦੇ, ਬਾਇਸ ਬਣ ਜਾਂਦੇ ਹਨ।"

'ਸਵੈ-ਜੀਵਨੀ' ਨੂੰ ਨਿਰੋਲ, ਇਸੇ ਕਰਕੇ ਹੀ, ਸਾਹਿਤ ਦੇ ਖ਼ੇਤਰ ਵਿਚ ਨਹੀਂ ਰੱਖਿਆ ਜਾ ਸਕਦਾ ਕਿ ਇਹ, ਕਿਸੇ ਵਿਅਕਤੀ ਦਾ ਨਿੱਜੀ ਜੀਵਨ-ਚਰਿੱਤਰ ਜਾਂ ਬਿਰਤਾਂਤ ਹੁੰਦਾ ਹੈ। ਇਹੋ ਜਿਹਾ ਨਿਰਾ ਬਿਰਤਾਂਤ ਤਾਂ ਸਿਰਫ਼, ਇਤਿਹਾਸਕ ਮਹੱਤਵ ਹੀ ਰੱਖਦਾ ਹੈ। ਇਸ ਨੂੰ ਸਾਹਿਤਕ ਬਣਾਉਣ ਲਈ, ਇਹਿਤਾਸਕ ਤੱਥਾਂ ਦੇ ਵੇਰਵਿਆਂ ਤੋਂ ਇਲਾਵਾ, ਕੁੱਝ ਹੋਰ ਗੁਣਾਂ ਦਾ ਹੋਣਾ ਵੀ ਜ਼ਰੂਰੀ ਹੁੰਦਾ ਹੈ। ਸੱਚ ਤਾਂ ਇਹ ਹੈ ਕਿ ਸਵੈ-ਜੀਵਨੀ, ਕਿਸੇ ਲੇਖਕ ਦਾ ਜੀਵਨ-ਇਤਿਹਾਸ ਹੋਣ ਦੇ ਨਾਲ਼ ਨਾਲ਼, ਉਸ ਦੀ ਚੇਤਨਾ ਅਤੇ ਸੰਵੇਦਨਾ ਦਾ, ਇਤਿਹਾਸਕ ਸਫ਼ਰ ਵੀ ਹੁੰਦਾ ਹੈ। ਲੇਖਕ ਦੇ ਜੀਵਨ ਦੀਆਂ, ਨਿਰੋਲ ਨਿੱਜੀ ਘਟਨਾਵਾਂ ਵੀ, ਮਨੁੱਖੀ-ਜੀਵਨ ਦੇ ਸਰਬ ਸਾਂਝੇ ਸੱਚ ਨੂੰ ਪ੍ਰਗਟਾਉਂਦੀਆਂ ਪ੍ਰਤੀਤ ਹੁੰਦੀਆਂ ਹਨ। ਇਸੇ ਵਿਚ ਹੀ, ਇਸ ਸਾਹਿਤਕ-ਰੂਪਾਕਾਰ ਦੀ ਸਾਹਿਤਕਤਾ ਦਾ ਭੇਦ ਛੁਪਿਆ ਹੁੰਦਾ ਹੈ।

ਇਸ ਤੋਂ ਇਲਾਵਾ, ਸਮੁੱਚੇ ਤੌਰ 'ਤੇ, ਸਾਹਿਤਕ ਰਚਨਾਵਾਂ ਨਾਲ਼, ਸਵੈ-ਜੀਵਨੀ ਦੀ ਸਾਂਝ, ਇਸ ਪੱਖੋਂ ਵੀ ਹੈ ਕਿ ਦੋਹਾਂ ਵਿਚ ਹੀ ਸ਼ਬਦਾਂ ਦੇ ਮਾਧਿਅਮ ਰਾਹੀਂ, ਅਰਥਾਂ ਦਾ ਸਿਰਜਣ ਕੀਤਾ ਜਾਂਦਾ ਹੈ। ਇਕ ਉੱਤਮ ਸਵੈ-ਜੀਵਨੀ, ਕਿਸੇ ਵਿਅਕਤੀ ਦੇ ਨਿੱਜੀ ਜੀਵਨ-ਅਨੁਭਵ ਵਿਚ ਲੁੱਕੇ ਸਧਾਰਣੀਕ੍ਰਿਤ ਮਾਨਵੀ-ਅਰਥਾਂ ਨੂੰ ਪ੍ਰਕਾਸ਼ਮਾਨ ਕਰਦੀ ਹੈ। ਇਹੀ ਕਾਰਨ ਹੈ ਕਿ ਸਵੈ-ਜੀਵਨੀ, ਕਿਸੇ ਗਲਪੀ-ਰਚਨਾ ਵਾਂਗ ਹੀ ਸਾਨੂੰ ਪ੍ਰੇਰਿਤ, ਪ੍ਰਭਾਵਿਤ ਅਤੇ ਉਤਸ਼ਾਹਿਤ ਵੀ ਕਰਦੀ ਹੈ। ਫ਼ਰਕ ਸਿਰਫ਼ ਇਹੀ ਹੁੰਦਾ ਹੈ ਕਿ ਗਲਪੀ ਰਚਨਾ ਵਿਚ ਘਟਨਾਵਾਂ ਅਤੇ ਸਥਿਤੀਆਂ, ਲੇਖਕ ਦੀ ਕਲਪਨਾ-ਸ਼ਕਤੀ ਦੁਆਰਾ ਹੋਂਦ ਵਿਚ ਆਉਂਦੀਆਂ ਹਨ। ਜਦੋਂ ਕਿ ਸਵੈ-ਜੀਵਨੀ ਵਿਚ, ਇਹ ਸੱਚਮੁੱਚ ਵਾਪਰੀਆਂ ਘਟਨਾਵਾਂ ਅਤੇ ਸਥਿਤੀਆਂ ਦੀ ਉੱਪਜ ਹੁੰਦੀਆਂ ਹਨ। ਕਿਸੇ ਹੋਰ ਸਾਹਿਤ-ਰਚਨਾ ਵਾਂਗ ਹੀ, ਸਵੈ-ਜੀਵਨੀ ਵਿਚ ਪੇਸ਼ ਘਟਨਾਵਾਂ ਅਤੇ ਸਥਿਤੀਆਂ, ਲੇਖਕ ਦੀ ਦ੍ਰਿਸ਼ਟੀ ਅਤੇ ਉਸ ਦੇ ਅਨੁਭਵ ਦਾ ਹਿੱਸਾ ਬਣ ਕੇ ਹੀ, ਸ਼ਬਦਾਂ ਦਾ ਜਾਮਾ ਪਹਿਨਦੀਆਂ ਹਨ। ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਸਵੈ-ਜੀਵਨੀਕਾਰ, ਇਤਿਹਾਸਕ ਤੱਥਾਂ ਨੂੰ ਕਿੰਨਾ ਕੁ ਗਾਲਪਨਿਕਤਾ ਵਿਚ ਰੂਪਾਂਤਰਿਤ ਕਰ ਸਕਿਆ ਹੈ ?

ਕੁੱਝ ਸਾਹਿਤ-ਚਿੰਤਕਾਂ ਨੇ, ਸਾਹਿਤ ਵਿਚ ਜੁਗਤਾਂ ਅਤੇ ਵਿਧੀਆਂ ਦੇ ਮਹੱਤਵ ਨੂੰ ਉਜਾਗਰ ਕੀਤਾ ਹੈ। ਸਾਹਿਤ-ਰਚਨਾ, ਯਥਾਰਥ ਦੀ ਇਨ-ਬਿਨ ਝਾਕੀ ਪੇਸ਼ ਨਹੀਂ ਕਰਦੀ, ਸਗੋਂ ਇਹ ਤਾਂ ਘਟਨਾਵਾਂ ਤੇ ਸਥਿਤੀਆਂ ਨੂੰ, ਕਿਸੇ ਕਲਾਤਮਕ ਵਿਧੀ ਜਾਂ ਜੁਗਤ ਰਾਹੀਂ ਪੇਸ਼ ਕਰਦੀ ਹੈ। ਸਵੈ-ਜੀਵਨੀ ਉਪਰ ਵੀ ਇਹ ਗੱਲ, ਪੂਰੇ ਤੌਰ ’ਤੇ ਲਾਗੂ ਹੁੰਦੀ ਹੈ। ਇਸ ਵਿਚ ਲੇਖਕ ਆਪਣੇ ਨਾਲ਼ ਵਾਪਰੀ ਹਰ ਘਟਨਾ ਨੂੰ, ਜਿਉਂ ਦਾ ਤਿਉਂ ਪੇਸ਼ ਨਹੀਂ ਕਰਦਾ, ਸਗੋਂ ਆਪਣੀ ਕਲਾਤਮਕ ਪ੍ਰਤਿਭਾ ਰਾਹੀਂ ਕੱਟ-ਵੱਢ ਕਰ ਕੇ ਜਾਂ ਛਾਂਗ ਕੇ, ਚੋਣਵੀਆਂ ਘਟਨਾਵਾਂ, ਅਨੁਭਵਾਂ ਜਾਂ ਸਥਿਤੀਆਂ ਨੂੰ ਹੀ ਪੇਸ਼ ਕਰਦਾ ਹੈ। ਇਹਨਾਂ ਘਟਨਾਵਾਂ ਨੂੰ ਪੇਸ਼ ਕਰਨ ਦਾ ਉਸ ਦਾ ਉਦੇਸ਼, ਕਿਸੇ ਕਹਾਣੀਕਾਰ ਜਾਂ ਨਾਵਲਕਾਰ ਵਰਗਾ ਹੀ ਹੁੰਦਾ ਹੈ। ਘਟਨਾਵਾਂ ਦੇ ਬਿਰਤਾਂਤ ਰਾਹੀਂ, ਮਨੁੱਖੀ ਅਤੇ ਸਾਹਿਤਕ ਅਰਥਾਂ ਨੂੰ, ਸਿਰਜਣਾ ਵੀ ਹੁੰਦਾ ਹੈ। ਇਹੀ ਕਾਰਨ ਹੈ ਕਿ ਸਵੈ-ਜੀਵਨੀਕਾਰ, ਆਪਣੇ ਨਿੱਜੀ ਜੀਵਨ-ਅਨੁਭਵ ਨੂੰ, ਕਲਾਤਮਕ ਵਿਧੀਆਂ/ਜੁਗਤਾਂ ਰਾਹੀਂ ਵਿਉਂਤ ਕੇ, ਲੋੜੀਂਦਾ ਪ੍ਰਭਾਵ ਸਿਰਜਣਾ ਚਾਹੁੰਦਾ ਹੈ। ਇਹੀ ਗੱਲ, ਸਵੈ-ਜੀਵਨੀ ਦੇ ਰੂਪਾਕਾਰ ਦੀ ਸਾਹਿਤਕਤਾ ਦਾ, ਪ੍ਰਮੁੱਖ ਲੱਛਣ ਮੰਨੀ ਜਾ ਸਕਦੀ ਹੈ।

## 1.2 ਜੀਵਨੀ ਤੇ ਸਵੈ-ਜੀਵਨੀ : ਅੰਤਰ ਤੇ ਸਾਂਝ/ਸਮਾਨਤਾ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਅਤੇ ਡਾ. ਰਤਨ ਸਿੰਘ ਜੱਗੀ ਦੁਆਰਾ ਸੰਪਾਦਤ **‘ਸਾਹਿੱਤ ਕੋਸ਼ : ਪਰਿਭਾਸ਼ਿਕ ਸ਼ਬਦਾਵਲੀ’** (1989 ਈ.) ਦੇ ਪੰਨਾ ਨੰਬਰ : 535 ਤੋਂ 537 ’ਤੇ ਬਾਖ਼ੂਬੀ ਸਪੱਸ਼ਟ ਕੀਤਾ ਗਿਆ ਹੈ ਕਿ ਜੀਵਨੀ ਲਈ ਸਾਡੇ ਕੋਲ਼, ਅੰਗਰੇਜ਼ੀ ਭਾਸ਼ਾ ਦਾ ਸ਼ਬਦ ‘ਬਾਇਓਗ੍ਰਾਫ਼ੀ’ (Biography) ਮੌਜੂਦ ਹੈ, ਜੋ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ : ‘ਬਾਇਓਸ’ (bios), ਭਾਵ, ਜੀਵਨ ਅਤੇ ‘ਗ੍ਰਾਫ਼ੋਸ’ (graphos), ਭਾਵ, ਲਿਖਤ ਦੇ ਜੋੜ ਨਾਲ਼ ਬਣਿਆ ਹੈ। ਇਉਂ, ਜੀਵਨੀ ਜਾਂ ‘ਬਾਇਓਗ੍ਰਾਫ਼ੀ’ ਵਿਚ, ਕਿਸੇ ਮਨੁੱਖ ਦੇ ਜੀਵਨ ਦਾ ਲੇਖਾ-ਜੋਖਾ ਕੀਤਾ ਗਿਆ ਹੁੰਦਾ ਹੈ। ਜਦੋਂ ‘ਜੀਵਨੀ’ ਸ਼ਬਦ ਦੇ ਅੱਗੇ ‘ਸਵੈ’ ਅਤੇ ‘ਬਾਇਓਗ੍ਰਾਫ਼ੀ’ ਦੇ ਅੱਗੇ ‘ਆਟੋ’ (auto) ਸ਼ਬਦ ਲੱਗ ਜਾਂਦਾ ਹੈ, ਤਾਂ ਉਹ, ‘ਸਵੈ-ਜੀਵਨੀ’ ਜਾਂ ‘ਆਟੋਬਾਇਓਗ੍ਰਾਫ਼ੀ’ ਬਣ ਜਾਂਦਾ ਹੈ। ਭਾਵ, ਜਦੋਂ ਕੋਈ ਲੇਖਕ, ਆਪਣੀ ਜੀਵਨੀ ਆਪ ਲਿਖਦਾ ਹੈ, ਤਾਂ ਉਸ ਨੂੰ, ‘ਸਵੈ-ਜੀਵਨੀ’ ਕਿਹਾ ਜਾਂਦਾ ਹੈ। ਕਈ ਵੇਰ੍ਹਾਂ, ਸਵੈ-ਜੀਵਨੀ ਦੇ ਲਈ, ‘ਆਤਮ-ਕਥਾ’ ਜਾਂ ‘ਆਤਮ-ਬਿਰਤਾਂਤ’ ਸ਼ਬਦਾਂ ਦੀ ਵਰਤੋਂ ਵੀ ਕਰ ਲਈ ਜਾਂਦੀ ਹੈ। ਪਰ, ‘ਸਵੈ-ਜੀਵਨੀ’ ਸ਼ਬਦ, ਵਧੇਰੇ ਪ੍ਰਚਲਤ ਹੈ। ਸੋ, ਜ਼ਾਹਿਰ ਹੈ ਕਿ ਜਦੋਂ ਕੋਈ ਲੇਖਕ, ਕਿਸੇ ਹੋਰ ਦੇ ਜੀਵਨ-ਬਿਰਤਾਂਤ ਨੂੰ ਲਿਖਦਾ ਹੈ, ਤਾਂ ਉਸ ਨੂੰ, ‘ਜੀਵਨੀ’ ਦੀ ਸੰਗਿਆ ਦਿੱਤੀ ਜਾਂਦੀ ਹੈ। ਪੰਜਾਬੀ ਵਿਚ ਜੀਵਨੀ-ਸਾਹਿਤ ਲਿਖਣ ਦੀ, ਇਕ ਲੰਮੀ ਪਰੰਪਰਾ ਮੌਜੂਦ ਹੈ।

ਬੱਚਿਉ ! ਤੁਹਾਨੂੰ ਇਸ ਗੱਲ ਦਾ ਇਲਮ ਹੋਵੇਗਾ ਹੀ ਕਿ ਜਿਸ ਨੂੰ ਹੁਣ ‘ਇਤਿਹਾਸ’ ਕਿਹਾ ਜਾਂ ਮੰਨਿਆ ਜਾਂਦਾ ਹੈ, ਉਹ ਬਹੁਤ ਪੱਛੜ ਕੇ, ਲਿਖਿਆ ਜਾਣ ਲੱਗਿਆ। ਇਸ ਤੋਂ ਪਹਿਲਾਂ, ਆਦਰਸ਼ਕ ਜਾਂ ਉਪਦੇਸ਼ਾਤਮਕ ਜੀਵਨੀਆਂ ਲਿਖਣ ਦਾ ਰੁਝਾਣ ਬਣਿਆ। ਜਿਸ ਵਿਚ ‘ਤੱਥ’ (fact) ਤੇ ‘ਮਿੱਥ’ (Myth) ਦਾ ਸੰਜੋਗ ਹੁੰਦਾ ਸੀ। ਇਹ ਗੱਲ ਪੱਛਮ ਤੇ ਪੂਰਬ, ਦੋਹਾਂ ਵਿਚ, ਲਗਭਗ ਇਕ ਸਮਾਨ ਵੇਖੀ ਜਾਂਦੀ ਹੈ। ਮੱਧਕਾਲੀਨ ਪੰਜਾਬ ’ਚ ‘ਸਾਖੀ’ ਜਾਂ ‘ਜਨਮਸਾਖੀ’ ਸਾਹਿਤ, ਹੋਂਦ ਵਿਚ ਆਇਆ। ਬਹੁਤ ਸਾਰੇ ਭਗਤਾਂ, ਸੂਫ਼ੀ-ਸੰਤਾਂ ਤੇ ਗੁਰੂਆਂ-ਪੀਰਾਂ ਦੀਆਂ ਜਨਮਸਾਖੀਆਂ ਲਿਖੀਆਂ ਗਈਆਂ। ਭਾਵ, ਇਨ੍ਹਾਂ ਆਦਰਸ਼ ਮਹਾਂਪੁਰਖਾਂ ਦੇ ਜੀਵਨ-ਬਿਰਤਾਂਤ, ਸਿਰਜੇ ਜਾਣ ਲੱਗੇ। ਭਗਤ ਕਬੀਰ, ਬਾਬਾ ਸ਼ੇਖ਼ ਫ਼ਰੀਦ, ਭਗਤ ਨਾਮਦੇਵ, ਭਗਤ ਰਵਿਦਾਸ ਅਤੇ ਸਿੱਖ ਗੁਰੂ ਸਾਹਿਬਾਨ ਦੀਆਂ ਸਾਖੀਆਂ/ਜਨਮ-ਸਾਖੀਆਂ, ਪੰਜਾਬੀ ਵਿਚ ਲਿਖੀਆਂ, ਆਮ ਮਿਲ਼ਦੀਆਂ ਹਨ। ਗੁਰੂ ਨਾਨਕ ਦੇਵ ਜੀ ਦੇ ਜੀਵਨ, ਕਰਨੀ ਤੇ ਬਾਣੀ ਨੂੰ ਆਧਾਰ ਬਣਾ ਕੇ ਲਿਖੀਆਂ ਗਈਆਂ ਜਨਮਸਾਖੀਆਂ ਦੀ, ਇਕ ਪਰੰਪਰਾ ਸਾਡੇ ਕੋਲ਼ ਮੌਜੂਦ ਹੈ। ਭਾਈ ਗੁਰਦਾਸ ਜੀ ਦੀ ਪਹਿਲੀ ਵਾਰ (ਕਵਿਤਾ ’ਚ); ਸੋਢੀ ਮਿਹਰਬਾਨ ਵਾਲ਼ੀ ਜਨਮਸਾਖੀ; ਪੁਰਾਤਨ ਜਨਮਸਾਖੀ (ਜਾਂ ਵਲਾਇਤ ਵਾਲ਼ੀ ਜਨਮਸਾਖੀ); ਭਾਈ ਬਾਲੇ ਵਾਲ਼ੀ ਜਨਮਸਾਖੀ; ਭਾਈ ਮਨੀ ਸਿੰਘ ਵਾਲੀ ਜਨਮਸਾਖੀ (‘ਗਿਆਨ ਰਤਨਾਵਲੀ’); ਆਦਿ ਸਾਖੀਆਂ, ਆਦਿ ਤੋਂ ਇਸ ਵਿਚਾਰ ਦੀ ਸਹਿਜੇ ਹੀ ਪੁਸ਼ਟੀ ਹੋ ਜਾਂਦੀ ਹੈ। ਇਹ ਸਾਖੀਆਂ/ਜਨਮਸਾਖੀਆਂ, ਆਪਣੇ ਮੂਲ ਸੁਭਾਅ ਵਿਚ

ਉਪਦੇਸ਼ਾਤਮਕ ਹਨ ਅਤੇ ਗੁਰੂ ਨਾਨਕ ਦੇਵ ਜੀ ਦੇ ਆਦਰਸ਼ਕ ਜੀਵਨ-ਬਿੰਬ ਨੂੰ ਉਸਾਰਣ ਵੱਲ ਰੁਚਿਤ ਹਨ। ਇਸੇ 'ਸਾਹਿੱਤ ਕੋਸ਼' ਦੇ 'ਜੀਵਨੀ' ਵਾਲ਼ੇ ਇੰਦਰਾਜ 'ਚ, ਇਸ ਵਿਸ਼ੇ 'ਤੇ ਵਿਸਥਾਰ ਸਹਿਤ ਚਰਚਾ ਕੀਤੀ ਗਈ ਹੈ। ਇਹ ਇੰਦਰਾਜ (entry), ਡਾ. ਮਹਿੰਦਰ ਪਾਲ ਕੋਹਲੀ ਦੁਆਰਾ ਲਿਖਿਆ ਗਿਆ ਹੈ। ਡਾ. ਕੋਹਲੀ ਦੇ ਕਹਿਣ ਮੁਤਾਬਕ:-

> "ਗੁਰਸਿੱਖਾਂ ਦੀਆਂ ਸਾਖੀਆਂ, ਭਾਈ ਮਨੀ ਸਿੰਘ ਨੇ ਆਪਣੀ ਪੁਸਤਕ 'ਸਿੱਖਾਂ ਦੀ ਭਗਤਮਾਲਾ' ਵਿਚ ਲਿਖੀਆਂ। ਭਾਈ ਵੀਰ ਸਿੰਘ ਨੇ ਸੁੰਦਰ ਗੱਦ ਵਿਚ, ਕਲਾਮਈ ਢੰਗ ਨਾਲ਼ 'ਸ੍ਰੀ ਗੁਰੂ ਨਾਨਕ ਚਮਤਕਾਰ', 'ਸ੍ਰੀ ਗੁਰੂ ਕਲਗੀਧਰ ਚਮਤਕਾਰ' ਅਤੇ 'ਅਸ਼ਟ ਗੁਰੂ ਚਮਤਕਾਰ' ਅਤਿ ਸ਼ਰਧਾਲੂ ਜੀਵਨੀਆਂ ਲਿਖੀਆਂ ਹਨ। ਗੁਰਦਿਆਲ ਸਿੰਘ ਫੁੱਲ ਨੇ 'ਡਾ. ਭਾਈ ਜੋਧ ਸਿੰਘ'; ਹਰਦਿਆਲ ਸਿੰਘ ਨੇ 'ਦੀਵਾਨ ਸਿੰਘ ਕਾਲੇਪਾਣੀ'; ਮੁਨਸ਼ਾ ਸਿੰਘ ਦੁਖੀ ਨੇ 'ਭਾਈ ਮੋਹਨ ਸਿੰਘ ਵੈਦ'; ਸ਼ਮਸ਼ੇਰ ਸਿੰਘ ਅਸ਼ੋਕ ਨੇ 'ਭਾਈ ਕਾਨ੍ਹ ਸਿੰਘ ਨਾਭਾ'; ਹਰਬੰਸ ਸਿੰਘ ਨੇ 'ਭਾਈ ਵੀਰ ਸਿੰਘ'; ਦੁਰਲਭ ਸਿੰਘ ਨੇ 'ਮਾਸਟਰ ਤਾਰਾ ਸਿੰਘ' ਆਦਿ ਦੀਆਂ ਜੀਵਨੀਆਂ ਲਿਖੀਆਂ ਹਨ। ਅਜਕੱਲ੍ਹ, ਪੰਜਾਬੀ ਸਾਹਿੱਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ, ਪੰਜਾਬੀ ਦੇ ਉੱਘੇ ਸਾਹਿੱਤਕਾਰਾਂ ਦੀਆਂ ਜੀਵਨੀਆਂ ਲਿਖਵਾ ਕੇ, ਪ੍ਰਕਾਸ਼ਤ ਕਰਵਾਈਆਂ ਜਾ ਰਹੀਆਂ ਹਨ। ਇਸ ਪ੍ਰਕਾਰ ਦੀਆਂ ਲਗਭਗ 80 ਜੀਵਨੀਆਂ ਪ੍ਰਕਾਸ਼ਤ ਹੋ ਚੁੱਕੀਆਂ ਹਨ।" (ਪੰਨਾ : 537)

ਪਿਆਰੇ ਵਿਦਿਆਰਥੀਉ ! 'ਜੀਵਨੀ' ਅਤੇ 'ਸਵੈ-ਜੀਵਨੀ' ਵਿਚਲਾ ਪਹਿਲਾ ਅੰਤਰ, ਅਸੀਂ ਇਹ ਵੇਖਿਆ ਹੈ ਕਿ ਜੀਵਨੀ ਦਾ ਲੇਖਕ, ਕੋਈ ਹੋਰ ਹੁੰਦਾ ਹੈ ਅਤੇ 'ਸਵੈ-ਜੀਵਨੀ' ਦਾ ਲੇਖਕ ਸੰਬੰਧਤ ਵਿਅਕਤੀ ਆਪ ਹੁੰਦਾ ਹੈ। ਜਦੋਂ ਕੋਈ ਹੋਰ ਵਿਅਕਤੀ, ਕਿਸੇ ਦੀ ਜੀਵਨੀ ਲਿਖਦਾ ਹੈ ਤਾਂ ਜ਼ਾਹਿਰ ਹੈ ਕਿ ਉਸ ਵਿਚ ਉਤਨੀ ਡੂੰਘਾਈ (depth) ਨਹੀਂ ਹੋਵੇਗੀ, ਜਿੰਨੀ ਕਿ 'ਸਵੈ-ਜੀਵਨੀ' ਵਿਚ ਅਕ਼ਸਰ ਵੇਖੀ ਜਾਂਦੀ ਹੈ। ਕਿਉਂਕਿ, ਦੂਸਰਾ ਵਿਅਕਤੀ, ਜਦੋਂ ਕਿਸੇ ਦੀ ਜੀਵਨੀ ਲਿਖਦਾ ਹੈ ਤਾਂ ਉਸ ਨੂੰ ਇਸ ਗੱਲ ਦਾ ਇਲਮ ਹੁੰਦਾ ਹੈ ਕਿ ਸੰਬੰਧਤ ਬੰਦਾ, ਕੋਈ ਖ਼ਾਸ ਬੰਦਾ ਹੈ। ਭਾਵ, ਆਮ ਬੰਦਾ ਨਹੀਂ। ਉਸ ਦਾ ਸਾਹਿਤ, ਸਮਾਜ ਤੇ ਸਭਿਆਚਾਰ ਨੂੰ, ਕੋਈ ਨਾ ਕੋਈ ਵੱਡਾ ਯੋਗਦਾਨ ਹੁੰਦਾ ਹੈ। ਇਹੀ ਵਜ੍ਹਾ ਹੈ ਕਿ ਜੀਵਨੀਆਂ ਵਿਚ, ਉਸ ਵਿਚਲੇ ਨਾਇਕਾਂ ਦਾ ਆਦਰਸ਼ਕ ਬਿੰਬ ਨੂੰ ਉਸਾਰਿਆ ਜਾਂਦਾ ਹੈ। ਜੋ ਕਿ 'ਵਾਸਤਵਿਕ' (real) ਜੀਵਨ ਤੋਂ, ਰਤਾ ਕੁ ਵੱਖਰਾ ਹੁੰਦਾ ਹੈ। ਇਸ ਦੇ ਮੁਕ਼ਾਬਲੇ ਵਿਚ 'ਸਵੈ-ਜੀਵਨੀ' ਦਾ ਲੇਖਕ, ਆਪਣੇ ਵਾਸਤਵਿਕ ਜਾਂ ਯਥਾਰਥਕ ਜੀਵਨ ਦੀ ਪੇਸ਼ਕਾਰੀ ਵੱਲ ਰੁਚਿਤ ਹੁੰਦਾ ਹੈ। ਜਿਵੇਂ ਕਿ ਪਹਿਲਾਂ ਵੀ ਇਕ ਹਵਾਲੇ (reference) ਨਾਲ਼ ਬਾਖ਼ੂਬੀ ਸਪੱਸ਼ਟ ਕੀਤਾ ਗਿਆ ਹੈ ਕਿ "ਸਵੈ-ਜੀਵਨੀ, ਇਕ ਬਿਰਤਾਂਤਕ ਰੂਪਾਕਾਰ (genre) ਹੈ, ਜੋ ਜੀਵਨ ਦੇ ਤੱਥ, ਸੱਚ ਤੇ ਯਥਾਰਥ ਦੇ ਸਭ ਤੋਂ ਨਜ਼ਦੀਕ ਹੁੰਦਾ ਹੈ।...ਜੀਵਨ ਦਾ 'ਨੰਗਾ ਸੱਚ' ਹੁੰਦਾ ਹੈ, ਜੋ ਕਿ ਲੇਖਕ ਦੇ ਅੱਖੀਂ ਡਿੱਠੇ ਤੇ ਹੱਡੀਂ ਹੰਢਾਏ ਅਨੁਭਵ ਉਪਰ ਆਧਾਰਤ ਹੁੰਦਾ ਹੈ।...ਵਿਅਕਤੀ ਵਿਸ਼ੇਸ਼ ਦੇ 'ਆਤਮਪਰਕ ਸੱਚ' ਦੀ ਥਾਂ, ਜੀਵਨ ਦੇ 'ਵਿਆਪਕ ਸੱਚ' ਨੂੰ ਪੇਸ਼ ਕਰਨ ਦੇ, ਬਾਇਸ ਬਣ ਜਾਂਦੇ ਹਨ।" ਇਸ ਸਭ ਕੁੱਝ ਬਾਰੇ ਵਿਚ, ਇਸੇ ਪਾਠ ਨੰਬਰ : 1 ਦੇ 1.1, 1.3 ਅਤੇ 1.4 ਉਪ-ਭਾਗਾਂ ਵਿਚ ਵਿਸਥਾਰ ਸਹਿਤ ਚਰਚਾ ਕੀਤੀ ਗਈ ਹੈ। ਉਸ ਸਭ ਕੁੱਝ ਨੂੰ ਵੀ, ਧਿਆਨ ਵਿਚ ਰੱਖਣ ਦੀ ਲੋੜ ਹੈ। ਪੰਜਾਬੀ ਦੀ ਬਹੁ-ਚਰਚਿਤ ਲੇਖਿਕਾ ਅੰਮ੍ਰਿਤਾ ਪ੍ਰੀਤਮ ਨੇ ਵੀ ਆਪਣੀ ਸਵੈ-ਜੀਵਨੀ 'ਰਸੀਦੀ ਟਿਕਟ' ਵਿਚ ਬਾਖ਼ੂਬੀ ਸਪੱਸ਼ਟ ਕੀਤਾ ਹੈ ਕਿ ਸਵੈ-ਜੀਵਨੀ, ਇਕ ਅਜਿਹਾ ਰੂਪਾਕਾਰ/ਵਿਧਾ ਹੈ, ਜਿਸ ਵਿਚ ਸੱਚ, ਅਤੇ ਸਿਰਫ਼ ਸੱਚ ਦੀ ਪੇਸ਼ਕਾਰੀ ਹੁੰਦੀ ਹੈ। ਇਸ ਵਿਚ ਝੂਠ ਲਈ ਕੋਈ ਥਾਂ ਨਹੀਂ ਹੁੰਦੀ। ਭਾਵ, ਇਸ ਦੀ ਯਾਤਰਾ, 'ਯਥਾਰਥ ਤੋਂ ਯਥਾਰਥ' ਤੱਕ ਦੀ ਹੁੰਦੀ ਹੈ। ਦੂਜੇ ਸ਼ਬਦਾਂ ਵਿਚ ਸਵੈ-ਜੀਵਨੀ, ਇਕ ਅਜਿਹੀ ਵਿਧਾ/ਰੂਪਾਕਾਰ ਹੈ, ਜਿਸ ਵਿਚ ਸੰਬੰਧਤ ਲੇਖਕ ਨੇ, ਆਪਣੇ ਜੀਵਨ-ਬਿਰਤਾਂਤ ਨੂੰ, ਵੱਧ ਤੋਂ ਵੱਧ ਯਥਾਰਥਕ-ਰੂਪ ਵਿਚ ਪੇਸ਼ ਕਰਨਾ ਹੁੰਦਾ ਹੈ। ਨਾਨਕ ਸਿੰਘ ਦੀ 'ਮੇਰੀ ਦੁਨੀਆਂ'; ਪ੍ਰਿੰਸੀਪਲ ਤੇਜਾ ਸਿੰਘ ਦੀ 'ਆਰਸੀ'; ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ 'ਮੰਜ਼ਲ ਦਿਸ ਪਈ'; ਕਰਤਾਰ ਸਿੰਘ ਦੁੱਗਲ ਦੀ 'ਕਿਸੁ ਪਹਿ ਖੋਲਉ ਗੰਠੜੀ'; ਅੰਮ੍ਰਿਤਾ ਪ੍ਰੀਤਮ ਦੀ 'ਰਸੀਦੀ ਟਿਕਟ'; ਹਰਿਭਜਨ ਸਿੰਘ ਦੀ 'ਚੋਲਾ ਟਾਕੀਆਂ ਵਾਲ਼ਾ'; ਜਸਵੰਤ ਸਿੰਘ ਨੇਕੀ ਦੀ 'ਕੋਈ ਨਾਉ ਨ ਜਾਣੈ ਮੇਰਾ'; ਕਰਨਜੀਤ ਸਿੰਘ ਦੀ 'ਹਾਸ਼ੀਏ ਦੀ ਇਬਾਰਤ'; ਬਚਿੰਤ ਕੌਰ ਦੀ 'ਪਗਡੰਡੀਆਂ'; ਬਲਬੀਰ ਮਾਧੋਪੁਰੀ ਦੀ 'ਛਾਂਗਿਆ ਰੁੱਖ' ਆਦਿ ਸਵੈ-ਜੀਵਨੀਆਂ ਨੂੰ, ਇਸ ਦ੍ਰਿਸ਼ਟੀ ਤੋਂ ਅੱਗੇ ਚਲ ਕੇ, ਵਿਸਥਾਰ ਸਹਿਤ ਚਰਚਾ ਦਾ ਵਿਸ਼ਾ ਬਣਾਇਆ ਗਿਆ ਹੈ।

ਬੱਚਿਉ ! 'ਜੀਵਨੀ' ਦੇ ਮੁਕ਼ਾਬਲੇ ਵਿਚ, 'ਸਵੈ-ਜੀਵਨੀ' ਵਿਚ ਡੂੰਘਾਈ, ਇਸ ਲਈ ਵਧੇਰੇ ਹੁੰਦੀ ਹੈ, ਕਿਉਂਕਿ, ਸਵੈ-ਜੀਵਨੀ ਦਾ ਲੇਖਕ, ਆਪਣੇ ਜੀਵਨ ਦੇ ਹਰ ਨਿੱਕੇ-ਨੰਨ੍ਹੇ ਵੇਰਵੇ ਤੋਂ ਭਲੀ ਪ੍ਰਕਾਰ ਵਾਕਿਫ਼ ਹੁੰਦਾ ਹੈ। ਇਸ ਲਈ, ਉਹ ਉਨ੍ਹਾਂ ਨੂੰ, ਆਸਾਨੀ ਨਾਲ਼ ਬਿਆਨ ਕਰ ਸਕਦਾ ਹੈ। ਇਸ ਲਈ ਜ਼ਰੂਰੀ ਹੈ ਕਿ ਉਹ, ਉਨ੍ਹਾਂ ਸਾਰੇ ਵੇਰਵਿਆਂ ਨੂੰ, ਕਟੌਤੀ (ਮਨਫ਼ੀ) ਦੀ ਪ੍ਰਕਿਰਿਆ 'ਚੋਂ ਲੰਘਾ ਕੇ, ਪੇਸ਼ ਕਰੇ। ਇਸ ਦਾ ਮਤਲਬ ਇਹ ਹੈ ਕਿ ਸਿਰਫ਼ ਲੋੜੀਂਦੇ ਵੇਰਵੇ ਹੀ ਪੇਸ਼ ਕੀਤੇ ਜਾਣ, ਫ਼ਾਲਤੂ ਜਾਂ ਫ਼ਜ਼ੂਲ ਵੇਰਵੇ ਕੱਟ ਦਿੱਤੇ ਜਾਣ। ਪਰ, ਯਾਦ ਰਹੇ ਕਿ ਇਸ ਦਾ ਮਤਲਬ ਇਹ ਨਹੀਂ ਕਿ ਉਹ ਸਿਰਫ਼, ਉਨ੍ਹਾਂ ਵੇਰਵਿਆਂ-ਘਟਨਾਵਾਂ ਨੂੰ ਹੀ ਪੇਸ਼ ਕਰੇ, ਜਿਨ੍ਹਾਂ ਨਾਲ਼, ਉਸ ਦਾ, ਬਤੌਰ ਇਕ ਚੰਗੇ ਤੇ ਆਦਰਸ਼ਕ ਇਨਸਾਨ ਦਾ ਬਿੰਬ ਉਸਰਦਾ ਹੈ। ਸਗੋਂ, ਉਹ ਉਨ੍ਹਾਂ ਵੇਰਵਿਆਂ ਨੂੰ ਵੀ ਪੇਸ਼ ਕਰੇ ਜਿਨ੍ਹਾਂ ਨਾਲ਼ ਉਸ ਦਾ, ਬਤੌਰ ਇਕ ਚੰਗੇ ਤੇ ਨੇਕ ਇਨਸਾਨ ਦਾ ਬਿੰਬ, ਟੁੱਟਦਾ ਹੈ। ਨਹੀਂ ਤਾਂ ਉਹ ਸਵੈ-ਜੀਵਨੀ, ਪ੍ਰਭਾਵਹੀਣ ਹੋ ਕੇ ਰਹਿ ਜਾਵੇਗੀ। ਜਿਵੇਂ ਕਿ :-

1. ਕਰਤਾਰ ਸਿੰਘ ਦੁੱਗਲ ਨੇ ਆਪਣੇ ਪਿਤਾ ਦੇ ਬਾਰੇ 'ਚ ਲਿਖਿਆ ਹੈ ਕਿ "ਰਿਸ਼ਵਤ ਉਹ ਲੈਂਦੇ ਸਨ, ਇਸ ਤੋਂ ਉਨ੍ਹਾਂ ਕਦੀ ਇਨਕਾਰ ਨਹੀਂ ਕੀਤਾ।" ('ਕਿਸੁ ਪਹਿ ਖੋਲਉ ਗੰਠੜੀ', ਪੰਨਾ : 31)

2. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਕਹਿਣ ਅਨੁਸਾਰ, "ਤੇ ਇਕ ਪੱਕੀ ਉਮਰ ਦੀ ਇਸਤਰੀ ਨੂੰ ਮੈਂ ਇਹ ਕਹਿੰਦਿਆਂ ਸੁਣਿਆ ਸੀ, ਗੁਰਬਖ਼ਸ਼ ਸਿੰਘ ਹੈ ਤਾਂ, ਆਦਮੀਆਂ ਵਰਗਾ ਹੀ।" ('ਮੰਜ਼ਲ ਦਿਸ ਪਈ', ਪੰਨਾ : 26)

3. ਅੰਮ੍ਰਿਤਾ ਪ੍ਰੀਤਮ ਦੇ ਕਹਿਣ ਮੁਤਾਬਕ, "ਸੋਲ੍ਹਵਾਂ ਸਾਲ ਆਇਆ-ਇਕ ਅਜਨਬੀ ਵਾਂਗ। ਕੋਲ਼ ਆ ਕੇ, ਇਕ ਵਿੱਥ 'ਤੇ ਖਲੋਤਾ ਰਿਹਾ। ਮੈਂ ਕਦੇ ਚੁੱਪਚਾਪ ਉਹਦੇ ਵੱਲ ਤੱਕ ਛੱਡਦੀ, ਉਹ ਕਦੇ ਮੁਸਕਰਾ ਕੇ ਮੇਰੇ ਵੱਲ ਵੇਖ ਛੱਡਦਾ।" ('ਰਸੀਦੀ ਟਿਕਟ', ਪੰਨਾ : 36)

4. ਹਰਿਭਜਨ ਸਿੰਘ ਦੇ ਕਹਿਣ ਅਨੁਸਾਰ, "ਅੱਡਰਾ ਨਿਵੇਕਲਾ ਮੈਂ, ਹੁਣ ਵੀ ਸਾਂ, ਅਣਧੋਤਾ ਮੂੰਹ, ਖੁਰਦਰੇ ਅਣਚਾਹੇ ਵਾਲ, ਮੂੰਹ ਤੇ ਮਾਤਾ ਦੇ ਮੋਟੇ-ਮੋਟੇ ਦਾਗ਼, ਪੈਰੀਂ ਧੌੜੀ ਦੀ ਠਿੱਬੀ ਜੁੱਤੀ।" ('ਚੋਲਾ ਟਾਕੀਆਂ ਵਾਲਾ', ਪੰਨਾ : 40)

5. ਆਪਣੇ ਇਕ ਸੁੱਫ਼ਨੇ ਦਾ ਜ਼ਿਕਰ ਕਰਦਿਆਂ ਬਚਿੰਤ ਕੌਰ ਲਿਖਦੀ ਹੈ, "ਹੂਬਹੂ ਓਹੀ ਚਿਹਰਾ, ਓਹੀ ਰੰਗ, ਓਹੀ ਰੂਪ, ਓਹੀ ਬਲੌਰੀ ਨੈਣ, ਡੂੰਘੀ ਨੀਲੀ ਝੀਲ ਵਰਗੇ।" ('ਪਗਡੰਡੀਆਂ', ਪੰਨਾ : 52)

6. ਬਲਬੀਰ ਮਾਧੋਪੁਰੀ ਦੇ ਬਿਆਨ ਮੁਤਾਬਕ, "ਸਾਰਾ ਚਮਾਰ-ਵਾਧਾ, ਪੜ੍ਹਨ ਡਹਿ ਪਿਆ—ਦਿਨ-ਬ-ਦਿਨ ਇਨ੍ਹਾਂ ਦਾ ਡਮਾਕ ਖ਼ਰਾਬ ਹੋਈ ਜਾਂਦਾ। ਜੇ ਇਨ੍ਹਾਂ ਨੂੰ ਨਉਕਰੀਆਂ ਮਿਲ ਗਈਆਂ ਤਾਂ ਸਾਡੇ ਖੇਤਾਂ 'ਚ ਕੰਮ ਕੌਣ ਕਰੂਗਾ।" ('ਛਾਂਗਿਆ ਰੁੱਖ', ਪੰਨਾ : 61)

ਬੱਚਿਉ ! ਸਵੈ-ਜੀਵਨੀ ਵਿਚ, ਉਸ ਦੇ ਲੇਖਕ/ਲੇਖਿਕਾ ਨੇ, ਆਪਣੇ ਬਾਹਰੀ ਸੱਚ ਦੇ ਨਾਲ਼ ਨਾਲ਼, ਅੰਦਰੂਨੀ ਤੌਰ 'ਤੇ ਹੰਢਾਏ ਸੱਚ ਨੂੰ ਵੀ, ਬਿਆਨ ਕਰਨਾ ਹੁੰਦਾ ਹੈ। ਇਸੇ ਕਰਕੇ, ਉਸ ਵਿਚ, 'ਜੀਵਨੀ' ਨਾਲੋਂ ਵਧੇਰੇ ਡੂੰਘਾਈ ਤੇ ਸੁਹਿਰਦਤਾ ਦੀ ਮੰਗ, ਅਕ਼ਸਰ ਕੀਤੀ ਜਾਂਦੀ ਹੈ। ਇਸ ਸੰਬੰਧ ਵਿਚ ਇਹ ਵੀ ਜ਼ਿਕਰਯੋਗ ਹੈ ਕਿ 'ਜੀਵਨੀ' ਦਾ ਨਾਇਕ, ਜਿੱਥੇ ਕੋਈ ਹੋਰ ਇਨਸਾਨ ਹੁੰਦਾ ਹੈ, ਉੱਥੇ 'ਸਵੈ-ਜੀਵਨੀ' ਦਾ ਨਾਇਕ ਜਾਂ ਮੁਖ ਪਾਤਰ, ਉਸਦਾ ਲੇਖਕ, ਆਪ ਹੁੰਦਾ ਹੈ।

'ਜੀਵਨੀ' ਤੇ 'ਸਵੈ-ਜੀਵਨੀ' ਵਿਚਲੇ ਇਨ੍ਹਾਂ ਅੰਤਰਾਂ ਦੇ ਬਾਵਜੂਦ, ਇਨ੍ਹਾਂ ਦੋਹਾਂ ਵਿਧਾਵਾਂ/ਰੂਪਾਕਾਰਾਂ ਵਿਚ, ਕੁੱਝ ਸਾਂਝਾਂ ਤੇ ਸਮਾਨਤਾਵਾਂ ਵੀ ਹਨ। ਇਸ ਦ੍ਰਿਸ਼ਟੀ ਤੋਂ ਵੇਖਿਆਂ ਪਤਾ ਚਲਦਾ ਹੈ ਕਿ ਇਹ ਦੋਵੇਂ, ਪੰਜਾਬੀ ਸਾਹਿਤ ਦੀਆਂ ਮਹੱਤਵਪੂਰਨ ਵਿਧਾਵਾਂ/ਰੂਪਾਕਾਰ (genres) ਹਨ। ਜਿਵੇਂ ਕਿ ਅਸੀਂ ਸਭ ਜਾਣਦੇ ਹੀ ਹਾਂ ਕਿ 'ਕਵਿਤਾ', 'ਕਹਾਣੀ', 'ਨਾਵਲ', 'ਨਾਟਕ' ਤੇ 'ਵਾਰਤਕ'—ਸਾਹਿਤ ਦੇ ਪੰਜ ਰੂਪ (forms) ਮੰਨੇ ਜਾਂਦੇ ਹਨ। ਹਰ ਸਾਹਿਤ-ਰੂਪ ਦੇ ਆਪਣੇ ਕੁੱਝ ਨਿਵੇਕਲੇ ਅਤੇ ਕੁੱਝ ਮਿਲਦੇ-ਜੁਲਦੇ ਤੱਤ (elements) ਹੁੰਦੇ ਹਨ। ਜਿਵੇਂ ਕਿ 'ਕਲਪਨਾ', ਕਵਿਤਾ ਦਾ ਪਛਾਣਯੋਗ

ਤੱਤ ਹੈ, 'ਸੰਵਾਦ' (ਡਾਇਲਾਗ), ਨਾਟਕ ਦਾ ਅਤੇ 'ਬਿਰਤਾਂਤ' ਨਾਵਲ ਤੇ ਕਹਾਣੀ ਦਾ, ਪਛਾਣਨਯੋਗ ਤੱਤ ਮੰਨਿਆ ਜਾਂਦਾ ਹੈ। ਯਾਦ ਰਹੇ ਕਿ ਇਨ੍ਹਾਂ ਤੱਤਾਂ ਦਾ, ਇਕ-ਦੂਜੇ ਸਾਹਿਤ-ਰੂਪ ਵਿਚ, ਆਦਾਨ-ਪ੍ਰਦਾਨ ਨਿਰੰਤਰ ਹੁੰਦਾ ਰਹਿੰਦਾ ਹੈ। ਇਸੇ ਆਦਾਨ-ਪ੍ਰਦਾਨ ਸਦਕਾ, ਭਿੰਨ ਭਿੰਨ ਵਿਧਾਵਾਂ/ਰੂਪਾਕਾਰ (genres) ਹੋਂਦ ਵਿਚ ਆਉਂਦੇ ਹਨ। 'ਜੀਵਨੀ' ਤੇ 'ਸਵੈ-ਜੀਵਨੀ' ਨੂੰ, ਇਸ ਦ੍ਰਿਸ਼ਟੀ ਤੋਂ, ਵਾਰਤਕ ਦੇ ਦੋ ਰੂਪਾਕਾਰ ਮੰਨਿਆ ਜਾਂਦਾ ਹੈ। ਇਨ੍ਹਾਂ ਦੋਹਾਂ ਵਿਚ ਸਾਂਝ ਜਾਂ ਸਮਾਨਤਾ, ਇਸ ਗੱਲ ਦੀ ਹੈ ਕਿ ਇਨ੍ਹਾਂ ਦੋਹਾਂ ਵਿਚ, ਕਿਸੇ ਨਾ ਕਿਸੇ ਮਨੁੱਖ ਦਾ ਜੀਵਨ-ਬਿਰਤਾਂਤ ਸਿਰਜਿਆ ਜਾਂਦਾ ਹੈ। 'ਜੀਵਨੀ' ਵਿਚ ਕਿਸੇ ਹੋਰ ਵਿਅਕਤੀ ਦਾ ਅਤੇ 'ਸਵੈ-ਜੀਵਨੀ' ਵਿਚ ਸਵੈ-ਜੀਵਨੀਕਾਰ, ਆਪਣਾ ਜੀਵਨ-ਬਿਰਤਾਂਤ ਸਿਰਜਦਾ ਹੈ। ਦੂਜੇ ਸ਼ਬਦਾਂ ਵਿਚ, 'ਜੀਵਨੀ' ਦੇ ਅੰਤਰਗਤ, ਕਿਸੇ ਹੋਰ ਵਿਅਕਤੀ ਜਾਂ ਮਹਾਂਪੁਰਖ ਦਾ ਜੀਵਨ-ਬਿੰਬ, ਆਦਰਸ਼ਕ ਰੂਪ ਵਿਚ ਸਿਰਜਿਆ ਜਾਂਦਾ ਹੈ। ਠੀਕ ਇਸੇ ਤਰ੍ਹਾਂ ਸਵੈ-ਜੀਵਨੀ ਦੇ ਅੰਤਰਗਤ, ਉਸ ਦਾ ਲੇਖਕ, ਆਪਣੇ ਹੀ ਜੀਵਨ- ਬਿੰਬ ਨੂੰ, ਸਿਰਜਣ ਦੀ ਕੋਸ਼ਿਸ਼ ਵਿਚ ਹੁੰਦਾ ਹੈ। ਪਰ, ਵੱਧ ਤੋਂ ਵੱਧ ਯਥਾਰਥਕ-ਰੂਪ ਵਿਚ। ਦੋਹਾਂ ਵਿਚ, ਕਲਾਤਮਕ- ਜੁਗਤਾਂ (artistic devices) ਤੇ ਵਿਧੀਆਂ ਦੀ, ਬਰਾਬਰ ਵਰਤੋਂ ਕੀਤੀ ਜਾਂਦੀ ਹੈ, ਤਾਂ ਜੋ, ਉਨ੍ਹਾਂ ਨੂੰ ਸਾਹਿਤਕ-ਕਿਰਤਾਂ ਵਜੋਂ ਸਵੀਕਾਰ ਕੀਤਾ ਜਾ ਸਕੇ।

## 1.3 ਆਧੁਨਿਕ ਵਾਰਤਕ ਦੇ ਰੂਪਾਕਾਰ

ਸਵੈ-ਜੀਵਨੀ ਦੀ ਤੁਲਨਾ, ਸਹਿਜੇ ਹੀ ਇਸ ਨਾਲ਼ ਮਿਲਦੇ-ਜੁਲਦੇ ਸਾਹਿਤ-ਰੂਪਾਂ ਨਾਲ਼ ਕੀਤੀ ਜਾ ਸਕਦੀ ਹੈ; ਜਿਵੇਂ ਸਫ਼ਰਨਾਮਾ, ਯਾਦਾਂ, ਡਾਇਰੀ, ਚਿੱਠੀਆਂ, ਮੁਲਾਕ਼ਾਤਾਂ, ਇਕ਼ਬਾਲੀਆ ਬਿਆਨ ਆਦਿ। ਸਾਹਿਤ ਦੇ ਇਹਨਾਂ ਸਾਰੇ ਰੂਪਾਂ ਵਿਚ, ਸਵੈ-ਜੀਵਨੀ ਦੇ ਤੱਤ/ਅੰਸ਼ ਮਿਲਦੇ ਹਨ। ਉਦਾਹਰਣ ਦੇ ਤੌਰ 'ਤੇ **'ਸੰਸਮਰਣ'** (ਯਾਦਾਂ), ਕਿਸੇ ਲੇਖਕ ਦੀ ਸਿਮਰਤੀ ਵਿਚ ਵੱਸੀਆਂ ਯਾਦਾਂ ਦਾ ਸੰਗ੍ਰਹਿ ਹੁੰਦਾ ਹੈ। ਲੇਖਕ, ਆਪਣੇ ਜੀਵਨ ਵਿਚ, ਜਿਹੜੇ ਅਭੁੱਲ ਵਿਅਕਤੀਆਂ ਨੂੰ ਮਿਲਿਆ ਹੁੰਦਾ ਹੈ, ਉਹ ਉਸ ਦੀ ਜ਼ਿੰਦਗੀ ਦਾ ਮੁੱਲਵਾਨ ਖ਼ਜ਼ਾਨਾ ਬਣ ਜਾਂਦੀਆਂ ਹਨ ਅਤੇ ਉਸ ਦੇ ਸੁਚੇਤ/ ਅਚੇਤ ਮਨ ਵਿਚ ਸੰਭਾਲੀਆਂ ਜਾਂਦੀਆਂ ਹਨ। ਇਹਨਾਂ ਯਾਦਾਂ ਵਿਚ ਆਮ ਤੌਰ 'ਤੇ ਲੇਖਕ, ਆਪਣੇ ਆਪੇ ਨਾਲ਼ੋਂ ਵਧੇਰੇ, ਹੋਰਨਾਂ ਵਿਅਕਤੀਆਂ ਦੇ ਕਾਰਜਾਂ, ਭਾਵਾਂ, ਪ੍ਰਭਾਵਾਂ ਨੂੰ ਚਿੱਤਰਣ ਵੱਲ ਰੁਚਿਤ ਹੁੰਦਾ ਹੈ। ਜਦੋਂ ਕਿ ਸਵੈ-ਜੀਵਨੀ, ਲੇਖਕ ਦੇ ਆਪਣੇ ਸੁਭਾਅ ਅਤੇ ਚਰਿੱਤਰ ਨੂੰ ਕੇਂਦਰ ਵਿਚ ਰੱਖਦੀ ਹੈ। ਇਸੇ ਤਰ੍ਹਾਂ ਹੀ **'ਡਾਇਰੀ'** ਵੀ, ਅਜੋਕੇ ਸਮੇਂ ਵਿਚ, ਸਾਹਿਤ ਦਾ ਇਕ ਵਿਸ਼ੇਸ਼ ਰੂਪ ਮੰਨਿਆ ਜਾਂਦਾ ਹੈ। ਇਸ ਵਿਚ ਲੇਖਕ ਆਪਣੇ ਨਿਤਾਪ੍ਰਤੀ ਦੇ ਅਨੁਭਵਾਂ ਅਤੇ ਅਹਿਸਾਸਾਂ ਨੂੰ ਕਲਮਬੱਧ ਕਰਦਾ ਹੈ। ਜਦੋਂ ਕੋਈ ਵਿਸ਼ੇਸ਼-ਘਟਨਾ, ਲੇਖਕ ਨੂੰ ਪ੍ਰਭਾਵਿਤ ਕਰਦੀ ਹੈ ਤਾਂ ਉਹ, ਉਸ ਵਿਚਲੇ ਆਪਣੇ ਜੀਵਨ-ਅਨੁਭਵ ਨੂੰ, ਡਾਇਰੀ ਦੇ ਪੰਨਿਆਂ ਵਿਚ ਸੁਰੱਖਿਅਤ ਕਰਨ ਦਾ ਕਾਰਜ ਕਰਦਾ ਹੈ। ਡਾਇਰੀ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਇਹ ਵਾਪਰ ਰਹੇ ਘਟਨਾਕ੍ਰਮ ਬਾਰੇ, ਫ਼ੌਰੀ ਪ੍ਰਤੀਕਰਮ ਨੂੰ ਅੰਕਿਤ ਕਰਦੀ ਹੈ। ਇਹੀ ਕਾਰਨ ਹੈ ਕਿ ਬਹੁਤ ਵਾਰੀ, ਕਿਸੇ ਲੇਖਕ ਦੀ ਡਾਇਰੀ ਵਿਚ ਵਾਪਰ ਰਹੀਆਂ ਘਟਨਾਵਾਂ ਬਾਰੇ, ਕੋਈ ਬਹੁਤਾ ਭਰੋਸੇਯੋਗ ਜਾਂ ਪ੍ਰੌਢ ਬਿਆਨ ਨਹੀਂ ਹੁੰਦਾ। ਇਹ ਗੱਲ ਸੁਭਾਵਕ ਹੀ ਹੈ, ਕਿਉਂਜੋ ਕਿਸੇ ਵੀ ਘਟਨਾ ਬਾਰੇ ਵਸਤੂਮੂਲਕ ਜਾਂ ਨਿਰਪੱਖ ਨਿਰਣਾ, ਉਸੇ ਵੇਲ਼ੇ ਨਹੀਂ ਕਰ ਲਿਆ ਜਾਂਦਾ। ਸਗੋਂ, ਇਸ ਵਾਸਤੇ ਸਮੇਂ ਦੀ ਵਿੱਥ ਚਾਹੀਦੀ ਹੈ। ਡਾਇਰੀ ਦੇ ਪੰਨਿਆਂ ਵਿਚ, ਵਾਪਰ ਰਹੇ ਘਟਨਾਕ੍ਰਮ ਦਾ, ਜੀਵਨ ਵਰਗਾ ਤਾਜ਼ਾ ਦ੍ਰਿਸ਼, ਜ਼ਰੂਰ ਲੱਭਿਆ ਜਾ ਸਕਦਾ ਹੈ। ਸਵੈ-ਜੀਵਨੀ ਦਾ ਲੇਖਕ, ਆਪਣੀ ਡਾਇਰੀ ਦੇ ਪੰਨਿਆਂ ਦਾ ਪੁਨਰ-ਪਾਠ ਕਰ ਕੇ, ਆਪਣੇ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਤੇ ਸਥਿਤੀਆਂ ਨੂੰ, ਲੋੜ ਅਨੁਸਾਰ, ਪਕੜ ਸਕਦਾ ਹੈ ਅਤੇ ਲੋੜ ਅਨੁਸਾਰ, ਇਹਨਾਂ ਘਟਨਾਵਾਂ ਤੇ ਸਥਿਤੀਆਂ ਦੀ ਚੋਣ ਕਰਕੇ, ਆਪਣੀ ਸਵੈ-ਜੀਵਨੀ ਨੂੰ ਜੀਵੰਤ ਵੇਰਵਿਆਂ ਨਾਲ਼, ਵਧੇਰੇ ਸ਼ਕਤੀਸ਼ਾਲੀ ਬਣਾ ਸਕਦਾ ਹੈ।

ਸਵੈ-ਜੀਵਨੀ ਦੀ ਤੁਲਨਾ, **'ਚਿੱਠੀਆਂ'** ਦੇ ਰੂਪਾਕਾਰ ਨਾਲ਼ ਵੀ ਕੀਤੀ ਜਾ ਸਕਦੀ ਹੈ। ਚਿੱਠੀਆਂ, ਕਿਸੇ ਇਕ ਵਿਅਕਤੀ ਵੱਲੋਂ, ਦੂਜੇ ਵੱਲ ਭੇਜਿਆ ਗਿਆ ਸ਼ਬਦੀ-ਸੁਨੇਹਾ ਹੁੰਦੀਆਂ ਹਨ। ਸ਼ਬਦਾਂ ਵਿਚ ਹੋਣ ਕਰਕੇ ਹੀ, ਚਿੱਠੀ ਵਿਚ ਸਾਹਿਤਕਤਾ ਦੇ ਗੁਣ ਵੀ ਸਹਿਜੇ ਹੀ ਆ ਜਾਂਦੇ ਹਨ। ਸਾਹਿਤਕ-ਦ੍ਰਿਸ਼ਟੀ ਤੋਂ, ਮਹੱਤਵਯੋਗ ਚਿੱਠੀਆਂ ਉਹ ਹੁੰਦੀਆਂ

ਹਨ, ਜਿਹਨਾਂ ਵਿਚ ਲੇਖਕ ਨਿਰੋਲ ਸੂਚਨਾ, ਬੇਨਤੀ ਜਾਂ ਆਦੇਸ਼ ਆਦਿ ਹੀ ਪ੍ਰਸਾਰਿਤ ਨਹੀਂ ਕਰਦੇ। ਸਗੋਂ, ਸ਼ਬਦਾਂ ਤੇ ਅਰਥਾਂ ਦੇ ਮਾਧਿਅਮ ਰਾਹੀਂ, ਆਪਣੇ ਦਿਲ ਵਿਚ ਉਠ ਰਹੇ ਕਿਸੇ ਵਿਚਾਰ ਜਾਂ ਭਾਵ ਨੂੰ ਮੂਰਤੀਮਾਨ ਕਰਨ ਵੱਲ ਵੀ ਰੁਚਿਤ ਹੁੰਦੇ ਹਨ। ਇਹੀ ਕਾਰਨ ਹੈ ਕਿ ਪ੍ਰਸਿੱਧ ਸਾਹਿਤਕਾਰਾਂ ਦੀਆਂ ਚਿੱਠੀਆਂ, ਨਿੱਜੀ ਧਰਾਤਲ ਤੋਂ ਉਪਰ ਉੱਠ ਕੇ, ਸਾਹਿਤਕਤਾ ਦਾ ਦਰਜਾ ਹਾਸਿਲ ਕਰ ਲੈਂਦੀਆਂ ਹਨ। ਇਸ ਦ੍ਰਿਸ਼ਟੀ ਤੋਂ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਵੱਲੋਂ, ਆਪਣੀ ਧੀ ਨੂੰ ਲਿਖੀਆਂ ਚਿੱਠੀਆਂ ਅਤੇ ਭਾਈ ਰਣਧੀਰ ਸਿੰਘ ਦੀਆਂ ਲਿਖੀਆਂ 'ਜੇਲ੍ਹ ਚਿੱਠੀਆਂ' ਵੀ ਮਹੱਤਵਪੂਰਨ ਹਨ।

**'ਇਕ਼ਬਾਲੀਆ ਲਿਖਤਾਂ'** ਵੀ, ਸਵੈ-ਜੀਵਨੀ ਦੇ ਰੂਪਾਕਾਰ ਨਾਲ਼, ਡੂੰਘੀ ਸਾਂਝ ਰੱਖਦੀਆਂ ਹਨ। ਫ਼ਰਕ ਸਿਰਫ਼ ਇਹ ਹੈ ਕਿ ਇਕ਼ਬਾਲੀਆ ਲਿਖਤਾਂ ਵਿਚ ਲੇਖਕ, ਆਪਣੀਆਂ ਕਮਜ਼ੋਰੀਆਂ ਨੂੰ ਵੀ ਪ੍ਰਗਟਾਉਂਦਾ ਹੈ ਅਤੇ ਆਪਣੇ ਗੁਨਾਹਾਂ ਦਾ ਪਛਤਾਵਾ ਕਰਨ ਵਾਲ਼ਾ, ਇਕ਼ਬਾਲੀਆ ਬਿਆਨ ਪੇਸ਼ ਕਰਦਾ ਹੈ। ਇਸਾਈ ਧਰਮ ਵਿਚ ਇਕ ਪਰੰਪਰਾ ਹੈ, ਜਿਸ ਅਨੁਸਾਰ, ਕੋਈ ਵਿਅਕਤੀ ਚਰਚ/ਗਿਰਜਾਘਰ ਵਿਚ ਜਾ ਕੇ, ਪਰਦੇ ਪਿੱਛੇ ਖਲੋਤੇ ਪਾਦਰੀ ਦੇ ਸਾਹਮਣੇ, ਆਪਣੇ ਗੁਨਾਹਾਂ ਦਾ ਇਕ਼ਬਾਲ ਕਰ ਸਕਦਾ ਹੈ। ਇਸ ਤਰ੍ਹਾਂ ਕਰ ਕੇ, ਉਹ ਆਪਣੀ ਅੰਤਰ ਆਤਮਾ ਉਪਰ ਪਏ ਬੋਝ ਨੂੰ ਹਲਕਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਸਾਹਿਤ ਦਾ ਇਹ ਰੂਪਾਕਾਰ, ਭਾਵੇਂ ਸਵੈ-ਜੀਵਨੀ ਨਾਲ਼ ਸਾਂਝ ਤਾਂ ਰੱਖਦਾ ਹੈ, ਪਰ ਇਹ ਕਿਸੇ ਲੇਖਕ ਦੀ ਅੱਧੀ-ਅਧੂਰੀ ਜਾਂ ਆਂਸ਼ਿਕ, ਸਵੈ-ਜੀਵਨੀ ਹੀ ਮੰਨੀ ਜਾ ਸਕਦੀ ਹੈ। ਜਦੋਂ ਕਿ ਸਵੈ-ਜੀਵਨੀ, ਵਿਅਕਤੀ ਦੇ ਸਮੁੱਚੇ ਸੁਭਾਅ ਤੇ ਚਰਿੱਤਰ ਦਾ ਬਿੰਬ ਪੇਸ਼ ਕਰਨ ਵੱਲ ਰੁਚਿਤ ਹੁੰਦੀ ਹੈ। ਵਿਅਕਤੀ ਵੱਲੋਂ ਕੀਤੇ ਚੇਤ/ਅਚੇਤ ਗੁਨਾਹਾਂ ਦਾ ਇਕ਼ਬਾਲੀਆ ਬਿਆਨ ਪੇਸ਼ ਕਰਨ ਲਈ, ਬੜੀ ਬੇਬਾਕੀ ਅਤੇ ਦਲੇਰੀ ਦੀ ਲੋੜ ਹੁੰਦੀ ਹੈ। ਇਸੇ ਤਰ੍ਹਾਂ, ਸਵੈ-ਜੀਵਨੀ ਵਿਚ 'ਨੰਗਾ-ਸੱਚ' ਦੱਸਣ ਲਈ ਵੀ, ਇਸੇ ਤਰ੍ਹਾਂ ਦੀ ਜ਼ੁਅੱਰਤ ਦੀ ਲੋੜ ਹੁੰਦੀ ਹੈ, ਜੋ ਕਿ ਕੋਈ ਸਾਧਾਰਣ ਜਾਂ ਆਮ ਗੱਲ ਨਹੀਂ ਹੁੰਦੀ। ਇਸ ਲਈ, ਵਿਸ਼ੇਸ਼-ਸ਼ਖ਼ਸੀਅਤ ਦੀ ਮੰਗ ਕੀਤੀ ਜਾਂਦੀ ਹੈ। ਸਵੈ-ਜੀਵਨੀ ਦਾ ਕੰਮ, ਸੱਚ ਨੂੰ ਲੁਕਾਉਣਾ ਨਹੀਂ, ਸਗੋਂ ਸੱਚ ਨੂੰ ਪ੍ਰਗਟਾਉਣਾ ਹੈ। ਨੰਗੇ ਸੱਚ ਨੂੰ ਕਹਿਣ ਦੀ ਬੇਬਾਕੀ। ਸਵੈ-ਜੀਵਨੀ ਵਿਚ ਲੇਖਕ ਦਾ, ਵਿਅਕਤੀ-ਚਿੱਤਰ/ਜੀਵਨ-ਚਰਿੱਤਰ ਉਜਾਗਰ ਹੁੰਦਾ ਹੈ। ਜਿਵੇਂ ਜੀਵਨੀ ਲੇਖਕ, ਕਿਸੇ ਪ੍ਰਸਿੱਧ ਜਾਂ ਮਹਾਨ ਵਿਅਕਤੀ ਦੇ ਸਮੁੱਚੇ ਜੀਵਨ-ਚਰਿੱਤਰ ਨੂੰ ਅੰਕਿਤ ਕਰਦੀ ਹੈ, ਉਸੇ ਤਰ੍ਹਾਂ ਸਵੈ-ਜੀਵਨੀ ਦਾ ਲੇਖਕ, ਆਪਣੇ ਜੀਵਨ-ਚਰਿੱਤਰ ਨੂੰ, ਸ਼ਬਦਾਂ ਦੇ ਮਾਧਿਅਮ ਰਾਹੀਂ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਦੇ ਕੇਂਦਰ ਵਿਚ ਲੇਖਕ ਦਾ ਆਪਣਾ-ਆਪਾ ਹੁੰਦਾ ਹੈ। ਉਹ ਆਪਣੇ ਜੀਵਨ ਦੀਆਂ ਉਹਨਾਂ ਸਾਧਾਰਣ/ਵਿਸ਼ੇਸ਼ ਘਟਨਾਵਾਂ ਅਤੇ ਸਥਿਤੀਆਂ ਨੂੰ ਸਾਕਾਰ ਕਰਦਾ ਹੈ, ਜਿਹੜੀਆਂ ਉਸ ਦੀਆਂ ਯਾਦਾਂ ਦਾ ਅੰਗ ਬਣ ਗਈਆਂ ਹਨ ਅਤੇ ਉਸ ਨੂੰ ਮਹੱਤਵਸ਼ਾਲੀ ਲੱਗਦੀਆਂ ਹਨ। ਹੱਥਲੇ ਪਾਠ ਵਿਚ ਹੁਣ ਅਸੀਂ, ਪੰਜਾਬੀ ਵਿਚ ਰਚੇ ਗਏ ਸਵੈ-ਜੀਵਨੀ ਸਾਹਿਤ ਬਾਰੇ ਚਰਚਾ ਕਰਾਂਗੇ।

## 1.4 ਪੰਜਾਬੀ ਵਿਚ ਸਵੈ-ਜੀਵਨੀ ਸਾਹਿਤ ਦੀ ਪਰੰਪਰਾ ਤੇ ਭਵਿੱਖ

ਪੰਜਾਬੀ ਸਾਹਿਤ ਦੇ ਮੱਧਕਾਲੀ ਇਤਿਹਾਸ ਵਿਚ, ਜੀਵਨੀਆਂ ਤਾਂ ਬਹੁਤ ਮਿਲਦੀਆਂ ਹਨ, ਪਰ, ਸਵੈ-ਜੀਵਨੀ ਇੱਕਾ-ਦੁੱਕਾ ਹੀ ਮਿਲ਼ਦੀ ਹੈ। ਕਈ ਮੱਧਕਾਲੀ ਸਾਹਿਤਕਾਰ, ਆਪਣੀਆਂ ਰਚਨਾਵਾਂ ਵਿਚ, ਆਪਣੇ ਨਿੱਜੀ-ਜੀਵਨ ਬਾਰੇ ਕਿਧਰੇ ਕਿਧਰੇ ਸੰਖੇਪ ਟਿੱਪਣੀਆਂ ਪੇਸ਼ ਕਰਦੇ ਹਨ ਜਾਂ ਆਪਣੇ ਜੀਵਨ ਦੀ, ਕਿਸੇ ਇਕ ਅੱਧ ਘਟਨਾ ਵੱਲ ਸੰਕੇਤ ਕਰਦੇ ਹਨ। ਪਰ, ਸਹੀ ਅਰਥਾਂ ਵਿਚ ਸਵੈ-ਜੀਵਨੀ ਦੇ ਸਾਹਿਤਕ-ਰੂਪਾਕਾਰ ਦੀ ਸਿਰਜਣਾ, ਘੱਟ ਹੀ ਹੋਈ ਹੈ। ਜਨਮਸਾਖੀ ਸਾਹਿਤ ਵਿਚ, ਗੁਰੂ ਵਿਅਕਤੀਆਂ ਦੇ ਜੀਵਨ-ਚਰਿੱਤਰ ਨੂੰ ਸ਼ਰਧਾਵਾਨ ਸਿੱਖਾਂ ਵੱਲੋਂ ਪੇਸ਼ ਕੀਤਾ ਗਿਆ, ਜੋ ਜੀਵਨੀ ਸਾਹਿਤ ਦਾ ਅੰਗ ਮੰਨੀਆਂ ਜਾ ਸਕਦੀਆਂ ਹਨ। ਪੰਜਾਬੀ ਵਿਚ, ਸਵੈ-ਜੀਵਨੀ ਸਾਹਿਤ ਦੀ ਪਹਿਲੀ ਮਹੱਤਵਯੋਗ ਰਚਨਾ, ਗੁਰੂ ਗੋਬਿੰਦ ਸਿੰਘ ਜੀ ਰਚਿਤ 'ਬਚਿਤ੍ਰ ਨਾਟਕ' ਨੂੰ ਕਿਹਾ ਜਾ ਸਕਦਾ ਹੈ। ਇਸ ਵਿਚ, ਭਾਵੇਂ ਗੁਰੂ ਸਾਹਿਬ ਨੇ, ਆਪਣੇ ਤੋਂ ਇਲਾਵਾ, ਹੋਰਨਾਂ ਗੁਰੂ-ਵਿਅਕਤੀਆਂ ਦੇ ਜੀਵਨ-ਚਰਿੱਤਰ ਸੰਬੰਧੀ ਵੀ ਸੰਕੇਤ ਕੀਤੇ ਹਨ, ਪਰ, ਇਸ ਰਚਨਾ ਦਾ ਮੁੱਖ ਧੁਰਾ, ਉਹਨਾਂ ਦੀ ਆਪਣੀ ਜੀਵਨ-ਕਹਾਣੀ ਹੈ। ਇਸ ਵਿਚਲਾ ਇਕ ਵਾਕ ਹੈ:

**"ਅਬ ਮੈਂ ਅਪਨੀ ਕਥਾ ਬਖਾਨੋ"**

ਇਹ 'ਅਪਨੀ ਕਥਾ', ਸਵੈ-ਜੀਵਨੀ ਦੀ ਹੀ ਲਖ਼ਾਇਕ ਹੈ। ਸਵੈ-ਜੀਵਨੀ ਨੂੰ ਹਿੰਦੀ ਵਿਚ, ਆਤਮ-ਕਥਾ ਵੀ ਕਿਹਾ ਜਾਂਦਾ ਹੈ। ਇਸ ਗੁਰੂ-ਵਿਅਕਤੀ ਨੇ, ਆਪਣੇ ਪਟਨਾ ਸ਼ਹਿਰ ਵਿਚ, ਆਪਣੀ ਮਾਤਾ ਦੇ ਗਰਭ-ਧਾਰਣ ਤੋਂ ਲੈ ਕੇ, ਆਪਣੇ ਗੁਰੂ ਪਿਤਾ ਵੱਲੋਂ ਕੀਤੀ ਮੁੱਢਲੀ ਪਰਵਰਿਸ਼ ਅਤੇ ਆਪਣੇ ਜੰਗਾਂ/ਯੁੱਧਾਂ ਦਾ ਵੇਰਵਾ ਵੀ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ, ਗੁਰੂ-ਵਿਅਕਤੀ ਨੇ, ਆਪਣੇ ਪੂਰਬਲੇ ਜਨਮ ਦੀ ਹੇਮਕੁੰਟ ਨਾਲ਼ ਸੰਬੰਧਿਤ ਤੱਪ-ਸਾਧਨਾ ਦੀ ਸਥਿਤੀ ਅਤੇ ਪ੍ਰਭੂ ਵੱਲੋਂ, ਇਕ ਦੈਵੀ-ਮਿਸ਼ਨ ਦੀ ਪ੍ਰਾਪਤੀ ਲਈ, ਮਾਤ-ਲੋਕ ਵਿਚ ਆਉਣ ਦਾ ਹਵਾਲਾ ਵੀ ਦਿੱਤਾ ਹੈ। ਅਜੋਕੇ ਸਵੈ-ਜੀਵਨੀ ਸਾਹਿਤ ਵਿਚ, ਇਸ ਕਿਸਮ ਦੇ ਵੇਰਵਿਆਂ ਨੂੰ, ਅਣ-ਇਤਿਹਾਸਕ ਆਖਿਆ ਜਾ ਸਕਦਾ ਹੈ। ਪਰ, 'ਬਚਿਤ੍ਰ ਨਾਟਕ' ਭਾਵੇਂ, ਨਿਰੋਲ ਅਤੇ ਸ਼ੁੱਧ ਰੂਪ ਵਿਚ, ਸਵੈ-ਜੀਵਨੀ ਨਹੀਂ। ਸਗੋਂ, ਗੁਰੂ-ਵਿਅਕਤੀ ਦਾ ਰੂਹਾਨੀ ਜੀਵਨ-ਚਰਿੱਤਰ ਹੈ। ਇਸ ਰਚਨਾ ਵਿਚ, ਜਿੱਥੇ ਕਿਤੇ ਵੀ ਨਿੱਜੀ-ਜੀਵਨ ਨਾਲ਼ ਸੰਬੰਧਿਤ ਵੇਰਵੇ ਅੰਕਿਤ ਕੀਤੇ ਗਏ ਹਨ, ਉਹਨਾਂ ਵਿਚ, ਸਵੈ-ਜੀਵਨੀਮੂਲਕ ਰਚਨਾ, ਗੁਰੂ-ਇਤਿਹਾਸ ਦੀ ਪੇਸ਼ਕਾਰੀ ਕਰਦੀ ਹੈ ਅਤੇ ਇਸ ਦਾ ਸਾਹਿਤਕ ਮੁੱਲ ਵੀ ਅਤਿਅੰਤ ਮਹੱਤਵਪੂਰਨ ਹੈ। ਜਿਵੇਂ ਕਿ :-

> "'ਬਚਿਤ੍ਰ ਨਾਟਕ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨਾਲ਼ ਸੰਬੰਧਿਤ ਇਕ ਅਹਿਮ ਰਚਨਾ ਹੈ, ਜੋ ਆਤਮ-ਕਥਾ ਦੀ ਸ਼ੈਲੀ ਵਿਚ ਲਿਖੀ ਹੋਈ ਹੈ। ਆਤਮਕਥਾਵਾਂ ਲਿਖਣ ਦੀ ਇਕ ਬਲਵਾਨ ਰਵਾਇਤ ਸਾਮੀ ਪਰੰਪਰਾ ਵਿਚ ਮੌਜੂਦ ਸੀ। ਭਾਰਤੀ ਪੌਰਾਣਿਕ ਪਿਛੋਕੜ ਮੁਤਾਬਕ ਲਿਖੀ, ਇਹ ਅਦੁੱਤੀ ਰਚਨਾ, ਸਾਮੀ ਤੇ ਭਾਰਤੀ ਪਰੰਪਰਾਵਾਂ ਦੇ ਸੁਮੇਲ ਵਾਲ਼ੀ, ਇਕ ਅਦੁੱਤੀ ਰਚਨਾ ਹੋ ਨਿਬੜਦੀ ਹੈ, ਜਿਸ ਵਿਚੋਂ ਗੁਰੂ ਜੀ ਦੇ ਜੀਵਨ ਦੇ ਮੁੱਢਲੇ ਵਰ੍ਹਿਆਂ ਦੇ ਦੌਰਾਨ ਲੜੇ ਯੁੱਧਾਂ ਦੇ ਨਿੱਕੇ-ਨਿੱਕੇ ਬਿਓਰੇ ਪ੍ਰਾਪਤ ਹੁੰਦੇ ਹਨ।"

(ਆਰੰਭਿਕ ਸ਼ਬਦ, 'ਬਚਿਤ੍ਰ ਨਾਟਕ', ਸਟੀਕ, ਜੇ.ਪੀ. ਸੰਗਤ ਸਿੰਘ, 1988, ਪੰਨਾ : 5)

'ਬਚਿਤ੍ਰ ਨਾਟਕ' ਦੇ ਛੇਵੇਂ ਅਧਿਆਇ ਵਿਚ ਆਪ ਨੇ, ਮ੍ਰਿਤ ਲੋਕ ਵਿਚ ਆਪਣੇ ਆਉਣ ਦਾ ਕਾਰਨ (ਦੁਸ਼ਟਾਂ ਦਾ ਨਾਸ਼ ਕਰਨਾ ਅਤੇ ਧਰਮ ਚਲਾਉਣਾ) ਦੱਸਦਿਆਂ, ਕਹਿੰਦੇ ਹਨ :-

> ਮੈਂ ਤ੍ਰਿਬੇਣੀ ਦੇ ਸੰਗਮ ਤੇ **ਮਾਤ ਗਰਭ ਵਿਚ ਆਇਆ** ਅਤੇ ਪਟਨੇ ਵਿਚ **ਜਨਮ ਲਿਆ**।

('ਬਚਿਤ੍ਰ ਨਾਟਕ : ਇਕ ਪਰਿਚਯ', ਜੇ.ਪੀ. ਸੰਗਤ ਸਿੰਘ; 1992, ਪੰਨਾ : 11)

ਅਸਲ ਵਿਚ, ਅਜੋਕੇ ਸਮੇਂ ਵਿਚ ਅਸੀਂ, ਜਿਸ ਤਰੀਕੇ ਨਾਲ਼ ਸਵੈ-ਜੀਵਨੀ ਦੇ ਰੂਪਾਕਾਰ ਦੀ ਪਰਿਭਾਸ਼ਾ ਕਰਦੇ ਹਾਂ, ਉਹ ਆਪਣੇ ਸ਼ੁੱਧ ਰੂਪ ਵਿਚ ਆਧੁਨਿਕ ਕਾਲ ਦੀ ਹੀ ਉਪਜ ਹੈ। ਇਸ ਰੂਪਾਕਾਰ ਦੀ ਪ੍ਰੇਰਨਾ ਵੀ ਸਾਨੂੰ, ਹੋਰਨਾਂ ਸਾਹਿਤ ਰੂਪਾਂ/ਰੂਪਾਕਾਰਾਂ ਵਾਂਗ, ਪੱਛਮੀ ਸਾਹਿਤ ਸੱਭਿਆਚਾਰ ਤੋਂ ਪ੍ਰਾਪਤ ਹੋਈ ਹੈ। ਅੰਗਰੇਜ਼ਾਂ ਦੇ 1849 ਵਿਚ ਪੰਜਾਬ ਉਪਰ ਕਬਜ਼ੇ ਮਗਰੋਂ, ਇਸ ਆਧੁਨਿਕ ਸਾਹਿਤ ਦਾ ਮੁੱਢ ਬੱਝਦਾ ਹੈ। ਇਸ ਲਈ, ਪੰਜਾਬੀ ਵਿਚ ਰਚੇ ਗਏ ਸਵੈ-ਜੀਵਨੀ ਸਾਹਿਤ ਦੀ ਤਲਾਸ਼ ਵੀ, ਪਿੱਛਲੇ ਲਗਭਗ 160 ਕੁ ਸਾਲਾਂ ਦੇ ਇਤਿਹਾਸ ਵਿਚੋਂ ਹੀ ਕਰਨੀ ਪਵੇਗੀ।

ਆਧੁਨਿਕ ਕਾਲ ਦੇ ਸਵੈ-ਜੀਵਨੀ ਲੇਖਕਾਂ ਵਿਚ ਸਭ ਤੋਂ ਪਹਿਲਾ ਨਾਂ, ਪ੍ਰਿੰਸੀਪਲ ਤੇਜਾ ਸਿੰਘ ਦਾ ਲਿਆ ਜਾ ਸਕਦਾ ਹੈ। ਇਸ ਲੇਖਕ ਨੇ ਆਪਣੀ ਸਵੈ-ਜੀਵਨੀ 'ਆਰਸੀ' ਸਿਰਲੇਖ ਹੇਠ ਪ੍ਰਕਾਸ਼ਿਤ ਕੀਤੀ। ਇਸ ਕਿਤਾਬ ਦਾ ਨਾਂ, ਬੜਾ ਸੁਝਾਊ ਹੈ। ਆਰਸੀ ਜਾਂ ਸ਼ੀਸ਼ਾ, ਜਿਵੇਂ ਕਿਸੇ ਵਿਅਕਤੀ ਦੇ ਚਿਹਰੇ-ਮੋਹਰੇ ਨੂੰ ਪ੍ਰਤੀਬਿੰਬਤ ਕਰਦਾ ਹੈ, ਉਸੇ ਤਰ੍ਹਾਂ ਹੀ ਸਵੈ-ਜੀਵਨੀ ਵੀ, ਲੇਖਕ ਦਾ ਆਤਮ-ਬਿੰਬ ਉੱਭਾਰਣ ਵਾਲ਼ੀ ਰਚਨਾ ਮੰਨੀ ਜਾ ਸਕਦੀ ਹੈ। 'ਆਰਸੀ' ਵਿਚ ਲੇਖਕ ਨੇ, ਆਪਣੇ ਬਚਪਨ ਦੇ ਦਿਨਾਂ ਤੋਂ ਲੈ ਕੇ, ਪ੍ਰੌੜ੍ਹ-ਅਵੱਸਥਾ ਤੱਕ ਦੇ ਸਫ਼ਰ ਨੂੰ ਅੰਕਿਤ ਕੀਤਾ ਹੈ। ਇਹ ਸਵੈ-ਜੀਵਨੀ, ਲੇਖਕ ਦੇ ਜੀਵਨ ਵਿਚ ਵਾਪਰੀਆਂ ਘਟਨਾਵਾਂ ਨੂੰ, ਬਿਰਤਾਂਤਕ-ਸ਼ੈਲੀ ਵਿਚ ਪੇਸ਼ ਕਰਦੀ ਹੈ। ਲੇਖਕ ਨੇ, ਆਪਣੇ ਮੁੱਢਲੇ ਜੀਵਨ ਸੰਘਰਸ਼ ਦੀ ਗੱਲ ਕਰਦਿਆਂ, ਕਈ ਬਹੁਤ ਹੀ ਦਿਲਚਸਪ ਘਟਨਾਵਾਂ ਬਿਆਨ ਕੀਤੀਆਂ ਹਨ ਅਤੇ ਆਪਣੇ ਘਰ-ਪਰਿਵਾਰ, ਸੱਕੇ-ਸੰਬੰਧੀਆਂ ਦੇ ਨਾਲ਼ ਨਾਲ਼, ਆਪਣੇ ਸੰਪਰਕ ਵਿਚ ਆਈਆਂ ਉੱਘੀਆਂ ਸ਼ਖ਼ਸੀਅਤਾਂ ਬਾਰੇ ਵੀ ਲਿਖਿਆ ਹੈ। ਇਸ ਪੁਸਤਕ ਵਿਚਲਾ 'ਜੇਲ੍ਹ ਯਾਤਰਾ' ਵਾਲ਼ਾ ਕਾਂਡ, ਵਿਸ਼ੇਸ਼ ਤੌਰ 'ਤੇ ਮਹੱਤਵਯੋਗ ਹੈ।

ਨਾਨਕ ਸਿੰਘ, ਪੰਜਾਬੀ ਦਾ ਇਕ ਪ੍ਰਸਿੱਧ ਨਾਵਲਕਾਰ ਹੈ, ਜਿਸ ਦੇ ਨਾਵਲਾਂ ਵਿਚੋਂ : 'ਚਿੱਟਾ ਲਹੂ', 'ਪਵਿੱਤਰ ਪਾਪੀ', 'ਗੰਗਾਜਲੀ ਵਿਚ ਸ਼ਰਾਬ', 'ਇਕ ਮਿਆਨ ਦੋ ਤਲਵਾਰਾਂ' ਆਦਿ ਵਧੇਰੇ ਚਰਚਿਤ ਹਨ। ਨਾਨਕ ਸਿੰਘ ਨੇ ਆਪਣੀ ਸਵੈ-ਜੀਵਨੀ 'ਮੇਰੀ ਦੁਨੀਆਂ' ਦੇ ਸਿਰਲੇਖ ਅਧੀਨ ਲਿਖੀ ਹੈ। ਇਸ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਲੇਖਕ ਨੇ, ਆਪਣੇ ਜੀਵਨ-ਚਰਿੱਤਰ ਦਾ ਇਤਿਹਾਸਕ ਵੇਰਵਾ ਦੇਣ ਦੀ ਥਾਂ, ਆਪਣੇ ਜੀਵਨ ਵਿਚ ਮਹੱਤਵ ਰੱਖਣ ਵਾਲ਼ੀਆਂ ਘਟਨਾਵਾਂ ਨੂੰ, ਗਲਪੀ ਕਥਾ-ਪ੍ਰਵਾਹ ਦੇ ਪ੍ਰਸੰਗ ਵਿਚ ਰੱਖ ਕੇ ਪੇਸ਼ ਕੀਤਾ ਹੈ। ਉਸ ਨੇ ਆਪਣੇ ਸੰਪਰਕ ਵਿਚ ਆਏ ਸਮਕਾਲੀ ਸਾਹਿਤਕਾਰਾਂ ਬਾਰੇ ਵੀ, ਟਿੱਪਣੀਆਂ ਕੀਤੀਆਂ ਹਨ। ਉਸ ਨੇ ਆਪਣੇ ਸਾਹਿਤਕ ਦਰਸ਼ਨ ਨੂੰ ਵੀ, ਬੜੀ ਰੌਚਿਕਤਾ ਨਾਲ਼ ਪੇਸ਼ ਕੀਤਾ ਹੈ। ਇਹ ਸਵੈ-ਜੀਵਨੀ ਸਾਨੂੰ, ਭਿੰਨ-ਭਿੰਨ ਕਲਾਤਮਕ ਟੋਟਿਆਂ ਦਾ ਸੰਗ੍ਰਹਿ ਜਾਪਦੀ ਹੈ, ਪਰ ਤਾਂ ਵੀ ਇਸ ਵਿਚੋਂ, ਲੇਖਕ ਦਾ ਜੀਵਨ-ਚਰਿੱਤਰ ਅਤੇ ਯਥਾਰਥ ਬੋਧ, ਬੜੇ ਉਘੜਵੇਂ ਰੂਪ ਵਿਚ ਸਾਹਮਣੇ ਆਉਂਦਾ ਹੈ। ਲੇਖਕ ਨੇ ਆਪਣੀ ਗਲਪ-ਸਿਰਜਣ ਦੀ ਪ੍ਰਤਿਭਾ ਨੂੰ, ਆਤਮ-ਕਥਾ ਦੀ ਵਿਧੀ ਨਾਲ਼ ਅਭੇਦ ਕਰਕੇ ਪੇਸ਼ ਕੀਤਾ ਹੈ। ਇਸ ਸਵੈ-ਜੀਵਨੀ ਦਾ ਆਪਣਾ ਨਿਵੇਕਲਾ ਤੇ ਵਿਲੱਖਣ ਸਥਾਨ ਅਤੇ ਮਹੱਤਵ, ਸਹਿਜੇ ਹੀ ਸਵੀਕਾਰ ਕੀਤਾ ਜਾ ਸਕਦਾ ਹੈ।

ਨਾਨਕ ਸਿੰਘ ਵਾਂਗ ਗੁਰਬਖ਼ਸ਼ ਸਿੰਘ ਵੀ, ਪ੍ਰਸਿੱਧ ਪੰਜਾਬੀ ਲੇਖਕ ਹੈ। ਇਸ ਦੀ ਬਹੁਤੀ ਰਚਨਾ, ਭਾਵੇਂ ਵਾਰਤਕ ਅਤੇ ਗਲਪ ਦੇ ਰੂਪ ਵਿਚ ਮਿਲ਼ਦੀ ਹੈ, ਪਰ ਇਸ ਨੇ ਪੰਜਾਬੀ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ, ਆਪਣੇ ਪ੍ਰਸਿੱਧ ਰਸਾਲੇ 'ਪ੍ਰੀਤਲੜੀ' ਰਾਹੀਂ ਪ੍ਰਭਾਵਿਤ ਕੀਤਾ। ਗੁਰਬਖ਼ਸ਼ ਸਿੰਘ ਦੀ ਆਪਣੀ ਸਵੈ-ਜੀਵਨੀ, 'ਮੇਰੀਆਂ ਅਭੁੱਲ ਯਾਦਾਂ' ਵੀ ਸਵੈ-ਜੀਵਨੀਮੂਲਕ ਨਿਬੰਧਾਂ ਦਾ ਸੰਗ੍ਰਹਿ ਹੈ। ਲੇਖਕ ਨੇ ਆਪਣੀ ਸਵੈ-ਜੀਵਨੀ ਵਿਚ, ਜਿਹੜਾ ਆਤਮ-ਬਿੰਬ ਉਸਾਰਿਆ ਹੈ, ਉਹ ਉਸ ਦੇ ਪ੍ਰੀਤ-ਫ਼ਲਸਫ਼ੇ ਦੀ ਹੀ ਪ੍ਰਤੀਨਿੱਧਤਾ ਕਰਦਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਲੇਖਕ ਨੇ ਆਪਣੇ ਵਿਚਾਰਾਂ ਅਤੇ ਆਦਰਸ਼ਾਂ ਨੂੰ, ਆਪਣੀ ਜੀਵਨ-ਵਿਧੀ ਵਿਚ ਧਾਰਣ ਕਰਕੇ, ਉਸ ਦੀ ਵਿਹਾਰਕ ਪੇਸ਼ਕਾਰੀ ਕੀਤੀ ਹੈ। ਜਿੱਥੋਂ ਤੱਕ, ਸਵੈ-ਜੀਵਨੀ ਦੀ ਕਲਾ ਦਾ ਸੰਬੰਧ ਹੈ ਗੁਰਬਖ਼ਸ਼ ਸਿੰਘ ਦੀ 'ਮੇਰੀ ਜੀਵਨ ਕਹਾਣੀ', ਆਪਣੇ ਜੀਵਨ ਚਰਿੱਤਰ ਦਾ ਇਤਿਹਾਸਕ ਬਿੰਬ ਉਸਾਰਣ ਨਾਲ਼ੋਂ ਵਧੇਰੇ, ਆਦਰਸ਼ ਵਿਚ ਭਿੱਜਿਆ ਹੋਇਆ, ਸਵੈ-ਬਿੰਬ ਹੀ ਪੇਸ਼ ਕਰਦਾ ਹੈ। ਇਸ ਵਿਚ ਆਪਣੇ ਆਪ ਨੂੰ ਨਿਰਪੱਖ ਹੋ ਕੇ, ਆਲੋਚਕ ਦੀਆਂ ਨਜਰਾਂ ਨਾਲ਼ ਘੱਟ ਵੇਖਿਆ ਗਿਆ ਹੈ। ਲੇਖਕ ਸੁਭਾਵਕ ਹੀ, ਆਪਣੇ ਜੀਵਨ-ਅਨੁਭਵ ਦੀਆਂ ਉਹਨਾਂ ਘਟਨਾਵਾਂ ਨੂੰ ਹੀ ਅੰਕਿਤ ਕਰਦਾ ਹੈ, ਜਿਹੜੀਆਂ ਉਸ ਦੇ ਸਥਾਪਿਤ ਬਿੰਬ ਦਾ ਸਮਰਥਨ ਕਰਦੀਆਂ ਹਨ। ਉਦਾਹਰਣ ਦੇ ਤੌਰ 'ਤੇ 'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ' ਦਾ ਪ੍ਰੀਤ-ਫ਼ਲਸਫ਼ਾ, ਇਸ ਲੇਖਕ ਦੀ ਸਵੈ-ਜੀਵਨੀ ਦਾ ਕੇਂਦਰੀ ਧੁਰਾ ਹੈ। ਇਸ ਦੇ ਨਾਲ ਹੀ ਉਸ ਦੇ ਵੇਖਣ, ਜਾਣਨ ਅਤੇ ਕੰਮ ਆਉਣ ਦੀ ਲਗਨ ਤੇ ਚਾਅ ਵੀ, ਵਰਣਿਤ ਘਟਨਾਵਾਂ ਵਿਚ, ਆਪਮੁਹਾਰੇ ਪ੍ਰਗਟ ਹੁੰਦਾ ਹੈ। ਇਉਂ, ਇਹ ਇਕ ਆਦਰਸ਼ ਆਤਮ-ਕਥਾ ਕਹੀ ਜਾ ਸਕਦੀ ਹੈ, ਜਿਸ ਵਿਚ ਲੇਖਕ ਆਪਣੇ ਨਾਇਕ-ਬਿੰਬ ਦੀ ਉਸਾਰੀ ਕਰਨ ਨੂੰ ਹੀ, ਆਪਣਾ ਮਨੋਰਥ ਬਣਾ ਲੈਂਦਾ ਹੈ।

ਪ੍ਰੋ. ਪੂਰਨ ਸਿੰਘ ਨੇ ਆਪਣੀ ਸਵੈ-ਜੀਵਨੀ ਅੰਗਰੇਜ਼ੀ ਵਿਚ ਲਿਖੀ ਸੀ 'On The Path of Life', ਜਿਸ ਦਾ ਪੰਜਾਬੀ ਅਨੁਵਾਦ ਗੁਰਬਖ਼ਸ਼ ਸਿੰਘ ਨੇ ਕੀਤਾ। ਸਿਰਲੇਖ ਸੀ-'ਜ਼ਿੰਦਗੀ ਦੇ ਰਾਹਾਂ 'ਤੇ'। ਪ੍ਰਸਿੱਧ ਪੰਜਾਬੀ ਆਲੋਚਕ ਤੇ ਇਤਿਹਾਸਕਾਰ, ਪ੍ਰਮਿੰਦਰ ਸਿੰਘ ਤੇ ਕਿਰਪਾਲ ਸਿੰਘ ਦੇ ਸ਼ਬਦਾਂ ਵਿਚ ਕਹੀਏ ਤਾਂ :-

> "ਇਹ ਪੁਸਤਕ, ਸਾਡੇ ਮਹਾਂਕਵੀ ਤੇ ਚਿੰਤਕ ਦੀ ਅਨੁਭਵੀ ਸ਼ਖ਼ਸੀਅਤ, ਪ੍ਰਚੰਡ ਕਲਪਨਾ, ਭਾਵੁਕਤਾ ਅਤੇ ਆਦਰਸ਼ ਦੀ ਸੂਖ਼ਮ ਮਾਨਵਤਾਵਾਦੀ ਤੱਕਣੀ ਦਾ ਤਿੱਖਾ ਤੇ ਨਿਖਰਿਆ ਰਸ-ਪੂਰਣ ਜੀਵਨ ਬਿਰਤਾਂਤ ਹੈ।"

ਇਸ ਸਵੈ-ਜੀਵਨੀ ਦੀ ਵਿਲੱਖਣਤਾ ਇਹ ਹੈ ਕਿ ਇਹ ਲੇਖਕ ਦੀ ਰਹੱਸਵਾਦੀ ਦਾਰਸ਼ਨਿਕ-ਦ੍ਰਿਸ਼ਟੀ ਨੂੰ, ਉਸ ਦੇ ਜੀਵਨ-ਅਨੁਭਵ ਰਾਹੀਂ ਮੂਰਤੀਮਾਨ ਕਰਦੀ ਹੈ। ਪ੍ਰੋ. ਪੂਰਨ ਸਿੰਘ ਦੀ ਕਵਿਤਾ ਅਤੇ ਉਸ ਦੀ ਵਾਰਤਕ ਵਿਚ, ਜੋ ਰਹੱਸ ਤੇ ਰਮਜ਼ ਦਾ ਰੰਗ ਪ੍ਰਗਟ ਹੁੰਦਾ ਹੈ, ਉਸ ਦੀ ਸਵੈ-ਜੀਵਨੀ ਵੀ ਉਸੇ ਦਾ ਪ੍ਰਗਟਾਵਾ ਕਰਦੀ ਹੈ। ਇਸ ਨੂੰ ਪੜ੍ਹਕੇ, ਅਸੀਂ ਲੇਖਕ ਦੀ ਬਹੁਪੱਖੀ ਤੇ ਬਹੁਰੰਗੀ ਸ਼ਖ਼ਸੀਅਤ ਦੇ ਦਰਸ਼ਨ ਕਰ ਸਕਦੇ ਹਾਂ। ਨਿਰੰਤਰ ਤਲਾਸ਼ ਦਾ

ਜਿਹੜਾ ਬਿੰਬ ਇਸ ਵਿਚ ਮਿਲਦਾ ਹੈ, ਉਹ ਪੂਰਨ ਸਿੰਘ ਦੀ ਸਾਹਿਤਕ-ਰਚਨਾ ਨੂੰ ਵਾਚਣ ਲਈ ਵੀ, ਇਕ ਦਿਸ਼ਾ ਪ੍ਰਦਾਨ ਕਰਦਾ ਹੈ। ਇਸ ਸਵੈ-ਜੀਵਨੀ ਦਾ ਫੈਲਾਉ, ਲੇਖਕ ਦੀ ਸ਼ਖ਼ਸੀਅਤ ਦੇ ਅੰਦਰਲੇ ਸੋਮਿਆਂ ਵਿਚ ਸਮਾਇਆ ਹੋਇਆ ਹੈ।

ਇਹਨਾਂ ਮੁੱਢਲੇ ਸਵੈ-ਜੀਵਨੀ ਲੇਖਕਾਂ ਤੋਂ ਬਿਨਾਂ, ਪੰਜਾਬੀ ਦੇ ਕਈ ਹੋਰ ਸਮਕਾਲੀਆਂ ਨੇ ਵੀ, ਸਾਹਿਤ ਦੇ ਇਸ ਰੂਪਾਕਾਰ ਉਪਰ ਕਲਮ ਅਜ਼ਮਾਈ ਕੀਤੀ ਹੈ। ਉਦਾਹਰਣ ਦੇ ਤੌਰ 'ਤੇ ਅੰਮ੍ਰਿਤਾ ਪ੍ਰੀਤਮ ਦੀ 'ਰਸੀਦੀ ਟਿਕਟ'; ਅਜੀਤ ਕੌਰ ਦੀ 'ਖ਼ਾਨਾਬਦੋਸ਼'; ਦਲੀਪ ਕੌਰ ਟਿਵਾਣਾ ਦੀ 'ਨੰਗੇ ਪੈਰਾਂ ਦਾ ਸਫ਼ਰ'; ਬਚਿੰਤ ਕੌਰ ਦੀ 'ਪਗਡੰਡੀਆਂ' ਆਦਿ। ਇਹਨਾਂ ਰਚਨਾਵਾਂ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਇਸਤਰੀ ਮਨ ਦੀ ਅੰਦਰਲੀ ਹਕ਼ੀਕ਼ਤ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਪੁਰਖ-ਪ੍ਰਧਾਨ ਸਮਾਜ ਵਿਚ, ਇਸਤਰੀ ਨੂੰ ਆਪਣੀ ਹਸਤੀ ਤੇ ਹੋਂਦ ਲਈ ਜਿਹੜਾ ਸੰਘਰਸ਼ ਕਰਨਾ ਪੈਂਦਾ ਹੈ, ਉਸ ਦੀ ਝਲਕ, ਇਹਨਾਂ ਇਸਤਰੀ ਲੇਖਿਕਾਵਾਂ ਦੀਆਂ ਸਵੈ-ਜੀਵਨੀਆਂ ਵਿਚੋਂ, ਭਲੀ ਭਾਂਤ ਮਿਲ ਜਾਂਦੀ ਹੈ।

ਅੰਮ੍ਰਿਤਾ ਪ੍ਰੀਤਮ ਦੀ ਬਹੁ-ਚਰਚਿਤ ਸਵੈ-ਜੀਵਨੀ 'ਰਸੀਦੀ ਟਿਕਟ', ਜਿੱਥੇ ਲੇਖਿਕਾ ਦੇ ਜੀਵਨ-ਅਨੁਭਵਾਂ ਨਾਲ਼ ਜੁੜੇ ਹਾਦਸਿਆਂ ਅਤੇ ਮਹੱਤਵਯੋਗ ਘਟਨਾਵਾਂ ਨੂੰ ਅੰਕਿਤ ਕਰਦੀ ਹੈ, ਉੱਥੇ ਇਹ ਵਰਤਮਾਨ, ਸਮਾਜਕ ਵਿਵੱਸਥਾ ਦੀ, ਆਲੋਚਨਾਤਮਕ ਪੁਣ-ਛਾਣ ਵੀ ਕਰਦੀ ਹੈ। ਇਸ ਵਿਚ ਲੇਖਿਕਾ ਨੇ, ਆਪਣੇ ਨਿੱਜੀ ਜੀਵਨ-ਅਨੁਭਵਾਂ ਦੇ ਆਧਾਰ 'ਤੇ, ਮਨੁੱਖੀ-ਰਿਸ਼ਤਿਆਂ ਦੀਆਂ ਤੈਹਾਂ ਨੂੰ ਫਰੋਲਣ ਦਾ ਉਪਰਾਲਾ ਕੀਤਾ ਹੈ। ਇਸਤਰੀ-ਮਨ ਦੀ ਵਾਸਤਵਿਕਤਾ ਦਾ, ਭਰੋਸੇਯੋਗ ਬਿੰਬ ਸਿਰਜਣ ਵਿਚ, ਇਹ ਸਵੈ-ਜੀਵਨੀ ਬਹੁਤ ਸਫ਼ਲ ਹੋਈ ਹੈ। 'ਰਸੀਦੀ ਟਿਕਟ', ਪ੍ਰਮਾਣਿਕਤਾ ਅਤੇ ਛੋਟੇ ਆਕਾਰ ਦਾ ਪ੍ਰਤੀਕ ਵੀ ਹੈ।

ਅਜੀਤ ਕੌਰ ਦੀ ਸਵੈ-ਜੀਵਨੀ 'ਖ਼ਾਨਾਬਦੋਸ਼', ਭਾਵੇਂ ਉਸ ਦੇ ਸਮੁੱਚੇ ਜੀਵਨ-ਚਰਿੱਤਰ ਦੇ ਸਰੋਕਾਰ ਨੂੰ ਨਹੀਂ ਜੋੜਦੀ, ਪਰ, ਇਸ ਵਿਚ ਉਹ ਬੜੀ ਬੇਬਾਕੀ ਨਾਲ਼ ਪ੍ਰਚਲਿਤ ਵਿਵੱਸਥਾ ਵਿਚ ਮੁਹੱਬਤੀ-ਰਿਸ਼ਤਿਆਂ ਦੀ ਹਕ਼ੀਕ਼ਤ ਦਾ ਆਲੋਚਨਾਤਮਕ-ਬਿੰਬ ਪੇਸ਼ ਕਰਦੀ ਹੈ। ਉਸ ਦੀ ਵਾਰਤਕ-ਸ਼ੈਲੀ ਬੜੀ ਬੇਬਾਕੀ ਨਾਲ਼, ਆਪਣੇ ਪਿੰਡੇ ਉਪਰ ਹੰਢਾਏ ਸੰਘਰਸ਼ ਅਤੇ ਤਣਾਉ ਦੇ ਛਿਣਾਂ ਦਾ ਵਿਸ਼ਲੇਸ਼ਣ ਕਰਦੀ ਹੈ। ਇਸੇ ਵਿਚ ਹੀ ਇਸ ਸਵੈ-ਜੀਵਨੀ ਦਾ ਵਿਸ਼ੇਸ਼ ਮਹੱਤਵ ਹੈ। ਇਸ ਤਰ੍ਹਾਂ, ਇਹ ਸਵੈ-ਜੀਵਨੀ, ਆਪਣੇ ਅੰਦਰਲੇ ਅਨੁਭਵ ਨੂੰ, ਬਾਹਰਮੁਖੀ ਯਥਾਰਥ ਦੇ ਰੂਬਰੂ ਕਰਦੀ ਹੈ। ਲੇਖਿਕਾ ਨੇ ਇੱਥੇ ਕੇਵਲ ਇਸਤਰੀ-ਪੁਰਖ ਸੰਬੰਧਾਂ ਨੂੰ ਸਮਰਪਿਤ ਘਟਨਾਵਾਂ ਅਤੇ ਸਥਿਤੀਆਂ ਨੂੰ ਹੀ ਮੂਰਤੀਮਾਨ ਕੀਤਾ ਹੈ। ਇਸ ਲਈ, ਇਹ ਸਵੈ-ਜੀਵਨੀ, ਇਕ-ਪੱਖੀ ਜਾਂ ਆਂਸ਼ਿਕ ਕਹੀ ਜਾ ਸਕਦੀ ਹੈ। ਇਸ ਵਿਚੋਂ ਲੇਖਿਕਾ ਦੀ ਸ਼ਖ਼ਸੀਅਤ ਦਾ ਸਮੁੱਚਾ ਬਿੰਬ ਉਘੜ ਕੇ ਸਾਹਮਣੇ ਨਹੀਂ ਆਉਂਦਾ, ਸਗੋਂ, ਉਸ ਦੀ ਸ਼ਖ਼ਸੀਅਤ ਦੇ ਕੁੱਝ ਕੁ ਪੱਖ ਹੀ ਸਾਕਾਰ ਹੁੰਦੇ ਹਨ। ਫਿਰ ਵੀ ਇਸ ਦੀ ਸਾਹਿਤਕ ਵਿਸ਼ੇਸ਼ਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਦਲੀਪ ਕੌਰ ਟਿਵਾਣਾ ਨੇ ਵੀ ਆਪਣੀ ਸਵੈ-ਜੀਵਨੀ, 'ਨੰਗੇ ਪੈਰਾਂ ਦਾ ਸਫ਼ਰ' ਲਿਖੀ ਹੈ। ਟਿਵਾਣਾ ਦੀ ਪੰਜਾਬੀ ਸਾਹਿਤ ਵਿਚ ਪਛਾਣ, ਇਕ ਗਲਪਕਾਰ ਦੇ ਤੌਰ 'ਤੇ ਹੈ। ਹਾਲਾਂਕਿ ਉਸ ਦੀ ਸਵੈ-ਜੀਵਨੀ ਵੀ, ਪਾਠਕਾਂ ਤੇ ਆਲੋਚਕਾਂ ਦਾ ਧਿਆਨ ਆਪਣੇ ਵੱਲ ਖਿੱਚਦੀ ਹੈ। ਇਸ ਪੁਸਤਕ ਵਿਚ ਟਿਵਾਣਾ ਨੇ, ਆਪਣੇ ਜੀਵਨ-ਚਰਿੱਤਰ ਨੂੰ, ਗਲਪ ਅਤੇ ਇਤਿਹਾਸ ਦੇ ਸੁਮੇਲ ਵਿਚੋਂ ਵਿਅਕਤ ਕੀਤਾ ਹੈ। ਉਹ ਨਿੱਜੀ ਘਟਨਾਵਾਂ ਨੂੰ, ਕਹਾਣੀ ਜਾਂ ਨਾਵਲ ਵਰਗੀ ਰੌਚਿਕਤਾ ਨਾਲ਼ ਬਿਆਨ ਕਰਨ ਵਿਚ ਮਾਹਿਰ ਹੈ। ਇਹੀ ਕਾਰਨ ਹੈ ਕਿ ਇਸ ਸਵੈ-ਜੀਵਨੀ ਨੂੰ ਪੜ੍ਹਦਿਆਂ, ਗਲਪੀ-ਰਚਨਾ ਹੋਣ ਦਾ ਭੁਲੇਖਾ ਪੈਂਦਾ ਹੈ। ਟਿਵਾਣਾ ਦੀ ਸਵੈ-ਜੀਵਨੀ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੈ ਕਿ ਉਹ ਆਪਣੇ ਨਿੱਜੀ ਜੀਵਨ ਅਨੁਭਵਾਂ ਨੂੰ, ਮੁਕਾਬਲਤਨ ਘੱਟ ਥਾਂ ਦੇਂਦੀ ਹੈ। ਉਹ ਆਪਣੇ ਆਲੇ-ਦੁਆਲੇ ਦੇ ਮਾਹੌਲ ਅਤੇ ਸੰਪਰਕ ਵਿਚ ਆਏ ਵਿਅਕਤੀਆਂ ਵੱਲ ਵਧੇਰੇ ਧਿਆਨ ਦਿੰਦੀ ਹੈ। ਉਹ ਆਪਣੀ ਸਵੈ-ਜੀਵਨੀ ਵਿਚ, ਆਪਣੇ ਸਾਰੇ ਪਰਿਵਾਰ ਅਤੇ ਸਾਹਿਤਕ ਦਾਇਰੇ ਦਾ ਬਿੰਬ ਉਸਾਰਣ ਵਿਚ ਸਫ਼ਲ ਹੋਈ ਹੈ। ਇਸ ਲੇਖਿਕਾ ਦੀ ਵਾਰਤਕ-ਸ਼ੈਲੀ ਬੜੀ ਸਹਿਜ, ਸਰਲ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਹੈ। ਲੇਖਿਕਾ ਨੇ ਆਪਣੇ ਜੀਵਨ ਦੇ ਦਾਰਸ਼ਨਿਕ ਪੱਖਾਂ ਨੂੰ, ਆਪਣੇ ਧਿਆਨ ਦੇ ਕੇਂਦਰ ਵਿਚ ਰੱਖ ਕੇ, ਘਟਨਾਵਾਂ ਤੇ ਸਥਿਤੀਆਂ ਦੀ ਚੋਣ ਕੀਤੀ ਹੈ।

ਇਹਨਾਂ ਸਾਰੀਆਂ ਸਮਕਾਲੀ ਲੇਖਿਕਾਵਾਂ ਦੀਆਂ ਸਵੈ-ਜੀਵਨੀਆਂ, ਸਾਡੀ ਵਰਤਮਾਨ ਵਿਵੱਸਥਾ ਵਿਚ, 'ਔਰਤ ਦੇ ਸੱਚ' ਨੂੰ ਕੇਂਦਰ ਵਿਚ ਰੱਖਦੀਆਂ ਹਨ। ਇਹਨਾਂ ਵਿਚ ਸਮਕਾਲੀ ਯਥਾਰਥ ਵਿਚ ਬਦਲ ਰਹੇ ਮਨੁੱਖੀ-ਰਿਸ਼ਤਿਆਂ ਦੀ ਸਥਿਤੀ ਨੂੰ ਵੀ, ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਸਮੁੱਚੇ ਤੌਰ 'ਤੇ ਇਹ ਔਰਤ-ਮਨ ਦੀ ਅੰਦਰਲੀ ਝਾਕੀ ਨੂੰ ਪੇਸ਼ ਕਰਨ ਵਾਲ਼ੀਆਂ ਰਚਨਾਵਾਂ ਹਨ। ਸਾਡੇ ਸਮਾਜ ਤੇ ਸੱਭਿਆਚਾਰ ਵਿਚ, ਔਰਤ ਦੀ ਜ਼ੁਬਾਨ ਉਪਰ ਜਿਹੜਾ ਧਰਮ, ਸਮਾਜ, ਨੈਤਿਕਤਾ ਅਤੇ ਸ਼ਰਮ ਦਾ ਤਾਲਾ ਲੱਗਾ ਹੋਇਆ ਹੈ; ਉਸ ਨੂੰ ਤੋੜ ਕੇ ਬੇਬਾਕੀ ਨਾਲ਼ ਜ਼ੁਬਾਨ ਖੋਲ੍ਹਣ ਦੀ ਪਹਿਲ ਕੀਤੀ ਹੈ। ਸੱਚ ਤਾਂ ਇਹ ਹੈ ਕਿ ਸਵੈ-ਜੀਵਨੀ ਦਾ ਜਿਹੜਾ ਪ੍ਰਭਾਵਸ਼ਾਲੀ ਸਾਹਿਤਕ-ਪ੍ਰਗਟਾਵਾ, ਇਹਨਾਂ ਨੇ ਕੀਤਾ ਹੈ, ਉਹ ਨਿਸ਼ਚੇ ਹੀ, ਇਸ ਰੂਪਾਕਾਰ ਵਿਚ ਔਰਤ ਦੀ ਪ੍ਰਤੀਨਿਧਤਾ ਦਾ ਲਖ਼ਾਇਕ ਬਣ ਗਿਆ ਹੈ। ਇਹਨਾਂ ਇਸਤਰੀ ਸਵੈ-ਜੀਵਨੀਕਾਰਾਂ ਤੋਂ ਬਿਨਾਂ, ਇਕ ਹੋਰ ਜਿਹੜਾ ਵਿਸ਼ੇਸ਼ ਹਸਤਾਖ਼ਰ ਜੁੜਦਾ ਹੈ, ਉਹ ਹੈ ਬਚਿੰਤ ਕੌਰ ਦਾ।

ਬਚਿੰਤ ਕੌਰ ਨੇ ਆਪਣੀ ਸਵੈ-ਜੀਵਨੀ ਦੀ ਵਿਧਾ ਉਪਰ, ਕਲਮ ਅਜ਼ਮਾਈ ਕੀਤੀ ਅਤੇ 'ਪਗਡੰਡੀਆਂ' ਨਾਮੀ ਪੁਸਤਕ ਦੀ ਸਿਰਜਣਾ ਕੀਤੀ। ਬਚਿੰਤ ਕੌਰ ਨੇ ਇਕ ਸਾਹਿਤਕਾਰ ਹੋਣ ਦੇ ਬਾਵਜੂਦ, ਆਪਣੀ ਸਵੈ-ਜੀਵਨੀ, ਇਕ ਸਾਧਾਰਣ ਮਨੁੱਖ ਦੇ ਤੌਰ 'ਤੇ, ਆਪਣੇ ਜੀਵਨ ਸੰਘਰਸ਼ ਨੂੰ ਮੂਰਤੀਮਾਨ ਕਰਦਿਆਂ ਸਿਰਜੀ ਹੈ। ਇਸ ਤਰ੍ਹਾਂ ਕਰਕੇ, ਉਹ ਬਣੀ ਬਣਾਈ ਸਵੈ-ਜੀਵਨੀ ਪਰੰਪਰਾ ਤੋਂ, ਆਪਣੇ ਆਪ ਨੂੰ ਨਿਖੇੜਦੀ ਹੈ। ਉਹ ਕਿਸੇ ਕਿਸਮ ਦੇ ਪੂਰਬ-ਨਿਸ਼ਚਿਤ ਪ੍ਰਤੀਮਾਨਾਂ, ਕਿਸੇ ਵਿਸ਼ੇਸ਼ ਫ਼ਲਸਫ਼ੇ/ਵਿਚਾਰਧਾਰਾ ਨੂੰ ਨਾਲ ਲੈ ਕੇ ਨਹੀਂ ਤੁਰਦੀ, ਸਗੋਂ, ਉਹ ਇਕ ਸਾਧਾਰਨ ਔਰਤ ਦੀ ਸੰਘਰਸ਼ ਭਰੀ ਜੀਵਨ-ਯਾਤਰਾ ਦਾ, ਵਸਤੂਮੂਲਕ ਪ੍ਰਗਟਾਵਾ ਕਰਨ ਵਾਲ਼ੇ ਪਾਸੇ ਰੁਚਿਤ ਹੈ। ਲੇਖਿਕਾ ਨੇ ਆਪਣੀ ਸਵੈ-ਜੀਵਨੀ ਦਾ ਆਰੰਭ, ਜਨਮ-ਤਿਥੀ ਦੇ ਵਰਣਨ ਨਾਲ਼ ਕੀਤਾ ਹੈ। ਪਰਿਵਾਰ ਦੀ ਆਰਥਕ ਤੰਗੀ, ਦਰਪੇਸ਼ ਆਉਂਦੀਆਂ ਕਠਿਨਾਈਆਂ, ਪੜ੍ਹਾਈ, ਨੌਕਰੀ, ਪਰਿਵਾਰਕ ਰਿਸ਼ਤਿਆਂ ਦਾ ਜ਼ਿਕਰ, ਉਹ ਬਾਖ਼ੂਬੀ ਕਰਦੀ ਹੈ। ਉਹ ਮਰਦ-ਪ੍ਰਧਾਨ ਸਮਾਜਕ-ਪ੍ਰਬੰਧ ਦਾ ਸੰਤਾਪ ਭੋਗਦਿਆਂ ਵੀ, ਮਰਦ-ਬਰਾਦਰੀ ਨੂੰ ਹੀ ਇਸ ਦਾ ਦੋਸ਼ੀ ਨਹੀਂ ਗਰਦਾਨਦੀ, ਸਗੋਂ ਮਰਦਾਂ ਦੇ ਚੰਗੇ/ਮਾੜੇ ਰਿਸ਼ਤਿਆਂ ਨੂੰ ਪੇਸ਼ ਕਰਦੀ ਹੈ। ਉਹ ਕਾਮੀ ਅਤੇ ਲਾਲਚੀ ਬੰਦਿਆਂ ਦਾ ਜ਼ਿਕਰ ਕਰਦਿਆਂ, ਇਹ ਸਪੱਸ਼ਟ ਦੱਸਦੀ ਹੈ ਕਿ ਅਜੋਕੇ ਸਮਾਜ ਵਿਚ ਵੀ ਔਰਤ ਦੀ ਮਿਹਨਤ ਅਤੇ ਸ਼ਰੀਰ ਦਾ ਸ਼ੋਸ਼ਣ ਹੋ ਰਿਹਾ ਹੈ। ਉਹ ਆਪਣੀ ਜੀਵਨ-ਗਤੀ ਨਾਲ਼ ਨਿਰੰਤਰ ਤੁਰਦੀ ਹੋਈ, ਵਿਸ਼ੇਸ਼ ਪ੍ਰਕਾਰ ਦੀ ਸਿਰਜਣਾ ਲਈ, ਘਟਨਾਵਾਂ ਦੀ ਚੋਣ ਕਰਦੀ ਹੈ। ਉਹ ਕਾਲ ਦੀ ਸੁਭਾਵਕ ਗਤੀ ਅਨੁਸਾਰ ਹੀ, ਆਪਣੀ ਜੀਵਨ-ਕਥਾ ਦਾ ਬਿਰਤਾਂਤ ਸੁਣਾਉਂਦੀ ਹੈ। ਉਹ ਵਾਰਤਾਲਾਪੀ ਤੇ ਨਾਟਕੀ ਬਿਰਤਾਂਤਕ-ਵਿਧੀਆਂ ਦੀ ਵਰਤੋਂ ਕਰ ਕੇ, ਸਥਿਤੀਆਂ ਦੇ ਸੱਚ ਨੂੰ ਰੂਪਮਾਨ ਕਰਦੀ ਹੈ। ਇਸ ਗੱਲੋਂ, ਉਹ ਆਪਣੇ ਤੋਂ ਪੂਰਬਲੇ ਸਵੈ-ਜੀਵਨੀਕਾਰਾਂ ਤੋਂ ਵਿਲੱਖਣ ਹੈ।

ਉਪਰਲੀ ਸਾਰੀ ਚਰਚਾ ਉਪਰੰਤ, ਅਸੀਂ ਕਹਿ ਸਕਦੇ ਹਾਂ ਕਿ ਸਵੈ-ਜੀਵਨੀ, ਆਧੁਨਿਕ ਵਾਰਤਕ ਦੀ ਇਕ ਇਹੋ ਜਿਹੀ ਵੰਨਗੀ ਹੈ, ਜਿਸ ਵਿਚ ਲੇਖਕ, ਆਪਣੇ ਜੀਵਨ ਨਾਲ਼ ਸੰਬੰਧਿਤ ਚੋਣਵੀਆਂ ਤੇ ਮਹੱਤਵਪੂਰਨ ਘਟਨਾਵਾਂ ਦਾ ਲੇਖਾ-ਜੋਖਾ ਕਰਦਿਆਂ, ਉਹਨਾਂ ਦੀ ਪੁਨਰ ਸਿਰਜਣਾ ਕਰਦਾ ਹੈ। ਇਸ ਵਿਚ ਲੇਖਕ ਆਪਣੀਆਂ ਨਿੱਜੀ, ਸਮਾਜਕ, ਧਾਰਮਕ, ਸਾਹਿਤਕ, ਰਾਜਨੀਤਕ, ਸਾਂਸਕ੍ਰਿਤਕ ਤੇ ਸਭਿਆਚਾਰਕ ਗਤੀਵਿਧੀਆਂ ਨੂੰ, ਬਿਰਤਾਂਤਕ/ਗਲਪੀ ਰੂਪ ਵਿਚ ਪੇਸ਼ ਕਰਦਾ ਹੈ। ਜੇ ਅਸੀਂ 'ਪੰਜਾਬੀ ਬੁੱਧੀਜੀਵੀਆਂ' ਦੀ ਗੱਲ ਕਰੀਏ ਤਾਂ ਇਸ ਦਾ ਬੀਜ-ਰੂਪ ਗੁਰੂ ਗੋਬਿੰਦ ਸਿੰਘ ਰਚਿਤ 'ਬਚਿਤ੍ਰ ਨਾਟਕ' ਤੋਂ ਆਰੰਭ ਹੋ ਕੇ, ਨਾਨਕ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਪ੍ਰਿੰਸੀਪਲ ਤੇਜਾ ਸਿੰਘ, ਪ੍ਰੋ. ਪੂਰਨ ਸਿੰਘ, ਹਰਿਭਜਨ ਸਿੰਘ, ਜਸਵੰਤ ਸਿੰਘ ਨੇਕੀ, ਕਰਤਾਰ ਸਿੰਘ ਦੁੱਗਲ, ਸੰਤ ਸਿੰਘ ਸੇਖੋਂ, ਬਲਰਾਜ ਸਾਹਨੀ, ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ, ਦਲੀਪ ਕੌਰ ਟਿਵਾਣਾ, ਬਚਿੰਤ ਕੌਰ, ਦਵਿੰਦਰ ਕੌਰ ਤੱਕ ਦੇ, ਪ੍ਰਮੁੱਖ ਸਵੈ-ਜੀਵਨੀਕਾਰਾਂ ਤੋਂ ਇਲਾਵਾ, ਮਿਲਖਾ ਸਿੰਘ, ਦਾਰਾ ਸਿੰਘ, ਨਰੈਣ ਸਿੰਘ, ਸੋਹਣ ਸਿੰਘ ਭਕਨਾ, ਅਰਜਨ ਸਿੰਘ ਗੜਗੱਜ, ਪ੍ਰਿੰਸੀਪਲ ਨਿਰੰਜਨ ਸਿੰਘ ਆਦਿ ਨੇ ਵੀ, ਇਸ ਰੂਪਾਕਾਰ ਵਿਚ ਕਲਮ ਚਲਾਈ ਹੈ।

**ਨੋਟ** : ਇਸ ਪਾਠ ਦੀ ਤਿਆਰੀ ਲਈ, ਜਿਨ੍ਹਾਂ ਮਹੱਤਵਪੂਰਨ ਸਮੀਖਿਆ-ਪੁਸਤਕਾਂ ਤੋਂ ਸਹਾਇਤਾ ਲਈ ਗਈ ਹੈ, ਉਨ੍ਹਾਂ ਦੀ ਵਿਸਤ੍ਰਿਤ ਸੂਚੀ, ਇਸ ਪਾਠ ਕੇ ਅੰਤ 'ਤੇ ਦਰਜ਼ ਕੀਤੀ ਗਈ ਹੈ। ਜੇਕਰ ਵਿਦਿਆਰਥੀ, ਇਸ ਵਿਸ਼ੇ ਉਪਰ ਹੋਰ ਡੂੰਘੀ ਜਾਣਕਾਰੀ ਹਾਸਿਲ ਕਰਨਾ ਲੋਚਦੇ ਹਨ, ਉਹ ਇਨ੍ਹਾਂ ਪੁਸਤਕਾਂ ਦਾ ਅਧਿਐਨ ਵੀ ਕਰਨ।

## ਪ੍ਰਸ਼ਨਾਵਲੀ

# 1.5 ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ

**ਪ੍ਰਸ਼ਨ** : 'ਸਵੈ-ਜੀਵਨੀ' ਦੀ ਸੰਖੇਪ ਪਰਿਭਾਸ਼ਾ ਲਿਖੋ।

**ਉੱਤਰ** : ਸਵੈ-ਜੀਵਨੀ, ਆਧੁਨਿਕ ਪੰਜਾਬੀ ਜਗਤ ਦਾ ਇਕ ਵਿਸ਼ੇਸ਼ ਰੂਪਾਕਾਰ ਹੈ, ਜਿਸ ਵਿਚ ਲੇਖਕ, ਆਪਣੇ ਜੀਵਨ ਦੀ ਬਿਰਤਾਂਤ ਨੂੰ ਆਪ ਹੀ ਲਿਖਦਾ ਹੈ। ਉਹ ਆਪਣੇ ਜੀਵਨ ਦੀਆਂ ਪ੍ਰਸਿੱਧ ਘਟਨਾਵਾਂ, ਯਾਦਾਂ ਅਤੇ ਅਨੁਭਵਾਂ ਦਾ ਵਰਣਨ, ਇਸ ਤਰ੍ਹਾਂ ਕਰਦਾ ਹੈ ਕਿ ਉਸ ਵਿਚ, ਆਪਣੀ ਅਤੇ ਉਸ ਦੇ ਸਮਕਾਲੀਆਂ ਦੀ ਸ਼ਖ਼ਸੀਅਤ ਬਾਰੇ, ਪਾਠਕਾਂ ਨੂੰ ਜਾਣਕਾਰੀ ਮਿਲ਼ਦੀ ਹੈ। ਪਾਠਕ, ਇਸ ਨੂੰ ਪੜ੍ਹ ਕੇ, ਆਪਣਾ ਜੀਵਨ ਜਿਊਣ ਲਈ, ਕੋਈ ਨਾ ਕੋਈ ਸੇਧ ਪ੍ਰਾਪਤ ਕਰ ਸਕਦਾ ਹੈ। ਅੰਮ੍ਰਿਤਾ ਪ੍ਰੀਤਮ ਨੇ ਇਸ ਨੂੰ, 'ਯਥਾਰਥ ਤੋਂ ਯਥਾਰਥ ਤੱਕ ਦਾ ਸਫ਼ਰ' ਕਿਹਾ ਹੈ ਅਤੇ ਬਲਵੰਤ ਗਾਰਗੀ ਨੇ 'ਨੰਗਾ ਸੱਚ' ਕਿਹਾ ਹੈ। ਤੇਜਾ ਸਿੰਘ ਨੇ ਆਪਣੀ ਸਵੈ-ਜੀਵਨੀ ਦਾ ਨਾਂ 'ਆਰਸੀ' ਰੱਖ ਕੇ, ਇਸ ਨੂੰ ਪ੍ਰਤੀਕਾਤਮਕ ਅਰਥ ਦਿੱਤੇ ਹਨ ਕਿ ਇਸ ਵਿਚੋਂ ਲੇਖਕ ਦਾ, ਆਪਣਾ ਹੀ ਸ਼ਖ਼ਸੀ ਬਿੰਬ ਉਜਾਗਰ ਹੁੰਦਾ ਹੈ।

**ਪ੍ਰਸ਼ਨ** : 'ਯਾਦਾਂ' ਅਤੇ 'ਸਵੈ-ਜੀਵਨੀ' ਦਾ ਅੰਤਰ-ਸੰਬੰਧ ਕੀ ਹੈ ?

**ਉੱਤਰ** : 'ਯਾਦਾਂ' ਨੂੰ ਆਮ ਤੌਰ 'ਤੇ, ਸਵੈ-ਜੀਵਨੀ ਦਾ ਇਕ ਅੰਸ਼ ਹੀ ਕਿਹਾ ਜਾ ਸਕਦਾ ਹੈ। ਕਿਉਂਕਿ, ਸਵੈ-ਜੀਵਨੀ ਲੇਖਕ, ਆਪਣੀਆਂ ਸੁਚੇਤ/ਅਚੇਤ ਯਾਦਾਂ ਦੇ ਸਹਾਰੇ ਹੀ, ਆਪਣੀ ਸਵੈ-ਜੀਵਨੀ ਲਿਖਣ ਦੀ ਕੋਸ਼ਿਸ਼ ਕਰਦਾ ਹੈ। ਇਹ ਲੇਖਕ ਦੀਆਂ ਅਭੁੱਲ ਤੇ ਰੋਚਕ ਘਟਨਾਵਾਂ ਹੁੰਦੀਆਂ ਹਨ, ਜਿਹੜੀਆਂ ਲੇਖਕ ਅਤੇ ਪਾਠਕ ਨੂੰ, ਦਿਲ-ਖਿੱਚਵੀਆਂ ਅਤੇ ਪ੍ਰਭਾਵਸ਼ਾਲੀ ਲੱਗਦੀਆਂ ਹਨ। ਇਹ ਅਭੁੱਲ ਯਾਦਾਂ ਹੀ ਲੇਖਕ ਨੂੰ, ਚੋਣਵੀਆਂ ਘਟਨਾਵਾਂ ਤੇ ਅਨੁਭਵਾਂ ਦੇ ਰੂਪ ਵਿਚ, ਸਵੈ-ਜੀਵਨੀ ਲਿਖਣ ਲਈ ਪ੍ਰੇਰਿਤ ਤੇ ਉਤਸ਼ਾਹਿਤ ਕਰਦੀਆਂ ਹਨ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਸ਼ਬਦਾਂ ਵਿਚ ਕਹੀਏ ਤਾਂ "ਯਾਦਾਂ, ਕੋਈ ਆਪ ਨਹੀਂ ਚੁਣਦਾ...ਇਹਨਾਂ ਨੂੰ ਸਾਡੀ ਆਤਮਾ, ਦਿਲ ਦੀਆਂ ਡੂੰਘਾਈਆਂ ਵਿਚ ਸਾਂਭ ਕੇ ਰੱਖਦੀ ਹੈ।" ਪੰਜਾਬੀ ਦੇ ਹੋਰ ਲੇਖਕਾਂ ਨੇ ਵੀ ਆਪਣੀਆਂ ਯਾਦਾਂ ਨੂੰ, ਪੁਸਤਕ ਦੇ ਰੂਪ ਵਿਚ ਛਾਪਿਆ ਹੈ। ਇਹਨਾਂ ਵਿਚਲੀ ਸਾਮੱਗਰੀ ਹੀ, ਸਵੈ-ਜੀਵਨੀ ਸਿਰਜਣ ਲਈ ਕੰਮ ਆਉਂਦੀ ਹੈ। ਜੇ ਯਾਦਾਂ ਰਸਮੀ ਤੌਰ 'ਤੇ ਲਿਖੀਆਂ ਨਾ ਹੋਣ, ਤਾਂ ਵੀ, ਉਹ ਤੁਹਾਡੇ ਅਚੇਤ ਮਨ ਵਿਚ ਸਾਂਭੀਆਂ ਰਹਿੰਦੀਆਂ ਹਨ। ਸੋ, ਕਿਹਾ ਜਾ ਸਕਦਾ ਹੈ ਕਿ ਇਹ ਦੋਵੇਂ ਸਾਹਿਤਕ ਰੂਪਾਕਾਰ, ਡੂੰਘੀ ਤਰ੍ਹਾਂ ਅੰਤਰ-ਸੰਬੰਧਤ ਹਨ।

**ਪ੍ਰਸ਼ਨ** : 'ਮੁਲਾਕ਼ਾਤਾਂ' ਦਾ ਸਵੈ-ਜੀਵਨੀ ਨਾਲ਼ ਕੀ ਸੰਬੰਧ ਹੈ ?

**ਉੱਤਰ** : 'ਮੁਲਾਕ਼ਾਤਾਂ', ਆਮ ਤੌਰ 'ਤੇ ਕਿਸੇ ਪੱਤਰਕਾਰ ਵੱਲੋਂ, ਵਿਅਕਤੀ-ਵਿਸ਼ੇਸ਼ ਨਾਲ਼ ਕੀਤੀਆਂ ਜਾਂਦੀਆਂ ਹਨ। ਇਸ ਵਿਚ ਪੱਤਰਕਾਰ ਵੱਲੋਂ, ਕਿਸੇ ਵਿਅਕਤੀ-ਵਿਸ਼ੇਸ਼ ਨੂੰ ਪ੍ਰਸ਼ਨ ਕੀਤੇ ਜਾਂਦੇ ਹਨ ਅਤੇ ਉਹਨਾਂ ਦੇ ਉੱਤਰ, ਸਾਹਮਣੇ ਵਾਲ਼ੀ ਧਿਰ ਵੱਲੋਂ ਦਿੱਤੇ ਜਾਂਦੇ ਹਨ। ਭਗਤ ਸਿੰਘ ਨਾਲ਼ ਮੁਲਾਕ਼ਾਤਾਂ, ਜਗਤਾਰਜੀਤ ਦੀਆਂ ਕਲਾਕਾਰਾਂ ਨਾਲ਼ ਮੁਲਾਕ਼ਾਤਾਂ ਆਦਿ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਪਰ, ਇਹ ਮੁਲਾਕ਼ਾਤਾਂ, ਸਿੱਧੇ ਰੂਪ ਵਿਚ, ਸਵੈ-ਜੀਵਨੀ ਦਾ ਹਿੱਸਾ ਨਹੀਂ ਬਣਦੀਆਂ। ਪਰ, ਇਹਨਾਂ ਦਾ ਜ਼ਿਕਰ, ਸਵੈ-ਜੀਵਨੀ ਲੇਖਕ ਵੱਲੋਂ ਕੀਤਾ ਜਾ ਸਕਦਾ ਹੈ। ਸਵੈ-ਜੀਵਨੀ ਲੇਖਕ ਵੱਲੋਂ, ਸਹਿਜ ਰੂਪ ਵਿਚ ਕੀਤੀਆਂ ਮੁਲਾਕ਼ਾਤਾਂ ਹੀ, ਸਵੈ-ਜੀਵਨੀ ਨੂੰ ਵਿਸ਼ੇਸ਼ ਬਣਾਉਂਦੀਆਂ ਹਨ।

**ਪ੍ਰਸ਼ਨ** : 'ਡਾਇਰੀ', ਸਵੈ-ਜੀਵਨੀ ਲਿਖਣ ਵਿਚ ਕਿਵੇਂ ਸਹਾਈ ਹੋ ਸਕਦੀ ਹੈ ?

**ਉੱਤਰ** : 'ਡਾਇਰੀ', ਇਕ ਇਹੋ ਜਿਹਾ ਸਾਹਿਤ-ਰੂਪਾਕਾਰ ਹੈ, ਜਿਸ ਵਿਚ ਲੇਖਕ, ਹਰ ਰੋਜ਼ ਜਾਂ ਕਦੇ-ਕਦਾਈਂ

ਆਪਣੇ ਨਾਲ਼ ਵਾਪਰੀਆਂ ਘਟਨਾਵਾਂ/ਅਨੁਭਵਾਂ ਨੂੰ ਲਿਖ ਲੈਂਦਾ ਹੈ। ਇਹ ਡਾਇਰੀ, ਕਿਸੇ ਜੀਵਨੀ ਜਾਂ ਸਵੈ-ਜੀਵਨੀ ਨੂੰ ਲਿਖਣ ਵਿਚ ਸਹਾਇਕ ਸਿੱਧ ਹੋ ਸਕਦੀ ਹੈ। ਬਲਰਾਜ ਸਾਹਨੀ ਦੀ 'ਮੇਰੀ ਗ਼ੈਰ-ਜਜ਼ਬਾਤੀ ਡਾਇਰੀ', ਸਾਹਿਤ ਦਾ ਇਕ ਵਿਲੱਖਣ ਉਦਾਹਰਣ ਹੈ। ਭਾਵੇਂ, ਡਾਇਰੀ ਵਿਚ ਵਰਤਮਾਨ ਸਮੇਂ ਵਾਪਰੀਆਂ ਘਟਨਾਵਾਂ/ਅਨੁਭਵਾਂ/ਜਜ਼ਬਾਤ ਨੂੰ ਦਰਜ਼ ਕੀਤਾ ਜਾਂਦਾ ਹੈ। ਪਰ, ਸਵੈ-ਜੀਵਨੀ ਲਿਖਣ ਵੇਲ਼ੇ, ਡਾਇਰੀ ਵਿਚ ਅੰਕਿਤ ਘਟਨਾਵਾਂ, ਲੇਖਕ/ਲੇਖਿਕਾ ਦੀ ਯਾਦ-ਸ਼ਕਤੀ ਨੂੰ ਪ੍ਰਚੰਗ ਕਰਨ ਵਿਚ ਸਹਾਇਕ ਸਿੱਧ ਹੁੰਦੀਆਂ ਹਨ।

## ਸਹਾਇਕ ਪੁਸਤਕ-ਸੂਚੀ


ਕੁਲਵੰਤ ਕੌਰ ਲਾਂਬਾ, ਡਾ.; **ਨਾਰੀ-ਬਿੰਬ ਤੇ ਸੈਜੀਵਨੀ ਸਾਹਿਤ**; 1985, ਪ੍ਰਿੰਸ ਸਾਹਿਤ ਪ੍ਰਕਾਸ਼ਨ, ਦਿੱਲੀ।

ਰਾਜਿੰਦਰ ਸਿੰਘ ਸੇਖੋਂ, ਡਾ.; **ਸ਼ੈਲੀ ਵਿਗਿਆਨ : ਇਤਿਹਾਸ, ਸਿਧਾਂਤ ਤੇ ਵਿਚਾਰ**; 2010; ਦੀਪਕ ਪਬਲਿਸ਼ਰਜ਼, ਜਲੰਧਰ।

ਬਲਬੀਰ ਮਾਧੋਪੁਰੀ (ਸੰਪਾ.); **ਪੰਜਾਬੀ ਸਵੈਜੀਵਨੀਆਂ : ਸਾਹਿਤਕ ਮੁਲਾਂਕਣ**; 2019; ਨਵਯੁਗ ਪਬਲਿਸ਼ਰਜ਼, ਦਿੱਲੀ।

ਪਿਆਰਾ ਸਿੰਘ, ਪ੍ਰੋ.; **ਪੰਜਾਬੀ ਵਾਰਤਕ : ਸਿਧਾਂਤ, ਇਤਿਹਾਸ ਤੇ ਪ੍ਰਵਿਰਤੀਆਂ**; 2014 (ਪੰਜਵਾਂ ਐਡੀਸ਼ਨ); ਨਿਊ ਬੁੱਕ ਕੰਪਨੀ, ਜਲੰਧਰ।

ਦਲੀਪ ਕੌਰ ਟਿਵਾਣਾ; **ਏਹੁ ਹਮਾਰਾ ਜੀਵਣਾ**; 2001; ਆਰਸੀ ਪਬਲਿਸ਼ਰਜ਼, ਦਿੱਲੀ।

ਬਚਿੰਤ ਕੌਰ; **ਜੀਵਤ ਮਾਟੀ ਹੋਇ**; 2009; ਆਰਸੀ ਪਬਲਿਸ਼ਰਜ਼, ਦਿੱਲੀ।

ਜਸਵੰਤ ਸਿੰਘ ਨੇਕੀ; **ਮੇਰੀ ਸਾਹਿਤਕ ਸ੍ਵੈਜੀਵਨੀ**; 1992; ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਜਸਵੰਤ ਸਿੰਘ ਨੇਕੀ; **ਕੋਈ ਨਾਉਂ ਨ ਜਾਣੈ ਮੇਰਾ**; 2000; ਨਵਯੁਗ ਪਬਲਿਸ਼ਰਜ਼, ਦਿੱਲੀ।

ਧਰਮਪਾਲ ਸਿੰਗਲ ਡਾ., ਡਾ. ਅਮਰ ਕੋਮਲ; **ਪੰਜਾਬੀ ਸਾਹਿਤ ਦਾ ਇਤਿਹਾਸ**; 2015; ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ।

**ਪੰਜਾਬੀ ਸਾਹਿਤ ਦਾ ਇਤਿਹਾਸ** (ਭਾਗ ਦੂਜਾ); 1982; ਭਾਸ਼ਾ ਵਿਭਾਗ, ਪਟਿਆਲਾ।

ਜੇ.ਪੀ. ਸੰਗਤ ਸਿੰਘ; **ਬਚਿਤ੍ਰ ਨਾਟਕ ਸਟੀਕ**; 1992; ਸਿੰਘ ਬ੍ਰਦਰਜ਼, ਅੰਮ੍ਰਿਤਸਰ।

ਸੁਰਿੰਦਰ ਸਿੰਘ ਕੋਹਲੀ; **ਪੰਜਾਬੀ ਸਾਹਿਤ ਕੋਸ਼**; 1978; ਪਬਲੀਕੇਸ਼ਨ ਬਿਊਰੋ।

ਰਤਨ ਸਿੰਘ ਜੱਗੀ; **ਸਾਹਿਤ ਕੋਸ਼** (ਪਰਿਭਾਸ਼ਕ ਸ਼ਬਦਾਵਲੀ); 2001; ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸ਼ਾਂਤੀ ਖੰਨਾ; **ਆਧੁਨਿਕ ਹਿੰਦੀ ਦਾ ਜੀਵਨੀਪਰਕ ਸਾਹਿਤਯ**; 1973; ਸੀਮਾਰਗ ਪ੍ਰਕਾਸ਼ਨ, ਦਿੱਲੀ।

ਧਰਮਚੰਦ ਵਾਤਿਸ਼; **ਸਵੈਜੀਵਨੀ ਸ਼ਾਸਤਰ**; 2019; ਪੁਨੀਤ ਪਬਲੀਕੇਸ਼ਨਜ਼, ਮਲੇਰਕੋਟਲਾ, ਪੰਜਾਬ।

ਤਰਵਿੰਦਰ ਕੌਰ; **ਚੋਲਾ ਟਾਕੀਆਂ ਵਾਲ਼ਾ : ਪਾਠ-ਕੇਂਦਰਿਤ ਅਧਿਐਨ**; 2013; ਐਚ.ਕੇ. ਪ੍ਰਕਾਸ਼ਨ, ਦਿੱਲੀ।

ਮਨਜੀਤ ਸਿੰਘ, ਡਾ.; **ਨੇਕੀ-ਕਾਵਿ : ਮਿੱਥ-ਵਿਗਿਆਨਕ ਅਧਿਐਨ**; (ਸੰਪਾਦਿਕਾ : ਮਹਿੰਦਰ ਕੌਰ ਗਿੱਲ); ਕਲਾਕਰਮੀ ਜਸਵੰਤ ਸਿੰਘ ਨੇਕੀ 'ਚੋਂ); ਪੰਜਾਬੀ ਅਕਾਦਮੀ, ਦਿੱਲੀ।

ਰਤਨ ਸਿੰਘ ਜੱਗੀ; **ਪੰਜਾਬੀ ਸੈਜੀਵਨੀ : ਇਕ ਮੁਲਾਂਕਣ**; ਭਾਸ਼ਾ ਵਿਭਾਗ, ਪੰਜਾਬ

ਅਰਵਿੰਦਰ ਪਾਲ ਕੌਰ (ਡਾ.); **ਅੰਮ੍ਰਿਤਾ-ਪ੍ਰਭਜੋਤ ਕੌਰ** (ਭਾਗ-2); 1981, ਵਾਰਿਸ ਸ਼ਾਹ ਫ਼ਾਊਂਡੇਸ਼ਨ।

ਪ੍ਰੀਤਮ ਸਿੰਘ, ਹਰਿਭਜਨ ਸਿੰਘ ਤੇ ਹੋਰ (ਸੰਪਾਦਕੀ ਮੰਡਲ); **ਨਾਨਕ ਸਿੰਘ ਅਭਿਨੰਦਨ ਗ੍ਰੰਥ**, ਨਵਯੁਗ ਪਬਲਿਸ਼ਰਜ਼, ਦਿੱਲੀ, 1970

ਨਰਿੰਦਰ ਸਿੰਘ, ਡਾ.; **ਸਾਹਿਤ-ਰੂਪ ਅਤੇ ਰੂਪਾਕਾਰ**, 2018, ਨੈਸ਼ਨਲ ਬੁਕ ਸ਼ਾਪ, ਦਿੱਲੀ।

ਸਤਿੰਦਰ ਸਿੰਘ, ਡਾ.; **ਆਧੁਨਿਕ ਪੰਜਾਬੀ ਵਾਰਤਕ ਦਾ ਇਤਿਹਾਸ** (ਜਿਲਦ-12); 2006, ਪੰਜਾਬੀ ਅਕਾਦਮੀ, ਦਿੱਲੀ।

**—0—**

**ਪਾਠ ਨੰਬਰ : 2**

**ਭਾਗ ਦੂਜਾ : ਪੰਜਾਬੀ ਸਵੈ-ਜੀਵਨੀ ਅੰਸ਼**

# 'ਸਵੈ-ਜੀਵਨੀ ਅੰਸ਼' (ਸੰਪਾਦਕ, ਡਾ. ਮਨਜੀਤ ਸਿੰਘ)

*** ਡਾ. ਕੁਲਜੀਤ ਸਿੰਘ ਭਾਟੀਆ**

## 2. ਪਾਠ-ਪੁਸਤਕ : 'ਸਵੈ-ਜੀਵਨੀ ਅੰਸ਼' (ਸੰਪਾਦਕ, ਡਾ. ਮਨਜੀਤ ਸਿੰਘ)

## ਆਰੰਭਿਕਾ

ਬੱਚਿਉ ! ਤੁਹਾਡੇ ਇਸ ਕੋਰਸ ਵਿਚ ਡਾ. ਮਨਜੀਤ ਸਿੰਘ ਦੁਆਰਾ ਸੰਪਾਦਤ ਕੀਤੀ ਗਈ ਪੁਸਤਕ **'ਪੰਜਾਬੀ ਸਵੈ-ਜੀਵਨੀ ਅੰਸ਼'**, ਬਤੌਰ ਇਕ ਪਾਠ-ਪੁਸਤਕ (text book) ਲੱਗੀ ਹੋਈ ਹੈ। ਇਸ ਵਿਚ, ਪੰਜਾਬੀ ਦੇ ਕੁੱਝ ਲੇਖਕਾਂ/ਲੇਖਿਕਾਵਾਂ ਦੇ ਸਵੈ-ਜੀਵਨੀ ਅੰਸ਼, ਸੰਪਾਦ (edit) ਕਰਕੇ, ਸ਼ਾਮਿਲ ਕੀਤੇ ਗਏ ਹਨ। ਇਸ ਪਾਠ-ਪੁਸਤਕ ਦੇ ਮੁੱਢ ਵਿਚ ਦਰਜ਼ 'ਤਤਕਰਾ', ਇਸ ਪ੍ਰਕਾਰ ਹੈ :-

**ਤਤਕਰਾ**

ਸਵਾਗਤੀ ਸ਼ਬਦ -ਮਨਜੀਤ ਸਿੰਘ, ਡਾ.

ਸੰਪਾਦਕੀ -ਮਨਜੀਤ ਸਿੰਘ, ਡਾ.

1. (ਨਾਨਕ ਸਿੰਘ : "ਮੇਰੀ ਦੁਨੀਆਂ" 'ਚੋਂ)
   **ਬੰਦ ਕਰੋ ਲਹੂ ਨਾਲ਼ ਧੋਣਾ**
2. (ਪ੍ਰਿੰ. ਤੇਜਾ ਸਿੰਘ : "ਆਰਸੀ" 'ਚੋਂ)
   **ਮਹਿੰਦਰਾ ਕਾਲਜ, ਪਟਿਆਲਾ**
3. (ਗੁਰਬਖ਼ਸ਼ ਸਿੰਘ ਪ੍ਰੀਤਲੜੀ : "ਮੰਜ਼ਲ ਦਿਸ ਪਈ" 'ਚੋਂ)
   **ਉਹ ਬਰਕਤ, ਜਿਹੜੀ ਆਈ ਆਫ਼ਤ ਦੇ ਰੂਪ ਵਿਚ**
4. (ਕਰਤਾਰ ਸਿੰਘ ਦੁੱਗਲ : "ਕਿਸੁ ਪਹਿ ਖੋਲਉ ਗੰਠੜੀ" 'ਚੋਂ)
   **ਕਿਸੁ ਪਹਿ ਖੋਲਉ ਗੰਠੜੀ**
5. (ਅੰਮ੍ਰਿਤਾ ਪ੍ਰੀਤਮ : "ਰਸੀਦ ਟਿਕਟ" 'ਚੋਂ)
   **ਮੇਰਾ ਸੋਲ੍ਹਵਾਂ ਵਰ੍ਹਾ**
6. (ਹਰਿਭਜਨ ਸਿੰਘ, ਡਾ. : "ਚੋਲਾ ਟਾਕੀਆਂ ਵਾਲਾ" 'ਚੋਂ)
   **ਆਪ ਨੂੰ ਪਛਾਣ ਬੰਦੇ**
7. (ਜਸਵੰਤ ਸਿੰਘ ਨੇਕੀ, ਡਾ. : "ਕੋਈ ਨਾਉ ਨ ਜਾਣੈ ਮੇਰਾ" 'ਚੋਂ)
   **ਉਪਨਾਮ ਨੇਕੀ ; ਕ੍ਰੋਧ ਵੀ ਮਹਾਨ ਤੇ ਖ਼ਿਮਾ ਵੀ ਮਹਾਨ ; ਰੱਬ ਨਾਲ਼ ਮੇਲ**

---

* ਐਸੋਸੀਏਟ ਪ੍ਰੋਫ਼ੈਸਰ (ਸੇਵਾ ਮੁਕਤ), ਦੇਸ਼ਬੰਧੂ ਕਾਲਜ, ਕਾਲਕਾਜੀ, ਨਵੀਂ ਦਿੱਲੀ।

8. (ਕਰਨਜੀਤ ਸਿੰਘ, ਡਾ. : "ਹਾਸ਼ੀਏ ਦੀ ਇਬਾਰਤ" 'ਚੋਂ)
**ਕੁਦਰਤ ਦਾ ਧੋਬੀ ਪਲਟਾ**

9. (ਬਚਿੰਤ ਕੌਰ : "ਪਗਡੰਡੀਆਂ" 'ਚੋਂ)
**ਮੁਹੱਬਤ ਇਕ ਹਾਦਸਾ**

10. (ਬਲਬੀਰ ਮਾਧੋਪੁਰੀ : "ਛਾਂਗਿਆ ਰੁੱਖ" 'ਚੋਂ)
**ਆਪਣੇ ਨਾਂ ਨਾਲ਼ ਨਫ਼ਰਤ**

**ਅੰਤਿਕਾ ਨੰਬਰ : 1**
(ਸੰਖੇਪ ਜੀਵਨਗਤ ਵੇਰਵੇ, ਰਚਨਾ-ਸੰਚਾਰ, ਸਾਰ ਤੇ ਪ੍ਰਸ਼ਨਾਵਲੀ)

**ਅੰਤਿਕਾ ਨੰਬਰ : 2**
ਵਿਦਵਾਨਾਂ ਦੀਆਂ ਆਲੋਚਨਾਤਮਕ ਟਿੱਪਣੀਆਂ

## 2.1 ਭੂਮਿਕਾ ਵਿਚਲੇ ਵਿਚਾਰ

**'ਪੰਜਾਬੀ ਸਵੈ-ਜੀਵਨੀ ਅੰਸ਼', ਸੰਪਾਦਕ, ਮਨਜੀਤ ਸਿੰਘ (ਡਾ.)**

**ਸਵਾਗਤੀ ਸ਼ਬਦ/ਸੰਪਾਦਕੀ**

ਪਿਆਰੇ ਵਿਦਿਆਰਥੀਓ ! ਚਰਚਾ ਅਧੀਨ ਪਾਠ-ਪੁਸਤਕ **(ਪੰਜਾਬੀ ਸਵੈ-ਜੀਵਨੀ ਅੰਸ਼)**, ਡਾ. ਮਨਜੀਤ ਸਿੰਘ ਦੁਆਰਾ ਸੰਪਾਦਿਤ ਕੀਤੀ ਗਈ ਹੈ, ਜਿਵੇਂ ਕਿ, ਪੁਸਤਕ ਦੇ ਨਾਂ ਤੋਂ ਹੀ ਪਤਾ ਲੱਗਦਾ ਹੈ ਕਿ ਸੰਪਾਦਕ ਨੇ ਇਸ ਵਿਚ, ਕੁੱਝ ਪ੍ਰਸਿੱਧ/ਚਰਚਿਤ ਸਵੈ-ਜੀਵਨੀਕਾਰਾਂ ਦੀਆਂ ਸਵੈ-ਜੀਵਨੀਆਂ ਵਿਚੋਂ, ਰੌਚਕ ਅਤੇ ਮਹੱਤਵਪੂਰਨ ਅੰਸ਼ਾਂ ਨੂੰ, ਇਸ ਪੁਸਤਕ ਵਿਚ ਸ਼ਾਮਿਲ ਕੀਤਾ ਹੈ। ਇਹਨਾਂ ਅੰਸ਼ਾਂ ਨੂੰ ਪੜ੍ਹ ਕੇ, ਨਾ ਸਿਰਫ਼ ਅਸੀਂ ਵੱਖੋ ਵੱਖਰੇ ਲੇਖਕਾਂ ਦੀਆਂ ਸਵੈ-ਜੀਵਨੀਆਂ ਤੋਂ ਜਾਣੂ ਹੁੰਦੇ ਹਾਂ, ਸਗੋਂ ਪੰਜਾਬੀ ਸਵੈ-ਜੀਵਨੀ ਦੀ ਪਰੰਪਰਾ ਅਤੇ ਭਵਿੱਖ ਨਾਲ਼ ਜੁੜੀਆਂ ਸੰਭਾਵਨਾਵਾਂ ਬਾਰੇ ਵੀ, ਸਹਿਜੇ ਹੀ ਇਕ ਅੰਦਾਜ਼ਾ ਲੱਗਾ ਸਕਦੇ ਹਾਂ। ਇਸ ਪਾਠ-ਪੁਸਤਕ ਵਿਚ ਸੰਪਾਦਕ ਨੇ, ਨਾ ਸਿਰਫ਼ ਵੰਨ-ਸੁਵੰਨਤਾ ਅਤੇ ਨਿਰੰਤਰਤਾ ਨੂੰ ਬਣਾਈ ਰੱਖਿਆ ਹੈ, ਸਗੋਂ ਪਾਠ-ਪੁਸਤਕ ਵਿਚ ਸ਼ਾਮਿਲ ਅੰਸ਼ਾਂ ਨੂੰ ਪੜ੍ਹ ਕੇ, ਵਿਦਿਆਰਥੀਆਂ/ਪਾਠਕਾਂ ਦੀ ਰੌਚਿਕਤਾ ਦਾ ਵੀ ਧਿਆਨ ਰੱਖਿਆ ਹੈ। ਇਹਨਾਂ ਨੂੰ ਪੜ੍ਹ ਕੇ, ਪਾਠਕਾਂ/ਵਿਦਿਆਰਥੀਆਂ ਦੇ ਮਨ ਵਿਚ ਇਹ ਉਤਸੁਕਤਾ ਵੀ ਪੈਦਾ ਹੁੰਦੀ ਹੈ ਕਿ ਸੰਬੰਧਿਤ ਲੇਖਕਾਂ ਦੀਆਂ ਸਵੈ-ਜੀਵਨੀਆਂ ਨੂੰ, ਉਹਨਾਂ ਦੇ ਸੰਪੂਰਨ ਰੂਪ ਵਿਚ ਪੜ੍ਹਿਆ ਜਾਵੇ।

ਲੇਖਕਾਂ ਦੀਆਂ ਸੰਪੂਰਨ ਸਵੈ-ਜੀਵਨੀਆਂ ਵਿਚੋਂ, ਚੋਣਵੇਂ ਅੰਸ਼ਾਂ ਨੂੰ ਚੁਣ ਕੇ, ਇਕ ਨਵੀਂ ਤਰਤੀਬ ਵਿਚ ਪੇਸ਼ ਕਰਨਾ, ਔਖਾ ਤੇ ਮਿਹਨਤ ਵਾਲ਼ਾ ਕੰਮ ਹੈ। ਸੰਪਾਦਕ ਨੇ ਵੰਨ-ਸੁਵੰਨੇ ਲੇਖਕਾਂ ਦੀਆਂ ਵਿਕੋਲਿਤਰੀਆਂ ਸਵੈ-ਜੀਵਨੀਆਂ ਵਿਚੋਂ, ਜਿਹੜੇ ਅੰਸ਼ ਚੁਣੇ ਹਨ ਅਤੇ ਉਹਨਾਂ ਨੂੰ, ਜਿਹੜੀ ਤਰਤੀਬ ਦਿੱਤੀ ਹੈ, ਉਹਨਾਂ ਤੋਂ ਪਾਠਕ/ਵਿਦਿਆਰਥੀ, ਸੰਬੰਧਿਤ ਲੇਖਕਾਂ ਦੇ ਜੀਵਨ-ਅਨੁਭਵਾਂ, ਵਿਚਾਰਾਂ, ਸ਼ੈਲੀਆਂ, ਚੋਣ ਆਦਿ ਤੋਂ ਜਾਣੂ ਹੁੰਦਾ ਹੈ। ਇਸ ਗੱਲ ਦਾ ਵੀ ਧਿਆਨ ਰੱਖਿਆ ਗਿਆ ਹੈ ਕਿ ਵਿਦਿਆਰਥੀਆਂ ਨੂੰ, ਸਵੈ-ਜੀਵਨੀ ਦੇ ਸਿਧਾਂਤਕ ਪੱਖਾਂ ਬਾਰੇ, ਗਿਆਨ ਹੋ ਸਕੇ ਅਤੇ ਉਹ ਵਿਹਾਰਕਤਾ ਨਾਲ਼ ਜੁੜ ਕੇ, ਭਾਵ, ਸਵੈ-ਜੀਵਨੀ ਦੇ ਅੰਸ਼ਾਂ ਨੂੰ ਪੜ੍ਹ ਕੇ, ਪੰਜਾਬੀ ਸਵੈ-ਜੀਵਨੀ ਪ੍ਰਤਿ ਇਕ ਵਿਸ਼ਾਲ ਬਿੰਬ ਵੀ, ਆਪਣੇ ਮਨ ਵਿਚ ਬਣਾ ਸਕਣ।

ਪਾਠ-ਪੁਸਤਕ ਦੇ ਸੰਪਾਦਕ ਦਾ ਇਹ ਕਥਨ ਵੀ ਬੜਾ ਮਹੱਤਵਪੂਰਨ ਹੈ ਕਿ ਆਪਣਾ ਖੋਜ-ਕਾਰਜ ਕਰਦਿਆਂ ਸਹਿਵਨ ਹੀ, ਉਸ ਦੀ ਰੁਚੀ ਸਵੈ-ਜੀਵਨੀ ਸਾਹਿਤ ਵੱਲ ਹੋ ਗਈ ਸੀ। ਇਸ ਰੂਪਾਕਾਰ ਵਿਚੋਂ ਉਸ ਨੂੰ, ਇਕ

ਵਿਸ਼ੇਸ਼ ਕਿਸਮ ਦੇ ਅਨੰਦ ਦੀ ਅਨੁਭੂਤੀ, ਸੁਹਜ ਅਤੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਇਉਂ, ਅਸੀਂ ਵੇਖਦੇ ਹਾਂ ਕਿ ਸਵੈ-ਜੀਵਨੀ ਪੜ੍ਹਦਿਆਂ, ਪਾਠਕ ਨੂੰ ਸੁਹਜ-ਮਾਣਨ ਅਤੇ ਆਪਣੀ ਆਲੋਚਨਾਤਮਕ ਰਾਇ ਬਣਾਉਣ ਦਾ ਮੌਕਾ ਵੀ ਮਿਲ਼ਦਾ ਹੈ। ਇਸ ਸੰਬੰਧੀ ਪਾਠਕ/ਵਿਦਿਆਰਥੀ, ਪਾਠ-ਪੁਸਤਕ ਦੀ ਅੰਤਿਕਾ ਨੰਬਰ : 2 (ਵਿਦਵਾਨਾਂ ਦੀਆਂ ਆਲੋਚਨਾਤਮਕ ਟਿੱਪਣੀਆਂ) ਵੀ ਵੇਖ ਸਕਦੇ ਹਨ। ਜਿਵੇਂ ਕਿ ਸੰਪਾਦਕ ਨੇ ਸੰਖੇਪ ਰੂਪ ਵਿਚ, ਇਸ ਬਾਰੇ ਚਰਚਾ ਵੀ ਕੀਤੀ ਹੈ ਕਿ ਸਵੈ-ਜੀਵਨੀ, ਆਤਮ-ਕਥਾ, ਆਟੋਬਾਇਓਗ੍ਰਾਫ਼ੀ ਆਦਿ, ਸਮਾਨੰਤਰ ਸ਼ਬਦ ਹਨ। ਸਵੈ-ਜੀਵਨੀ ਲਿਖਣ ਵਾਲ਼ਾ, ਇਸ ਵਿਚ ਆਪਣੀ ਜ਼ਿੰਦਗੀ ਵਿਚੋਂ ਕੁੱਝ ਵਿਸ਼ੇਸ਼ ਘਟਨਾਵਾਂ, ਸਥਿਤੀਆਂ, ਅਨੁਭਵਾਂ, ਮੁਲਾਕ਼ਾਤਾਂ, ਯਾਦਾਂ ਆਦਿ ਨੂੰ ਚੁਣਦਾ ਹੈ ਅਤੇ ਬਿਰਤਾਂਤ ਦੀਆਂ ਜੁਗਤਾਂ ਵਰਤ ਕੇ, ਉਸ ਨੂੰ ਪੁਨਰ ਸੁਰਜੀਤ ਕਰਦਾ ਹੈ। ਇਸ ਤੋਂ ਨਾ ਸਿਰਫ਼ ਸਾਨੂੰ, ਵੱਖੋ ਵੱਖਰੇ ਲੇਖਕਾਂ ਦੇ ਜੀਵਨ  ਦ੍ਰਿਸ਼ਟੀਕੋਣਾਂ ਦਾ ਪਤਾ ਲੱਗਦਾ ਹੈ, ਸਗੋਂ ਸੰਬੰਧਤ ਲੇਖਕਾਂ ਦੀ ਵਿਚਾਰਧਾਰਾ ਦੀ ਵੀ ਸੋਝੀ ਹੁੰਦੀ ਹੈ। ਸੁਚੇਤ ਤੇ ਸਜੱਗ ਪਾਠਕ/ਵਿਦਿਆਰਥੀ, ਇਹਨਾਂ ਨੂੰ ਪੜ੍ਹ ਕੇ, ਇਹਨਾਂ ਤੋਂ ਆਪਣੇ ਜੀਵਨ ਪ੍ਰਤਿ ਸੇਧ ਜਾਂ ਪ੍ਰੇਰਨਾ ਪ੍ਰਾਪਤ ਕਰ ਕੇ, ਆਪਣੀ ਜ਼ਿੰਦਗੀ ਨੂੰ ਵਧੇਰੇ ਸਫ਼ਲਤਾ ਨਾਲ਼ ਜੀਉ ਸਕਦਾ ਹੈ।

ਸੰਪਾਦਕ ਵੱਲੋਂ ਕੀਤੀ ਗਈ ਇਹ ਟਿੱਪਣੀ ਵੀ ਬੜੀ ਮਹੱਤਵਯੋਗ ਹੈ ਕਿ ਸਵੈ-ਜੀਵਨੀ ਵਿਚ, ਸਵੈ-ਸ਼ਲਾਘਾ ਜਾਂ ਸਵੈ-ਖ਼ੁਸ਼ਾਮਦੀ ਲਈ, ਕੋਈ ਥਾਂ ਨਹੀਂ ਹੁੰਦੀ। ਇਸ ਵਿਚ ਲੇਖਕ, ਆਪਣੇ ਅੰਤਰੀਵ ਤੇ ਬਾਹਰੀ ਸੱਚ ਨੂੰ, ਪੇਸ਼ ਕਰਦਾ ਹੈ। ਸੰਪਾਦਕ ਨੇ ਆਪਣੇ ਕਥਨ ਦੀ ਪੁਸ਼ਟੀ ਲਈ, ਅੰਮ੍ਰਿਤਾ ਪ੍ਰੀਤਮ ਦੀ ਸਵੈ-ਜੀਵਨੀ ('ਰਸੀਦੀ ਟਿਕਟ') ਵਿਚੋਂ ਇਕ ਉਦਾਹਰਣ ਵੀ ਦਿੱਤੀ ਹੈ :-

> "ਸਵੈ-ਜੀਵਨੀ ਨੂੰ ਅਕ਼ਸਰ ਚਿਲਕਵੀਂ ਚਮਕਦੀ ਇਕ ਪਾਸੀ ਸੱਚਾਈ ਸਮਝਿਆ ਜਾਂਦਾ ਹੈ— ਸਵੈ-ਸ਼ਲਾਘਾ ਦਾ ਹੁਨਰੀ ਮਾਧਿਅਮ। ਪਰ, ਬੁਨਿਆਦੀ ਸੱਚਾਈ ਨੂੰ ਲੇਖਕ ਦੀ ਆਪਣੀ ਲੋੜ ਮੰਨਕੇ, ਮੈਂ ਆਖਣਾ ਚਾਹਵਾਂਗੀ ਕਿ ਇਹ ਯਥਾਰਥ ਤੋਂ ਯਥਾਰਥ ਤੱਕ ਪਹੁੰਚਣ ਦਾ ਅਮਲ ਹੈ।...ਇਹ ਲੇਖਕ ਦਾ ਆਪਣੇ ਆਪ ਵਿਚ, ਪਾਠਕ ਨੂੰ ਨਿੱਜੀ-ਬੁਲਾਵਾ ਹੁੰਦਾ ਹੈ...ਸੰਗ-ਸੰਕੋਚ ਦੀ ਦਹਿਲੀਜ਼ ਤੋਂ ਅੰਦਰਵਾਰ। ਇਹ ਸਿਰਫ਼ ਉਦੋਂ ਸੰਭਵ ਹੁੰਦਾ ਹੈ...ਜਦੋਂ ਲੇਖਕ ਦਾ ਜੇਰਾ, ਉਹਦੇ ਕਿਸੇ ਸੱਚ ਨਾਲੋਂ ਊਣਾ ਨਾ ਹੋਵੇ। ਇਹਦੇ ਵਿਚ ਕੋਈ ਝੂਠ, ਮਹਿਮਾਨ ਦੀ ਨਹੀਂ, ਮੇਜ਼ਬਾਨ ਦੀ ਆਪਣੀ ਹੱਤਕ ਹੁੰਦੀ ਹੈ। ਸਿਰਫ਼, ਉਰਾਰ ਦੇ ਕੰਢੇ ਦਾ ਯਥਾਰਥ ਬਣਦਾ ਹੈ। ਉਹ ਅਮਲ, ਇਸ ਸਵੈ-ਜੀਵਨੀ ਵਿਚ ਵੀ ਹੈ। ਇਹ ਰਚਨਾ ਦਾ ਆਪਣਾ ਅਮਲ ਹੈ। ਮੈਂ ਇਸ ਨੂੰ, ਯਥਾਰਥ ਤੋਂ ਯਥਾਰਥ ਤੱਕ ਦਾ ਸਫ਼ਰ ਆਖਣਾ ਚਾਹਵਾਂਗੀ।"

('ਰਸੀਦੀ ਟਿਕਟ' : ਪੰਨਾ : 150-151)

ਇਸ ਕਥਨ ਤੋਂ ਸਪੱਸ਼ਟ ਹੁੰਦਾ ਹੈ ਕਿ ਸਵੈ-ਜੀਵਨੀ ਵਿਚ, ਝੂਠ ਲਈ ਕੋਈ ਥਾਂ ਨਹੀਂ ਹੁੰਦੀ। ਸਗੋਂ, ਉਹ ਤਾਂ, ਨੰਗੇ ਸੱਚ ਨਾਲ਼ ਹੀ ਲਿਖੀ ਜਾਂਦੀ ਹੈ। (ਪੰਜਾਬੀ ਸਵੈ-ਜੀਵਨੀ ਅੰਸ਼, ਪੰਨਾ : 11)

ਅੰਤ ਵਿਚ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਇਸ ਪਾਠ-ਪੁਸਤਕ ਦੀ ਸੰਪਾਦਕੀ ਵਿਚ, ਸੰਪਾਦਕ ਨੇ ਪੰਜਾਬੀ ਦੇ 10 ਚਰਚਿਤ ਲੇਖਕਾਂ ਦੇ ਸਵੈ-ਜੀਵਨੀ ਅੰਸ਼ ਪੇਸ਼ ਕਰ ਕੇ, ਪੰਜਾਬੀ ਸਵੈ-ਜੀਵਨੀ ਦੀ ਇਕ ਵਿਸ਼ਾਲ-ਝਲਕ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਇਹੀ ਕਾਰਨ ਹੈ ਕਿ ਇਸ ਪਾਠ-ਪੁਸਤਕ ਵਿਚ ਵਿਦਿਆਰਥੀਆਂ/ਪਾਠਕਾਂ ਲਈ, 'ਇਕਰਸਤਾ' ਦੀ ਥਾਂ 'ਵੰਨ-ਸੁਵੰਨਤਾ' ਅਤੇ ਰੌਚਿਕਤਾ ਮਿਲ਼ਦੀ ਹੈ। ਲੇਖਕਾਂ ਦੇ ਜੀਵਨ ਵੇਰਵਿਆਂ, ਉਹਨਾਂ ਦੀ ਜੀਵਨ ਸ਼ੈਲੀ, ਵਾਰਤਕ ਸ਼ੈਲੀ, ਵਿਚਾਰਧਾਰਾ, ਸਮਾਜਕਤਾ, ਧਾਰਮਕਤਾ, ਰਾਜਨੀਤਕ-ਸੂਝ, ਪਰਿਵਾਰਕ ਤੇ ਸਾਹਿਤਕ ਰਿਸ਼ਤਿਆਂ ਬਾਰੇ ਭਰਪੂਰ ਜਾਣਕਾਰੀ ਮਿਲ਼ਦੀ ਹੈ। ਇਹ ਵੀ ਪਤਾ ਲੱਗਦਾ ਹੈ ਕਿ ਚਰਚਿਤ ਲੇਖਕਾਂ ਨੇ, ਆਪਣੀ ਜ਼ਿੰਦਗੀ ਵਿਚ, ਕਿਵੇਂ ਵੱਖੋ ਵੱਖਰੇ ਤਰੀਕਿਆਂ ਨਾਲ਼ ਸੰਘਰਸ਼ ਕੀਤਾ। ਇਉਂ, ਅਸੀਂ ਵੇਖਦੇ ਹਾਂ ਕਿ ਇਹ ਪਾਠ-ਪੁਸਤਕ, ਨਾ ਸਿਰਫ਼ ਪਾਠਕਾਂ ਅਤੇ ਵਿਦਿਆਰਥੀਆਂ ਦੀ ਜਾਣਕਾਰੀ ਵਿਚ ਵਾਧਾ ਕਰਦੀ ਹੈ, ਸਗੋਂ ਨੈਤਿਕ ਅਤੇ ਸਾਹਿਤਕ/ਅਕਾਦਮਿਕ ਗਿਆਨ ਦੇਣ ਵਿਚ ਵੀ, ਸਫ਼ਲ ਕਹੀ ਜਾ ਸਕਦੀ ਹੈ।

## 2.2 ਸਵੈ-ਜੀਵਨੀ ਅੰਸ਼ਾਂ ਵਿਚੋਂ ਉੱਭਰਣ ਵਾਲ਼ੇ ਲੇਖਕ-ਬਿੰਬ
## 2.3 ਪਾਠਗਤ ਅਧਿਐਨ
## 2.4 ਸ਼ੈਲੀਗਤ ਵਿਸ਼ੇਸ਼ਤਾਵਾਂ

## (1) ਬੰਦ ਕਰੋ ਲਹੂ ਨਾਲ਼ ਧੋਣਾ (ਨਾਨਕ ਸਿੰਘ) : ਪਾਠਗਤ ਅਧਿਐਨ

## (i) ਪਾਠਗਤ ਅਧਿਐਨ

ਪਾਠ-ਪੁਸਤਕ 'ਪੰਜਾਬੀ ਸਵੈ-ਜੀਵਨੀ' (ਸੰਪਾਦਕ : ਡਾ. ਮਨਜੀਤ ਸਿੰਘ) ਵਿਚਲਾ ਸਭ ਤੋਂ ਪਹਿਲਾ ਸਵੈ-ਜੀਵਨੀ ਅੰਸ਼, ਪੰਜਾਬੀ ਦੇ ਪ੍ਰਸਿੱਧ ਲੇਖਕ ਤੇ ਨਾਵਲਕਾਰ, ਨਾਨਕ ਸਿੰਘ ਦਾ ਲਿਖਿਆ ਹੋਇਆ ਹੈ, ਜੋ ਕਿ ਉਸ ਦੀ ਸਵੈ-ਜੀਵਨੀ 'ਮੇਰੀ ਦੁਨੀਆਂ' ਵਿਚੋਂ ਲਿਆ ਗਿਆ ਹੈ। ਇਸ ਰਚਨਾ ਨੂੰ ਨਾਨਕ ਸਿੰਘ ਨੇ, ਦੇਸ਼-ਵੰਡ ਤੋਂ ਤਿੰਨ ਸਾਲ ਬਾਅਦ ਲਿਖਿਆ ਸੀ। ਇਹ ਲੇਖਕ ਨਾਨਕ ਸਿੰਘ ਦੀ, ਸੰਵੇਦਨਾ ਤੇ ਵਿਚਾਰਧਾਰਕ ਪੱਧਰ ਨੂੰ ਪੇਸ਼ ਕਰਨ ਵਾਲ਼ੀ ਰਚਨਾ ਹੈ। ਜਿਸ ਵਿਚ ਉਸ ਨੇ, ਇਨਸਾਨੀਅਤ ਦੇ ਘਾਣ ਪ੍ਰਤਿ, ਆਪਣੀ ਸੰਵੇਦਨਾ ਨੂੰ ਪ੍ਰਗਟ ਕੀਤਾ ਹੈ। ਇਹ 1947 ਦੀ ਵੰਡ ਦੇ ਤੱਥਾਂ ਨੂੰ ਵੀ ਪੇਸ਼ ਕਰਦਾ ਹੈ ਅਤੇ ਲੇਖਕ ਦੇ ਆਪ ਹੰਢਾਏ ਸੱਚ ਅਤੇ ਉਸ ਨਾਲ਼ ਜੁੜੀ ਮਾਨਸਿਕਤਾ ਨੂੰ ਵੀ। ਸੰਪਾਦਕ ਅਨੁਸਾਰ:-

> "ਲੇਖਕ, ਮਨੁੱਖਤਾ ਅਤੇ ਧਰਮ ਦੇ ਨਾਂ 'ਤੇ ਹੁੰਦੀ, ਇਸ ਕ਼ਤਲੋਗਾਰਤ ਤੋਂ ਬਾਜ਼ ਆਉਣ ਲਈ ਦੁਹਾਈ ਦਿੰਦਾ ਹੈ। ਲੇਖਕ ਅਨੁਸਾਰ : ਜੇ ਦੋਹਾਂ ਦੇਸ਼ਾਂ ਦੀਆਂ ਹਕੂਮਤਾਂ ਸ਼ਾਂਤੀ, ਪਿਆਰ ਅਤੇ ਭਾਈਚਾਰੇ ਲਈ ਕੁੱਝ ਕਦਮ ਚੁੱਕਣ, ਤਾਂ ਹੀ, ਇਸ ਸਾਰੇ ਵਾਤਾਵਰਨ ਨੂੰ ਬਦਲਿਆ ਜਾ ਸਕਦਾ ਹੈ। ਨਾਲ਼ ਹੀ, ਉਹ ਕਲਾਕਾਰਾਂ ਅਤੇ ਸਾਹਿਤਕਾਰਾਂ ਨੂੰ ਵੀ ਅਮਨ ਅਤੇ ਭਾਈਚਾਰੇ ਦਾ ਸੰਦੇਸ਼ ਦੇਣ ਲਈ ਪ੍ਰੇਰਿਤ ਕਰਦਾ ਹੈ।"

(ਡਾ. ਮਨਜੀਤ ਸਿੰਘ (ਸੰਪਾ.); ਪੰਜਾਬੀ ਸਵੈ-ਜੀਵਨੀ ਅੰਸ਼; ਪੰਨਾ : 70)

ਨਾਨਕ ਸਿੰਘ, ਪੰਜਾਬੀ ਸਾਹਿਤ ਜਗਤ ਦਾ ਇਕ ਅਜਿਹਾ ਨਾਂ ਹੈ, ਜਿਸ ਨੇ ਸਾਹਿਤ ਲਿਖ ਕੇ, ਪ੍ਰਸਿੱਧੀ ਵੀ ਪ੍ਰਾਪਤ ਕੀਤੀ ਅਤੇ ਇਸ ਨੂੰ ਆਪਣੀ ਰੋਜ਼ੀ-ਰੋਟੀ ਦਾ ਸਾਧਨ ਵੀ ਬਣਾਇਆ। ਆਪ ਨੇ, ਪੰਜਾਬੀ ਸਾਹਿਤ ਅਤੇ ਵਿਸ਼ੇਸ਼ ਕਰਕੇ, ਨਾਵਲ ਨੂੰ ਧਾਰਮਕ ਵਲਗਣਾਂ ਵਿਚੋਂ ਕੱਢ ਕੇ, ਸਮਾਜ-ਸੁਧਾਰ ਅਤੇ ਯਥਾਰਥ ਨਾਲ਼ ਜੋੜਿਆ। ਸੋ, ਨਾਨਕ ਸਿੰਘ ਨੂੰ, ਇਕ ਯਥਾਰਥਵਾਦੀ ਅਤੇ ਸੁਧਾਰਵਾਦੀ ਗਲਪਕਾਰ ਵੀ ਕਿਹਾ ਜਾ ਸਕਦਾ ਹੈ। ਨਾਨਕ ਸਿੰਘ ਦੇ ਨਾਵਲਾਂ ਤੇ ਕਹਾਣੀਆਂ ਵਾਂਗੂੰ ਹੀ, ਉਸ ਦੀ ਸਵੈ-ਜੀਵਨੀ ਵੀ ਬੜੀ ਪ੍ਰਸਿੱਧ ਹੋਈ ਅਤੇ ਪੰਜਾਬੀ ਜਗਤ ਵਿਚ ਨਾਮਣਾ ਖੱਟਿਆ। ਜਿਵੇਂ ਕਿ ਹਰੇਕ ਸਾਹਿਤਕਾਰ ਦੀਆਂ ਰਚਨਾਵਾਂ, ਆਪੋ ਆਪਣੀਆਂ ਵਿਲੱਖਣਤਾਵਾਂ ਰਾਹੀਂ ਪਾਠਕਾਂ ਦੇ ਦਿਲੋ-ਦਿਮਾਗ਼ ਵਿਚ, ਆਪਣੀ ਥਾਂ ਬਣਾਉਂਦੀਆਂ ਹਨ, ਬਿਲਕੁਲ ਉਸੇ ਤਰ੍ਹਾਂ ਹੀ ਨਾਨਕ ਸਿੰਘ ਵੀ ਆਪਣੀ ਪੇਸ਼ਕਾਰੀ, ਸ਼ੈਲੀ, ਜੁਗਤਾਂ, ਵਿਧੀਆਂ ਅਤੇ ਵੱਖਰੇ ਅੰਦਾਜ਼ ਕਾਰਨ, ਆਪਣੀਆਂ ਲਿਖਤਾਂ ਵਿਚ ਬਾਕੀ ਸਾਹਿਤਕਾਰਾਂ ਨਾਲ਼ੋਂ ਵੱਖਰਾ ਪਛਾਣਿਆ ਜਾਂਦਾ ਹੈ। ਨਾਨਕ ਸਿੰਘ ਦੀ ਸਵੈ-ਜੀਵਨੀ 'ਮੇਰੀ ਦੁਨੀਆਂ' ਵਿਚਲੇ ਅੰਸ਼, 'ਬੰਦ ਕਰੋ ਲਹੂ ਨਾਲ਼ ਧੋਣਾ' ਵਿਚ ਵੀ, ਉਸ ਦਾ ਇਹ ਵਿਲੱਖਣ ਅੰਦਾਜ਼ ਸਾਫ਼ ਦਿੱਸਦਾ ਹੈ।

ਦੇਸ਼-ਵੰਡ ਦਾ ਦਰਦ ਤੇ ਪੀੜਾ, ਨਾਨਕ ਸਿੰਘ ਦੇ ਅੰਤਰੀਵ ਨੂੰ ਝੰਜੋੜਕੇ, ਸ਼ਬਦਾਂ ਦੇ ਰੂਪ ਵਿਚ ਉੱਭਾਰਦੀ ਹੈ। ਇਹੋ ਜਿਹੇ ਹਾਲਾਤ ਸਾਹਮਣੇ ਪ੍ਰਸ਼ਨ ਖੜ੍ਹਾ ਕਰਨਾ, ਉਸ ਦਾ ਸੁਭਾਅ ਹੈ ਅਤੇ ਉਸ ਦੇ ਮਨ ਦੀ ਪੀੜਾ, ਬਾਰ ਬਾਰ ਪੀੜਤ ਧਿਰ ਨਾਲ਼ ਜੁੜਦੀ, ਉਸ ਨਾਲ਼ ਸਾਂਝ ਪਾਉਂਦੀ ਹੈ। ਉਸ ਦੀ ਵੱਖਰੀ ਸ਼ੈਲੀ, ਨਾਟਕੀ-ਜੁਗਤਾਂ ਰਾਹੀਂ, ਘੱਟ ਤੋਂ ਘੱਟ ਸ਼ਬਦਾਂ ਵਿਚ ਆਪਣੀ ਗੱਲ ਕਹਿੰਦੀ ਹੈ। ਸਵੈ-ਜੀਵਨੀ ਅੰਸ਼ ਦੇ ਆਰੰਭਲੇ ਸ਼ਬਦ ਹੀ, ਉਦਾਹਰਣ ਦੇ ਤੌਰ 'ਤੇ ਦੇਖੇ ਜਾ ਸਕਦੇ ਹਨ :-

"ਇਕ ਵਰ੍ਹਾ, ਦੋ ਵਰ੍ਹੇ, ਤਿੰਨ ਵਰ੍ਹੇ ਹੋ ਗਏ ਨੇ ਲੋਕਾਂ ਨੂੰ ਲਹੂ ਨਾਲ਼ ਲਹੂ ਧੋਂਦਿਆਂ..., ਸੈਂਕੜਿਆਂ, ਹਜ਼ਾਰਾਂ, ਲੱਖਾਂ ਵਿਚ...ਤੇ ਅਜੇ ਇਹ ਸਿਲਸਿਲਾ ਓਸੇ ਤੇਜੀ ਨਾਲ਼ ਜਾਰੀ ਹੈ-ਬੰਦ ਨਹੀਂ ਹੋਇਆ।"

(ਪੰਜਾਬੀ ਸਵੈ-ਜੀਵਨੀ ਅੰਸ਼, ਪੰਨਾ : 15)

"ਫ਼ਿਰਕੂ ਅਖ਼ਬਾਰ ਤੇ ਫ਼ਿਰਕੂ ਲੀਡਰ...ਫ਼ਿਰਕੂ ਦੈਂਤ।"

"ਆਖਰ ਕਦ ਤੀਕ ਇਸ ਤਰ੍ਹਾਂ ਲਹੂ ਨਾਲ਼ ਲਹੂ ਧੋਤਾ ਜਾਏਗਾ ?"

(ਪੰਜਾਬੀ ਸਵੈ-ਜੀਵਨੀ ਅੰਸ਼, ਪੰਨਾ : 17)

## (ii) ਸ਼ੈਲੀਗਤ ਵਿਸ਼ੇਸ਼ਤਾ

ਇਸ ਤਰ੍ਹਾਂ, ਨਾਨਕ ਸਿੰਘ ਹਾਲਾਤ ਨੂੰ ਵੇਖਦਿਆਂ, **ਪ੍ਰਸ਼ਨ ਉਠਾਉਂਦਾ ਹੈ**। ਇਹ ਪ੍ਰਸ਼ਨ ਹੀ, ਫ਼ਿਰਕਾਪ੍ਰਸਤੀ ਪ੍ਰਤਿ, ਉਸ ਦੀ ਆਵਾਜ਼ ਨੂੰ ਬੁਲੰਦ ਕਰਦੇ ਹਨ। ਇਸ ਵਿਚੋਂ ਹੀ ਲੇਖਕ ਦੇ ਵਿਅਕਤਿਤਵ ਦਾ ਨਿਗਰ ਪੱਖ ਦਿੱਸਦਾ ਹੈ। ਲੇਖਕ ਦੀ ਸ਼ਬਦ-ਚੋਣ, ਸਾਰੇ ਮਨੁੱਖੀ-ਘਾਣ ਦਾ **ਸ਼ਬਦ-ਚਿੱਤਰ ਬਣਾ ਕੇ, ਪਾਠਕਾਂ ਸਾਹਮਣੇ ਪੇਸ਼ ਕਰ ਦੇਂਦੀ ਹੈ**। ਸ਼ਬਦਾਂ ਦੇ ਨਾਲ਼, **ਵਿਸ਼ੇਸ਼ਣੀ-ਅਗੇਤਰਾਂ ਦੀ ਵਰਤੋਂ** ਕਰ ਕੇ (ਫਿਰਕੂ ਦੈਂਤ ਦਾ ਖ਼ੂਹ, ਸ਼ੈਤਾਨੀ ਨਜ਼ਮਾਂ, ਮਨੁੱਖੀ ਸ਼ਰੀਰ ਦੀਆਂ ਹੋਲਾਂ ਆਦਿ), ਉਹਨਾਂ ਨੂੰ ਆਮ ਤੋਂ ਖ਼ਾਸ ਬਣਾ ਦਿੰਦਾ ਹੈ। ਲੇਖਕ ਦਾ ਸੁਨੇਹਾ, ਹੋਰ ਪੁੱਖ਼ਤਾ ਤੇ ਪ੍ਰਮਾਣਿਕ ਹੋ ਜਾਂਦਾ ਹੈ। ਦੇਸ਼ ਦੀ ਵੰਡ ਮਗਰੋਂ, ਬੰਗਾਲ ਵਿਚ ਵੀ, ਉਹੋ ਜਿਹੀ ਸਥਿਤੀ ਪੈਦਾ ਹੁੰਦੀ ਹੈ। ਲੇਖਕ ਮਾਨਸਿਕ ਤੌਰ 'ਤੇ ਬੇਹੱਦ ਦੁਖੀ, ਪ੍ਰੇਸ਼ਾਨ ਹੋ ਕੇ, ਜਿੱਥੇ ਆਮ ਲੋਕਾਈ ਦੇ ਕ਼ਾਤਲਾਂ ਅੱਗੇ ਦੁਹਾਈ ਦਿੰਦਾ ਹੈ, ਉੱਥੇ ਨਾਲ਼ ਹੀ, ਆਪਣੀ ਅੰਦਰਲੀ ਮਾਨਸਿਕਤਾ ਨੂੰ ਬੜੀ ਬੇਬਾਕੀ ਨਾਲ਼ ਪੇਸ਼ ਵੀ ਕਰਦਾ ਹੈ। ਇਸ ਤਰ੍ਹਾਂ ਕਰ ਕੇ, ਲੇਖਕ ਆਪਣੇ ਪਾਤਰਾਂ ਨੂੰ ਵੀ, ਆਪਣੇ ਨਾਲ਼ ਨਾਲ਼ ਤੋਰਦਾ ਹੈ। ਇਉਂ ਪਾਠਕ-ਲੇਖਕ ਸੰਬੰਧ ਕਾਇਮ ਕਰਨਾ, ਰਿਸ਼ਤਿਆਂ ਨੂੰ ਨਿਭਾਉਣਾ ਅਤੇ ਇਨਸਾਨੀ ਪਿਆਰ ਦੀ ਗੱਲ ਨੂੰ ਉੱਭਾਰਣਾ, ਉਸ ਦੀ ਮਾਨਵਵਾਦੀ ਸੋਚ ਦਾ, ਪ੍ਰਤੱਖ ਪ੍ਰਮਾਣ ਦਰਸਾਉਂਦਾ ਹੈ। ਇਹੀ ਉਸ ਦੀ **ਸ਼ੈਲੀਗਤ-ਵਿਸ਼ੇਸ਼ਤਾ** ਹੈ। ਉਦਾਹਰਣ ਦੇ ਤੌਰ 'ਤੇ ਇਹ ਸ਼ਬਦ ਵੇਖੋ :-

"ਮਨੁੱਖਤਾ ਦੇ ਨਾਮ 'ਤੇ, ਉਹਨਾਂ ਲੋਕਾਂ ਦੇ ਦੀਨ ਧਰਮ ਦੇ ਨਾਮ 'ਤੇ, ਤੇ ਨਿਰਦੋਸ਼ਿਆਂ ਦੇ ਖ਼ੂਨ ਦੇ ਨਾਮ 'ਤੇ, ਮੈਂ ਦੁਹਾਈ ਦਿੰਦਾ ਹਾਂ ਕਿ ਬਾਜ਼ ਆਓ, ਇਹ ਬਾਰੂਦੀ ਖੇਡ ਖੇਡਣ ਤੋਂ।"

(ਪੰਜਾਬੀ ਸਵੈ-ਜੀਵਨੀ ਅੰਸ਼, ਪੰਨਾ : 16)

ਜ਼ਮੀਨੀ ਹਕ਼ੀਕ਼ਤ ਨੂੰ, ਆਪਣੀ ਲੇਖਣੀ ਅੰਦਰ ਬਿਆਨ ਕਰਨਾ, ਸਮਾਜਕ ਤਾਣੇ-ਬਾਣੇ ਦੀ ਪੇਸ਼ਕਾਰੀ ਕਰਨਾ, ਇਸ ਅੰਸ਼ ਨੂੰ, ਉੱਚ-ਪੱਧਰ 'ਤੇ ਲੈ ਜਾਂਦਾ ਹੈ। ਆਪਣੀ ਗੱਲ ਨੂੰ ਪ੍ਰਭਾਵਸ਼ਾਲੀ ਢੰਗ ਨਾਲ਼ ਕਹਿ ਕੇ, ਪਾਠਕਾਂ ਦਾ ਸੰਬੰਧਿਤ ਸਥਿਤੀਆਂ ਪ੍ਰਤਿ ਧਿਆਨ ਕੇਂਦਰਿਤ ਕਰਨ ਹਿੱਤ ਵਾਰ ਵਾਰ, **ਵਾਕਾਂ ਨੂੰ ਸਿੱਧੇ-ਪੁੱਠੇ ਕਾਮਿਆਂ ਵਿਚ ਲਿਖ ਕੇ**, ਆਪਣੀ ਸ਼ੈਲੀ ਦਾ ਪ੍ਰਮਾਣ ਦਿੰਦਾ ਹੈ। ਆਮ ਲੋਕਾਂ ਦੇ ਦਰਦ ਅਤੇ ਕੁਰਸੀਆਂ ਉਪਰ ਬੈਠੇ ਨੇਤਾਵਾਂ ਅਤੇ ਫ਼ਿਰਕਾਪ੍ਰਸਤੀ ਦੀ ਖੇਡ ਖੇਡਦੇ ਲੋਕਾਂ ਨੂੰ ਵੰਗਾਰਨ ਦੀ ਹਿੰਮਤ ਵੀ, ਨਾਨਕ ਸਿੰਘ ਵਰਗਾ ਲੇਖਕ ਹੀ ਕਰ ਸਕਦਾ ਹੈ। ਉਸ ਦੀ ਸ਼ਖ਼ਸੀਅਤ, ਉਸ ਦੀ ਪਰਵਰਿਸ਼, ਉਸ ਦਾ ਸੱਭਿਆਚਾਰ, ਉਸ ਦੀ ਪੰਜਾਬੀਅਤ, ਸਾਂਝੀਵਾਲਤਾ ਅਤੇ ਇਸਤਰੀ ਪਿਆਰ ਦੀ ਤਰਜ਼ਮਾਨੀ ਕਰਨਾ, ਉਸ ਨੂੰ ਇਕ ਇਹੋ ਜਿਹਾ ਸਮਾਜ-ਸੁਧਾਰਕ ਅਤੇ ਕ੍ਰਾਂਤੀਕਾਰੀ ਸੁਨੇਹਾ ਦੇਣਾ ਵਾਲਾ ਬਣਾਉਂਦੇ ਹਨ। ਇਸ ਸਵੈ-ਜੀਵਨੀ ਅੰਸ਼ ਦੇ ਅੰਤ ਉਪਰ ਕੀਤੀ ਗਈ ਗੁਜਾਰਿਸ਼, ਲੇਖਕ ਦੀ ਇਨਸਾਨੀਅਤ ਨੂੰ ਬਚਾਉਣ ਲਈ ਹੁੰਗਾਰੇ ਦੀ ਮੰਗ ਕਰਦੀ ਹੈ ਅਤੇ ਪਾਠਕਾਂ ਦੇ ਅੰਦਰਲੇ ਮਨ ਨੂੰ ਉਹ, ਉਹੀ ਪ੍ਰਣ ਲੈਣ ਲਈ ਮਜਬੂਰ ਕਰਦੀ ਹੈ। ਇਹ ਸਾਰੀਆਂ ਵੰਡੀਆਂ ਨੂੰ ਰੱਦ ਕਰਦੀ ਹੈ ਅਤੇ ਮਨੁੱਖਤਾ ਨੂੰ ਬਚਾਉਣ ਲਈ ਅੱਗੇ ਆਉਣ ਦੀ ਗੱਲ ਨੂੰ ਪ੍ਰਭਾਵਸ਼ਾਲੀ ਬਣਾਉਂਦੀ ਹੈ। ਲੇਖਕ ਬਾਰ ਬਾਰ ਕਲਾਕਾਰਾਂ ਨੂੰ ਵਕ਼ਤ ਸੰਭਾਲਣ ਅਤੇ ਫ਼ਰਜ਼ ਨਿਭਾਉਣ ਲਈ ਕਹਿੰਦਾ ਹੈ। ਲੇਖਕ ਦੀ ਆਪਣੀ ਸ਼ਖ਼ਸੀਅਤ ਨੂੰ ਪਛਾਣਨ ਵਾਲ਼ੇ, ਉਸ ਦੇ ਆਪਣੇ ਸ਼ਬਦ ਵੇਖੋ :-

"ਕਲਾਕਾਰ ਨੂੰ ਕੁਦਰਤ ਨੇ ਉਹੀ ਸ਼ਕਤੀ ਬਖ਼ਸ਼ੀ ਹੈ, ਜਿਸ ਨਾਲ਼, ਉਹ ਜੁਗ ਪਲਟ ਕੇ ਰੱਖ ਸਕਦੇ ਨੇ। ਦੁਨੀਆਂ ਦੇ ਇਤਿਹਾਸ ਵਿਚ ਕਲਾਕਾਰਾਂ ਨੇ, ਉਹ ਉਹ ਕਾਰਨਾਮੇ ਕੀਤੇ ਨੇ, ਜਿਹੜੇ ਵੱਡੇ ਵੱਡੇ ਛੱਤ੍ਰਪਤੀ ਰਾਜੇ ਨਾ ਕਰ ਸਕੇ।"

(ਪੰਜਾਬੀ ਸਵੈ-ਜੀਵਨੀ ਅੰਸ਼, ਪੰਨਾ : 20)

**ਲੇਖਕਾਂ ਤੇ ਕਲਾਕਾਰਾਂ ਨੂੰ ਸਿੱਧਾ ਸੰਬੋਧਨ ਕਰਨਾ**, ਉਸ ਦੀ ਲੇਖਣੀ ਨੂੰ ਬੜਾ ਪ੍ਰਭਾਵਸ਼ਾਲੀ ਅਤੇ ਅਰਥਵਾਨ ਬਣਾਉਂਦਾ ਹੈ। ਉਸ ਦੀ ਸ਼ਬਦਾਵਲੀ ਅਤੇ ਉਰਦੂ-ਫ਼ਾਰਸੀ ਪ੍ਰਤਿ ਮੋਹ ਤੇ ਲਗਨ, ਪੰਜਾਬੀ ਭਾਸ਼ਾ ਨੂੰ ਇਹਨਾਂ ਭਾਸ਼ਾਵਾਂ ਨਾਲ਼ ਜੋੜ ਕੇ, ਹੋਰ ਅਮੀਰ ਬਣਾਉਂਦੀ ਹੈ। ਖ਼ੂਬਸੂਰਤੀ ਨਾਲ਼ ਵਰਤੀ ਸ਼ਬਦਾਵਲੀ, ਕਿਧਰੇ ਵੀ ਅਖਰਦੀ ਨਹੀਂ, ਸਗੋਂ ਬੜੀ ਸਹਿਜ, ਸੁਭਾਵਕ, ਰਵਾਨੀ ਵਾਲ਼ੀ ਲੱਗਦੀ ਹੈ। ਨਜ਼ਮ, ਜ਼ਹਾਲਤ, ਬਦਤਮੀਜ਼ੀ, ਜ਼ਲੀਲ, ਜਨੂੰਨ, ਬਾਜ਼, ਜਜ਼ਬਾ, ਖ਼ਲਕਤ, ਹਕੂਮਤ, ਗ਼ਨੀਮਤ, ਜ਼ਿਹਨੀਅਤ, ਅਦੀਬ, ਅਫ਼ਜ਼ਾਈ ਆਦਿ ਆਮ ਵਰਤੋਂ ਵਿਚ ਆਉਣ ਵਾਲ਼ੇ ਸ਼ਬਦਾਂ ਨੂੰ ਵਰਤਣ ਤੋਂ ਬਿਨਾਂ, ਨਾਨਕ ਸਿੰਘ **ਪ੍ਰਸ਼ਨ ਪੈਦਾ ਕਰਨ ਦੀ ਜੁਗਤ** ਵਰਤ ਕੇ, ਜ਼ਾਲਮ ਧਿਰ ਨੂੰ ਅਪਰਾਧੀ ਘੇਰੇ ਵਿਚ ਖੜ੍ਹਾ ਕਰਦਾ ਹੈ।

ਚਲੋ ਮੰਨ ਲਉ ਕਿ ਲੜਾਈ ਹੋ ਕੇ ਰਹੇਗੀ, ਪਰ ਸਵਾਲ ਤਾਂ ਫਿਰ ਉੱਥੇ ਦਾ ਉੱਥੇ ਹੀ ਰਹਿੰਦਾ ਹੈ ਕਿ ਲੜਾਈ ਦਾ ਨਤੀਜਾ ਕੀ ਹੋਵੇਗਾ ? ਜਿੱਤ ਜਾਣ ਤੋਂ ਬਾਅਦ ਵੀ ਕੀ ਭਾਰਤ ਸੁੱਖ ਦੀ ਨੀਂਦਰ ਸੌਂ ਸਕੇਗਾ ? ਦਸ ਕਰੋੜ ਮੁਸਲਮਾਨ, ਭਾਰਤੀ ਰਾਜ ਹੇਠ, ਬੀਬੇ ਰਾਣੇ ਬਣ ਕੇ ਰਹਿਣਗੇ ?

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਇਸ ਸਵੈ-ਜੀਵਨੀ ਅੰਸ਼ ਵਿਚ, ਨਾਨਕ ਸਿੰਘ ਦੀ ਆਪਣੀ ਸ਼ਖ਼ਸੀਅਤ ਅਤੇ ਸ਼ੈਲੀ, ਅਨੇਕਾਂ ਪੱਧਰਾਂ ਉਪਰ ਵੇਖੀ ਜਾ ਸਕਦੀ ਹੈ। ਇਹ ਉਸ ਦੀ ਲੇਖਣੀ ਨੂੰ ਪ੍ਰਭਾਵਸ਼ਾਲੀ ਬਣਾਉਂਦੀ ਹੈ। ਇਹ ਪਾਠਕ-ਲੇਖਕ ਨੂੰ ਇਕ-ਦੂਜੇ ਨਾਲ਼ ਜੋੜ ਕੇ **ਸਧਾਰਣੀਕਰਨ** ਦਾ ਰਾਹ ਸੌਖਾ ਕਰਦੀ ਹੈ। ਲੇਖਕ ਆਪਣੇ ਜੀਵਨ ਦੀਆਂ ਤੰਗੀਆਂ-ਤੁਰਸ਼ੀਆਂ ਦੇ ਸਾਹਮਣੇ ਡੱਟ ਕੇ ਖਲੋਤਾ ਰਿਹਾ ਅਤੇ ਆਪਣੇ ਪਾਠਕਾਂ ਨੂੰ ਵੀ ਇਉਂ ਕਰਨ ਦਾ ਸੁਨੇਹਾ ਦਿੰਦਾ ਹੈ। ਉਹ ਆਪਣਾ ਅਤੇ ਪਾਠਕਾਂ ਦਾ ਹੌਂਸਲਾ ਵੀ ਬਣਾਉਂਦਾ ਹੈ ਅਤੇ ਸਮਾਜ ਨੂੰ ਰਸਤਾ ਦਿਖਾਉਣ ਵਾਲ਼ਾ ਵੀ ਦਿੱਸਦਾ ਹੈ।

## (iii) ਲੇਖਕ ਦਾ ਬਿੰਬ

ਇਸ ਸਵੈ-ਜੀਵਨੀ ਅੰਸ਼ ('ਬੰਦ ਕਰੋ ਲਹੂ ਨਾਲ ਧੋਣਾ') ਵਿਚ ਲੇਖਕ ਨਾਨਕ ਸਿੰਘ ਦਾ ਇਕ ਆਦਰਸ਼ਵਾਦੀ-ਇਨਸਾਨੀਅਤ ਦਾ ਸੁਨੇਹਾ ਦੇਣ ਵਾਲ਼ਾ ਸ਼ਖ਼ਸੀ ਬਿੰਬ ਉੱਭਰਦਾ ਹੈ। ਉਹ ਹਿੰਦੁਸਤਾਨ ਅਤੇ ਪਾਕਿਸਤਾਨ, ਦੋਹਾਂ ਦੇਸ਼ਾਂ ਵਿਚੋਂ ਨਫ਼ਰਤ ਤੇ ਕ਼ਤਲੋਗਾਰਤ ਨੂੰ ਖ਼ਤਮ ਕਰਨਾ ਚਾਹੁੰਦਾ ਹੈ। ਲੇਖਕ ਇਕ ਕੋਮਲ-ਚਿੱਤ ਅਤੇ ਖੁੱਲ੍ਹੇ ਵਿਚਾਰਾਂ ਵਾਲ਼ਾ ਵਿਅਕਤੀ ਹੈ। ਲੇਖਕ ਨਫ਼ਰਤ, ਫ਼ਿਰਕਾਪ੍ਰਸਤੀ, ਨੇਤਾਗਿਰੀ, ਭੜਕਾਊ ਪੱਤਰਕਾਰੀ ਜਿਹੀਆਂ ਤਾਕਤਾਂ ਦੇ ਖ਼ਿਲਾਫ਼ ਬੇਬਾਕੀ ਨਾਲ ਬੋਲਦਾ ਹੈ। ਉਹ ਆਪਣਾ ਸੁਨੇਹਾ ਦੇਣ ਲਈ, ਕਿਸੇ ਨੂੰ ਵੀ ਨਹੀਂ ਬਖ਼ਸ਼ਦਾ, ਸਗੋਂ ਇਕ ਨਿਰਪੱਖ ਵਿਚਾਰਵਾਨ ਦੇ ਤੌਰ 'ਤੇ ਪਹਿਲਾਂ, ਇਸ ਮਸਲੇ ਦੇ ਨਕਾਰਾਤਮਕ ਪੱਖਾਂ ਬਾਰੇ ਪ੍ਰਸ਼ਨ ਉਠਾਉਂਦਾ ਹੈ ਅਤੇ ਫਿਰ ਆਪ ਹੀ ਸਕਾਰਾਤਮਕ ਵਿਚਾਰਾਂ ਨਾਲ਼, ਉਹਨਾਂ ਦੇ ਜਵਾਬ ਵੀ ਦੇਂਦਾ ਹੈ। ਉਹ ਇਕ ਚੰਗਾ ਬੁਲਾਰਾ ਹੈ। ਉਸ ਦੀ ਸੂਝ-ਬੂਝ ਅਤੇ ਤੀਖਣ-ਚੇਤੰਨ ਬੁੱਧੀ ਬਾਰੇ ਵੀ ਪਤਾ ਲੱਗਦਾ ਹੈ। ਇਕ ਚੰਗਾ ਇਨਸਾਨ ਅਤੇ ਧਰਮ ਦਾ ਅਸਲੀ ਪੈਰੋਕਾਰ ਹੈ। ਉਹ ਆਪ ਵੀ ਚੇਤੰਨ ਹੈ ਅਤੇ ਪਾਠਕਾਂ ਨੂੰ ਵੀ ਚੇਤੰਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਉਹ ਇਕ ਸ਼ਾਂਤੀ-ਦੂਤ ਬਣ ਕੇ, ਦੋਹਾਂ ਮੁਲਕਾਂ ਤੱਕ ਆਪਣਾ ਸੁਨੇਹਾ ਪਹੁੰਚਾਉਣਾ ਚਾਹੁੰਦਾ ਹੈ। ਉਹ ਲਹੂ ਨਾਲ਼ ਲਹੂ ਧੋਣ ਦੀ ਜ਼ਹਿਨੀਅਤ ਨੂੰ ਖ਼ਤਮ ਕਰ ਕੇ, ਸ਼ੁੱਧ ਇਨਸਾਨੀਅਤ ਨਾਲ਼ ਜੁੜਦਾ ਅਤੇ ਦੂਜਿਆਂ ਨੂੰ ਜੋੜਦਾ ਹੈ। ਉਹ ਇਕ ਪ੍ਰਸਿੱਧ ਅਤੇ ਸ਼ਕਤੀਸ਼ਾਲੀ ਲੇਖਕ ਹੋਣ ਕਰਕੇ, ਆਪਣੇ ਸਮਕਾਲੀ ਲੇਖਕਾਂ/ਕਲਾਕਾਰਾਂ ਨੂੰ ਸਿੱਧਾ ਸੰਬੋਧਿਤ ਹੁੰਦਾ ਹੈ ਅਤੇ ਫ਼ਰਜ਼ ਨਿਭਾਉਣ ਦੀ ਅਪੀਲ ਕਰਦਿਆਂ, ਭਵਿੱਖ ਲਈ ਰਾਹ-ਦਸੇਰਾ ਬਣਦਾ ਹੈ।

## ਪ੍ਰਸ਼ਨਾਵਲੀ

**ਪ੍ਰਸ਼ਨ :** ਇਸ ਸਵੈ-ਜੀਵਨੀ ਅੰਸ਼ ਦਾ ਮੁੱਖ-ਵਿਸ਼ਾ ਕੀ ਹੈ ?

**ਉੱਤਰ :** ਇਸ ਸਵੈ-ਜੀਵਨੀ ਅੰਸ਼ ਦਾ ਮੁੱਖ ਵਿਸ਼ਾ, ਨਫ਼ਰਤ ਅਤੇ ਕ਼ਤਲੋਗਾਰਤ ਦੀ ਅੱਗ ਨੂੰ ਖ਼ਤਮ ਕਰਨ ਅਤੇ ਇਨਸਾਨੀਅਤ ਰਾਹੀਂ, ਸ਼ਾਂਤੀ ਦਾ ਸੁਨੇਹਾ ਦੇਣਾ ਹੈ।

**ਪ੍ਰਸ਼ਨ :** ਇਸ ਸਵੈ-ਜੀਵਨੀ ਅੰਸ਼ ਦੇ ਨਾਂ ਬਾਰੇ ਚਰਚਾ ਕਰੋ।

**ਉੱਤਰ :** ਇਸ ਸਵੈ-ਜੀਵਨੀ ਅੰਸ਼ ਦਾ ਨਾਂ ('ਬੰਦ ਕਰੋ ਲਹੂ ਨਾਲ ਧੋਣਾ') ਦੇ ਅਰਥ ਹਨ ਕਿ ਖ਼ੂਨ ਨਾਲ ਖ਼ੂਨ ਜਾਂ ਕ਼ਤਲ ਨਾਲ਼ ਕ਼ਤਲ ਕਰ ਕੇ, ਕਦੀ ਵੀ ਸ਼ਾਂਤੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ।

**ਪ੍ਰਸ਼ਨ :** ਲੇਖਕ ਕਲਾਕਾਰਾਂ ਨੂੰ ਕੀ ਕਹਿੰਦਾ ਹੈ ?

**ਉੱਤਰ :** ਲੇਖਕ ਆਪਣੇ ਸਮਕਾਲੀ ਲੇਖਕਾਂ ਤੇ ਕਲਾਕਾਰਾਂ ਨੂੰ, ਆਪਣਾ ਫ਼ਰਜ਼ ਨਿਭਾ ਕੇ, ਸ਼ਾਂਤੀ ਦਾ ਮਾਹੌਲ ਬਣਾਉਣ ਲਈ ਕਹਿੰਦਾ ਹੈ।

**—0—**

# (2) 'ਮਹਿੰਦਰਾ ਕਾਲਜ ਪਟਿਆਲਾ' (ਪ੍ਰਿੰ. ਤੇਜਾ ਸਿੰਘ) : ਪਾਠਗਤ ਅਧਿਐਨ

## (i) ਪਾਠਗਤ ਅਧਿਐਨ

'ਮਹਿੰਦਰਾ ਕਾਲਜ ਪਟਿਆਲਾ' ਸਵੈ-ਜੀਵਨੀ ਅੰਸ਼, ਪ੍ਰਿੰਸੀਪਲ ਤੇਜਾ ਸਿੰਘ ਦੀ, ਸਵੈ-ਜੀਵਨੀ 'ਆਰਸੀ' ਵਿਚੋਂ ਲਿਆ ਗਿਆ ਹੈ। ਜਿਵੇਂ ਕਿ ਤੁਸੀਂ ਸਾਰੇ ਜਾਣਦੇ ਹੀ ਹੋ ਕਿ 'ਆਰਸੀ' ਦਾ ਅਰਥ, ਆਪਣਾ ਅਕਸ ਵੇਖਣ ਵਾਲ਼ਾ ਸ਼ੀਸ਼ਾ ਹੁੰਦਾ ਹੈ। ਸੋ, ਇੱਥੇ ਆਰਸੀ ਤੋਂ ਭਾਵ ਹੈ ਕਿ ਲੇਖਕ ਨੇ, ਆਪਣੀ ਜ਼ਿੰਦਗੀ ਦੇ ਬਿੰਬ ਨੂੰ, ਸ਼ੀਸ਼ੇ ਵਾਂਗ ਸਾਫ਼-ਸੁੱਥਰਾ ਤੇ ਜਿਹੋ ਜਿਹਾ ਉਹ ਹੈ, ਉਹੋ ਜਿਹਾ ਹੀ ਵਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਨਾਨਕ ਸਿੰਘ ਵਾਂਗ, ਪ੍ਰਿੰਸੀਪਲ ਤੇਜਾ ਸਿੰਘ ਵੀ, ਗੁਰਦੁਆਰਾ ਸੁਧਾਰ ਲਹਿਰ ਨਾਲ਼ ਜੁੜੇ ਅਤੇ ਇਸ ਉਪਰ ਆਪਣਾ ਪ੍ਰਭਾਵ ਪਾਇਆ। ਆਪ ਨੇ, ਪੰਜਾਬ ਤੇ ਬੰਬਈ ਵਿਚਲੀਆਂ ਵਿਦਿਅਕ ਅਤੇ ਅਕਾਦਮਿਕ ਸੰਸਥਾਵਾਂ ਵਿਚ, ਆਪਣਾ ਬਹੁਤ ਯੋਗਦਾਨ ਪਾਇਆ। ਆਪ ਇਕ ਪ੍ਰਸਿੱਧ ਵਾਰਤਕ ਲੇਖਕ, ਬਾਣੀ ਦੇ ਟੀਕਾਕਾਰ, ਕੋਸ਼ਕਾਰ ਅਤੇ ਸਵੈ-ਜੀਵਨੀ ਲੇਖਕ ਰਹੇ। ਮਹਾਰਾਜਾ ਪਟਿਆਲਾ ਵੱਲੋਂ ਆਪ ਨੂੰ, ਮਹਿੰਦਰਾ ਕਾਲਜ ਪਟਿਆਲਾ ਦਾ ਪ੍ਰਿੰਸੀਪਲ ਨਿਯੁਕਤ ਕੀਤਾ ਗਿਆ, ਤਾਂ ਆਪ ਨੇ, 4-5 ਸਾਲਾਂ ਵਿਚ ਹੀ ਕਾਲਜ ਦੀ ਨੁਹਾਰ ਬਦਲ ਕੇ ਰੱਖ ਦਿੱਤੀ।

## (ii) ਸ਼ੈਲੀਗਤ ਵਿਸ਼ੇਸ਼ਤਾ

ਪ੍ਰਿੰਸੀਪਲ ਤੇਜਾ ਸਿੰਘ, ਪੰਜਾਬੀ ਬੋਲੀ ਤੇ ਭਾਸ਼ਾ ਨੂੰ, ਬਹੁਤ ਪਿਆਰ ਕਰਨ ਵਾਲ਼ੇ ਅਤੇ ਸਿੱਖ ਧਰਮ ਨਾਲ਼ ਜੁੜੇ, ਉੱਘੇ ਵਿਦਵਾਨ ਸਨ। ਜ਼ਿੰਦਗੀ ਦੀਆਂ ਤਲਖ਼ ਹਕ਼ੀਕ਼ਤਾਂ, ਅਧਿਆਪਕਾਂ ਦੀ ਹੱਲਾਸ਼ੇਰੀ ਤੇ ਪ੍ਰੇਰਨਾ ਸਦਕਾ ਆਪ ਨੇ, ਆਪਣੀ ਜ਼ਿੰਦਗੀ ਵਿਚ ਅਤੇ ਅਕਾਦਮਿਕ ਜਗਤ ਵਿਚ, ਬੜੇ ਮਾਅਰਕੇ ਵਾਲ਼ੇ ਕੰਮ ਕੀਤੇ। ਬਹੁ-ਭਾਸ਼ਾਈ ਗਿਆਨ ਰੱਖਣ ਵਾਲ਼ੇ, ਇਸ ਲੇਖਕ ਦੀ ਸਵੈ-ਜੀਵਨੀ, ਉਸ ਦੀ ਸ਼ਖ਼ਸੀਅਤ, ਵਿਚਾਰਧਾਰਾ ਅਤੇ ਸੰਘਰਸ਼ ਦੀ, ਹੂਬਹੂ ਤਸਵੀਰ ਪੇਸ਼ ਕਰਦੀ ਹੈ। ਪਾਠ-ਪੁਸਤਕ ਵਿਚਲਾ ਸਵੈ-ਜੀਵਨੀ ਅੰਸ਼, 'ਮਹਿੰਦਰਾ ਕਾਲਜ ਪਟਿਆਲਾ' ਤੋਂ ਪਤਾ ਲੱਗਦਾ ਹੈ ਕਿ ਆਪ, ਦੂਜਿਆਂ ਦੀ ਮਦਦ ਕਰਨ ਵਾਲ਼ੇ ਅਤੇ ਹਰ ਕਿਸੇ ਨੂੰ ਖਿੜੇ ਮੱਥੇ ਸਵੀਕਾਰ ਕਰਨ ਵਾਲ਼ੇ ਵਿਅਕਤੀ ਸਨ।

ਲੋਕ-ਹਿੱਤ ਅਤੇ ਸਹਿਜਤਾ ਕਾਰਨ, ਆਪ ਆਪਣੇ ਨਾਲ਼ ਸੰਬੰਧਿਤ ਵਿਅਕਤੀਆਂ ਅਤੇ ਆਪਣੇ ਪਾਠਕਾਂ ਉਪਰ, ਆਪਣਾ ਅਮਿੱਟ ਪ੍ਰਭਾਵ ਛੱਡਦੇ ਸਨ। ਆਪ ਦੀਆਂ ਰਚਨਾਵਾਂ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਆਪ, ਆਪਣੀ ਲਿਖਣ-ਸ਼ੈਲੀ ਵਿਚ ਸਹਿਜ, ਸਰਲ, ਸਪੱਸ਼ਟ ਹਨ ਅਤੇ ਪਾਠਕਾਂ ਦੀ ਪਹੁੰਚ ਤੋਂ ਬਾਹਰ, ਬਿਲਕੁਲ ਨਹੀਂ ਜਾਂਦੇ। ਜਿਵੇਂ ਕਿ :-

"ਅਸੀਂ ਤੁਹਾਨੂੰ ਲੈਣ ਆਏ ਹਾਂ, ਸਾਡੇ ਪਾਸ ਤਿੰਨ ਥਾਵਾਂ ਹਨ; ਇਕ ਵਿਦਿਅਕ ਮਹਿਕਮੇ ਦੀ ਡਾਇਰੈਕਟਰੀ, ਦੂਜੀ ਪੰਜਾਬੀ ਮਹਿਕਮੇ ਦੀ ਸਕੱਤਰੀ ਤੇ ਤੀਜੀ ਮਹਿੰਦਰਾ ਕਾਲਜ ਦਾ ਪ੍ਰਿੰਸੀਪਲ" (ਪੰਨਾ : 21) ਦਾ ਅਹੁਦਾ। ਇਹਨਾਂ ਵਿਚੋਂ ਕੋਈ ਵੀ ਲੈ ਲਓ। ਇਉਂ, ਲੇਖਕ ਵੱਲੋਂ ਕਹੇ ਸ਼ਬਦ, ਉਸ ਦੀ ਆਪਣੀ ਸ਼ਖ਼ਸੀਅਤ ਅਤੇ ਕੰਮ ਪ੍ਰਤਿ ਲਗਨ ਨੂੰ ਉੱਭਾਰਣ ਵਾਲ਼ੇ ਹਨ। ਲਗਨ ਤੇ ਮਿਹਨਤ ਸਦਕਾ ਉੱਚੀਆਂ ਪ੍ਰਾਪਤੀਆਂ ਕਰਨ ਵਾਲ਼ਾ ਇਹ ਲੇਖਕ, ਕਿਸੇ ਵੀ ਪੱਖੋਂ, ਨਿਰਾਸ਼ਾਵਾਦੀ ਰਵੱਈਆ ਨਾ ਅਪਣਾਉਣ ਵਾਲ਼ਾ ਜਾਂ ਉਸ ਦੀ ਹਾਮੀ ਭਰਨ ਤੋਂ ਗੁਰੇਜ਼ ਕਰਨ ਵਾਲ਼ਾ, ਸੇਵਾ ਭਾਵਨਾ ਨਾਲ਼ ਭਰਿਆ ਹੋਇਆ, ਆਪਣੀ ਗੱਲ ਨੂੰ ਸਹਿਜ ਤੇ ਸਪੱਸ਼ਟ ਤਰੀਕੇ ਨਾਲ਼ ਕਹਿਣ ਵਾਲ਼ਾ ਹੈ। ਇਹ ਸਾਰਾ ਕੁੱਝ ਹੇਠਲੀਆਂ ਪੰਕਤੀਆਂ ਤੋਂ ਬਾਖ਼ੂਬੀ ਪ੍ਰਮਾਣਿਤ ਹੁੰਦਾ ਹੈ :-

"ਪਰ ਨਾਲ਼ ਹੀ ਮੈਂ ਕਿਹਾ ਕਿ ਅਗਲੇ ਪ੍ਰਿੰਸੀਪਲ ਨੂੰ ਉੱਕਾ ਹੀ ਨਾ ਹਟਾ ਦਿੱਤਾ ਜਾਵੇ, ਸਗੋਂ ਉਸ ਨੂੰ ਉੱਚਿਆ ਕੇ, ਡਾਇਰੈਕਟਰ ਦਾ ਅਹੁਦਾ ਦਿੱਤਾ ਜਾਵੇ।" (ਪੰਨਾ : 21-22) ਠੀਕ ਇਸੇ ਤਰ੍ਹਾਂ ਵਿਦਿਆਰਥੀਆਂ ਅੰਦਰ ਰੁਚੀ ਭਰਨਾ ਤੇ ਉਹਨਾਂ ਦੀ ਹੌਂਸਲਾ ਅਫ਼ਜ਼ਾਈ ਕਰ ਕੇ, ਉਹਨਾਂ ਨੂੰ ਅੱਗੇ ਵੱਧਣ ਦੀ ਸੋਚ, ਉਮੀਦ, ਉਦੇਸ਼ ਨੂੰ ਵੀ ਉੱਭਾਰਦਾ ਹੈ। ਇਉਂ, ਉਹਨਾਂ ਨੇ ਆਪ ਵੀ ਸਫ਼ਲਤਾ ਦੀਆਂ ਪੌੜੀਆਂ ਚੜ੍ਹੀਆਂ ਅਤੇ ਦੂਜਿਆਂ ਨੂੰ ਵੀ, ਇਸ ਪ੍ਰਤਿ ਚੇਤੰਨ ਕੀਤਾ। ਵਿਦਿਆਰਥੀਆਂ ਨੂੰ ਵਿਹਲੜ ਬਣਨ ਤੋਂ ਰੋਕਣ ਦੇ ਸਾਧਨ ਮੁਹੱਈਆ ਕਰਾਏ ਅਤੇ ਉਹਨਾਂ ਦੇ ਦਿਲੋ-ਦਿਮਾਗ਼ ਲਈ, ਹੁਨਰੀ ਅਤੇ ਸਾਹਿਤਕ ਰੁਝਾਨ ਪੈਦਾ ਕੀਤੇ। ਆਪਣੀ ਕਿਰਤ ਵਿਚ ਸਮਾਜਕ ਸਥਿਤੀ ਦੀ ਤਸਵੀਰ ਪੇਸ਼ ਕਰਨਾ ਅਤੇ ਸਰਕਾਰੀ ਮਹਿਕਮਿਆਂ ਵਿਚ ਇਮਾਨਦਾਰ ਅਤੇ ਲਗਨ ਦਾ ਜੋ ਇਨਾਮ ਮਿਲਦਾ ਹੈ, ਉਸ ਪ੍ਰਤਿ ਸਪੱਸ਼ਟ ਰੂਪ ਵਿਚ ਲਿਖ ਕੇ, ਲੇਖਕ ਆਪਣੀ ਸਰਲਤਾ, ਸਪੱਸ਼ਟਤਾ ਤੇ ਸਹਿਜਤਾ ਭਰਪੂਰ ਸ਼ੈਲੀ ਨੂੰ, ਹੋਰ ਵੀ ਉਘੜਵੇਂ ਰੂਪ ਵਿਚ ਪੇਸ਼ ਕਰ ਸਕਿਆ ਹੈ। ਜਿਵੇਂ ਕਿ :-

"ਇਤਨੀ ਪ੍ਰਸੰਸਾ ਦੇ ਹੁੰਦਿਆਂ ਮੈਨੂੰ ਗਰਮੀ ਦੀਆਂ ਛੁੱਟੀਆਂ ਵਿਚ ਨੌਕਰੀਉਂ ਜਵਾਬ ਮਿਲ ਗਿਆ।"

(ਪੰਜਾਬੀ ਸਵੈ-ਜੀਵਨੀ ਅੰਸ਼, ਪੰਨਾ : 23)

ਅੰਗਰੇਜ਼ੀ ਭਾਸ਼ਾ ਵਿਚ ਮੁਹਾਰਤ ਹੋਣ ਕਾਰਨ, ਲੇਖਕ ਦੀ ਸਵੈ-ਜੀਵਨੀ ਵਿਚ, ਅੰਗਰੇਜ਼ੀ ਸ਼ਬਦਾਂ ਦਾ ਆ ਜਾਣਾ, ਸੁਭਾਵਕ ਹੈ। ਇਹ ਲੇਖਕ ਦੀ ਪ੍ਰਤਿਭਾ ਤੇ ਸ਼ੈਲੀ ਨੂੰ ਉਭਾਰਣ ਵਿਚ, ਸਹਾਈ ਵੀ ਹੁੰਦਾ ਹੈ। ਹਮੇਸ਼ਾਂ ਸਕਾਰਾਤਮਕ ਸੋਚ ਨੂੰ, ਆਪਣੇ ਨਾਲ ਲੈ ਕੇ ਚਲਣਾ ਅਤੇ ਨਿਰੰਤਰ ਅੱਗੇ ਵੱਲ ਨੂੰ ਵੱਧਦੇ ਰਹਿਣਾ, ਲੇਖਕ ਦੀ ਨਿੱਜੀ ਜ਼ਿੰਦਗੀ ਦੀਆਂ ਕਦਰਾਂ-ਕੀਮਤਾਂ ਦਾ ਵੀ ਲਖ਼ਾਇਕ ਹੈ। ਲੇਖਕ ਦਾ ਬਹੁ-ਭਾਸ਼ਾਈ ਗਿਆਨ, ਨੈਤਿਕਤਾ, ਬਹੁਪੱਖੀ ਪ੍ਰਤਿਭਾ, ਸਖ਼ਤ ਮਿਹਨਤੀ ਹੋਣਾ, ਲਗਨ, ਪ੍ਰਤੀਬੱਧਤਾ ਵਰਗੇ ਗੁਣ, ਲੇਖਕ ਦੀ ਸ਼ਖ਼ਸੀਅਤ ਨੂੰ ਬਣਾਉਣ ਵਿਚ ਸਹਾਈ ਹੁੰਦੇ ਹਨ। ਇਸ ਸ਼ਖ਼ਸੀ ਉੱਚਤਾ ਕਾਰਨ, ਉਸ ਦੀ ਵਾਰਤਕ-ਸ਼ੈਲੀ ਵਧੇਰੇ ਸਹਿਜ, ਸਰਲ, ਸਪੱਸ਼ਟ ਗੁਣਾਂ ਦੀ ਧਾਰਣੀ ਬਣਦੀ ਹੈ। ਨੰਗੇ ਸੱਚ ਨੂੰ, ਬੇਬਾਕੀ ਨਾਲ਼ ਪਾਠਕਾਂ ਸਾਹਮਣੇ ਰੱਖਣਾ, ਉਹਨਾਂ ਨੂੰ ਸੰਤੁਸ਼ਟਤਾ ਅਤੇ ਅਹਿਸਾਨਮੰਦੀ ਦੀ ਭਾਵਨਾ ਨਾਲ਼ ਵੀ ਜੋੜਦਾ ਹੈ।

## (iii) ਲੇਖਕ ਦਾ ਬਿੰਬ

ਸੋ, ਕਿਹਾ ਜਾ ਸਕਦਾ ਹੈ ਕਿ ਇਹ ਪ੍ਰਿੰ. ਤੇਜਾ ਸਿੰਘ ਦੀ ਸ਼ੈਲੀ ਹੀ ਹੈ, ਜਿਹੜੀ ਆਪ ਦੀਆਂ ਲਿਖਤਾਂ ਨੂੰ ਖ਼ਾਸ ਬਣਾਉਂਦੀ ਹੈ। ਕੁੱਲ ਮਿਲਾ ਕੇ, ਲੇਖਕ ਦਾ ਜਿਹੜਾ ਬਿੰਬ ਉੱਭਰਦਾ ਹੈ, ਉਹ ਲਗਨ, ਮਿਹਨਤੀ, ਸੱਚਾਈ, ਉਸਾਰੂ ਤੇ ਇਮਾਨਦਾਰ ਵਿਅਕਤੀ ਵਾਲ਼ਾ ਬਣਦਾ ਹੈ। ਉਹ ਆਪਣੀ ਜ਼ਿੰਮੇਵਾਰੀ ਨੂੰ, ਪੂਰੀ ਤਨ-ਦੇਹੀ ਤੇ ਸ਼ਿੱਦਤ ਨਾਲ਼ ਨਿਭਾਉਣ ਦਾ ਕਾਰਜ, ਪੂਰਾ ਕਰਦਾ ਹੈ। ਭਾਵੇਂ, ਉਸ ਦਾ ਇਨਾਮ ਮਿਲੇ ਜਾਂ ਕੁੱਝ ਹੋਰ ਵੀ।

ਬੱਚਿਉ ! ਤੁਹਾਡੀ ਪਾਠ-ਪੁਸਤਕ 'ਪੰਜਾਬੀ ਸਵੈ-ਜੀਵਨੀ ਅੰਸ਼' ਵਿਚਲਾ ਇਹ ਅੰਸ਼ ('ਮਹਿੰਦਰਾ ਕਾਲਜ, ਪਟਿਆਲਾ') ਪ੍ਰਿੰਸੀਪਲ ਤੇਜਾ ਸਿੰਘ ਦੀ ਸਵੈ-ਜੀਵਨੀ ਵਿਚੋਂ ਲਿਆ ਗਿਆ ਹੈ। ਇਸ ਵਿਚ ਉਹਨਾਂ ਨੇ, ਆਪਣੀ ਜ਼ਿੰਦਗੀ ਦੇ ਵਿਸ਼ੇਸ਼ ਸਮੇਂ ਵਿਚ, ਮਿਲੀ ਵਿਸ਼ੇਸ਼ ਕਾਮਯਾਬੀ ਅਤੇ ਉਸ ਅਹੁਦੇ ਦੇ ਵਾਪਸ ਚਲੇ ਜਾਣ ਦੀ ਕਹਾਣੀ ਨੂੰ, ਆਪਣੇ ਲਿਖਣ-ਅੰਦਾਜ਼ ਵਿਚ ਪੇਸ਼ ਕੀਤਾ ਹੈ, ਜੋ ਕਿ ਬੜਾ ਰੋਚਕ ਹੈ। ਇਸ ਦਾ ਪਾਠ ਕਰਦਿਆਂ, ਸਾਨੂੰ ਪਤਾ ਲੱਗਦਾ ਹੈ ਕਿ ਇਹ ਸਾਹਿਤ-ਜਗਤ ਅੰਦਰ, ਪੰਜਾਬੀ ਬੋਲੀ ਅਤੇ ਸਿੱਖ ਧਰਮ ਦੇ ਉੱਘੇ ਵਿਦਵਾਨ ਪ੍ਰਿੰ. ਤੇਜਾ ਸਿੰਘ ਦੀ ਸਵੈ-ਜੀਵਨੀ 'ਆਰਸੀ' ਦਾ, ਇਕ ਬੇਹਤਰੀਨ ਅੰਸ਼ ਹੈ। ਪ੍ਰਿੰ. ਤੇਜਾ ਸਿੰਘ ਨੇ ਉੱਚ ਵਿੱਦਿਆ ਹਾਸਿਲ ਕਰ ਕੇ, ਜਿੱਥੇ ਕਾਲਜਾਂ ਵਿਚ ਧਰਮ, ਇਤਿਹਾਸ ਅਤੇ ਅੰਗਰੇਜ਼ੀ ਵਰਗੇ ਵਿਸ਼ੇ ਪੜ੍ਹਾਏ, ਉੱਥੇ ਸਮਕਾਲੀ ਲਹਿਰਾਂ ਵਿਚ, ਪੂਰੇ ਜ਼ੋਰਾਂ ਨਾਲ਼ ਹਿੱਸਾ ਲੈਂਦਿਆਂ, ਗੁਰਦੁਆਰਾ ਸੁਧਾਰ ਲਹਿਰ ਵਿਚ ਵੀ ਵੱਡਮੁੱਲਾ ਯੋਗਦਾਨ ਪਾਇਆ। ਆਪ ਨੇ ਕਈ ਉੱਚ ਅਹੁਦਿਆਂ ਉਪਰ ਸੇਵਾਵਾਂ ਨਿਭਾਈਆਂ, ਨਾਲ਼ ਹੀ ਵਾਰਤਕ, ਟੀਕਾਕਾਰੀ ਕੋਸ਼ ਅਤੇ ਖੋਜ ਦੇ ਖ਼ੇਤਰ ਵਿਚ, ਨਵੀਂ ਪਿਰਤ ਪਾਉਣ ਦੇ ਨਾਲ਼ ਨਾਲ਼, ਉਸ ਨੂੰ ਵਿਗਿਆਨਕ ਰੰਗ ਵੀ ਦਿੱਤਾ। ਆਪਣੀਆਂ ਕਿਰਤਾਂ ਨਾਲ਼, ਪੰਜਾਬੀ ਸਾਹਿਤ ਤੇ ਸੱਭਿਆਚਾਰ ਨੂੰ ਪ੍ਰਭਾਵਿਤ ਕਰਨ ਵਾਲ਼ਾ ਲੇਖਕ, ਅਨੇਕਾਂ ਸਨਮਾਨਾਂ ਨਾਲ਼ ਨਿਵਾਜਿਆ ਗਿਆ। ਪ੍ਰਿੰਸੀਪਲ ਤੇਜਾ ਸਿੰਘ ਦੀ ਸਵੈ-ਜੀਵਨੀ ਸਰਵ ਸ੍ਰੇਸ਼ਠ ਸਵੈ-ਜੀਵਨੀਆਂ ਵਿਚੋਂ, ਇਕ ਮੰਨੀ ਜਾਂਦੀ ਹੈ।

'ਮਹਿੰਦਰਾ ਕਾਲਜ ਪਟਿਆਲਾ' ਵਿਚਲੇ ਅੰਸ਼ ਵਿਚ ਲੇਖਕ ਨੇ, ਆਪਣੀ ਜ਼ਿੰਦਗੀ ਦੇ ਉਨ੍ਹਾਂ ਦਿਨਾਂ ਦਾ ਖ਼ੂਬਸੂਰਤ ਵਰਣਨ ਕੀਤਾ ਹੈ, ਜਿਨ੍ਹਾਂ ਦਿਨਾਂ ਵਿਚ ਆਪ ਨੂੰ ਮਹਿੰਦਰਾ ਕਾਲਜ ਪਟਿਆਲਾ ਦਾ ਪ੍ਰਿੰਸੀਪਲ ਨਿਯੁਕਤ ਕਰਨ ਦੀ ਤਿਆਰੀ ਕੀਤੀ ਗਈ। ਬੇਹੱਦ ਸਾਹਸੀ, ਲਗਨ ਵਾਲ਼ੇ ਪ੍ਰਿੰ. ਤੇਜਾ ਸਿੰਘ ਨੇ, ਕਦੇ ਵੀ, ਕਿਸੇ ਕੰਮ ਨੂੰ ਹੱਥ ਵਿਚ ਲੈ ਕੇ, ਪਿੱਛੇ ਮੁੜ ਕੇ ਨਾ ਵੇਖਿਆ। ਸਗੋਂ, ਜੋ ਵੀ ਜ਼ਿੰਮੇਵਾਰੀ ਦਿੱਤੀ ਗਈ, ਉਸ ਨੂੰ ਪੂਰੀ ਇਮਾਨਦਾਰੀ ਅਤੇ ਸ਼ਿੱਦਤ ਨਾਲ਼ ਪੂਰੀ ਉੱਚਾਈ 'ਤੇ ਪਹੁੰਚਾਇਆ ਅਤੇ ਨਿਸਚਿਤ ਸਮੇਂ ਵਿਚ ਪੂਰਾ ਕੀਤਾ। ਉਸ ਦੇ ਪੜ੍ਹੇ-ਲਿਖੇ ਹੋਣ ਕਾਰਨ, ਹਮੇਸ਼ਾਂ ਹੀ ਉਸ ਵਾਸਤੇ, ਖ਼ਾਸ ਥਾਂ ਬਣਾ ਕੇ ਰੱਖੀ ਜਾਂਦੀ। ਉਦਾਹਰਣ ਦੇ ਤੌਰ 'ਤੇ, ਸਵੈ-ਜੀਵਨੀ ਅੰਸ਼ ਦੀਆਂ ਇਨ੍ਹਾਂ ਸਤਰਾਂ ਨੂੰ ਹੀ ਵੇਖੋ :-

> "ਬੰਬਈ ਛੱਡਣ ਤੋਂ ਪਹਿਲਾਂ, ਜਸਟਿਸ ਤੇਜਾ ਸਿੰਘ ਜੀ ਨੇ ਮੇਰੇ ਲਈ, ਪੰਜਾਬੀ ਯੂਨੀਵਰਸਿਟੀ ਵਿਚ ਥਾਂ ਬਣਾ ਰੱਖੀ ਸੀ। ਉਨ੍ਹਾਂ ਨੇ ਯੂਨੀਵਰਸਿਟੀ ਵਿਚ, ਪੰਜਾਬੀ ਕੋਸ਼ ਅਤੇ ਪੰਜਾਬੀ-ਹਿੰਦੀ ਪੁਸਤਕਾਂ ਤਿਆਰ ਕਰਨ ਲਈ, ਇਕ ਪਬਲੀਕੇਸ਼ਨ ਬਿਊਰੋ ਬਣਵਾਇਆ ਸੀ, ਜਿਸ ਦਾ ਮੈਨੂੰ ਸਕੱਤਰ ਥਾਪਿਆ ਗਿਆ।"

(ਪੰਜਾਬੀ ਸਵੈ-ਜੀਵਨੀ ਅੰਸ਼, ਪੰਨਾ : 21)

ਪੰਜਾਬੀ ਯੂਨੀਵਰਸਿਟੀ ਵਿਚ ਆਪਣੀਆਂ ਸੇਵਾਵਾਂ ਨਿਭਾਉਂਦਿਆਂ, ਅਜੇ ਕੁੱਝ ਸਮਾਂ ਹੀ ਬੀਤਿਆ ਸੀ। ਜਦੋਂ ਲੇਖਕ ਨੂੰ, ਤਿੰਨ ਇਹੋ ਜਿਹੀਆਂ ਥਾਵਾਂ ਵਿਚੋਂ, ਕਿਸੇ ਇਕ ਉਪਰ ਨਿਯੁਕਤ ਕਰਨ ਦਾ ਫ਼ੈਸਲਾ ਕੀਤਾ ਗਿਆ। ਜੋ ਹੋਰ ਵੀ ਜ਼ਿੰਮੇਵਾਰੀ ਵਾਲ਼ੀਆਂ ਸਨ ਅਤੇ ਜਿੱਥੇ ਲੇਖਕ ਵਰਗੇ ਸਿਰੜੀ, ਇਮਾਨਦਾਰ ਅਤੇ ਆਪਣੇ ਖ਼ੇਤਰ ਵਿਚ ਮੁਹਾਰਤ ਰੱਖਣ ਵਾਲ਼ੇ ਇਨਸਾਨ/ਸ਼ਖ਼ਸੀਅਤ ਦੀ ਲੋੜ ਸੀ। ਇਹ ਮਹਿਕਮੇ ਸਨ : ਇਕ, ਵਿਦਿਅਕ ਮਹਿਕਮੇ ਦਾ ਡਾਇਰੈਕਟਰ, ਦੂਜਾ, ਪੰਜਾਬੀ ਮਹਿਕਮੇ ਦਾ ਸਕੱਤਰ ਅਤੇ ਤੀਜਾ, ਮਹਿੰਦਰਾ ਕਾਲਜ ਦਾ ਪ੍ਰਿੰਸੀਪਲ। ਸੋ, ਲੇਖਕ ਨੇ ਕਾਲਜ ਦੀ ਪ੍ਰਿੰਸੀਪਲਸ਼ਿਪ ਕੇਵਲ ਇਸ ਕਰ ਕੇ ਚੁਣੀ, ਕਿਉਂਕਿ ਪੜ੍ਹਨਾ ਉਸ ਦਾ ਸ਼ੌਕ ਅਤੇ ਪੜ੍ਹਾਉਣਾ ਉਹਦਾ ਝੱਸ ਸੀ। ਜਸਟਿਸ ਤੇਜਾ ਸਿੰਘ ਨੂੰ, ਬਿਨਾਂ ਦੱਸੇ ਹੀ ਲੇਖਕ ਨੇ, ਇਸ ਅਹੁਦੇ ਵਾਸਤੇ ਹਾਂ ਕਰ ਦਿੱਤੀ। ਪਰ, ਇਸ ਦੇ ਨਾਲ਼ ਹੀ, ਉਸ ਨੂੰ ਆਪਣੇ ਸਭ ਤੋਂ ਸਿਆਣੇ ਦੋਸਤ ਦੀ ਨਾਰਾਜ਼ਗੀ ਵੀ ਝੱਲਣੀ ਪਈ। ਜਿਸ ਦਾ ਉਸ ਨੂੰ, ਬੇਹੱਦ ਅਫ਼ਸੋਸ ਹੋਇਆ।

ਲੇਖਕ ਦੇ ਸਾਹਮਣੇ, ਇਕ ਬਹੁਤ ਵੱਡੀ ਚੁਣੌਤੀ ਸੀ। ਹਾਲਾਂਕਿ, ਵਿਦਿਆਰਥੀਆਂ ਦੀ ਗਿਣਤੀ ਭਾਵੇਂ, ਪਹਿਲਾਂ ਨਾਲ਼ੋਂ ਦੁੱਗਣੀ ਹੋ ਚੁੱਕੀ ਸੀ, ਪਰ ਵਿਵੱਸਥਾ ਬਿਲਕੁਲ ਡਾਵਾਂਡੋਲ ਸੀ। ਵਿਦਿਆਰਥੀਆਂ ਦਾ ਵਿਹਲੜਪੁਣਾ, ਉਹਨਾਂ ਨੂੰ ਨਜ਼ਰ ਆਉਂਦਾ। ਉਨ੍ਹਾਂ ਅੰਦਰ ਸਾਹਿਤਕ ਚਿੰਣਗ ਲਾਉਣ ਲਈ, ਜਿੱਥੇ ਵੱਖ ਵੱਖ ਉਪਰਾਲੇ ਕੀਤੇ, ਉੱਥੇ ਹੀ ਤ੍ਰੈਭਾਸ਼ੀ

(ਹਿੰਦੀ, ਪੰਜਾਬੀ, ਅੰਗਰੇਜ਼ੀ) ਦੇ ਨਾਟਕ ਕਰਵਾਉਣ ਦੇ ਨਾਲ਼ ਨਾਲ਼, ਸੰਗੀਤਕ ਜਲਸਿਆਂ ਦਾ ਆਯੋਜਨ ਵੀ ਕਰਵਾਇਆ। ਨਤੀਜੇ ਵਜੋਂ, ਵਿਹਲੇ ਰਹਿੰਦੇ ਵਿਦਿਆਰਥੀਆਂ ਦੀ, ਕਲਾਕਾਰਾਂ ਵਜੋਂ ਮੰਗ ਨੇ ਜ਼ੋਰ ਫੜਿਆ।

ਇਸੇ ਲਈ ਕਿਹਾ ਜਾਂਦਾ ਹੈ ਕਿ ਪੜ੍ਹਾਈ ਦਾ ਸ਼ੌਕ ਪਾਲਣ ਅਤੇ ਪੜ੍ਹਾਉਣ ਵਾਲ਼ਾ ਅਧਿਆਪਕ, ਹਮੇਸ਼ਾਂ ਹੀ ਉਸਾਰੂ ਸੋਚ ਸਦਕਾ, ਸਮਾਜ ਨੂੰ ਨਵੀਆਂ ਲੀਹਾਂ 'ਤੇ ਤੋਰਨ ਦੇ ਉਪਰਾਲੇ ਕਰਦਾ ਹੈ। ਨਿਘਾਰ ਵਾਲ਼ੇ ਪਾਸੇ ਜਾ ਰਹੇ ਕਾਲਜ ਦੀ ਹਾਲਤ ਨੂੰ ਸੁਧਾਰਣ ਲਈ, ਖੇਡਾਂ ਦੀ ਹਾਲਤ ਸੁਧਾਰਣ ਦਾ ਵੀ ਜ਼ਿੰਮਾ, ਲੇਖਕ ਨੇ ਚੁੱਕਿਆ। ਐਮ.ਏ. ਸ਼ੁਰੂ ਕਰਵਾਈ ਗਈ। ਬੀ.ਐੱਸ.ਸੀ. ਵਰਗੇ ਕੋਰਸ ਸ਼ੁਰੂ ਕਰਵਾਏ। ਚੰਗੇ ਅਧਿਆਪਕਾਂ ਦੀ ਵਜ੍ਹਾ ਕਾਰਨ, ਨਤੀਜਿਆਂ ਵਿਚ ਸੁਧਾਰ ਹੋਣ ਲੱਗਾ। ਇਸ ਦੇ ਨਾਲ਼ ਹੀ, ਜਿਸ ਕਾਲਜ ਦਾ ਖੇਡਾਂ ਵਿਚ ਯੋਗਦਾਨ ਮਨਫ਼ੀ ਹੋ ਚੁੱਕਿਆ ਸੀ, ਉੱਥੇ ਪ੍ਰੋ. ਹਰਬੇਲ ਸਿੰਘ ਨੂੰ ਬੁਲਾ ਕੇ, ਖੇਡਾਂ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਉਪਰਾਲੇ ਕੀਤੇ। ਤੇਰ੍ਹਾਂ ਸਾਲਾਂ ਦੇ ਇਤਿਹਾਸ ਵਿਚ ਜਦੋਂ ਪਹਿਲੀ ਵਾਰ, ਹਾਕੀ ਦੀ ਟਰਾਫ਼ੀ ਮਹਿੰਦਰਾ ਕਾਲਜ ਨੂੰ ਮਿਲ਼ੀ ਤਾਂ, ਲੇਖਕ ਦੀ ਖ਼ੁਸ਼ੀ ਦਾ ਠਿਕਾਣਾ ਨਹੀਂ ਸੀ। ਜਿਵੇਂ ਕਿ : "ਯੂਨੀਵਰਸਿਟੀ ਟੂਰਨਾਮੈਂਟ ਵਿਚ, ਜਿੱਥੇ ਖ਼ਾਲਸਾ ਕਾਲਜ ਹਮੇਸ਼ਾਂ ਅੱਵਲ ਰਹਿੰਦਾ ਸੀ, ਉਸ ਦੀ ਥਾਵੇਂ ਮਹਿੰਦਰਾ ਕਾਲਜ ਨੇ ਪਹਿਲਾਂ ਪਹਿਲ ਮੱਲੀ ਅਤੇ ਖ਼ਾਲਸਾ ਕਾਲਜ ਦੇ 26 ਪੁਆਇੰਟ ਦੇ ਟਾਕਰੇ 'ਤੇ, 68 ਪੁਆਇੰਟ ਪ੍ਰਾਪਤ ਕੀਤੇ। ਐਥਲੈਟਿਕਸ ਵਿਚ ਇਕੋ ਵਾਰ, ਕਈ ਨਵੇਂ ਰਿਕਾਰਡ ਕਾਇਮ ਕੀਤੇ।" (ਪੰਜਾਬੀ ਸਵੈ-ਜੀਵਨੀ ਅੰਸ਼, ਪੰਨਾ : 23)

ਇਸ ਪ੍ਰਕਾਰ ਲੇਖਕ ਵੱਲੋਂ, ਕਾਲਜ ਦੇ ਸਰਵਪੱਖੀ ਵਿਕਾਸ ਵਿਚ ਪਾਏ ਯੋਗਦਾਨ ਦੀ, ਹਰ ਪਾਸੇ ਸ਼ਲਾਘਾ ਹੋਣੀ ਸੁਭਾਵਕ ਸੀ। ਵਿੱਦਿਆ ਮੰਤਰੀ, ਵਿਦਿਅਕ ਸਕੱਤਰ, ਵਿਦਿਅਕ ਡਾਇਰੈਕਟਰ ਦੇ ਨਾਲ਼, ਹਿਜ਼ ਹਾਈਨੈੱਸ ਵੱਲੋਂ ਵੀ, ਲੇਖਕ ਨੂੰ ਵਧਾਈਆਂ ਮਿਲੀਆਂ। ਪਰ, ਨਾਲ਼ ਹੀ, ਉਸ ਨੂੰ, ਉਸ ਦੀ ਮਿਹਨਤ ਅਤੇ ਲਗਨ ਦਾ ਇਨਾਮ, ਨੌਕਰੀਓਂ ਜਵਾਬ ਦੇ ਰੂਪ ਵਿਚ ਮਿਲਿਆ। ਕਾਰਨ, ਪਤਾ ਨਹੀਂ ਸਨ। ਕਿਹਾ ਜਾਂਦਾ ਹੈ ਕਿ ਜਦੋਂ ਵੀ ਕਿਸੇ ਜੰਗਲ ਦੀ ਕੱਟਾਈ ਸ਼ੁਰੂ ਹੁੰਦੀ ਹੈ, ਤਾਂ ਸਭ ਤੋਂ ਪਹਿਲਾਂ ਮਿਹਨਤੀ ਅਤੇ ਇਮਾਨਦਾਰ ਲੋਕਾਂ ਨੂੰ, ਬਾਹਰ ਦਾ ਰਸਤਾ ਦਿਖਾਇਆ ਜਾਂਦਾ ਹੈ। ਭਾਵ, ਪਹਿਲਾਂ ਸਿੱਧੇ ਦਰੱਖ਼ਤ ਹੀ ਕੱਟੇ ਜਾਂਦੇ ਹਨ। ਹਿਜ਼ ਹਾਈਨੈੱਸ ਸ੍ਰੀ ਰਾਜ ਪ੍ਰਮੁੱਖ ਵੱਲੋਂ ਲਿਆ ਗਿਆ ਅਜਿਹਾ ਫ਼ੈਸਲਾ, ਕਿਸੇ ਨੂੰ ਵੀ ਸਮਝ ਵਿਚ ਨਾ ਆਇਆ। ਨਤੀਜੇ ਵਜੋਂ, ਲੇਖਕ ਦਾ ਹੈਰਾਨੀ ਦੇ ਨਾਲ਼ ਨਾਲ਼, ਦੁੱਖੀ ਹੋਣਾ ਸੁਭਾਵਕ ਸੀ। ਇਹੋ ਜਿਹੀ ਨਾਜ਼ੁਕ ਸਥਿਤੀ ਵਿਚ, ਜਿਸ ਚੀਜ਼ ਨੇ ਉਸ ਨੂੰ ਹੌਂਸਲਾ ਦਿੱਤਾ, ਉਹ ਸੀ, ਯਾਦਵਿੰਦਰ ਵੱਲੋਂ ਲਿਖਿਆ ਗਿਆ ਖ਼ੱਤ। ਜਿਸ ਵਿਚ ਉਸ ਨੇ, ਜਿੱਥੇ ਲੇਖਕ ਦੇ ਰਿਟਾਇਰ ਹੋਣ ਤੋਂ ਬਾਅਦ, ਨਾ ਮਿਲਣ ਦੀ ਮਾਫ਼ੀ ਮੰਗੀ, ਉੱਥੇ ਹੀ, ਸਰਕਾਰ ਵੱਲੋਂ ਲੇਖਕ ਨੂੰ ਹਟਾਉਣ ਲਈ ਲਏ ਗਏ ਫ਼ੈਸਲੇ ਪ੍ਰਤਿ ਵੀ, ਉਸ ਨੂੰ ਬੇਹੱਦ ਮਾਯੂਸੀ ਸੀ। ਯਾਦਵਿੰਦਰ ਜਾਣਦੇ ਸਨ ਕਿ ਲੇਖਕ ਦੇ ਕਾਲਜ ਦੇ ਪ੍ਰਿੰਸੀਪਲ ਸਮੇਂ ਵਿਚ, ਕਾਲਜ ਨੇ ਪੜ੍ਹਾਈ ਵਿਚ ਹੀ ਨਹੀਂ, ਸਗੋਂ ਖੇਡਾਂ ਵਿਚ ਵੀ ਮੱਲਾਂ ਮਾਰੀਆਂ ਸਨ। ਪਰ, ਨਾਲ਼ ਹੀ ਉਸ ਨੇ ਲੇਖਕ ਨੂੰ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਵਿਚ ਕੀਤੇ ਜਾ ਰਹੇ ਉਲਥੇ ਦੇ ਕੰਮ ਲਈ ਵੀ ਹੱਲਾਸ਼ੇਰੀ ਦਿੱਤੀ। ਜੋ ਕਿ ਪੰਥ ਦੀ ਇਕ ਬੇਹੱਦ ਵੱਡੀ ਸੇਵਾ ਸੀ। ਇਸ ਖ਼ੱਤ ਸਦਕਾ ਲੇਖਕ ਨੂੰ, ਕੁੱਝ ਧਰਵਾਸ ਮਿਲਿਆ ਅਤੇ ਨਾਲ਼ ਹੀ ਗਿਆਨ ਸਿੰਘ ਵੱਲੋਂ, ਉਸ ਨੂੰ ਰਹਿਣ ਲਈ ਦਿੱਤੇ ਗਏ ਮਕਾਨ ਕਾਰਨ ਵੀ, ਉਸ ਦਾ ਮਨ ਸ਼ਾਂਤ ਸੀ।

ਸੋ, ਜ਼ਿੰਦਗੀ ਦੀਆਂ ਅਹਿਮ ਸਥਿਤੀਆਂ ਵਿਚ ਲਏ ਫ਼ੈਸਲੇ ਅਤੇ ਹੋਰਨਾਂ ਵੱਲੋਂ ਲਏ ਫ਼ੈਸਲਿਆਂ ਨੇ, ਜਿੱਥੇ ਲੇਖਕ ਦੀ ਜ਼ਿੰਦਗੀ ਨੂੰ ਅਨੇਕਾਂ ਉੱਚੇ ਪੱਧਰਾਂ 'ਤੇ ਬਿਠਾਇਆ, ਉੱਥੇ ਹੀ ਉਸ ਨਾਲ਼ ਹੋਈ ਬੇਇਨਸਾਫ਼ੀ ਦਾ ਵੀ, ਉਸ ਨੂੰ ਕਾਰਨ ਨਾ ਪਤਾ ਲੱਗ ਸਕਿਆ। ਜੋ ਵੀ ਹੋਵੇ, ਉਸ ਦੇ ਸਾਰੇ ਗਿਲ਼ੇ-ਸ਼ਿਕਵੇ, ਉਸ ਵੇਲੇ ਦੂਰ ਹੋ ਗਏ, ਜਦੋਂ ਪੈਪਸੂ ਸਰਕਾਰ ਨੇ ਪੰਜਾਬੀ ਮਹਿਕਮੇ ਵੱਲੋਂ ਲੇਖਕ ਨੂੰ, ਅਭਿਨੰਦਨ ਗ੍ਰੰਥ ਪੇਸ਼ ਕਰ ਕੇ ਸਨਮਾਨਤ ਕੀਤਾ।

## ਪ੍ਰਸ਼ਨਾਵਲੀ

**ਪ੍ਰਸ਼ਨ** : ਮਹਿੰਦਰਾ ਕਾਲਜ ਵਿਚ, ਪ੍ਰਿੰਸੀਪਲ ਦਾ ਚਾਰਜ ਸੰਭਾਲਣ ਵੇਲ਼ੇ, ਕੌਣ ਪ੍ਰਿੰ. ਤੇਜਾ ਸਿੰਘ ਤੋਂ ਨਾਰਾਜ਼ ਹੋ ਗਿਆ ਤੇ ਕਿਉਂ ?

**ਉੱਤਰ** : ਮਹਿੰਦਰਾ ਕਾਲਜ ਵਿਚ ਪ੍ਰਿੰਸੀਪਲ ਦਾ ਚਾਰਜ ਸੰਭਾਲਣ ਵੇਲ਼ੇ, ਲੇਖਕ ਦੇ ਕਿਰਪਾਲੂ ਮਿੱਤਰ ਜਸਟਿਸ

ਤੇਜਾ ਸਿੰਘ, ਉਨ੍ਹਾਂ ਨਾਲ਼ ਬੇਹੱਦ ਨਾਰਾਜ਼ ਹੋਏ। ਕਿਉਂਕਿ, ਜਸਟਿਸ ਤੇਜਾ ਸਿੰਘ ਨੇ, ਲੇਖਕ ਵਾਸਤੇ ਪੰਜਾਬ ਯੂਨੀਵਰਸਿਟੀ ਵਿਖੇ, ਪੰਜਾਬੀ ਕੋਸ਼ ਅਤੇ ਪੰਜਾਬੀ-ਹਿੰਦੀ ਪੁਸਤਕਾਂ ਤਿਆਰ ਕਰਨ ਲਈ, ਪਬਲੀਕੇਸ਼ਨ ਬਿਊਰੋ ਬਣਾਇਆ ਸੀ। ਉਸ ਦਾ ਸਕੱਤਰ, ਲੇਖਕ ਨੂੰ ਥਾਪਿਆ ਗਿਆ ਸੀ। ਪ੍ਰੰਤੂ, ਮਹਿੰਦਰਾ ਕਾਲਜ ਜਾਣ ਬਾਰੇ ਲੇਖਕ ਨੇ, ਉਨ੍ਹਾਂ ਨਾਲ਼ ਬਿਨਾਂ ਸਲਾਹ-ਮਸ਼ਵਰਾ ਕੀਤੇ ਹੀ, ਮਹਿੰਦਰਾ ਕਾਲਜ ਦਾ ਪ੍ਰਿੰਸੀਪਲ ਬਣਨ ਦਾ ਨਿਰਣਾ ਲੈ ਲਿਆ ਸੀ।

**ਪ੍ਰਸ਼ਨ** : ਪ੍ਰਿੰ. ਤੇਜਾ ਸਿੰਘ ਨੇ ਮਹਿੰਦਰਾ ਕਾਲਜ ਆਉਂਦਿਆਂ ਹੀ, ਕਾਲਜ ਵਿਚ ਕਿਹੜੇ ਕਿਹੜੇ ਬਦਲਾਅ ਲਿਆਂਦੇ?

**ਉੱਤਰ** : ਸਭ ਤੋਂ ਪਹਿਲਾਂ ਪ੍ਰਿੰ. ਤੇਜਾ ਸਿੰਘ ਨੇ ਵਿਹਲੜ ਵਿਦਿਆਰਥੀਆਂ ਲਈ, ਦਿਲੋ-ਦਿਮਾਗ਼ ਵਾਲ਼ੇ ਹੁਨਰੀ ਅਤੇ ਸਾਹਿਤਕ ਪ੍ਰੋਗਰਾਮ ਉਲੀਕੇ। ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਦੇ ਨਾਟਕ/ਸੰਗੀਤਕ ਜਲਸੇ ਕਰਵਾਉਣ ਦੇ ਨਾਲ਼ ਨਾਲ਼, ਹਿੰਦੀ ਅਤੇ ਪੰਜਾਬੀ ਦੇ, ਦੋ ਐੱਮ.ਏ. ਕੋਰਸ ਖੋਲ੍ਹੇ ਤੇ ਚੰਗੇ ਪ੍ਰੋਫ਼ੈਸਰ ਵੀ ਨਿਯੁਕਤ ਕੀਤੇ। ਵੱਡੇ ਪੈਮਾਨੇ ’ਤੇ, ਲੈਬਾਰਟਰੀਆਂ ਉਸਾਰੀਆਂ। ਖੇਡਾਂ ਵਿਚ ਇਕੋ ਸਾਲ ਵਿਚ, ਚਾਰ ਟਰਾਫ਼ੀਆਂ ਜਿੱਤੀਆਂ।

**ਪ੍ਰਸ਼ਨ** : ਮਹਿੰਦਰਾ ਕਾਲਜ ਦੇ ਪ੍ਰਿੰਸੀਪਲ ਦੇ ਅਹੁਦੇ ਤੋਂ ਹਟਾਏ ਜਾਣ ਦੇ ਬਾਵਜੂਦ ਵੀ, ਲੇਖਕ ਨੂੰ ਕਿਹੜੀ ਗੱਲ ਨੇ ਧਰਵਾਸ ਦਿੱਤਾ ?

**ਉੱਤਰ** : ਲੇਖਕ ਨੂੰ ਮਹਿੰਦਰਾ ਕਾਲਜ ਦੇ ਪ੍ਰਿੰਸੀਪਲ ਦੇ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ, ਯਾਦਵਿੰਦਰ ਸਿੰਘ ਵੱਲੋਂ ਲਿਖੇ ਖ਼ੱਤ ਨੇ ਧਰਵਾਸ ਦਿੱਤਾ। ਜਿਸ ਵਿਚ ਉਸ ਨੇ, ਜਿੱਥੇ ਇਕ ਪਾਸੇ ਲੇਖਕ ਨੂੰ ਨਾ ਮਿਲਣ ’ਤੇ ਅਫ਼ਸੋਸ ਜ਼ਾਹਿਰ ਕੀਤਾ, ਉੱਥੇ ਹੀ ਦੂਜੇ ਪਾਸੇ ਸਰਕਾਰ ਵੱਲੋਂ ਲੇਖਕ ਨੂੰ, ਪ੍ਰਿੰਸੀਪਲ ਦੇ ਅਹੁਦੇ ਤੋਂ ਹਟਾਏ ਜਾਣ ਦਾ ਦੁੱਖ ਵੀ ਪ੍ਰਗਟ ਕੀਤਾ। ਇਸ ਦੇ ਨਾਲ਼ ਹੀ ਲੇਖਕ ਵੱਲੋਂ, ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਉਲਥਾ ਕਰਨ ਦਾ ਕੰਮ ਜਾਰੀ ਰੱਖਣ ਲਈ, ਦਿੱਤੀਆਂ ਸ਼ੁਭਕਾਮਨਾਵਾਂ ਨੇ ਵੀ, ਲੇਖਕ ਦੇ ਦਿਲ ਨੂੰ ਤਸੱਲੀ ਦਿੱਤੀ। ਲੇਖਕ ਆਪ ਲਿਖਦਾ ਹੈ ਕਿ : “30 ਮਾਰਚ 1956 ਨੂੰ ਪੈਪਸੂ ਸਰਕਾਰ ਨੇ, ਆਪਣੇ ਪੰਜਾਬੀ ਮਹਿਕਮੇ ਵੱਲੋਂ ਮੈਨੂੰ ਅਭਿਨੰਦਨ ਗ੍ਰੰਥ ਪੇਸ਼ ਕਰਕੇ, ਜੋ ਮੇਰਾ ਸਨਮਾਨ ਕੀਤਾ ਹੈ, ਉਸ ਨੇ ਅਗਲੀਆਂ ਪਿਛਲੀਆਂ, ਸਭ ਕਸਰਾਂ ਕੱਢ ਦਿੱਤੀਆਂ ਹਨ।”

**—0—**

# (3) ‘ਉਹ ਬਰਕਤ ਜਿਹੜੀ ਆਈ, ਆਫ਼ਤ ਦੇ ਰੂਪ ਵਿਚ’ (ਗੁਰਬਖ਼ਸ਼ ਸਿੰਘ ਪ੍ਰੀਤਲੜੀ): ਪਾਠਗਤ ਅਧਿਐਨ

## (i) ਪਾਠਗਤ ਅਧਿਐਨ

“ਉਹ ਬਰਕਤ ਜਿਹੜੀ ਆਈ, ਆਫ਼ਤ ਦੇ ਰੂਪ ਵਿਚ”, ਪੰਜਾਬੀ ਵਾਰਤਕ ਵਿਚ ਮਿਠਾਸ ਭਰਨ ਵਾਲ਼ੇ ਲੇਖਕ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਸਵੈ-ਜੀਵਨੀ ‘ਮੰਜ਼ਲ ਦਿਸ ਪਈ’ ’ਚੋਂ ਲਿਆ ਗਿਆ, ਇਕ ਅੰਸ਼ ਹੈ। ਜਿਸ ਵਿਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਮਨ ਦੀ ਵੇਦਨਾ ਨੂੰ ਪ੍ਰਕਾਸ਼ਮਾਨ ਕੀਤਾ ਗਿਆ ਹੈ ਕਿ ਕਿਵੇਂ ਵਿਰੋਧ ਵਿਚੋਂ ਵੀ, ਆਪਣੇ ਆਪ ਨੂੰ ਉਪਜਾਉਣਾ ਹੈ। ਇਸ ਪਾਠ ਵਿਚ, ਉਸ ਸਮੇਂ ਦਾ ਵਰਣਨ ਕੀਤਾ ਗਿਆ ਹੈ, ਜਦੋਂ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ, ‘ਪ੍ਰੀਤਲੜੀ’ ਰਸਾਲਾ ਸ਼ੁਰੂ ਕੀਤਾ ਸੀ। “ਬੀਜ ‘ਪ੍ਰੀਤਲੜੀ’ ਦਾ, ਜਿਸ ਨੇ ਮੇਰੇ ਨਾਂ ਦਾ ਭਾਗ ਬਣ ਜਾਣਾ ਸੀ। ਆਹ ! ਕਿਹੜੀ ਘੜੀ ਮੈਥੋਂ ਧਰਿਆ ਗਿਆ ਕਿ ਉਹਦੇ ਪੁੰਗਰਦਿਆਂ ਹੀ, ਉਹ ਕੌੜਾ ਤਜਰਬਾ ਮੇਰੇ ਹਿੱਸੇ ਆਇਆ।” (ਪੰਨਾ : 25)

ਉਹਨਾਂ ਹਾਲਾਤ ਵਿਚ, ਆਰਥਕ ਸਮੱਸਿਆਵਾਂ ਵਿਚੋਂ ਗੁਜ਼ਰ ਰਹੇ ਲੇਖਕ ਨੇ, ਆਪਣੇ ਆਪ ਨੂੰ ਸਿਰਫ਼ ਸਮਰੱਥ ਹੀ ਨਹੀਂ ਬਣਾਇਆ, ਸਗੋਂ ਆਪਣੇ ਮਨ/ਮਸਤਕ ਵਿਚ ਐਸੇ ਵਿਚਾਰ ਪੈਦਾ ਕੀਤੇ ਕਿ ਜੇਕਰ, ਦੋ ਮਾਰਗਾਂ ਵਿਚੋਂ ਕੋਈ ਚੋਣ ਕਰਨੀ ਹੋਵੇ, ਤਾਂ ਉਹ ਮੁਸ਼ਕਲ ਮਾਰਗ ਦੀ ਹੀ ਚੋਣ ਕਰੇ। ਪ੍ਰੀਤਲੜੀ ਨੇ ਜਿੱਥੇ ਪ੍ਰਸੰਸਾ ਅਤੇ ਪਿਆਰ ਝੋਲੀ ਪਾਇਆ, ਉੱਥੇ ਭੰਡੀ ਪ੍ਰਚਾਰ ਅਤੇ ਕੁਫ਼ਰ ਵੀ ਨਾਲ਼ ਨਾਲ਼ ਹੀ ਮਿਲਿਆ, ਜਿਵੇਂ ਕਿ : "ਵੇਖਣਾ ਚਾਹੁੰਦੇ ਹੋ, ਭਲਾ ਨਾਸਤਕ ਕਿਹੋ ਜਿਹਾ ਹੁੰਦੈ"...ਉੱਤਰ ਮਿਲਿਆ ਸੀ "ਨੀ ਗੁਰਬਖ਼ਸ਼ ਸਿੰਘ ਹੈ ਤਾਂ ਆਦਮੀਆਂ ਵਰਗਾ ਹੀ।" (ਪੰਨਾ : 26)

'ਜਿੱਥੇ ਕੰਡੇ ਉੱਥੇ ਫੁੱਲ' ਵਾਲ਼ੀ ਕਹਾਵਤ 'ਤੇ ਪ੍ਰਪੱਕਤਾ ਦੀ ਮੁਹਰ ਲਾਈ। ਇਸ ਦੇ ਨਾਲ਼ ਹੀ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਝੋਲੀ ਵਿਚ, 'ਨਾਸਤਕ' ਦਾ ਖ਼ਿਤਾਬ ਵੀ ਪੈ ਗਿਆ। ਇਸੇ ਕਸ਼ਮਕਸ਼ ਵਿਚ ਨਨਕਾਣਾ ਸਾਹਿਬ ਦੇ ਇਕ ਗਿਆਨੀ ਜੀ ਨੇ ਲੇਖਕ ਨੂੰ, ਗੁਰੂ ਨਾਨਕ ਸਾਹਿਬ ਦੇ ਜਨਮ ਉਤਸਵ ਉਪਰ, ਇਕ ਲੇਖ ਲਿਖਣ ਲਈ ਕਿਹਾ, ਜਿਵੇਂ ਕਿ :-

"ਗਿਆਨੀ ਜੀ, ਮੇਰੀ ਲੇਖਣੀ ਦੇ ਏਡੇ ਪ੍ਰੇਮੀ ਹੋ ਗਏ, ਤੇ ਉਨ੍ਹਾਂ ਨੇ ਇਹੋ ਮਾਣ ਅਤੇ ਜ਼ੋਰ ਨਾਲ਼, ਮੇਰੇ ਕੋਲ਼ੋਂ ਗੁਰੂ ਨਾਨਕ ਸਾਹਿਬ ਦੇ ਜਨਮ-ਉਤਸਵ ਉੱਤੇ, ਮੇਰਾ ਲੇਖ ਮੰਗਿਆ।" (ਪੰਨਾ : 26) ਗਿਆਨੀ ਜੀ ਵੱਲੋਂ ਦਿੱਤੇ ਸਤਿਕਾਰ ਨੂੰ ਮੱਦੇਨਜ਼ਰ ਰੱਖਦੇ ਹੋਏ ਲੇਖਕ ਨੇ, ਉਹ ਲੇਖ ਲਿਖ ਦਿੱਤਾ। ਉਸ ਲੇਖ ਦੀ ਬਹੁਤ ਜ਼ਿਆਦਾ ਪ੍ਰਸੰਸਾ ਹੋਈ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਉਹ ਵੰਡਿਆ ਗਿਆ। ਧਾਰਮਕ ਖ਼ੇਤਰ ਵਿਚ, ਚਰਚਾ ਵਿਚ ਆਉਣ ਕਾਰਨ, ਲੇਖਕ ਤੋਂ ਹੋਰ ਲੇਖ ਵੀ ਮੰਗੇ ਜਾਣ ਲੱਗੇ ਅਤੇ ਮੰਗ ਪੂਰੀ ਨਾ ਹੋਣ 'ਤੇ ਸ਼ਿਕਾਇਤਾਂ ਦਾ ਦੌਰ ਵੀ ਸ਼ੁਰੂ ਹੋਇਆ।

ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਵਸ ਮੌਕੇ, ਗਿਆਨੀ ਜੀ ਨੇ ਫਿਰ, ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਤੋਂ ਲੇਖ ਦੀ ਮੰਗ ਕੀਤੀ। ਨਾਲ਼ ਹੀ ਧਮਕੀ ਭਰੇ ਇਹ ਸ਼ਬਦ ਵੀ ਕਹੇ ਕਿ :-

> "ਜੇ ਮੈਂ ਲੇਖ ਨਾ ਭੇਜਿਆ, ਤਾਂ ਏਨੇ ਸਫ਼ੇ ਉਹ ਆਪਣੇ ਮਾਸਕ ਪੱਤਰ ਵਿਚ ਅਣਛਪੇ ਛੱਡ ਦੇਣਗੇ।" (ਪੰਨਾ : 27)

ਕੀਤੀ ਹੋਈ ਪ੍ਰਸੰਸਾ ਅਤੇ ਦਿੱਤੇ ਹੋਏ ਮਾਣ ਦੀ ਬਦੌਲਤ ਲੇਖਕ ਨੂੰ, ਉਹ ਲੇਖ ਭੇਜਣ ਲਈ ਮਜਬੂਰ ਹੋਣਾ ਪਿਆ। ਲੇਖਕ ਨੇ, ਉਹ ਲੇਖ ਬਹੁਤ ਸਾਰੇ ਅਖ਼ਬਾਰਾਂ ਨੂੰ ਵੀ ਭੇਜਿਆ। ਹੁਣ ਇਹ ਪਤਾ ਨਾ ਲੱਗਿਆ ਕਿ ਅਖ਼ਬਾਰਾਂ ਨੂੰ ਭੇਜਣ ਦੀ ਗੁਸਤਾਖ਼ੀ ਜਾਂ ਫਿਰ ਲੇਖ ਦੇ ਵਿਚ, ਕਿਸੇ ਧਾਰਮਕ ਕਦਰ-ਕੀਮਤ ਦੀ ਉਲੰਘਣਾ ਸੀ ਕਿ ਗਿਆਨੀ ਜੀ ਨੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਲੇਖਕ ਨੂੰ, ਇਹ ਵੀ ਭੰਬਲ-ਭੂਸੇ ਵਿਚ ਪਾ ਦਿੱਤਾ ਕਿ ਇਹ, ਉਸ ਦੀ ਨੀਅਤ ਵਿਚ ਕੋਈ ਫ਼ਰਕ ਹੈ ਜਾਂ ਉਸ ਦੀ ਸ਼ਰਧਾ ਵਿਚ, ਪਰ ਜੋ ਵੀ ਹੈ ਲੇਖਕ ਨੂੰ, ਨਾਸਤਕ ਹੋਣ ਦੇ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਗਿਆ। ਜਿਵੇਂ ਕਿ :-

> "ਬਿਨਾਂ ਮੇਰਾ ਲੇਖ ਪੜ੍ਹੇ-ਵਿਚਾਰੇ, ਗੁਰਦੁਆਰਿਆਂ ਵਿਚ ਮੇਰੇ ਖ਼ਿਲਾਫ਼ ਗੁਰਮਤੇ ਪਾਸ ਹੋਣੇ ਸ਼ੁਰੂ ਹੋ ਗਏ।" (ਪੰਨਾ : 27)

ਪਰ, ਪ੍ਰੋ. ਜੋਧ ਸਿੰਘ, ਪ੍ਰੋ. ਤੇਜਾ ਸਿੰਘ, ਪ੍ਰੋ. ਬਾਵਾ ਹਰਕਿਸ਼ਨ ਸਿੰਘ ਜਿਹੇ ਲੇਖਕਾਂ ਦੇ ਦਿੱਤੇ ਹੌਂਸਲੇ ਨੇ, ਲੇਖਕ ਦੇ ਦਿਲ ਨੂੰ ਧਰਵਾਸ ਦਿੱਤਾ ਕਿ :-

> "ਤੁਸੀਂ ਕਿਉਂ ਏਨੀ ਚਿੰਤਾ ਕਰਦੇ ਹੋ-ਤੁਹਾਡਾ ਲੇਖ ਸੋਲ੍ਹਾਂ ਆਨੇ ਠੀਕ ਸੀ, ਮੈਂ ਸੁਤੰਤਰ ਵਿਦਵਾਨਾਂ ਦਾ ਫ਼ੈਸਲਾ ਲੈ ਲਿਆ ਹੈ, ਇਹ ਬੇਨਾਮੀ ਭੜਕਾਹਟ, ਆਪੇ ਖ਼ਤਮ ਹੋ ਜਾਵੇਗੀ।" (ਪੰਨਾ : 28)

ਭਾਵੇਂ, ਬਹੁਤ ਸਾਰੀਆਂ ਧਾਰਮਕ ਸੰਸਥਾਵਾਂ ਨੇ, ਲੇਖਕ ਦੇ ਖ਼ਿਲਾਫ਼ ਫ਼ਤਵਾ ਜਾਰੀ ਕਰ ਦਿੱਤਾ। ਪਰ, ਨਾਲ਼ ਦੀ ਨਾਲ਼ ਵਿਦਵਾਨਾਂ ਵੱਲੋਂ, ਲੇਖਕ ਦੀ ਪ੍ਰਸੰਸਾ ਵੀ ਹੁੰਦੀ ਰਹੀ। ਪਰ, ਮੁੱਠੀ ਭਰ ਵਿਦਵਾਨ, ਇਸ ਹੋਣ ਵਾਲ਼ੇ ਵਿਰੋਧ ਨੂੰ ਰੋਕ ਨਾ ਸਕੇ।

ਅਬਦੁਲ ਗ਼ਫ਼ਾਰ ਖ਼ਾਨ ਦੀ ਜ਼ਿੰਦਾਦਿਲੀ ਵਾਲ਼ੀ ਤਕਰੀਰ ਨਾਲ਼ ਲੇਖਕ ਵਿਚ, ਜ਼ਿੰਦਗੀ ਭਰ ਗਈ ਅਤੇ ਉਸ ਨੂੰ ਸਮਝ ਆ ਗਈ ਕਿ ਇਹ, ਉਸ ਦਾ ਵਿਰੋਧ ਨਹੀਂ, ਸਗੋਂ ਪੁਨਰ ਜਨਮ ਸੀ :-

> "ਮੇਰੀਓ ਮਾਵੋ ਤੇ ਭੈਣੋ ! ਬਹਾਦਰਾਂ ਦੀਆਂ ਬੇਵਾਵਾਂ ਬਣਨਾ ਚੰਗਾ ਹੈ, ਗ਼ੁਲਾਮਾਂ ਦੀਆਂ ਵਹੁਟੀਆਂ ਬਣਨ ਨਾਲ਼ੋਂ।"

(ਪੰਨਾ : 29)

ਜਿਵੇਂ ਖੜੇ ਪਾਣੀ ਵਿਚ ਰੋੜਾ ਸੁੱਟ ਕੇ, ਕਿਸੇ ਨੇ ਉਸ ਨੂੰ ਰਵਾਨਗੀ ਦੇ ਦਿੱਤੀ ਹੋਵੇ। ਲੇਖਕ ਨੂੰ ਇਹ ਵਿਰੋਧ, ਹੁਣ ਬੁਰਾ ਨਹੀਂ ਸੀ ਲੱਗ ਰਿਹਾ, ਕਿਉਂਕਿ, ਉਸ ਦੇ ਦਿਲ ਨੇ ਮਹਿਸੂਸ ਕਰ ਲਿਆ ਸੀ ਕਿ ਕਿਸੇ ਗੰਦੇ ਨਾਲ਼ੇ ਦੀ ਸਫ਼ਾਈ ਕਰਨੀ ਹੋਵੇ ਤਾਂ ਦੂਰ ਖੜ੍ਹ ਕੇ ਨਹੀਂ ਕੀਤੀ ਜਾ ਸਕਦੀ। ਸਗੋਂ, ਉਸ ਵਿਚ ਉਤਰਨਾ ਹੀ ਪੈਂਦਾ ਹੈ। ਇਸੇ ਲਈ, ਜਦੋਂ ਸਵੇਰੇ ਲੇਖਕ ਉੱਠਿਆ ਤਾਂ ਉਹ ਕੋਈ ਨਵਾਂ ਮਨੁੱਖ ਸੀ ...

ਇਸ ਤਰ੍ਹਾਂ ਗਿਆਨੀ ਜੀ ਨੇ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਜਿਹੜੀ ਦੋਚਿੱਤੀ ਵਿਚ ਪਾ ਦਿੱਤਾ ਸੀ। ਅਬਦੁਲ ਗ਼ਫ਼ਾਰ ਖ਼ਾਂ ਦੀ ਤਹਿਰੀਰ ਨੇ, ਉਸ ਨੂੰ ਨਾ ਸਿਰਫ਼ ਦੋਚਿੱਤੀ ਵਿਚੋਂ ਕੱਢਿਆ, ਸਗੋਂ, ਉਸ ਵਿਚ ਇਕ ਨਵੀਂ ਜ਼ਿੰਦਗੀ; ਇਕ ਨਵੀਂ ਰੂਹ ਭਰ ਦਿੱਤੀ। ਇਸ ਨਾਲ਼ ਲੇਖਕ ਦੀ, ਜ਼ਿੰਦਗੀ ਹੀ ਬਦਲ ਗਈ ਅਤੇ ਉਹ ਆਪਣੇ ਆਪ ਨੂੰ, ਇਕ ਨਵੇਂ ਮਨੁੱਖ ਦੇ ਰੂਪ ਵਿਚ ਵੇਖਣ ਲੱਗਾ।

## (ii) ਲੇਖਕ ਦਾ ਬਿੰਬ

ਇਸ ਪਾਠ ਵਿਚੋਂ, ਲੇਖਕ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਬਦਲਦੇ ਹਾਵ-ਭਾਵ ਦੇਖਣ ਨੂੰ ਮਿਲ਼ਦੇ ਹਨ। ਸ਼ੁਰੂ ਵਿਚ ਲੇਖਕ 'ਪ੍ਰੀਤਲੜੀ' ਦੇ ਸ਼ੁਰੂਆਤੀ ਦੌਰ ਦੀ ਗੱਲ ਕਰਦਾ ਹੋਇਆ, ਕਿਸੇ ਨਵੇਂ ਬੀਜ ਦਾ ਜਨਮਦਾਤਾ ਲੱਗਦਾ ਹੈ, ਜਿਵੇਂ ਉਹ ਕਹਿੰਦਾ ਹੈ ਕਿ "ਬੀਜ 'ਪ੍ਰੀਤਲੜੀ' ਦਾ, ਜਿਸ ਨੇ, ਮੇਰੇ ਨਾਮ ਦਾ ਭਾਗ ਬਣ ਜਾਣਾ ਸੀ।"

ਇਸ ਪਾਠ ਵਿਚ ਲੇਖਕ ਦਾ, ਆਪਣੇ ਅੰਦਰਲੇ ਸਭ ਨਾਲ਼ **ਜੱਦੋ ਜਹਿਦ ਕਰਨ ਵਾਲ਼ਾ** ਪੱਖ ਵੀ, ਸਾਨੂੰ ਦਿਖਾਈ ਦਿੰਦਾ ਹੈ, ਜਿਵੇਂ ਉਹ ਕਹਿੰਦਾ ਹੈ ਕਿ : "ਆਰਥਕ ਤੇ ਕਈ ਹੋਰ ਤਰ੍ਹਾਂ ਦੀਆਂ ਮੁਸ਼ਕਲਾਂ ਦੇ ਖ਼ਿਲਾਫ਼, ਮੈਂ ਚੋਖੀ ਸ਼ਕਤੀ, ਆਪਣੇ ਅੰਦਰ ਪੈਦਾ ਕਰ ਲਈ ਹੈ।"

ਲੇਖਕ ਦਾ **ਨਿਡਰ** ਪੱਖ ਪੇਸ਼ ਹੁੰਦਾ ਹੈ, ਜਦੋਂ ਉਹ ਕਹਿੰਦਾ ਹੈ ਕਿ : "ਜਦੋਂ ਕਦੇ, ਦੋ ਮਾਰਗਾਂ ਵਿਚੋਂ ਚੋਣ ਕਰਨੀ ਪਈ ਤਾਂ ਮੈਂ ਹਮੇਸ਼ਾਂ ਮੁਸ਼ਕਲ ਮਾਰਗ ਹੀ ਚੁਣਿਆ।"

ਲੇਖਕ **ਸਮਤੋਲ ਬਣਾਉਣ ਵਿਚ ਮਾਹਿਰ** ਜਾਪਦਾ ਹੈ। ਕਿਉਂਕਿ, 'ਪ੍ਰੀਤਲੜੀ' ਨਾਲ਼, ਉਸ ਨੂੰ, ਪਿਆਰ ਤੇ ਪ੍ਰਸੰਸਾ ਵੀ ਬਹੁਤ ਮਿਲ਼ੀ ਅਤੇ ਤਿੱਖੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ। ਪਰ, ਉਸ ਨੇ ਪ੍ਰਸੰਸਾ ਕਰਕੇ, ਮਨ ਵਿਚ ਹੰਕਾਰ ਅਤੇ ਵਿਰੋਧ ਕਾਰਨ, ਕੋਈ ਡਰ ਪੈਦਾ ਨਹੀਂ ਕੀਤਾ।

ਲੇਖਕ ਦਾ **ਸਤਿਕਾਰ ਕਰਨ ਵਾਲ਼ਾ ਅਤੇ ਮਾਣ ਰੱਖਣ ਵਾਲ਼ਾ** ਬਿੰਬ ਵੀ, ਸਾਡੇ ਸਾਹਮਣੇ ਉੱਭਰ ਕੇ ਆਉਂਦਾ ਹੈ। ਕਿਉਂਕਿ, ਜਦੋਂ ਗਿਆਨੀ ਜੀ, ਦੁਬਾਰਾ ਉਸ ਤੋਂ ਲੇਖ ਦੀ ਮੰਗ ਕਰਦੇ ਹਨ, ਤਾਂ ਭਾਵੇਂ, ਉਸ ਦੇ ਬਹੁਤ ਰੁਝੇਵੇਂ ਹਨ, ਪਰ ਫਿਰ ਵੀ, ਉਹ ਉਹਨਾਂ ਦੇ ਮਾਣ ਅਤੇ ਹੱਕ਼ ਦੀ ਕਦਰ ਕਰਦਾ ਹੋਇਆ, ਲੇਖ ਦਿੰਦਾ ਹੈ।

ਗਿਆਨੀ ਜੀ ਦੇ ਵਿਰੋਧ ਤੋਂ ਬਾਅਦ ਲੇਖਕ ਵਿਚ, ਇਕ ਸਮੇਂ ਨਿਰਬਲਤਾ ਉਪਜਦੀ ਹੈ। ਕਿਉਂਕਿ, ਵਿਰੋਧ ਦੇ ਸਾਹਮਣੇ, ਲੇਖਕ ਦੇ ਪੱਖ ਵਿਚ, ਖੜ੍ਹਨ ਵਾਲ਼ੇ ਬਹੁਤ ਘੱਟ ਵਿਦਵਾਨ ਸਨ। ਭਾਵੇਂ, ਦਿਲ ਨੂੰ ਧਰਵਾਸ ਹੈ, ਪਰ ਫਿਰ ਵੀ ਚਿੰਤਾ ਹੁੰਦੀ ਹੈ।

ਆਪਣੇ ਨਾਲ਼ ਨਾਲ਼ ਲੇਖਕ ਪਰਿਵਾਰ ਦੇ ਮੈਂਬਰਾਂ ਨੂੰ ਵੀ ਪਰੇਸ਼ਾਨ ਨਹੀਂ ਦੇਖ ਸਕਦਾ। ਇਸ ਕਰਕੇ, ਆਪਣੀ

ਮਾਤਾ ਜੀ ਦੀ ਚਿੰਤਾ ਕਾਰਨ, ਉਹ ਇਹ ਜਾਣਦਾ ਹੋਇਆ ਵੀ ਕਿ ਉਸ ਦੀ ਕੋਈ ਗ਼ਲਤੀ ਨਹੀਂ ਹੈ, ਫਿਰ ਵੀ ਮੁਆਫ਼ੀ ਮੰਗਣ ਲਈ ਤਿਆਰ ਹੋ ਜਾਂਦਾ ਹੈ। ਜਿਵੇਂ, "ਮੈਂ ਆਪਣੇ ਦਿਲ ਦੀ ਬੇਚੈਨੀ ਤੋਂ ਮਜਬੂਰ ਹੋ ਕੇ, 'ਖ਼ਿਮਾ ਯਾਚਨਾ' ਨਾਮਕ ਲੇਖ, ਪ੍ਰੀਤਲੜੀ ਵਿਚ ਛਾਪ ਦਿੱਤਾ।"

ਇਸ ਪਾਠ ਵਿਚ ਲੇਖਕ ਦਾ ਬਿੰਬ, **ਪ੍ਰਭਾਵ ਕਬੂਲਣ ਵਾਲ਼ਾ** ਵੀ ਹੈ। ਕਿਉਂਕਿ, ਨਿਰਾਸ਼ ਹੋਇਆ ਜਦੋਂ, ਉਹ ਅਬਦੁਲ ਗ਼ਫ਼ਾਰ ਖ਼ਾਂ ਦੀ ਜ਼ਿੰਦਾਦਿਲੀ ਵਾਲ਼ੀ ਤਕਰੀਰ ਸੁਣਦਾ ਹੈ ਤਾਂ ਉਹ ਆਪਣੇ ਜੀਣ ਦਾ ਨਜ਼ਰੀਆ ਬਦਲ ਲੈਂਦਾ ਹੈ। ਉਹ ਕਹਿੰਦਾ ਹੈ ਕਿ : "ਪਹਿਲੀ ਵਾਰੀ ਜ਼ਿੰਦਗੀ ਵਿਚ, ਮੈਂ ਲੋਕਾਂ ਦੇ ਮਨੁੱਖ ਨੂੰ ਵੇਖਿਆ। ਸਭ ਦੁੱਖੜੇ ਭੁੱਲ ਗਏ।"

ਇਸ ਪਾਠ ਵਿਚ ਲੇਖਕ ਦਾ ਬਿੰਬ **ਦਲੇਰਾਨਾ** ਅਤੇ ਫ਼ੈਸਲਾ ਕਰਨ ਵਿਚ **ਪਰਪੱਕ** ਵੀ ਹੋ ਨਿਬੜਦਾ ਹੈ। ਕਿਉਂਕਿ, ਉਸ ਨੂੰ, ਹੁਣ ਇਹ ਵਿਰੋਧ ਬੁਰਾ ਲੱਗਣੋਂ ਹੱਟ ਗਿਆ। ਉਸ ਨੂੰ ਲੱਗਿਆ ਕਿ ਇਹ, ਉਸ ਦਾ ਪੁਨਰ-ਜਨਮ ਹੈ। ਸੋ, ਲੇਖਕ ਨੇ ਦਲੇਰੀ ਦਿਖਾਉਣ ਅਤੇ ਫ਼ੈਸਲਾ ਲੈਣ ਵਿਚ, ਬਿਲਕੁਲ ਵੀ ਦੇਰੀ ਨਹੀਂ ਕੀਤੀ। ਜਿਵੇਂ ਕਿ :-

"ਖੰਡਰਾਂ ਦੀ ਢਵਾਈ ਦਾ ਕੰਮ ਨਵੀਂ ਉਸਾਰੀ ਤੋਂ ਘੱਟ ਨਹੀਂ ਹੁੰਦਾ।"

ਲੇਖਕ ਇਕ ਜਜ਼ਬਾਤੀ, ਕ੍ਰਿਤੱਗ, ਪ੍ਰਭਾਵ ਕਬੂਲਣ ਵਾਲ਼ਾ, ਪਰਿਵਾਰਕ ਅਤੇ ਸੰਸਾਰਕ ਮੋਹ ਵਾਲ਼ਾ, ਪ੍ਰਸ਼ੰਸਾ-ਪਸੰਦ, ਨਿਡਰ ਤੇ ਨਵੀਂ ਸੋਚ ਵਾਲ਼ਾ ਹੋ ਨਿਬੜਦਾ ਹੈ।

## (iii) 'ਉਹ ਬਰਕਤ ਜਿਹੜੀ ਆਈ ਆਫ਼ਤ ਦੇ ਰੂਪ ਵਿਚ' ਦਾ ਸ਼ੈਲੀਗਤ ਅਧਿਐਨ

ਗੁਰਬਖ਼ਸ਼ ਸਿੰਘ ਪ੍ਰੀਤਲੜੀ, ਪੰਜਾਬੀ ਸਾਹਿਤ ਜਗਤ ਦਾ ਇਕ ਅਜਿਹਾ ਹਸਤਾਖ਼ਰ ਹੈ, ਜਿਸ ਨੂੰ ਸ਼ਬਦਾਂ ਦਾ ਜਾਦੂਗਰ, ਸੁਪਨਿਆਂ ਦਾ ਰੁਮਾਂਟਿਕ ਸੰਸਾਰ ਸਿਰਜਣ ਵਾਲ਼ਾ, 'ਪਿਆਰ ਕਬਜ਼ਾ ਨਹੀਂ ਪਛਾਣ' ਦੇ ਫ਼ਲਸਫ਼ੇ ਨੂੰ ਪ੍ਰਸਾਰਿਤ ਕਰਨ ਵਾਲ਼ਾ ਆਦਿ, ਵਿਸ਼ੇਸ਼ਤਾਵਾਂ ਨਾਲ਼ ਜਾਣਿਆ ਗਿਆ ਹੈ। ਗੁਰਬਖ਼ਸ਼ ਸਿੰਘ 'ਪ੍ਰੀਤ ਦੇ ਫ਼ਲਸਫ਼ੇ' ਦਾ ਮੁਦੱਈ, ਪੰਜਾਬੀ ਸਾਹਿਤ ਦੀ ਝੋਲੀ ਵਿਚ, ਇਸੇ ਪਿਆਰ ਨੂੰ ਭਰਨ ਦਾ ਉਦੇਸ਼ ਲੈ ਕੇ, ਪੰਜਾਬੀ ਦੇ ਸਾਹਿਤ-ਸੰਸਾਰ ਵਿਚ ਹਾਜ਼ਿਰ ਹੋਇਆ। ਨਾਵਲ, ਸਵੈ-ਜੀਵਨੀ, ਲੇਖ, ਯਾਦਾਂ, ਕਹਾਣੀ-ਸੰਗ੍ਰਹਿ ਦੇ ਨਾਲ਼ ਨਾਲ਼, ਬਾਲ ਸਾਹਿਤ ਲਿਖਣ ਦੀ ਮੁਹਾਰਤ ਰੱਖਣ ਵਾਲ਼ਾ ਲੇਖਕ, ਪਾਠਕਾਂ ਦੇ ਦਿਲਾਂ ਵਿਚ ਆਪਣੀ ਮੁਕੰਮਲ ਥਾਂ ਬਣਾਉਣ ਵਿਚ ਕਾਮਯਾਬ ਹੋਇਆ। ਮੁਸ਼ਕਿਲਾਂ ਨਾਲ਼ ਜੂਝਣ ਦੀ ਪ੍ਰਵਿਰਤੀ, ਉਸ ਦੀ ਸਵੈ-ਜੀਵਨੀ ਦੇ ਅੰਸ਼ 'ਉਹ ਬਰਕਤ ਜਿਹੜੀ ਆਈ, ਆਫ਼ਤ ਦੇ ਰੂਪ ਵਿਚ' 'ਚੋਂ ਸਾਫ਼ ਨਜ਼ਰ ਆਉਂਦੀ ਹੈ। ਆਪਣੀ ਗੱਲ ਨੂੰ, ਬੇਹੱਦ ਪ੍ਰਭਾਵਸ਼ਾਲੀ ਤਰੀਕੇ ਨਾਲ਼ ਅਤੇ ਥੋੜ੍ਹੇ ਸ਼ਬਦਾਂ ਵਿਚ ਕਹਿਣਾ, ਉਸ ਦੀ ਸ਼ੈਲੀ ਦਾ ਖ਼ਾਸ ਗੁਣ ਹੈ। ਇਸੇ ਲਈ, ਉਹ ਬਾਰ ਬਾਰ ਆਪਣੀ ਲੇਖਣੀ ਵਿਚ, ਪ੍ਰਤੀਕਾਂ ਦੀ ਵਰਤੋਂ ਕਰਦਾ ਹੈ ਅਤੇ ਉਹ ਵੀ ਇਹੋ ਜਿਹੇ, ਜਿਨ੍ਹਾਂ ਪਿੱਛੇ ਇਕ ਲੰਬਾ ਚੌੜਾ ਇਤਿਹਾਸ ਪਿਆ ਹੁੰਦਾ ਹੈ। ਜਿਵੇਂ ਕਿ, ਹੇਠਾਂ ਲਿਖੀਆਂ ਉਦਾਹਰਣਾਂ ਵੇਖੀਆਂ ਜਾ ਸਕਦੀਆਂ ਹਨ :-

(i) "ਮੇਰੀ ਕਿਰਤ ਨੇ ਬੋੜ੍ਹ ਬਣ ਕੇ, ਮੇਰੀ ਹੋਂਦ ਉੱਤੇ ਛਾ ਜਾਣਾ ਸੀ। ਗਿਆਨੀ ਜੀ ਨੇ ਸੁਤੰਤਰ ਹੋ ਕੇ ਮੇਰੇ ਖ਼ਿਲਾਫ਼ ਆਪਣਾ ਜਹਾਦ ਵੀ ਤੇਜ਼ ਕਰ ਦਿੱਤਾ।"... (ਪੰਨਾ : 22)

(ii) "ਮਨਮਤੀਏ ਨਾਸਤਕ ਅਤੇ ਬਾਈਕਾਟ ਦਾ ਜੈਕਾਰਾ ਉਠ ਖਲੋਤਾ।" (ਪੰਨਾ : 27)

ਉਪਰਲੇ ਵਾਕਾਂ ਵਿਚ ਬੋੜ੍ਹ, ਜਹਾਦ, ਨਾਸਤਕ, ਬਾਈਕਾਟ, ਜੈਕਾਰ ਉਹ ਪ੍ਰਤੀਕ ਹਨ, ਜੋ ਲੇਖਕ ਦੀ ਲੇਖਣੀ ਨੂੰ, ਪ੍ਰਭਾਵਸ਼ਾਲੀ ਬਣਾਉਣ ਵਿਚ ਸਹਾਈ ਹੁੰਦੇ ਹਨ। ਲੇਖਕ ਅੰਦਰਲਾ ਬਾਲ-ਮਨ ਅਤੇ ਸ਼ਬਦਾਂ ਦਾ ਜਾਦੂਗਰ, ਕਈ ਵਾਰ ਉੱਛਲ ਕੇ ਬਾਹਰ ਆਉਂਦਾ ਅਤੇ ਆਪਣੀਆਂ ਕਲੋਲਾਂ, ਪੰਨਿਆਂ ਉਪਰ ਸ਼ਬਦਾਂ ਦੇ ਰੂਪ ਵਿਚ ਉਕੇਰ ਕੇ, ਵਾਪਸ ਪਰਤ ਜਾਂਦਾ। ਪਰਿਵਾਰ ਨਾਲ਼ ਬੇਅੰਤ ਪਿਆਰ, ਅਭੁੱਲ ਯਾਦਾਂ ਨੇ, ਉਸ ਦੇ ਜੀਵਨ ਨੂੰ ਪਿਆਰ ਨਾਲ਼ ਸਿੰਜਿਆ, ਜਿਸ ਕਾਰਨ ਕਿਸੇ ਨੂੰ ਉੱਚੀ ਆਵਾਜ਼ ਵਿਚ ਬੋਲਣਾ ਪ੍ਰਵਾਨ ਨਹੀਂ ਸੀ। ਪਰ, ਆਪਣੇ ਦੁੱਖ ਨੂੰ ਸ਼ਬਦਾਂ ਦਾ ਜਾਮਾ ਬਣਾ

ਕੇ ਪੇਸ਼ ਕਰਦਾ ਤਾਂ ਵੱਡੇ ਵੱਡੇ ਕਵੀਆਂ ਨੂੰ ਵੀ ਮਾਤ ਦਿੰਦਾ। ਉਸ ਦੀ ਵਾਰਤਕ ਉਪਰ ਵੀ, ਕਵਿਤਾ ਵਰਗੀ ਰਵਾਨੀ ਛਾਈ ਰਹਿੰਦੀ। ਜਿਵੇਂ ਕਿ : ਸੂਲਾਂ ਦੀ ਸੇਜ, ਚਿੰਤਾਵਾਂ ਦੀਆਂ ਸੂਲਾਂ, ਮੇਰੇ ਹੱਡੀਂ ਇਸ਼ਕ, ਜ਼ਿੰਦਗੀ ਦੀ ਕਿਸੇ ਤਿੱਤਰ-ਖੰਭੀ ਬੱਦਲੀ ਉੱਤੇ ਸੂਰਜ ਦੇ ਖਿੱਲਰੇ ਸੋਨੇ, ਹੱਠੀ ਹੁਸੜੀ ਜ਼ਿੰਦਗੀ, ਨਿੱਕੀਆਂ ਤਿੱਤਰ-ਖੰਭੀਆਂ ਬਦਲੀਆਂ ਦੀ ਝਿਲਮਿਲ ਆਦਿ ਸ਼ਬਦ, ਉਸ ਦੀ ਲੇਖਣੀ ਨੂੰ ਕਾਵਿਕਤਾ ਦੇ ਰੰਗ ਵਿਚ ਰੰਗ ਦਿੰਦੇ ਹਨ।

ਵਹਿਮਾਂ-ਭਰਮਾਂ ਵਿਰੁੱਧ ਲਹਿਰ ਖੜ੍ਹੀ ਕਰਨ ਵਾਲ਼ਾ ਲੇਖਕ, ਆਪ-ਬੀਤੀ ਸੁਣਾਉਂਦਿਆਂ ਵੀ, ਸ਼ਬਦਾਂ ਦਾ ਅਜਿਹਾ ਜਾਲ ਬੁਣਦਾ ਹੈ, ਜੋ ਰੋਚਕਤਾ ਭਰਪੂਰ ਹੋਣ ਕਾਰਨ, ਪਾਠਕ ਨੂੰ ਆਪਣੇ ਤੋਂ ਮੂੰਹ ਨਾ ਮੋੜਣ ਦਿੰਦਾ ਅਤੇ ਪਾਠਕ ਉਤਸੁਕਤਾ ਨਾਲ਼, ਅੱਗੇ ਕੀ ਹੋਣ ਦੀ ਸੰਭਾਵਨਾ ਅਤੇ ਉਤਸੁਕਤਾ ਨਾਲ਼ ਉਸ ਨਾਲ਼, ਜੁੜ ਕੇ ਬੈਠਾ ਰਹਿੰਦਾ ਹੈ। ਹਮੇਸ਼ਾਂ ਹੀ ਨਸੀਹਤ ਦਿੰਦਾ, ਜ਼ਿੰਦਗੀ ਦੇ ਅਨੇਕਾਂ ਤਜਰਬਿਆਂ ਦੀ ਜਾਚ, ਉਸ ਨੂੰ ਹਰਮਨ ਪਿਆਰਾ ਬਣਾ ਦੇਂਦੀ ਹੈ। ਆਪਣੇ ਆਪ ਨੂੰ ਚੰਗਾ ਕਹਾਉਣ ਦੀ ਆਦਤ, ਉਸ ਨੂੰ ਦੂਜਿਆਂ ਨੂੰ ਵੀ ਚੰਗਾ ਸਮਝਣ ਲਈ ਪ੍ਰੇਰਦੀ। ਇਕ ਖ਼ੂਬਸੂਰਤ ਨਮੂਨਾ ਵੇਖੋ :-

> "ਵੇਖਣਾ ਚਾਹੁੰਦੇ ਹੋ, ਭਲਾ ਨਾਸਤਕ ਕਿਹੋ ਜਿਹਾ ਹੁੰਦੈ ?"
>
> "ਤੇ ਇਕ ਪੱਕੀ ਉਮਰ ਦੀ ਇਸਤਰੀ ਨੂੰ ਮੈਂ ਇਹ ਕਹਿੰਦਿਆਂ ਸੁਣਿਆ ਸੀ, ਗੁਰਬਖ਼ਸ਼ ਸਿੰਘ ਹੈ ਤਾਂ, ਆਦਮੀਆਂ ਵਰਗਾ ਹੀ।"

(ਪੰਨਾ : 26)

ਹੈਰਾਨੀ ਪ੍ਰਗਟ ਕਰਨ ਵਾਲ਼ਾ ਇਹ ਵਾਕ, 'ਨਾਸਤਕ' ਸ਼ਬਦ ਦੀ ਡੂੰਘਾਈ ਅਤੇ ਉਸ ਪ੍ਰਤਿ, ਆਮ ਲੋਕਾਂ ਦੀ ਤੀਬਰ ਇੱਛਾ, ਉਸ ਨੂੰ ਖ਼ਾਸ ਵੀ ਬਣਾ ਦਿੰਦੀ ਹੈ।

ਧਾਰਮਕ ਵਲਗਣਾਂ ਤੋਂ ਦੂਰ ਰਹਿ ਕੇ, ਪਿਆਰ ਵੰਡਣ ਵਾਲ਼ਾ ਇਹ ਲੇਖਕ, ਆਪਣੀ ਲੇਖਣੀ ਨੂੰ ਕੇਵਲ ਅਤੇ ਕੇਵਲ, ਪਿਆਰ ਵੰਡਾਉਣ ਲਈ ਵਰਤਣ ਦਾ ਚਾਹਵਾਨ ਸੀ। ਪਰ, ਆਪਣੇ ਰਸਾਲੇ 'ਪ੍ਰੀਤਲੜੀ' ਲਈ ਥਾਪਿਆ ਉਦੇਸ਼-ਉਮੰਗ, ਉਸ ਵੇਲ਼ੇ ਅਧੂਰਾ ਲੱਗਣ ਲੱਗਾ, ਜਦੋਂ ਹਰ ਪਾਸੇ ਤੋਂ ਉਸ ਨੂੰ, ਗੁਨਾਹਗਾਰ ਸਮਝਿਆ ਜਾਣ ਲੱਗਾ।

ਆਪਣੇ ਮਨ ਦੀ ਪੀੜ ਨੂੰ ਬਿਆਨ ਕਰਨ ਲਈ ਵਰਤੇ ਗਏ ਸ਼ਬਦ, ਕਿਸੇ ਵੀ ਪਾਠਕ ਦੇ ਮਨ ਵਿਚ, ਮਾਨਵੀ ਪਿਆਰ ਲਈ ਗਹਿਰੇ ਪ੍ਰਭਾਵ ਪਾਉਣ ਵਿਚ ਸਹਾਈ ਹੋ ਸਕਦੇ ਹਨ। ਉਦਾਹਰਣ ਲਈ ਹੇਠਲੀਆਂ ਪੰਕਤੀਆਂ ਨੂੰ ਵੇਖੋ:-

> "ਰੂਹਾਨੀ ਗੱਲਾਂ, ਗਿਆਨਵਾਨਾਂ ਦਾ ਖ਼ੇਤਰ ਹੈ। ਮੈਂ ਸੋਚਿਆ ਸੀ, ਗੱਲਾਂ ਦਿਲ ਦੀਆਂ ਹੀ ਲਿਖਾਂਗਾ; ਪਰ, ਧਾਰਮਕ ਨਾਮਣਾ ਰੱਖਣ ਵਾਲ਼ੇ ਇਕ ਗਿਆਨੀ ਜੀ ਨੇ, ਮੇਰਾ ਪੈਰ ਉਸ ਵੱਡਨਾਮੀ ਧਰਤੀ ਉੱਤੇ ਧਰਾ ਲਿਆ, ਜਿਸ ਉੱਤੇ ਤੁਰਨ ਦੀ ਦਲੇਰੀ, ਅਜੇ ਮੇਰੇ ਵਿਚ ਹੈ ਨਹੀਂ ਸੀ।"

(ਪੰਨਾ : 26)

ਸਵੈ-ਜੀਵਨੀ ਦੇ ਇਸ ਅੰਸ਼ ਵਿਚੋਂ, ਲੇਖਕ ਦੇ ਵਿਅਕਤਿਤਵ ਦਾ ਅਕਸ, ਬਾਖ਼ੂਬੀ ਉੱਭਰਦਾ ਹੈ, ਜਦੋਂ ਉਹ ਵਿਰੋਧੀ ਸਥਿਤੀਆਂ ਅੰਦਰ ਵੀ ਕਿਸੇ ਨਾਲ ਉੱਚਾ ਨਹੀਂ ਬੋਲਦਾ। ਸਾਧਾਰਣ ਵਾਕਾਂ ਵਿਚ ਡੂੰਘੀ ਗੱਲ ਕਹਿ ਜਾਣਾ, ਗੁਰਬਖ਼ਸ਼ ਸਿੰਘ ਦੇ ਹੀ ਜ਼ਿੰਮੇ ਆਇਆ। ਉਹ ਜਦੋਂ ਕਿਸੇ ਪਾਤਰ ਦੀ ਜਾਣ-ਪਛਾਣ ਕਰਵਾਉਂਦਾ ਤਾਂ ਇਹੋ ਜਿਹਾ ਵਰਣਨ ਕਰਦਾ ਕਿ ਪਾਠਕ ਨੂੰ, ਆਪਣੀਆਂ ਅੱਖਾਂ ਸਾਹਮਣੇ ਉਹ ਪਾਤਰ, ਪ੍ਰਤੱਖ ਖੜ੍ਹਾ ਨਜ਼ਰ ਆਉਂਦਾ। ਜਿਵੇਂ ਕਿ : ਅਬਦੁਲ ਗ਼ਫ਼ਾਰ ਖ਼ਾਨ ਨੂੰ ਜਿੱਥੇ ਉਹ 'ਲੋਕਾਂ ਦੇ ਮਨੁੱਖ' ਵਰਗੇ ਵਿਸ਼ੇਸ਼ਣ ਨਾਲ਼ ਵੱਖਰਿਆਉਂਦਾ ਹੈ, ਉੱਥੇ ਹੀ, ਉਸ ਦੀ ਬਾਹਰੀ ਅਤੇ ਅੰਦਰੂਨੀ ਸ਼ਖ਼ਸੀਅਤ ਦੇ ਦਰਸ਼ਨ ਵੀ, ਆਪਣੇ ਸ਼ਬਦਾਂ ਰਾਹੀਂ ਕਰਵਾਉਂਦਾ ਹੈ। ਨਮੂਨਾ ਵੇਖੋ :-

> "ਲੋਕਾਂ ਵਰਗੀ ਪੁਸ਼ਾਕ—ਸਲਵਾਰ ਕਮੀਜ਼ ਵਿਚ, ਖੁੱਲ੍ਹੇ ਮਸਤਕ ਤੇ ਚਮਕੀਆਂ ਅੱਖਾਂ ਵਾਲ਼ਾ, ਲੰਮਾ ਝੰਮਾ ਤੰਦਰੁਸਤ ਇਨਸਾਨ, ਖੜੋਤਾ ਲੋਕਾਂ ਦੀ ਬੋਲੀ ਵਿਚ ਗੱਲਾਂ ਕਰ ਰਿਹਾ ਸੀ।"

(ਪੰਨਾ : 29)

ਲੇਖਕ ਦੁਆਰਾ ਜੀਵਨ-ਤਜਰਬਿਆਂ ਨਾਲ਼, ਸਮਾਜ ਨੂੰ ਸੇਧ ਦੇਣਾ ਹੀ, ਇਸ ਸਵੈ-ਜੀਵਨੀ ਦੀ ਸਫ਼ਲਤਾ ਵੱਲ ਸੰਕੇਤ ਕਰਦਾ ਹੈ। ਸਾਕਾਰਾਤਮਕ ਸੋਚ ਅਤੇ ਉਸ ਨੂੰ ਕਹਿਣ ਦੀ ਜੁਗਤ। ਆਮ ਲੋਕਾਂ ਨੂੰ, ਆਪਣੀ ਵਲਗਣ ਵਿਚੋਂ ਬਾਹਰ ਨਾ ਜਾਣ ਦੇਣਾ ਵੀ, ਉਸ ਦੀ ਸ਼ੈਲੀਗਤ ਵਿਲੱਖਣਤਾ ਦਾ ਪ੍ਰਭਾਵ ਪਾਉਣ ਵਿਚ ਸਹਾਈ ਹੁੰਦਾ ਹੈ। ਜਿਵੇਂ ਕਿ:-

> "ਜਿਹੜਾ ਆਪਣੀ ਨਿੰਦਿਆ ਨਹੀਂ ਸੁਣ ਸਕਦਾ, ਨੁਕਤਾਚੀਨੀ ਨਹੀਂ ਸਹਾਰ ਸਕਦਾ, ਉਹਦੇ ਡੋਲ਼ਦੇ ਦਿਲ ਨੂੰ ਸ਼ਖ਼ਸੀਅਤ ਦੇ ਮੁਨਾਰਿਆਂ ਉੱਤੇ ਚੜ੍ਹਨ ਦੀ ਆਗਿਆ ਨਹੀਂ ਮਿਲਦੀ।"

(ਪੰਨਾ : 29)

ਗੁਰਬਖ਼ਸ਼ ਸਿੰਘ ਪ੍ਰੀਤਲੜੀ ਆਪਣੇ ਆਪ ਨੂੰ ਵੀ ਨਸੀਹਤ ਦਿੰਦਾ ਅਤੇ ਨਵਾਂ ਮਨੁੱਖ ਬਣਨ ਦੇ ਸਫ਼ਰ 'ਤੇ ਚਲਣ ਦੀ ਹਿੰਮਤ ਕਰਦਾ ਹੈ। ਇਹੋ ਜਿਹੀ ਸ਼ੈਲੀ, ਉਸ ਨੂੰ ਮੱਲੋ ਮੱਲੀ, ਪਾਠਕਾਂ ਦਾ ਹਰਮਨ ਪਿਆਰਾ ਤੇ ਮਾਨਵਤਾਵਾਦੀ ਲੇਖਕ ਬਣਾਉਣ ਵਿਚ ਸਹਾਈ ਹੁੰਦੀ ਹੈ। ਸਵੈ-ਸੰਬੋਧਤ ਵਿਧੀ ਰਾਹੀਂ, ਆਪਣੇ ਆਪ ਨੂੰ ਮੁਖ਼ਾਤਿਬ ਹੋਣਾ ਵੀ, ਉਸ ਦੀ ਸ਼ੈਲੀ ਦੀ ਅਮੀਰੀ ਨੂੰ ਪ੍ਰਗਟਾਉਂਦਾ ਹੈ; ਜਿਵੇਂ ਕਿ :-

> "ਤੂੰ ਬੀਤੇ ਦੀ ਸ਼ਾਨ ਨਾਲ਼ ਦਿਲ ਨਹੀਂ ਪਰਚਾਣੇ ਹੋਣਗੇ; ਤੈਨੂੰ ਨਵੇਂ ਭਵਿੱਖ ਦੀਆਂ ਜਨਮ-ਪੀੜਾਂ ਦੇਂਦੇ ਰਹਿਣਾ ਪਵੇਗਾ। ਤੂੰ ਮੋਈਆਂ ਰਸਮਾਂ ਦੇ ਹੱਡ ਚੁਣ ਕੇ, ਜ਼ਿੰਦਗੀ ਦਾ ਰਾਹ ਸਾਫ਼ ਕਰਨਾ ਹੋਵੇਗਾ, ਤੇ ਜੰਮੇ ਹੋਏ ਵਿਸ਼ਵਾਸਾਂ ਨੂੰ ਪੰਘਰਾ ਕੇ, ਨਵੀਂ ਰਵਾਨੀ ਦੇਣੀ ਹੋਵੇਗੀ।"

(ਪੰਨਾ : 30)

ਇਉਂ, ਅਸੀਂ ਮੰਨਦੇ ਹਾਂ ਕਿ ਇਕ ਵਾਰਤਕ ਲੇਖਕ ਦੇ ਤੌਰ 'ਤੇ ਗੁਰਬਖ਼ਸ਼ ਸਿੰਘ 'ਪ੍ਰੀਤਲੜੀ', ਆਪਣੇ ਇਸ ਸਵੈ-ਜੀਵਨੀ ਅੰਸ਼ ਵਿਚ ਵੀ, ਆਪਣੇ ਮੂਲ ਪਿਆਰ ਦੇ ਜਜ਼ਬੇ ਅਤੇ ਸ਼ੈਲੀ ਨੂੰ ਹੀ ਵਿਸਤਾਰਦਾ ਨਜ਼ਰ ਆਉਂਦਾ ਹੈ।

ਉਸ ਦੀ ਲਿਖਣ-ਸ਼ੈਲੀ ਹੀ, ਉਸ ਦੀ ਵਿਲੱਖਣ ਪਹਿਚਾਣ ਬਣਾਉਂਦੀ ਹੈ। ਜਿਸ ਕਾਰਨ, ਉਹ ਬਾਕੀ ਵਾਰਤਕ ਲੇਖਕਾਂ ਨਾਲ਼ੋਂ ਵੱਖਰਾ ਪਹਿਚਾਣਿਆ ਜਾਂਦਾ ਹੈ।

## ਪ੍ਰਸ਼ਨਾਵਲੀ

**ਪ੍ਰਸ਼ਨ** : 'ਪ੍ਰੀਤਲੜੀ' ਮਾਸਿਕ ਪੱਤਰ ਸ਼ੁਰੂ ਕਰਨ ਪਿੱਛੇ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਕੀ ਉਦੇਸ਼ ਸੀ ?

**ਉੱਤਰ** : 'ਪ੍ਰੀਤਲੜੀ' ਮਾਸਿਕ ਪੱਤਰ ਸ਼ੁਰੂ ਕਰਨ ਲਈ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਮਕ਼ਸਦ, ਸਾਹਿਤ ਦਾ ਸਹਾਰਾ ਲੈ ਕੇ, ਸਮਾਜ ਨੂੰ ਇਕ ਪ੍ਰੀਤ ਦੀ ਲੜੀ ਵਿਚ ਬੰਨ੍ਹਣਾ ਅਤੇ ਸਾਹਿਤ-ਰੂਪੀ ਉਹ ਬੂਟਾ ਲਾਉਣਾ ਸੀ, ਜਿਹੜਾ ਹੌਲ਼ੀ ਹੌਲ਼ੀ ਬੋਹੜ ਬਣ ਸਕੇ। ਉਹ ਆਪਣੇ ਇਸ ਮਕ਼ਸਦ ਵਿਚ, ਪੂਰੀ ਤਰ੍ਹਾਂ ਸਫ਼ਲ ਵੀ ਹੋਇਆ।

**ਪ੍ਰਸ਼ਨ** : ਗੁਰਬਖ਼ਸ਼ ਸਿੰਘ ਨੂੰ ਕਿਸ ਵੱਲੋਂ ਅਤੇ ਕਿਉਂ ਭੰਡਿਆ ਜਾਣ ਲੱਗਿਆ ?

**ਉੱਤਰ** : ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ, ਨਨਕਾਣਾ ਸਾਹਿਬ ਦੇ ਗਿਆਨੀ ਜੀ ਵੱਲੋਂ ਭੰਡਿਆ ਜਾਣ ਲੱਗਾ, ਕਿਉਂਕਿ ਉਹਨਾਂ ਨੇ, ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਉਤਸਵ ਮੌਕੇ, ਜੋ ਲੇਖ ਗਿਆਨੀ ਜੀ ਨੂੰ ਭੇਜਿਆ ਸੀ, ਉਹ ਲੇਖ ਉਹਨਾਂ ਨੇ ਬਹੁਤ ਸਾਰੀਆਂ ਅਖ਼ਬਾਰਾਂ ਨੂੰ ਵੀ ਭੇਜ ਦਿੱਤਾ ਸੀ।

**ਪ੍ਰਸ਼ਨ** : ਸਿੱਖਾਂ ਅਤੇ ਸਿੱਖ ਸੰਸਥਾਵਾਂ ਵੱਲੋਂ ਬਾਈਕਾਟ ਕਰਨ ਦਾ ਲੇਖਕ 'ਤੇ ਕੀ ਅਸਰ ਹੋਇਆ ?

**ਉੱਤਰ** : ਸਿੱਖਾਂ ਅਤੇ ਸਿੱਖ ਸੰਸਥਾਵਾਂ ਦੇ ਬਾਈਕਾਟ ਦਾ, ਲੇਖਕ ਦੇ ਮਨ 'ਤੇ ਡੂੰਘਾ ਅਸਰ ਹੋਇਆ। ਲੇਖਕ ਦਾ ਦਿਲ ਟੁੱਟ ਚੁੱਕਿਆ ਸੀ। ਸਭ ਤੋਂ ਵੱਧ ਦੁੱਖ, ਉਸ ਨੂੰ ਆਪਣੀ ਮਾਤਾ ਜੀ ਦੀ ਚਿੰਤਾ ਵੇਖ ਕੇ ਹੋਇਆ। ਇਸੇ ਲਈ, ਲੇਖਕ ਨੇ 'ਪ੍ਰੀਤਲੜੀ' ਵਿਚ ਮੁਆਫ਼ੀ ਮੰਗਣ ਲਈ, ਖ਼ਿਮਾ-ਯਾਚਨਾ ਲੇਖ ਛਾਪ ਦਿੱਤਾ।

**ਪ੍ਰਸ਼ਨ :** ਲੇਖਕ ਦੀ ਟੁੱਟਦੀ ਹਿੰਮਤ ਨੂੰ, ਕਿਸ ਘਟਨਾ ਨਾਲ਼ ਹੌਂਸਲਾ ਮਿਲਿਆ ?

**ਉੱਤਰ :** ਲੇਖਕ ਦੀ ਟੁੱਟਦੀ ਹਿੰਮਤ ਨੂੰ, ਅਬਦੁਲ ਗ਼ਫ਼ਾਰ ਖ਼ਾਂ ਦੀ ਤਕਰੀਰ ਨੇ, ਬਹੁਤ ਜ਼ਿਆਦਾ ਹਿੰਮਤ ਦਿੱਤੀ। ਅਬਦੁਲ ਗ਼ਫ਼ਾਰ ਖ਼ਾਂ ਦੀ ਜ਼ਿੰਦਾਦਿਲੀ ਵਾਲ਼ੀ ਤਕਰੀਰ ਨੇ, ਲੇਖਕ ਅੰਦਰ ਨਵੀਂ ਰੂਹ ਫੂਕ ਦਿੱਤੀ ਅਤੇ ਉਸ ਨੂੰ ਲੱਗਣ ਲੱਗਿਆ ਕਿ ਇਹ ਉਸ ਦਾ ਵਿਰੋਧ ਨਹੀਂ ਹੋ ਰਿਹਾ, ਸਗੋਂ ਉਸ ਦਾ ਪੁਨਰ ਜਨਮ ਹੋ ਰਿਹਾ ਹੈ।

**ਪ੍ਰਸ਼ਨ :** 'ਉਹ ਬਰਕਤ ਜਿਹੜੀ ਆਈ ਆਫ਼ਤ ਦੇ ਰੂਪ ਵਿਚ' ਪਾਠ ਵਿਚ, ਲੇਖਕ ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਦਾ, ਕਿਹੋ ਜਿਹਾ ਬਿੰਬ ਉੱਭਰਦਾ ਹੈ ?

**ਉੱਤਰ :** ਇਸ ਪਾਠ ਦਾ ਲੇਖਕ, ਪੰਜਾਬੀ ਵਾਰਤਕ ਵਿਚ ਮਿਠਾਸ ਭਰਨ ਵਾਲ਼ਾ, ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਹੈ। ਜੋ ਕਿ ਜੱਦੋ-ਜਹਿਦ ਕਰਨ ਵਾਲ਼ਾ, ਮੁਸ਼ਕਿਲਾਂ ਦੇ ਖ਼ਿਲਾਫ਼ ਲੜਨ ਵਾਲ਼ਾ, ਨਿਡਰ ਤੇ ਸੰਜਮੀ ਸ਼ਖ਼ਸੀਅਤ ਵਾਲ਼ਾ ਵਿਅਕਤੀ ਨਜ਼ਰ ਆਉਂਦਾ ਹੈ।

***(ਚਲਦਾ, ਪਾਠ ਨੰਬਰ : 3)***

**—0—**

**ਪਾਠ ਨੰਬਰ : 3**

**ਭਾਗ ਦੂਜਾ : ਸਿਧਾਂਤਕ ਪਰਿਪੇਖ**

# 'ਕਿਸੁ ਪਹਿ ਖੋਲਉ ਗੰਠੜੀ' (ਕਰਤਾਰ ਸਿੰਘ ਦੁੱਗਲ)

*** ਡਾ. ਕੁਲਜੀਤ ਸਿੰਘ ਭਾਟੀਆ**

## (4) 'ਕਿਸੁ ਪਹਿ ਖੋਲਉ ਗੰਠੜੀ' (ਕਰਤਾਰ ਸਿੰਘ ਦੁੱਗਲ) : ਸ਼ੈਲੀਗਤ ਅਧਿਐਨ

## (i) 'ਕਿਸੁ ਪਹਿ ਖੋਲਉ ਗੰਠੜੀ ਦਾ ਸ਼ੈਲੀਗਤ ਅਧਿਐਨ

ਕਰਤਾਰ ਸਿੰਘ ਦੁੱਗਲ, ਪੰਜਾਬੀ ਸਾਹਿਤ ਦੇ ਖ਼ੇਤਰ ਵਿਚ ਇਕ ਜਾਣਿਆ-ਪਛਾਣਿਆ ਅਜਿਹਾ ਨਾਂ ਹੈ, ਜਿਸ ਨੇ ਲਗਭਗ ਹਰ ਸਾਹਿਤਕ-ਰੂਪ ਉਪਰ, ਆਪਣੀ ਕਲਮ ਚਲਾਈ। ਨਾਵਲ ਅਤੇ ਕਹਾਣੀ, ਉਸ ਦਾ ਮਨਭਾਉਂਦਾ ਸਾਹਿਤਕ-ਰੂਪ ਹੋ ਨਿਬੜਿਆ। ਕਹਾਣੀ-ਸੰਗ੍ਰਹਿ ਅਤੇ ਨਾਵਲਾਂ ਤੋਂ ਇਲਾਵਾ ਨਾਟਕ, ਕਵਿਤਾ, ਰੇਖਾ-ਚਿੱਤਰ, ਯਾਦਾਂ ਆਦਿ, ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਉਣ ਵਾਲ਼ਾ ਕਰਤਾਰ ਸਿੰਘ ਦੁੱਗਲ, ਲੰਮੇ ਇਕਹਿਰੇ ਸ਼ਰੀਰ ਦਾ ਮਾਲਕ, ਪੋਠੋਹਾਰੀ ਉਪ-ਭਾਸ਼ਾ (ਡਾਇਲੈੱਕਟ) ਦੀ ਵਰਤੋਂ ਕਰਨ ਵਾਲ਼ਾ, ਆਪਣੀ ਸਵੈ-ਜੀਵਨੀ ਵਿਚ ਜ਼ਿੰਦਗੀ ਦੇ ਸੰਘਰਸ਼ਾਂ ਨੂੰ ਰੂਪਮਾਨ ਕਰਦਾ ਹੈ। ਇਸੇ ਵਿਚੋਂ ਇਕ ਅੰਸ਼, 'ਕਿਸੁ ਪਹਿ ਖੋਲਉ ਗੰਠੜੀ' ਵਿਚ, ਲੇਖਕ ਦੀ ਲੇਖਣੀ ਦੀ ਵਿਸ਼ੇਸ਼ਤਾ ਅਤੇ ਸ਼ੈਲੀ ਦੀ ਪ੍ਰਤੱਖ ਤਸਵੀਰ, ਵੇਖੀ ਜਾ ਸਕਦੀ ਹੈ। ਚੋਣਵੇਂ ਸ਼ਬਦਾਂ ਵਿਚ ਕਿਸੇ ਸ਼ਖ਼ਸੀਅਤ/ਸਥਿਤੀ/ਅਨੁਭਵ ਆਦਿ ਦਾ ਬਿਆਨ ਕਰ ਦੇਣਾ, ਦੁੱਗਲ ਦੀ ਖ਼ਾਸੀਅਤ ਹੈ। ਆਪਣੀ ਜ਼ਿੰਦਗੀ ਵਿਚਲੇ ਸੱਚ ਨੂੰ ਬਿਆਨ ਕਰਨਾ, ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਹੁੰਦੀ। ਪਰ ਦੁੱਗਲ, ਉਸ ਨੰਗੇ ਸੱਚ ਨੂੰ ਪੇਸ਼ ਕਰਦਾ ਹੈ। ਉਦਾਹਰਣ ਲਈ, ਹੇਠਲੀਆਂ ਪੰਕਤੀਆਂ ਵੇਖੀਆਂ ਜਾ ਸਕਦੀਆਂ ਹਨ :-

> "ਰਿਸ਼ਵਤ ਉਹ ਲੈਂਦੇ ਹਨ, ਇਸ ਤੋਂ ਉਨ੍ਹਾਂ ਕਦੀ ਇਨਕਾਰ ਨਹੀਂ ਕੀਤਾ।"

(ਪੰਨਾ : 31)

> "ਪਹਿਲੇ ਪੰਨੇ 'ਤੇ ਲਾਲ ਸਿਆਹੀ ਨਾਲ਼ ਲਿਖਿਆ ਸੀ, ਉਸ ਨੂੰ ਕੋਈ ਨਹੀਂ ਪੜ੍ਹ ਸਕਦਾ। ਇਸ ਤੋਂ ਬਾਅਦ ਦੇ ਪੰਨੇ 'ਤੇ ਫੇਰ ਲਿਖਿਆ ਸੀ—ਮੈਂ ਤੁਹਾਨੂੰ ਹੱਥ ਜੋੜਦਾ ਹਾਂ, ਤੁਸੀਂ ਇਹ ਨਾ ਪੜ੍ਹੋ।"

(ਪੰਨਾ : 33)

ਸ਼ਬਦਾਂ ਨੂੰ ਬੇਹੱਦ ਸਲੀਕੇ ਅਤੇ ਦੁਹਰਾਉ ਵਿਧੀ ਨਾਲ ਇਸਤੇਮਾਲ ਕਰਨਾ, ਦੁੱਗਲ ਦੀ ਆਪਣੀ ਨਿਵੇਕਲੀ ਸ਼ੈਲੀ ਹੈ। ਉਹ ਦੁਹਰਾਅ ਦੀ ਵਿਧੀ ਰਾਹੀਂ, ਆਪਣੀ ਗੱਲ ਪ੍ਰਤਿ, ਪਾਠਕਾਂ ਦਾ ਧਿਆਨ ਖਿੱਚਣ ਵਿਚ, ਬਹੁਤ ਹੀ ਸਫ਼ਲ ਹੈ। ਇਸ ਦੇ ਨਾਲ਼ ਹੀ ਰੋਚਕਤਾ, ਉਸ ਦੀ ਲੇਖਣੀ ਦਾ ਮਹੱਤਵਪੂਰਨ ਅੰਗ ਬਣਦੀ ਹੈ। ਕੁੱਝ ਨਮੂਨੇ ਵੇਖੋ:- ਜਿਵੇਂ ਘਰ-ਘਰ, ਲੈਂਦੇ-ਲੈਂਦੇ, ਇਕੱਲਾ-ਇਕੱਲਾ, ਵੱਖ-ਵੱਖ, ਮੁੜ-ਮੁੜ, ਪਰਾਏ-ਪਰਾਏ, ਜਿਉਂ-ਜਿਉਂ, ਅਜੀਬ-ਅਜੀਬ, ਅੰਗ-ਅੰਗ, ਸੁਆਦ-ਸੁਆਦ, ਪਿਆਰੀਆਂ-ਪਿਆਰੀਆਂ ਆਦਿ। ਇਹ ਦੁਹਰਾਉ ਉਸ ਦੀ ਵਾਰਤਕ ਨੂੰ ਵੀ ਕਵਿਤਾ ਵਾਲ਼ਾ ਰੰਗ ਦੇਂਦਾ ਹੈ।

---

* ਐਸੋਸੀਏਟ ਪ੍ਰੋਫ਼ੈਸਰ (ਸੇਵਾ ਮੁਕਤ), ਦੇਸ਼ਬੰਧੂ ਕਾਲਜ, ਕਾਲਕਾਜੀ, ਨਵੀਂ ਦਿੱਲੀ।

ਕਰਤਾਰ ਸਿੰਘ ਦੁੱਗਲ, ਪਾਠਕਾਂ ਨੂੰ ਨਾਲ਼ ਲੈ ਕੇ ਚੱਲਣ ਦਾ ਗੁਰ ਜਾਣਦਾ ਹੈ। ਉਨ੍ਹਾਂ ਨੂੰ ਸਾਂਝੀਵਾਲ ਬਣਾਉਂਦਿਆਂ, ਹਰ ਗੱਲ ਕਹਿਣ ਦੀ ਹਿੰਮਤ ਕਰਦਾ ਹੈ। ਬਚਪਨ ਤੋਂ ਹੀ, ਕਹਾਣੀਆਂ ਅਤੇ ਕਵਿਤਾਵਾਂ ਪੜ੍ਹਨਾ, ਉਸ ਨੂੰ ਚੰਗਾ ਲੱਗਦਾ। ਫਿਰ ਭਾਵੇਂ, ਉਹ ਚੋਰੀ ਕਰ ਕੇ ਹੀ ਕਿਉਂ ਨਾ ਪੜ੍ਹੇ। ਇਸੇ ਕਾਰਨ, ਕਈ ਵਾਰ ਉਸ ਦੇ ਆਪਣੇ ਘਰ ਦੇ ਵੀ ਉਸ ਦੀ ਸੱਚੀ ਗੱਲ ਉਪਰ ਯਕੀਨ ਨਾ ਕਰਦੇ ਅਤੇ ਉਸ ਉਪਰ ਝੂਠ ਬੋਲਣ ਤੇ ਚੋਰੀ ਕਰਨ ਦਾ ਇਲਜ਼ਾਮ ਵੀ ਲਾਉਂਦੇ। ਉਹ ਨਸੀਹਤ ਵੀ ਦਿੰਦਾ ਹੈ ਅਤੇ ਆਪਣੀ ਸਵੈ-ਜੀਵਨੀ ਰਾਹੀਂ, ਸਮਾਜ ਨੂੰ ਸੇਧ ਦੇਣ ਦਾ ਕੰਮ ਵੀ ਕਰਦਾ ਹੈ। "ਬੱਚਿਆਂ ਨੂੰ ਝੂਠ ਨਹੀਂ ਬੋਲਣਾ ਚਾਹੀਦਾ। ਚੋਰੀ ਨਹੀਂ ਕਰਨੀ ਚਾਹੀਦੀ।" (ਪੰਨਾ : 33) ਇਹਨਾਂ ਦੋਹਾਂ ਗੁਨਾਹਾਂ ਕਰਕੇ, ਉਸ ਨੂੰ ਆਪਣੇ ਘਰਵਾਲੇ ਵੀ ਪਰਾਏ ਪਰਾਏ ਲੱਗਣ ਲੱਗਦੇ ਹਨ।

ਬਚਪਨ ਵਿਚ ਹੀ ਗੁਰਮਤਿ ਪ੍ਰਤਿ ਰੁਝਾਨ ਨੇ ਉਸ ਨੂੰ, ਜ਼ਿੰਦਗੀ ਦੇ ਆਖ਼ਰੀ ਸਮੇਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਨ ਲਈ ਪ੍ਰੇਰਿਆ। ਜੋ ਇਕ ਵੱਡਮੁੱਲਾ ਕਾਰਜ ਹੋ ਨਿਬੜਿਆ। ਆਪਣੀ ਗੱਲ ਨੂੰ ਪੂਰੇ ਵਿਸ਼ਵਾਸ ਨਾਲ਼ ਬੋਲਣਾ, ਪਰ ਅੰਦਰੋਂ ਅੰਦਰੀ ਚੋਰੀ ਕਰ ਕੇ ਪੜ੍ਹੀ ਗਈ, ਆਪਣੇ ਚਾਚਾ ਜੀ ਦੀ ਡਾਇਰੀ ਕਾਰਨ, ਮਨ ਵਿਚ ਪੈਦਾ ਹੋਈ ਤੜਪ। ਵੈਰਾਗ ਕਾਰਨ, ਮਨ ਦਾ ਬੇਚੈਨ ਹੋਣਾ ਵੀ, ਅਜੀਬ ਜਿਹਾ ਅਹਿਸਾਸ ਦਿੰਦਾ—ਜੋ ਉਸ ਦੀ ਦੋ-ਤਰਫ਼ੀ ਜਾਂ ਫਿਰ ਕਦੇ-ਕਦੇ ਵਿਰੋਧਾਭਾਸੀ ਭਾਵਨਾ ਨੂੰ ਵੀ ਉਜਾਗਰ ਕਰਦਾ ਹੈ। ਕਾਵਿਕਤਾ, ਉਸ ਦੀ ਸਵੈ-ਜੀਵਨੀ ਵਿਚਲੇ ਇਸ ਅੰਸ਼ ਨੂੰ, ਜਿੱਥੇ ਰੋਚਕਤਾ ਪ੍ਰਦਾਨ ਕਰਦਾ ਹੈ, ਉੱਥੇ ਹੀ, ਉਸ ਦੀ ਇਹ ਸ਼ੈਲੀ, ਪਾਠਕਾਂ ਦੇ ਮਨਾਂ ਵਿਚ, ਇਕ ਸਕੂਨ ਅਤੇ ਅੱਗੋਂ ਹੋਰ ਜਾਣਨ ਦੀ ਉਤਸੁਕਤਾ ਵੀ ਪੈਦਾ ਕਰਦੀ ਹੈ। ਕਾਵਿਕਤਾ ਦਾ ਅੰਸ਼ ਹਮੇਸ਼ਾਂ, ਉਸ ਦੀਆਂ ਗਲਪੀ ਤੇ ਵਾਰਤਕ ਰਚਨਾਵਾਂ ਵਿਚ ਬਰਾਬਰ ਦਿੱਸਦਾ ਹੈ। ਇਸ ਸੰਬੰਧੀ ਇਹ ਦੋ ਉਦਾਹਰਣਾਂ ਵੇਖੋ :-

ੳ) "ਮੇਰੇ ਅੱਗੇ-ਪਿੱਛੇ, ਅਜੀਬ-ਅਜੀਬ ਰੰਗ ਝੁਰਮਟ ਪਾ ਰਹੇ ਸਨ। ਰੰਗਾਂ ਵਿਚੋਂ, ਰੰਗ ਉੱਭਰਦੇ ਆ ਰਹੇ ਸਨ। ਮੈਂ ਹੌਲਾ ਫੁੱਲ ਹੋ ਰਿਹਾ ਸਾਂ। ਮੇਰੇ ਕੰਨਾਂ ਵਿਚ ਨਗ਼ਮੇ ਗੂੰਜ ਰਹੇ ਸਨ। ਗੀਤਾਂ ਵਿਚ, ਗੀਤ ਰੱਲਗੱਡ ਹੋ ਰਹੇ ਸਨ। ਇਕ ਸੁੰਦਰ ਧੁੰਨ ਵਿਚੋਂ, ਇਕ ਹੋਰ ਮਨਮੋਹਣੀ ਧੁੰਨ।"

(ਪੰਨਾ : 34)

ਅ) "ਮੇਰਾ ਅੰਗ-ਅੰਗ ਦੁੱਖ ਰਿਹਾ ਸੀ, ਦੁੱਖ ਰਿਹਾ ਸੀ ਤੇ ਸੁਆਦ-ਸੁਆਦ ਸੀ।"

(ਪੰਨਾ : 35)

ਦੁੱਗਲ ਦੀ ਸ਼ੈਲੀਗਤ ਵਿਸ਼ੇਸ਼ਤਾ, ਉਸ ਦੀ ਸ਼ਬਦਾਵਲੀ ਦਾ ਭੰਡਾਰ, ਪੋਠੋਹਾਰੀ ਉਪ-ਭਾਸ਼ਾ ਵਿਚ ਮੁਹਾਰਤ, ਪਾਠਕਾਂ ਨੂੰ ਨਾਲ਼ ਲੈ ਕੇ ਚਲਣ ਦਾ ਗੁਰ, ਕਾਵਿਕਤਾ, ਸ਼ਬਦਾਂ ਅਤੇ ਵਾਕਾਂ ਦਾ ਦੁਹਰਾਅ, ਜਿਵੇਂ ਕਿ : ਕੰਮ-ਕਾਜ, ਇਧਰ-ਉਧਰ, ਆਂਢਣਾ-ਗੁਆਂਢਣਾ, ਅੱਲੇ-ਮੁਹੱਲੇ, ਇਨ-ਬਿਨ, ਫਰੋਲਾ-ਫਰਾਲੀ, ਛਲ-ਛਲਾਣ ਆਦਿ, ਉਸ ਨੂੰ ਅਜਿਹੇ ਮੁਕਾਮ 'ਤੇ ਲਿਆ ਖੜ੍ਹਾ ਕਰਦੇ ਹਨ; ਜਿੱਥੇ ਪਹੁੰਚਣਾ, ਹਰ ਸਾਹਿਤਕਾਰ ਦੇ ਵੱਸ ਦੀ ਗੱਲ ਨਹੀਂ ਹੁੰਦੀ। ਕਰਤਾਰ ਸਿੰਘ ਦੁੱਗਲ ਵੀ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਵਾਂਗ, ਆਪਣੀ ਵਿਲੱਖਣ ਸ਼ੈਲੀ ਕਾਰਨ, ਆਪਣੀ ਪਹਿਚਾਣ ਆਪ ਰੱਖਦਾ ਹੈ।

## (ii) 'ਕਿਸੁ ਪਹਿ ਖੋਲਉ ਗੰਠੜੀ' ਦਾ ਪਾਠਗਤ ਅਧਿਐਨ

'ਕਿਸੁ ਪਹਿ ਖੋਲਉ ਗੰਠੜੀ', ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਕਰਤਾਰ ਸਿੰਘ ਦੁੱਗਲ ਦੀ ਸਵੈ-ਜੀਵਨੀ, 'ਕਿਸੁ ਪਹਿ ਖੋਲਉ ਗੰਠੜੀ' ਦਾ ਇਕ ਅੰਸ਼ ਹੈ। ਕਰਤਾਰ ਸਿੰਘ ਦੁੱਗਲ ਨੇ, ਪੰਜਾਬੀ ਸਾਹਿਤ ਵਿਚ ਸਭ ਤੋਂ ਵੱਧ ਕਹਾਣੀਆਂ ਲਿਖੀਆਂ ਹਨ। ਇਸ ਅੰਸ਼ ਵਿਚਲੇ ਪਾਠ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਲੇਖਕ ਦੇ ਪਿਤਾ ਜੀ, ਦਰੋਗਾ ਦੇ ਅਹੁਦੇ 'ਤੇ ਬਿਰਾਜਮਾਨ ਸਨ। ਪਰ, ਚੋਰੀ ਦੇ ਇਲਜ਼ਾਮ ਵਿਚ ਉਹਨਾਂ ਨੂੰ, ਇਸ ਕੰਮ ਤੋਂ ਹਟਾ ਦਿੱਤਾ ਗਿਆ ਸੀ। ਫਿਰ ਵੀ, ਉਹ ਮਿਊਂਸਿਪਲ ਕਮੇਟੀ ਦੇ ਮੈਂਬਰਾਂ ਦੇ ਕੰਮਕਾਰ ਕਰਦੇ ਰਹਿੰਦੇ ਸਨ। ਜਿਵੇਂ ਕਿ :-

"ਦਰੋਗਿਆ ਯਾਰ, ਤੇਰੇ ਰਸੂਖ਼ ਨਾਲ਼ ਫਲਾਣੀ ਸ਼ੈ ਸਸਤੀ ਮਿਲ ਜਾਸੀ।" (ਪੰਨਾ : 31)

ਲੇਖਕ ਦੇ ਪਿਤਾ ਨੂੰ ਰਿਸ਼ਵਤ ਲੈਣ ਦੀ ਆਦਤ ਜ਼ਰੂਰ ਸੀ, ਪਰ ਉਹ ਚੋਰੀ ਨਹੀਂ ਕਰ ਸਕਦੇ ਸਨ। ਇਸ ਝੂਠੇ ਇਲਜ਼ਾਮ ਕਰਕੇ ਲੇਖਕ ਦਾ, ਆਪਣੇ ਦੋਸਤਾਂ ਵਿਚ ਵਿਚਰਨਾ ਔਖਾ ਹੋ ਗਿਆ ਸੀ। ਕਿਉਂਕਿ, ਉਸ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਸੀ ਕਿ ਉਸ ਦਾ ਪਿਤਾ ਚੋਰ ਹੈ। ਹੁਣ, ਉਹ ਇਹ ਵੀ ਨਹੀਂ ਸਮਝਾ ਸਕਦਾ ਸੀ ਕਿ ਉਹ ਰਿਸ਼ਵਤ ਲੈਂਦੇ ਹਨ; ਪਰ ਚੋਰੀ ਨਹੀਂ ਸਨ ਕਰਦੇ। ਉਹ ਆਪਣੇ ਦੋਸਤਾਂ ਤੋਂ ਵੱਖਰਾ, ਇਕੱਲਾ ਰਹਿਣ ਲੱਗਾ, ਕਿ ਜੇ ਕੋਈ ਪੁੱਛ ਬੈਠੇ, ਕਿਉਂ ਵੱਢੀ, ਚੋਰੀ ਨਹੀਂ ਹੁੰਦੀ ? (ਪੰਨਾ : 32)

ਇਕੱਲਾ ਰਹਿਣ ਕਾਰਨ, ਲੇਖਕ ਦਾ ਸ਼ੌਕ ਕਿਤਾਬਾਂ ਪੜ੍ਹਣ ਵੱਲ ਹੋ ਗਿਆ। ਕਿਉਂਕਿ, ਘਰ ਵਿਚ ਲੇਖਕ ਦੇ ਚਾਚਾ ਜੀ ਵੀ, ਰਸਾਲੇ ਮੰਗਾ ਕੇ ਪੜ੍ਹਦੇ ਰਹਿੰਦੇ ਸਨ। ਇਸ ਚੇਟਕ ਨੇ ਉਸ ਨੂੰ ਕਿਤਾਬਾਂ ਪੜ੍ਹਣ ਵਾਲ਼ੇ ਪਾਸੇ ਲੱਗਾ ਦਿੱਤਾ ਅਤੇ ਲੇਖਕ ਨੇ ਕਿਤਾਬਾਂ ਪੜ੍ਹਣ ਦੇ ਮਾਮਲੇ ਕਾਰਨ ਹੁੰਦੇ ਮੁਕਾਬਲਿਆਂ ਵਿਚ, ਇਨਾਮ ਵੀ ਜਿੱਤੇ।

"ਇਨਾਮ ਲੈਣ ਦਾ ਮੈਨੂੰ ਚੱਸਕਾ ਅਜਿਹਾ ਪਿਆ ਕਿ ਹਰ ਗੁਰਪੁਰਬ 'ਤੇ ਮੈਂ ਕੋਈ ਨਾ ਕੋਈ ਇਨਾਮ ਲੈ ਲੈਂਦਾ।" (ਪੰਨਾ : 32)। 'ਮੌਜੀ' ਅਖ਼ਬਾਰ ਵਿਚ ਛਪੀ ਅੜਾਉਣੀ ਨੂੰ ਲੇਖਕ ਨੇ, ਆਪਣੀ ਸਮਝ ਨਾਲ਼ ਹੱਲ ਕਰ ਲਿਆ। ਘਰ ਦੇ ਸਾਰੇ ਮੈਂਬਰਾਂ ਨੂੰ ਇਹ ਲੱਗਿਆ ਕਿ ਦੁੱਗਲ ਝੂਠ ਬੋਲ ਰਿਹਾ ਹੈ। ਉਹਨਾਂ ਨੂੰ ਇਹ ਲੱਗਦਾ ਸੀ ਕਿ ਇਸ ਨੇ, ਇਹ ਹੱਲ, ਕਿਸੇ ਤੋਂ ਚੋਰੀ ਕੀਤਾ ਹੈ। ਇੱਥੋਂ ਤੱਕ ਕਿ ਜਿਸ ਚਾਚਾ ਜੀ ਨੂੰ, ਲੇਖਕ ਆਪਣਾ ਨਾਇਕ ਮੰਨਦਾ ਹੈ, ਉਸ ਨੇ ਵੀ ਲੇਖਕ ਉਪਰ ਸ਼ੱਕ ਕੀਤਾ ਅਤੇ ਉਸ ਨੂੰ ਬੁਰਾ ਭਲਾ ਕਿਹਾ। ਜਦੋਂ ਲੇਖਕ ਨੇ ਇਹ ਹੱਲ ਅਖ਼ਬਾਰ ਵਿਚ ਛਪਵਾ ਦਿੱਤਾ ਅਤੇ ਸਹੀ ਵੀ ਹੋਇਆ, ਤਾਂ ਪਰਿਵਾਰ ਦੇ ਮੈਂਬਰ ਹੋਰ ਵੀ ਭੜਕ ਉੱਠੇ। ਲੇਖਕ ਉਹਨਾਂ ਨੂੰ ਯਕੀਨ ਨਾ ਦਿਵਾ ਸਕਿਆ ਕਿ ਇਹ ਹੱਲ, ਉਸ ਨੇ ਖ਼ੁੱਦ ਲੱਭਿਆ ਹੈ। ਲੇਖਕ ਨੂੰ ਚੋਰੀ ਕਰਨ ਦੀ ਆਦਤ ਜ਼ਰੂਰ ਸੀ, ਪਰ ਉਹ ਕਿਤਾਬਾਂ ਦੀ ਚੋਰੀ ਕਰਦਾ ਸੀ। ਇਸੇ ਦੌਰਾਨ ਹੀ ਲੇਖਕ ਦੇ ਹੱਥ, ਉਸ ਦੇ ਚਾਚੇ ਦੀ ਇਕ ਡਾਇਰੀ ਲੱਗੀ। ਉਹ ਡਾਇਰੀ ਚੁਰਾ ਕੇ, ਘਰ ਤੋਂ ਬਾਹਰ ਲੈ ਗਿਆ ਅਤੇ ਉਸ ਡਾਇਰੀ ਵਿਚ ਲਿਖਿਆ, ਇਕ ਇਕ ਇਨਕਲਾਬੀ ਅੱਖਰ ਪੜ੍ਹਦਾ ਗਿਆ। ਡਾਇਰੀ ਵਿਚ ਲਿਖੇ ਦੋਹਰੇ, ਜਿਉਂ-ਜਿਉਂ ਉਹ ਪੜ੍ਹਦਾ ਗਿਆ, ਉਸ ਅੰਦਰ ਇਕ ਰੋਹ ਭਰਦਾ ਗਿਆ। ਫਿਰ ਲਗਾਤਾਰ, ਹਰ ਦੂਜੇ-ਚੌਥੇ ਦਿਨ, ਲੇਖਕ ਉਸ ਡਾਇਰੀ ਨੂੰ ਚੋਰੀ ਕਰਕੇ ਪੜ੍ਹਦਾ ਅਤੇ ਇਉਂ ਸਾਰੇ ਦੋਹਰੇ, ਉਸ ਨੇ ਕੰਠ ਕਰ ਲਏ ਅਤੇ ਫਿਰ ਉਹ ਕੱਲ-ਮੁਕੱਲਾ ਸੈਰ ਕਰਦਾ, ਆਪ-ਮੁਹਾਰੇ ਉਨ੍ਹਾਂ ਦੋਹਰਿਆਂ ਅਤੇ ਕਵਿਤਾਵਾਂ ਨੂੰ ਗੁਣਗੁਣਾਉਂਦਾ ਰਹਿੰਦਾ। ਇਸੇ ਤਰ੍ਹਾਂ, ਆਪ-ਮੁਹਾਰੇ ਗੁਣਗੁਣਾਉਣ ਦੇ ਨਾਲ਼, ਕਵਿਤਾ ਦੀ ਧੁਨ, ਆਪ-ਮੁਹਾਰੇ ਲੇਖਕ ਦੇ ਅੰਦਰੋਂ ਫੁੱਟਣ ਲੱਗੀ ਅਤੇ ਉਸ ਨੂੰ ਲੱਗਿਆ ਕਿ ਅਜੀਬ ਜਿਹੇ ਰੰਗ ਉਸ ਦੇ ਅੱਗੇ-ਪਿੱਛੇ ਝੁਰਮਟ ਪਾ ਰਹੇ ਸਨ। ਰੰਗਾਂ 'ਚੋਂ ਰੰਗ ਉੱਭਰਦੇ ਆ ਰਹੇ ਸਨ।

ਜਦੋਂ ਸ਼ਾਮ ਨੂੰ ਲੇਖਕ ਘਰ ਮੁੜਿਆ ਅਤੇ ਇਕ ਕੋਨੇ ਵਿਚ ਬੈਠ ਕੇ ਲਿਖਣਾ ਸ਼ੁਰੂ ਕਰ ਦਿੱਤਾ। ਜਦੋਂ ਉਹ ਲਿਖ ਕੇ ਹਟਿਆ, ਤਾਂ ਉਸ ਨੂੰ ਪਤਾ ਲੱਗਿਆ ਕਿ ਇਹ ਤਾਂ ਕਵਿਤਾ ਬਣ ਗਈ ਸੀ।

### 'ਕਿਸੁ ਪਹਿ ਖੋਲਉ ਗੰਠੜੀ' ਵਿਚ ਲੇਖਕ ਦਾ ਕਿਹੋ ਜਿਹਾ ਬਿੰਬ ਉੱਭਰਦਾ ਹੈ?

ਕਰਤਾਰ ਸਿੰਘ ਦੁੱਗਲ, ਪੰਜਾਬੀ ਸਾਹਿਤ ਜਗਤ ਦਾ ਇਕ ਅਜਿਹਾ ਹਸਤਾਖ਼ਰ ਹੈ, ਜੋ ਸਾਹਿਤ ਦੇ ਹਰ ਰੂਪ ਵਿਚ, ਆਪਣੀ ਕਲਮ ਚਲਾਉਂਦਾ ਹੈ। ਪਰ, ਕਹਾਣੀ ਨਾਲ਼ ਉਸ ਦਾ ਰਿਸ਼ਤਾ, ਬੇਹੱਦ ਡੂੰਘਾ ਜੁੜਦਾ ਹੈ। ਇਕਹਿਰੇ ਸ਼ਰੀਰ ਦਾ ਮਾਲਕ ਅਤੇ ਪੋਠੋਹਾਰੀ ਉਪ-ਭਾਸ਼ਾ ਵਿਚ ਮੁਹਾਰਤ ਰੱਖਣ ਵਾਲ਼ਾ ਇਹ ਸਾਹਿਤਕਾਰ, ਆਪਣੀ ਸਵੈ-ਜੀਵਨੀ 'ਕਿਸੁ ਪਹਿ ਖੋਲਉ ਗੰਠੜੀ' ਵਿਚ, ਜੀਵਨ ਦੀਆਂ ਕੌੜੀਆਂ ਸੱਚਾਈਆਂ ਨੂੰ ਬਿਆਨ ਕਰਦਾ, ਕਦੇ ਵੀ ਝਿਜਕਦਾ ਨਹੀਂ। ਸਗੋਂ, ਇਸ ਤਰੀਕੇ ਨਾਲ਼ ਪੇਸ਼ ਕਰਦਾ ਹੈ ਕਿ ਪਾਠਕ ਨੂੰ, ਆਪਣੇ ਨਾਲ਼ ਹੀ ਜੋੜ ਲੈਂਦਾ ਹੈ। ਉਸ ਦੀ ਸਵੈ-ਜੀਵਨੀ ਵਿਚਲਾ ਇਕ ਮਹੱਤਵਪੂਰਨ ਅੰਸ਼, 'ਕਿਸੁ ਪਹਿ ਖੋਲਹੁ ਗੰਠੜੀ' ਹੈ, ਜੋ ਕਿ ਤੁਹਾਡੀ ਪਾਠ-ਪੁਸਤਕ ਵਿਚ ਵੀ ਸ਼ਾਮਿਲ ਹੈ; ਬੇਹੱਦ ਪ੍ਰਭਾਵਿਤ ਕਰਨ ਵਾਲ਼ਾ ਹੈ।

"ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ।
ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ।" (ਸਲੋਕ ਮ: 1)

ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਇਕ ਸ਼ਬਦ ਵਿਚੋਂ ਲਈ ਗਈ ਇਸ ਬਾਣੀ-ਟੂਕ ਨੂੰ, ਆਪਣੀ ਜ਼ਿੰਦਗੀ ਦੇ ਬਿਆਨ ਲਈ ਚੁਣਨਾ, ਦੁੱਗਲ ਲਈ ਬੇਹੱਦ ਮਾਇਨੇ ਰੱਖਦਾ ਸੀ। ਭਾਵ, ਜਿਸ ਅੰਦਰ ਵੈਰਾਗ ਹੈ। ਉਸ ਦਾ ਭਾਵ ਹੈ, ਦਰਦ ਹੈ, ਇਕ ਤਕਲੀਫ਼-ਦੇਹ ਸਫ਼ਰ ਹੈ। ਇਹ ਸਾਰਾ ਕੁੱਝ ਹੀ ਦੁੱਗਲ ਦੇ ਜੀਵਨ ਦੀ ਗਾਥਾ ਨੂੰ, ਆਪਣੇ ਵਿਚ ਸਮੇਟਣ ਵਾਲ਼ਾ ਹੈ। ਸੱਚ ਕਹਿਣ ਦੀ ਹਿੰਮਤ ਵੀ, ਸ਼ਾਇਦ ਉਸ ਵਿਚ ਇਸੇ ਕਰਕੇ ਹੀ ਆਈ, ਕਿਉਂਕਿ, ਉਸ ਦਾ ਮਨ/ਰੂਹ ਹਮੇਸ਼ਾਂ ਹੀ ਗੁਰਬਾਣੀ ਨਾਲ਼ ਜੁੜਿਆ ਰਿਹਾ। ਆਪਣੇ ਪਿਤਾ ਦੇ ਰਿਸ਼ਵਤੀ ਹੋਣ ਦੀ ਗੱਲ, ਉਹ ਠੋਕ ਕੇ ਆਖਦਾ ਹੈ। ਪਰ, ਨਾਲ਼ ਹੀ ਇਹ ਵੀ ਆਖਦਾ ਹੈ ਕਿ ਉਹ ਚੋਰ ਨਹੀਂ ਸਨ। ਬਚਪਨ ਤੋਂ ਹੀ ਕਿਤਾਬਾਂ ਪੜ੍ਹਣ ਦਾ ਸ਼ੌਕ, ਲੇਖਕ ਨੂੰ, ਇਕ ਸੱਚੇ ਪਾਠਕ ਦੀ ਤਰ੍ਹਾਂ ਪੇਸ਼ ਕਰਦਾ ਹੈ। ਜਿਸ ਨੇ, ਗਿਆਨ ਨੂੰ ਇਕੱਠਾ ਕਰਨ, ਪੜ੍ਹਣ ਅਤੇ ਉਸ ਨੂੰ ਆਪਣੇ ਜੀਵਨ ਵਿਚ ਢਾਲਣ ਦਾ ਪ੍ਰਣ ਕਰ ਲਿਆ ਸੀ। ਫਿਰ ਚਾਹੇ, ਉਸ ਨੇ ਉਹ ਕਿਤਾਬਾਂ ਚੋਰੀ ਕਰ ਕੇ ਹੀ ਕਿਉਂ ਨਾ ਪੜ੍ਹੀਆਂ ਹੋਣ। ਗੁਰੂ ਨਾਨਕ ਦੀਆਂ ਪਿਆਰੀਆਂ ਪਿਆਰੀਆਂ ਗੱਲਾਂ ਪੜ੍ਹ ਕੇ, ਉਨ੍ਹਾਂ ਨੂੰ ਆਪਣੇ ਸਕੂਲ ਅਤੇ ਫਿਰ ਗੁਰਪੁਰਬ ਮੌਕੇ ਪੜ੍ਹ ਕੇ, ਇਨਾਮ ਪ੍ਰਾਪਤ ਕਰਨਾ। ਉਸ ਦੀ ਇਸ ਆਦਤ ਨੂੰ ਹੋਰ ਪਕੇਰਾ ਕਰਦਾ ਰਿਹਾ। ਉਸ ਅੰਦਰ ਮਿਲਵਰਤਨ ਦਾ ਭਾਵ, ਇਸ ਘਟਨਾ ਤੋਂ ਵੀ ਜ਼ਾਹਿਰ ਹੁੰਦਾ ਹੈ ਕਿ ਉਹ ਉਸ ਗਿਆਨ ਨੂੰ, ਕੇਵਲ ਆਪਣੇ ਤੱਕ ਹੀ ਸੀਮਿਤ ਨਹੀਂ ਰਹਿਣ ਦਿੰਦਾ, ਸਗੋਂ ਗਲੀ ਮੁਹੱਲੇ ਦੀਆਂ ਔਰਤਾਂ ਨਾਲ਼ ਵੀ, ਇਨ੍ਹਾਂ ਨੂੰ ਸਾਂਝਾ ਕਰਦਾ।

ਇਸੇ ਦੇ ਨਾਲ਼ ਹੀ, ਆਪਣੇ ਆਪ ਹੀ ਅਖ਼ਬਾਰ ਵਿਚ ਆਉਂਦੀਆਂ ਅੜਾਉਣੀਆਂ ਨੂੰ ਹੱਲ ਕਰਨਾ, ਉਹਨੂੰ ਚੰਗਾ ਲੱਗਦਾ। ਉਸ ਅੰਦਰ ਸਿੱਖਣ ਦਾ ਜਨੂੰਨ ਅਤੇ ਲਗਨ, ਠਾਠਾਂ ਮਾਰ ਰਿਹਾ ਸੀ। ਜੋ ਵੀ ਮੌਕਾ ਉਸ ਨੂੰ ਮਿਲ਼ਦਾ, ਉਹ ਉਸ ਦਾ ਪੂਰਾ ਫ਼ਾਇਦਾ ਉਠਾਉਂਦਾ, ਭਾਵੇਂ ਉਸ ਦੇ ਘਰਦਿਆਂ ਨੂੰ, ਉਸ ਦੀ ਇਸ ਕਾਬਲੀਅਤ ਬਾਰੇ ਬਿਲਕੁਲ ਵੀ ਪਤਾ ਨਹੀਂ ਸੀ। ਇਸ ਕਰਕੇ, ਸੱਚਾ ਹੁੰਦਾ ਹੋਇਆ ਵੀ ਉਸ ਨੂੰ ਝੂਠਾ ਕਿਹਾ ਜਾਂਦਾ, ਚੋਰ ਕਿਹਾ ਜਾਂਦਾ। ਆਪਣੇ ਆਪ ਨਾਲ਼ ਸੰਵਾਦ ਰਚਾਉਂਦਾ, ਉਹ ਆਪਣੇ ਆਪ ਨੂੰ ਹੀ ਗੁਨਾਹਗਾਰ ਮੰਨਦਾ ਅਤੇ ਹੱਲ ਲੱਭਣ ਦੀ ਕੋਸ਼ਿਸ਼ ਕਰਦਾ। ਤਾਂ ਜੋ, ਉਹ ਆਪਣੀ ਸੱਚਾਈ ਦਾ ਘਰ ਵਾਲਿਆਂ ਦੇ ਸਾਹਮਣੇ ਸਬੂਤ ਪੇਸ਼ ਕਰ ਸਕੇ। ਜਿਵੇਂ ਕਿ, ਉਸ ਦੀ ਮਨਬਚਨੀ ਵੇਖੋ : "ਹੇ ਰੱਬਾ ! ਮੈਂ ਕਿਵੇਂ ਕਿਸੇ ਨੂੰ ਯਕੀਨ ਦਿਲਾਵਾਂ ਕਿ ਮੈਂ ਚੋਰੀ ਨਹੀਂ ਕੀਤੀ ਸੀ। ਮੈਂ ਕਿਵੇਂ ਕਿਸੇ ਨੂੰ ਆਪਣਾ ਸੀਨਾ ਚਾਕ ਕਰ ਕੇ ਦਿਖਾਵਾਂ ਕਿ ਮੈਂ ਝੂਠ ਨਹੀਂ ਬੋਲ ਰਿਹਾ ਸਾਂ।" (ਪੰਨਾ : 33)

ਇਸ ਦੇ ਨਾਲ਼ ਹੀ ਇਸ ਅੰਸ਼ ਵਿਚ, ਲੇਖਕ ਦਾ ਇਕ ਅਜਿਹਾ ਬਿੰਬ ਵੀ ਉੱਭਰਦਾ ਹੈ, ਜਿਸ ਵਿਚ ਉਹ ਆਪਣੇ ਗੁਰੂ ਸਮਾਨ ਚਾਚਾ ਜੀ ਦੀ, ਇਕ ਡਾਇਰੀ ਚੋਰੀ ਕਰ ਕੇ ਪੜ੍ਹਣ ਤੋਂ ਵੀ ਗੁਰੇਜ਼ ਨਹੀਂ ਕਰਦਾ। ਉਸ ਵਿਚ ਲਿਖੀਆਂ ਤੁੱਕਾਂ, ਦੋਹਰੇ ਕੰਠ ਕਰਨਾ, ਅਤੇ ਸੱਚ ਤੋਂ ਜਾਣੂ ਹੋਣਾ। ਉਹ ਸੱਚ, ਜੋ ਕੇਵਲ ਉਸ ਦੇ ਚਾਚਾ ਜੀ ਦੇ ਦਿਲ ਵਿਚ ਦਫ਼ਨ ਸੀ। ਹੁਣ ਉਸ ਦੀ ਪੀੜ੍ਹ, ਲੇਖਕ ਦੇ ਦਿਲ ਵਿਚ ਵੀ, ਆਪਣਾ ਥਾਂ ਬਣਾ ਚੁੱਕੀ ਸੀ। ਪ੍ਰੇਮ ਭਰੀ ਆਤਮਾ ਦੇ ਵਿਰਾਗ, ਵਿਛੋੜੇ, ਤੜਪ ਦੀ ਹੂਕ, ਉਸ ਦੀ ਰਾਤਾਂ ਦੀ ਨੀਂਦ ਤੱਕ ਉੱਡਾ ਕੇ ਲੈ ਗਈ। ਹੌਲ਼ੀ ਹੌਲ਼ੀ ਹੁਣ, ਉਨ੍ਹਾਂ ਦੋਹਰਿਆਂ ਦਾ ਅਸਰ, ਲੇਖਕ ਉਪਰ ਹੋਣਾ ਸ਼ੁਰੂ ਹੋਇਆ। ਇਕੱਲਾ ਘੁੰਮਣਾ, ਆਪਮੁਹਾਰੇ ਦੋਹਰਿਆਂ ਨੂੰ ਗੁਣਗੁਣਾਉਣਾ, ਹੁਣ ਉਸ ਨੂੰ ਸੁਆਦ ਦੇਣ ਲੱਗਾ। ਇੱਥੇ ਉਹ ਇਕ ਕਵੀ ਦੇ ਸਫ਼ਰ ਤੇ ਤੁਰਨ ਲਈ ਤਿਆਰ ਹੋ ਰਿਹਾ ਸੀ। ਉਸ ਦੀ ਦੁਨੀਆਂ ਬਦਲ ਚੁੱਕੀ ਸੀ। ਕਲਪਨਾ, ਆਕਾਸ਼ ਵਿਚ ਉਡਾਰੀਆਂ ਲਾ ਰਹੀ ਸੀ। ਗੀਤ, ਉਸ ਦੇ ਕੰਨਾਂ ਵਿਚ ਗੂੰਜਣ ਲੱਗੇ। ਉਹ ਆਪਣੇ ਅੰਦਰ ਹੋ ਰਹੇ ਇਸ ਬਦਲਾਉ ਤੋਂ, ਬੇਹੱਦ ਹੈਰਾਨ ਸੀ। ਕਿਸੇ ਨਸ਼ੇ ਵਿਚ ਮਦਹੋਸ਼। ਇੱਥੇ ਲੇਖਕ ਦਾ ਬਿੰਬ, ਪਿਆਰ ਭਰੇ ਇਸ਼ਕ ਵਿਚ ਤੜਪ ਰਹੇ, ਉਸ ਆਸ਼ਿਕ ਵਾਂਗ ਸੀ, ਜਿਸ ਨੂੰ ਇਹ ਵੀ ਪਤਾ ਨਹੀਂ ਸੀ ਕਿ ਉਸ ਨੂੰ, ਇਸ਼ਕ ਹੋ ਗਿਆ ਹੈ। ਜਿਵੇਂ ਕਿ :-

> "ਮੈਂ ਘਰ ਮੁੜਿਆ, ਆਪਣੇ ਸੁਫ਼ੇ ਦੀ ਨੁੱਕਰ ਵਿਚ ਬਹਿ ਕੇ, ਮੈਂ ਕਾਪੀ 'ਤੇ ਲਿਖਣਾ ਸ਼ੁਰੂ ਕਰ ਦਿੱਤਾ। ਮੇਰਾ ਅੰਗ-ਅੰਗ ਦੁੱਖ ਰਿਹਾ ਸੀ। ਦੁੱਖ ਰਿਹਾ ਸੀ ਤੇ ਸੁਆਦ-ਸੁਆਦ ਸੀ। ਜੋ ਮੇਰੇ ਮਨ ਵਿਚ ਆ ਰਿਹਾ ਸੀ, ਜੋ ਕੁੱਝ ਮੇਰੇ ਹੋਠਾਂ 'ਤੇ ਥਿਰਕ ਰਿਹਾ ਸੀ, ਮੈਂ ਲਿਖਦਾ ਜਾ ਰਿਹਾ ਸਾਂ।"
> (ਪੰਨਾ : 34-35)

ਸੋ, ਇਸ ਅੰਸ਼ ਵਿਚ ਲੇਖਕ, ਇਕ ਪਿਆਸ ਨਾਲ਼ ਭਰਿਆ, ਭਾਵ ਗਿਆਨ ਹਾਸਿਲ ਕਰਨ, ਕੁੱਝ ਪੜ੍ਹਣ, ਕੁੱਝ ਮਹਿਸੂਸ ਕਰਨ ਦੀ ਦਹਿਲੀਜ਼ 'ਤੇ ਆ ਖਲੋਤਾ ਸੀ। ਇਸ ਪਿਆਸ ਨੇ, ਉਸ ਨੂੰ ਗ਼ਲਤ ਰਸਤੇ ਵੀ ਤੋਰਿਆ, ਭਾਵ

ਚੋਰੀ ਵੀ ਕਰਵਾਈ। ਪਰ, ਉਸ ਦਾ ਮਕ਼ਸਦ ਗ਼ਲਤ ਨਹੀਂ ਸੀ। ਉਹ ਇਕ ਸੱਚੇ ਆਸ਼ਕ ਵਾਂਗ, ਆਪਣੇ ਸਫ਼ਰ 'ਤੇ ਚਲਣ ਦੀ ਤਿਆਰੀ ਕਰ ਰਿਹਾ ਸੀ ਅਤੇ ਅਨੇਕਾਂ ਔਕੜਾਂ ਤੋਂ ਬਾਅਦ, ਉਸ ਦੇ ਇਸ ਸਫ਼ਰ ਦਾ ਆਗਾਜ਼ ਵੀ ਹੋਇਆ। ਜਿਸ ਤੋਂ ਉਹ ਬੇਹੱਦ ਹੈਰਾਨ ਸੀ। ਉਸ ਨੂੰ ਆਪਣੇ 'ਤੇ ਯਕੀਨ ਹੀ ਨਹੀਂ ਹੋਇਆ ਕਿ ਉਹ ਹੁਣ, ਕਵੀ ਬਣ ਚੁੱਕਾ ਸੀ, ਜਿਸ ਨੇ ਆਪਣੀ ਕਲਪਨਾ ਦੀ ਉਡਾਰੀ ਪਹਿਲੀ ਵੇਰਾਂ ਭਰੀ ਸੀ।

## ਪ੍ਰਸ਼ਨਾਵਲੀ

**ਪ੍ਰਸ਼ਨ** : ਕਰਤਾਰ ਸਿੰਘ ਦੁੱਗਲ, ਆਪਣੇ ਸਾਥੀਆਂ ਨਾਲ਼ ਵਕ਼ਤ ਗੁਜ਼ਾਰਨ ਦੀ ਥਾਂ, ਇਕੱਲਿਆਂ ਰਹਿਣਾ ਕਿਉਂ ਪਸੰਦ ਕਰਦਾ ਸੀ ?

**ਉੱਤਰ** : ਕਰਤਾਰ ਸਿੰਘ ਦੁੱਗਲ, ਆਪਣੇ ਦੋਸਤਾਂ ਨਾਲ਼ ਵਕ਼ਤ ਗੁਜ਼ਾਰਨ ਦੀ ਥਾਂ, ਇਕੱਲਾ ਰਹਿਣਾ ਪਸੰਦ ਕਰਨ ਲੱਗਿਆ, ਕਿਉਂਕਿ, ਉਸ ਦੇ ਪਿਤਾ ਜੀ ਉਪਰ, ਚੋਰੀ ਦਾ ਇਲਜ਼ਾਮ ਲੱਗਿਆ ਸੀ ਅਤੇ ਉਹ, ਆਪਣੇ ਦੋਸਤਾਂ ਵਿਚ ਜਾਣ ਤੋਂ ਨਮੋਸ਼ੀ ਮੰਨਦਾ ਸੀ।

**ਪ੍ਰਸ਼ਨ** : ਦੁੱਗਲ ਦੇ ਘਰ ਦੇ ਸਾਰੇ ਜੀਅ, ਉਸ ਤੋਂ ਕਿਉਂ ਨਾਰਾਜ਼ ਸਨ ?

**ਉੱਤਰ** : ਦੁੱਗਲ ਦੇ ਘਰ ਦੇ ਸਾਰੇ ਜੀਅ, ਉਸ ਤੋਂ ਨਾਰਾਜ਼ ਸਨ, ਕਿਉਂਕਿ, ਇਕ ਵਾਰ ਮੌਜੀ ਅਖ਼ਬਾਰ ਵਿਚੋਂ, ਇਕ ਅੜਾਉਣੀ ਦਾ ਹੱਲ, ਲੇਖਕ ਨੇ ਲੱਭ ਲਿਆ ਸੀ। ਪਰ, ਜਦੋਂ ਉਸ ਨੇ ਸਾਰੇ ਘਰ ਵਾਲਿਆਂ ਨੂੰ ਦੱਸਿਆ, ਤਾਂ ਉਹਨਾਂ ਨੂੰ ਯਕੀਨ ਨਹੀਂ ਆਇਆ। ਉਹ ਸਮਝਦੇ ਸਨ ਕਿ ਲੇਖਕ ਨੇ ਹੱਲ ਚੋਰੀ ਕੀਤਾ ਹੈ। ਜਦੋਂ ਲੇਖਕ ਨੇ ਹੱਲ ਅਖ਼ਬਾਰ ਵਿਚ ਛਪਵਾ ਦਿੱਤਾ ਤਾਂ ਸਾਰੇ ਘਰ ਦੇ ਉਸ ਨਾਲ਼ ਨਾਰਾਜ਼ ਹੋ ਗਏ।

**ਪ੍ਰਸ਼ਨ** : ਲੇਖਕ ਨੂੰ ਕਵਿਤਾ ਰਚਣ ਦੀ ਚੇਟਕ ਕਿੱਥੋਂ ਅਤੇ ਕਿਵੇਂ ਲੱਗੀ ?

**ਉੱਤਰ** : ਇਕ ਵਾਰ ਚਾਚਾ ਜੀ ਦੀ ਅਲਮਾਰੀ ਵਿਚੋਂ ਲੇਖਕ ਨੂੰ, ਇਕ ਡਾਇਰੀ ਮਿਲ਼ੀ। ਉਸ ਨੇ ਚੋਰੀਓਂ, ਉਹ ਡਾਇਰੀ ਪੜ੍ਹੀ। ਉਹ ਵਿਚ ਬਹੁਤ ਇਨਕਲਾਬੀ ਦੋਹਰੇ ਅਤੇ ਕਵਿਤਾਵਾਂ ਸਨ। ਲੇਖਕ, ਉਹਨਾਂ ਦੋਹਰਿਆਂ ਅਤੇ ਕਵਿਤਾਵਾਂ ਨੂੰ ਗੁਣਗੁਣਾਉਣ ਲੱਗਿਆ। ਇਸੇ ਤਰ੍ਹਾਂ, ਉਸ ਨੂੰ ਕਵਿਤਾ ਲਿਖਣ ਦੀ ਚੇਟਕ ਲੱਗ ਗਈ।

—0—

# (5) 'ਮੇਰਾ ਸੋਲ੍ਹਵਾਂ ਵਰ੍ਹਾ' (ਅੰਮ੍ਰਿਤਾ ਪ੍ਰੀਤਮ)

ਅੰਮ੍ਰਿਤਾ ਪ੍ਰੀਤਮ, ਪੰਜਾਬੀ ਦੀ ਬਹੁ-ਚਰਚਿਤ ਅਤੇ ਸਭ ਤੋਂ ਵੱਧ ਪ੍ਰਸਿੱਧਤਾ ਪ੍ਰਾਪਤ ਕਰਨ ਵਾਲ਼ੀ ਕਵਿਤਰੀ, ਨਾਵਲਕਾਰ, ਕਹਾਣੀਕਾਰ, ਨਿਬੰਧਕਾਰ, ਸਫ਼ਰਨਾਮਾਕਾਰ, ਸਕ੍ਰਿਪਟ ਲੇਖਨ, ਡਾਇਰੀ, ਯਾਦਾਂ ਆਦਿ ਲਿਖਣ ਵਾਲ਼ੀ ਲੇਖਿਕਾ ਹੈ। ਇਸ ਦੀਆਂ ਰਚਨਾਵਾਂ ਦੇ, ਦੇਸੀ ਤੇ ਪਰੇਦਸੀ ਭਾਸ਼ਾਵਾਂ ਵਿਚ, ਅਨੇਕਾਂ ਅਨੁਵਾਦ ਹੋਏ। ਆਪ ਨੇ, ਆਲ ਇੰਡੀਆ ਰੇਡੀਓ ਤੋਂ ਇਕ ਅਨਾਊਂਸਰ ਦੇ ਤੌਰ 'ਤੇ, ਆਪਣੀ ਕਲਾਤਮਕ ਜ਼ਿੰਦਗੀ ਦਾ ਸਫ਼ਰ ਆਰੰਭ ਕੀਤਾ। 'ਨਾਗਮਣੀ' ਨਾਮ ਦਾ, ਮਹੀਨੇਵਾਰ ਰਸਾਲਾ ਆਰੰਭ ਕੀਤਾ, ਜਿਸ ਵਿਚ ਨਵੇਂ ਉੱਭਰ ਰਹੇ ਲੇਖਕਾਂ/ਲੇਖਿਕਾਵਾਂ ਨੂੰ ਵਿਸ਼ੇਸ਼ ਤੌਰ 'ਤੇ ਸਥਾਨ ਦਿੱਤਾ। ਆਪ ਦੀ ਪ੍ਰਸਿੱਧੀ ਐਨੀ ਵੱਧ ਗਈ ਕਿ ਆਪ ਨੂੰ, 'ਪੰਜਾਬ ਦੀ ਆਵਾਜ਼' ਕਿਹਾ ਜਾਣ ਲੱਗਾ। ਆਪ ਦੀ ਸਵੈ-ਜੀਵਨੀ 'ਰਸੀਦੀ ਟਿਕਟ', ਪੰਜਾਬੀ ਵਿਚ ਕਿਸੇ ਇਸਤਰੀ ਲੇਖਿਕਾ ਵੱਲੋਂ ਲਿਖੀ ਗਈ, ਪਹਿਲੀ ਸਵੈ-ਜੀਵਨੀ ਹੈ।" (ਪੰਜਾਬੀ ਸਵੈ-ਜੀਵਨੀ ਅੰਸ਼, ਪੰਨਾ : 78) ਆਪ ਨੂੰ ਬਹੁਤ ਸਾਰੇ ਇਨਾਮ ਤੇ ਸਨਮਾਨ ਮਿਲੇ, ਪਰ ਸਭ ਤੋਂ ਵੱਡਾ ਇਨਾਮ/ਸਨਮਾਨ ਇਹ ਕਿ, ਆਪ ਨੂੰ ਪੰਜਾਬੀ ਦੇ ਹੀ ਨਹੀਂ, ਸਗੋਂ ਸੰਸਾਰ ਭਰ ਦੇ ਲੇਖਕਾਂ ਤੇ ਪਾਠਕਾਂ ਵੱਲੋਂ ਪੜ੍ਹਿਆ ਤੇ ਸਲਾਹਿਆ ਗਿਆ। ਲਗਭਗ 86 ਸਾਲ ਦੀ ਉਮਰ, ਉਸ ਨੇ ਬੜੀ ਬੇਬਾਕੀ ਨਾਲ਼ ਜੀਵੀ ਅਤੇ ਨਾਲ਼ ਹੀ, ਆਪਣੀ ਬੇਬਾਕ ਸਾਹਿਤਕ ਪੇਸ਼ਕਾਰੀ ਕੀਤੀ।

## (i) 'ਮੇਰਾ ਸੋਲ੍ਹਵਾਂ ਵਰ੍ਹਾ' ਦਾ ਪਾਠਗਤ ਅਧਿਐਨ

ਅੰਮ੍ਰਿਤਾ ਪ੍ਰੀਤਮ, ਪੰਜਾਬੀ ਸਾਹਿਤ ਦੀ ਪ੍ਰਸਿੱਧ ਸ਼ਾਇਰਾ, ਵਾਰਤਕ ਲੇਖਕ ਅਤੇ ਗਲਪਕਾਰ ਹੈ। ਮਾਂ ਦੀ ਅਣਹੋਂਦ ਅਤੇ ਪਿਤਾ ਦੀ ਹੱਦੋਂ ਜ਼ਿਆਦਾ ਹਿਫ਼ਾਜ਼ਤ ਨੇ, ਉਸ ਦੇ ਹੱਥ ਵਿਚ ਬਚਪਨ ਤੋਂ ਹੀ ਕਲਮ ਫੜਾ ਦਿੱਤੀ। ਪ੍ਰਗਤੀਵਾਦੀ ਲਹਿਰ ਅਧੀਨ, ਹੇਠਲੇ ਤਬਕੇ ਦੇ ਲੋਕਾਂ ਦੇ ਦੁੱਖਾਂ ਅਤੇ ਖ਼ਾਸ ਕਰਕੇ, ਔਰਤ ਦੀ ਜ਼ਿੰਦਗੀ ਨੂੰ ਬਿਆਨ ਕਰਨਾ; ਉਸਨੂੰ ਲੋਕਾਂ ਦੇ ਧੁਰ ਅੰਦਰ ਵੱਸਣ ਵਿਚ ਸਹਾਈ ਹੋਇਆ ਵਾਰਤਕ, ਨਾਵਲ, ਕਹਾਣੀਆਂ, ਕਵਿਤਾਵਾਂ ਅਤੇ ਹੋਰ ਸਾਹਿਤ ਰੂਪਾਂ ਵਿਚ ਲਿਖਣ ਵਾਲ਼ੀ ਅੰਮ੍ਰਿਤਾ, ਜਿੱਥੇ ਆਪਣੀ ਸਵੈ-ਜੀਵਨੀ ਵਿਚ, ਜ਼ਿੰਦਗੀ ਦੀਆਂ ਕੌੜੀਆਂ ਸੱਚਾਈਆਂ ਨੂੰ ਪੇਸ਼ ਕਰਦੀ ਹੈ, ਉੱਥੇ ਹੀ ਸੁਤੰਤਰ ਤੌਰ 'ਤੇ ਲਏ ਗਏ ਆਪਣੇ ਫ਼ੈਸਲਿਆਂ ਦੀ ਵੀ ਹਾਮੀ ਭਰਦੀ ਹੈ।

'ਮੇਰਾ ਸੋਲ੍ਹਵਾਂ ਵਰ੍ਹਾ', ਪੰਜਾਬੀ ਦੀ ਹਰਮਨ ਪਿਆਰੀ ਸ਼ਾਇਰਾ, ਅੰਮ੍ਰਿਤਾ ਪ੍ਰੀਤਮ ਦੀ ਸਵੈ-ਜੀਵਨੀ 'ਰਸੀਦੀ ਟਿਕਟ' ਦਾ ਇਕ ਅੰਸ਼ ਹੈ। ਜਿਸ ਵਿਚ ਲੇਖਿਕਾ ਨੇ, ਸੋਲ੍ਹਵੇਂ ਵਰ੍ਹੇ ਦੀ ਆਮਦ ਨੂੰ, ਆਪਣੇ ਹੀ ਢੰਗ ਨਾਲ ਬਿਆਨ ਕੀਤਾ ਹੈ। ਸੋਲ੍ਹਵੇਂ ਵਰ੍ਹੇ ਦੀ ਆਮਦ ਨੇ ਲੇਖਿਕਾ ਦੇ ਬਚਪਨ ਨੂੰ ਭੰਗ ਕੀਤਾ ਅਤੇ ਨਾਲ਼ ਹੀ, ਲੇਖਿਕਾ ਨੂੰ ਭਵਿੱਖ ਦੇ ਸਫ਼ਰ ਲਈ ਤਿਆਰ ਕੀਤਾ। ਲੇਖਿਕਾ ਦੀ ਮਾਂ ਜਿਉਂਦੀ ਨਹੀਂ ਸੀ। ਸਿਰਫ਼ ਉਸ ਦੇ ਪਿਤਾ ਦਾ ਹੀ, ਉਸ ਦੇ ਸਿਰ 'ਤੇ ਹੱਥ ਸੀ। ਇਸ ਲਈ ਮਾਂ ਦੀ ਗ਼ੈਰਹਾਜ਼ਰੀ ਵੀ, ਲੇਖਿਕਾ ਨੂੰ ਬਹੁਤ ਰੜਕਦੀ ਸੀ। ਖ਼ਾਸ ਕਰਕੇ, ਸੋਲ੍ਹਵੇਂ ਵਰ੍ਹੇ ਦੌਰਾਨ। ਬਾਪ ਲਈ, ਮਾਂ-ਬਾਹਰੀ ਧੀ ਦੀ ਹਿਫ਼ਾਜ਼ਤ ਕਰਨਾ, ਇਕ ਵੱਡੀ ਜ਼ਿੰਮੇਵਾਰੀ ਸੀ। ਇਸ ਲਈ, ਉਸ ਨੇ, ਸੋਲ੍ਹਵੇਂ ਵਰ੍ਹੇ ਦੇ ਮੱਦੇ-ਨਜ਼ਰ, ਅੰਮ੍ਰਿਤਾ ਨੂੰ ਕਿਸੇ ਵੀ ਆਂਢ-ਗੁਆਂਢ ਜਾਂ ਸਕੂਲ ਦੇ ਮੁੰਡੇ/ਕੁੜੀ ਨਾਲ਼, ਵਾਕਫ਼ੀਅਤ ਪਾਉਣ ਦੀ ਇਜਾਜ਼ਤ ਨਹੀਂ ਸੀ ਦਿੱਤੀ। "ਆਲੇ ਦੁਆਲੇ ਦੇ ਚੰਗੇ ਮਾੜੇ ਅਸਰਾਂ ਤੋਂ ਬਚਾਉਣ ਲਈ, ਬਾਪ ਨੂੰ ਇਸੇ ਵਿਚ ਹਿਫ਼ਾਜ਼ਤ ਜਾਪੀ ਸੀ ਕਿ ਮੇਰਾ ਕੋਈ ਵਾਕਫ਼ ਨਾ ਹੋਵੇ। ਨਾ ਸਕੂਲ ਦੀ ਕੋਈ ਕੁੜੀ, ਨਾ ਗੁਆਂਢ ਦਾ ਕੋਈ ਲੜਕਾ।" (ਪੰਨਾ : 36)। ਇਸ ਲਈ, ਸੋਲ੍ਹਵੇਂ ਵਰ੍ਹੇ ਦੌਰਾਨ ਜਿਹੜੇ ਵੀ ਮਾਨਸਿਕ ਜਾਂ ਸ਼ਰੀਰਕ ਪਰਿਵਰਤਨ, ਕਿਸੇ ਕੁੜੀ ਨੂੰ ਮਹਿਸੂਸ ਹੁੰਦੇ ਹਨ, ਉਹ ਪਿਤਾ ਦੀਆਂ ਬੰਦਿਸ਼ਾਂ ਹੇਠਾਂ ਹੀ ਦੱਬ ਕੇ ਰਹਿ ਗਏ। ਸੋਲ੍ਹਵਾਂ ਵਰ੍ਹਾ, ਲੇਖਿਕਾ ਦੇ ਕੋਲ ਆ ਕੇ ਵੀ, ਅਜਨਬੀਆਂ ਵਾਂਗ ਹੀ ਖੜ੍ਹਾ ਰਿਹਾ। ਲੇਖਿਕਾ ਨੇ, ਇਹ ਵੀ ਮਹਿਸੂਸ ਕੀਤਾ ਕਿ ਜੇਕਰ ਉਸ ਦੀ ਮਾਂ ਜਿਉਂਦੀ ਹੁੰਦੀ ਤਾਂ ਇਹ ਸੋਲ੍ਹਵਾਂ ਵਰ੍ਹਾ, ਉਸ ਲਈ ਹੋਰ ਹੀ ਹੋਣਾ ਸੀ। ਭਾਵੇਂ, ਲੇਖਿਕਾ ਦੇ ਘਰ, ਕਿਤਾਬਾਂ ਨੂੰ ਅਹਿਮੀਅਤ ਦਿੱਤੀ ਜਾਂਦੀ ਸੀ। ਪਰ, ਘਰ ਦਾ ਮਾਹੌਲ, ਧਾਰਮਕ ਬਿਰਤੀ ਵਾਲ਼ਾ ਹੋਣ ਕਾਰਨ, ਕਿਤਾਬਾਂ ਵੀ ਧਾਰਮਕ ਹੀ ਹੁੰਦੀਆਂ ਸਨ। "ਪਰ ਕਈ ਵਾਰ, ਤਵਾਰੀਖ਼ੀ ਕਿਤਾਬਾਂ ਦੀ ਫ਼ਿਜ਼ਾ ਇਹੋ ਜਿਹੀ ਵੀ ਸੀ, ਜਿਨ੍ਹਾਂ ਵਿਚ ਕਿਸੇ ਮੇਨਕਾ ਜਾਂ ਉਰਵਸ਼ੀ ਦੇ ਆਉਣ ਨਾਲ਼, ਰਿਖੀਆਂ ਦੀ ਸਮਾਧੀ ਟੁੱਟ ਜਾਂਦੀ ਸੀ। ਜਾਪਦਾ ਸੀ ਕਿ ਇਹ ਸੋਲ੍ਹਵਾਂ ਵਰ੍ਹਾ ਵੀ, ਜਿਵੇਂ ਕਿਸੇ ਅਪਸਰਾ ਦਾ ਰੂਪ ਸੀ, ਜੋ ਮੇਰੇ ਸਿੱਧੇ ਸਾਦੇ ਬਚਪਨ ਦੀ ਸਮਾਧੀ ਭੰਗ ਕਰਨ ਲਈ, ਕਦੇ ਅਚਾਨਕ ਮੇਰੇ ਸਾਹਮਣੇ ਆ ਖਲੋਤਾ ਸੀ।" (ਪੰਨਾ : 36) ਲੇਖਿਕਾ ਨੂੰ ਸੋਲ੍ਹਵੇਂ ਵਰ੍ਹੇ ਨਾਲ਼ ਆਪਣਾ ਰਿਸ਼ਤਾ ਸੁਭਾਵਕ ਨਹੀਂ, ਬਲਕਿ ਚੋਰੀ ਦੇ ਸਾਕ ਦੀ ਤਰ੍ਹਾਂ ਲੱਗਦਾ ਸੀ।

ਉਸ ਚੋਰੀ ਦੇ ਸਾਕ ਨੂੰ ਛੁਪਾਈ ਰੱਖਣ ਲਈ ਲੇਖਿਕਾ, ਕੋਈ ਨਜ਼ਮ ਲਿਖ ਦਿੰਦੀ ਸੀ। ਪਰ, ਨਾਲ਼ ਦੀ ਨਾਲ਼, ਉਹ ਇਹ ਨਜ਼ਮ ਪਾੜ ਦਿੰਦੀ, ਕਿਉਂਕਿ, ਉਸ ਨੂੰ ਸਿਰਫ਼ ਧਾਰਮਕ ਨਜ਼ਮਾਂ ਲਿਖਣ ਦੀ ਹੀ ਇਜਾਜ਼ਤ ਸੀ। ਇਸ ਤਰ੍ਹਾਂ ਉਸ ਦਾ ਸੋਲ੍ਹਵਾਂ ਵਰ੍ਹਾ, ਆਇਆ ਅਤੇ ਬੀਤ ਗਿਆ। ਇਹ ਲੇਖਿਕਾ ਲਈ ਹੈਰਾਨੀ ਵਾਲ਼ੀ ਗੱਲ ਸੀ, ਕਿਉਂਕਿ, ਅਸਲ ਵਿਚ ਸੋਲ੍ਹਵਾਂ ਵਰ੍ਹਾ ਜ਼ਿੰਦਗੀ ਦੇ ਰਸਤਿਆਂ ਉਪਰ ਭਿਆਨਕ ਮੋੜ ਵਰਗਾ ਹੁੰਦਾ ਹੈ। ਲੇਖਿਕਾ, ਆਪਣੇ ਪਿਤਾ ਦੀ ਧਾਰਮਕ ਬਿਰਤੀ ਅਤੇ ਮਾਂ ਦੀ ਅਣਹੋਂਦ ਕਰਕੇ, ਸੰਜਮੀ ਮਾਹੌਲ ਵਿਚ ਬੜੀ ਮੁਸ਼ਕਲ ਨਾਲ਼ ਸੋਲ੍ਹਵੇਂ ਵਰ੍ਹੇ ਨੂੰ ਪਾਲ਼ਦੀ ਰਹੀ। ਸੋਲ੍ਹਵੇਂ ਵਰ੍ਹੇ ਨਾਲ਼ ਉਸ ਦੀ ਵਾਕਫ਼ੀਅਤ ਉਸ ਅਸਫ਼ਲ ਮੁਹੱਬਤ ਵਰਗੀ ਸੀ, ਜਿਸ ਦੀ ਕਸਕ, ਹਮੇਸ਼ਾਂ ਲਈ ਕਿਤੇ ਪਈ ਰਹਿ ਜਾਂਦੀ ਹੈ। "ਏਸ ਵਰ੍ਹੇ ਵਿਚ ਜਾਣਿਆ-ਪਛਾਣਿਆ ਸਭ ਕੁੱਝ, ਤਨ ਦੇ ਕੱਪੜਿਆਂ ਵਾਂਗ ਭੀੜਾ ਹੋ ਜਾਂਦਾ ਹੈ, ਹੋਂਠ ਜ਼ਿੰਦਗੀ ਦੀ ਪਿਆਸ ਨਾਲ਼, ਖੁਸ਼ਕ ਹੋ ਜਾਂਦੇ ਹਨ। ਅਸਮਾਨ ਦੇ ਤਾਰੇ, ਜਿਨ੍ਹਾਂ ਨੂੰ ਸਪਤ ਰਿਸ਼ੀਆਂ ਦੀ ਸ਼ਕਲ ਵਿਚ ਵੇਖਕੇ, ਦੂਰੋਂ ਪ੍ਰਣਾਮ ਕਰਦੀ ਰਹੀ, ਕੋਲ ਜਾ ਕੇ ਛੋਹਣ ਨੂੰ ਜੀਅ ਕਰਦਾ ਸੀ।" (ਪੰਨਾ : 37) ਅਸੀਂ ਵੇਖਦੇ ਹਾਂ ਕਿ ਲੇਖਿਕਾ ਨੂੰ ਇਹ ਵੀ ਮਹਿਸੂਸ ਹੁੰਦਾ ਹੈ ਕਿ ਸੋਲ੍ਹਵਾਂ ਵਰ੍ਹੇ ਨਾਲ਼, ਉਸ ਦਾ ਮਨ ਦੇ ਤਸੱਵਰ ਦਾ ਰਿਸ਼ਤਾ ਹੈ। ਇਹ ਰਿਸ਼ਤਾ, ਤਾ-ਉਮਰ ਉਸ ਦੇ ਨਾਲ਼ ਹੀ ਨਿਭਿਆ।

ਲੇਖਿਕਾ ਨੂੰ ਮਹਿਸੂਸ ਹੁੰਦਾ ਕਿ ਜੇਕਰ ਸੋਲ੍ਹਵੇਂ ਵਰ੍ਹੇ ਨਾਲ਼ ਕਿਸੇ ਅਪਸਰਾ ਵਾਂਗ ਰੱਬ ਨੇ, ਉਸ ਦੇ ਬਚਪਨ ਦੀ ਸਮਾਧੀ ਭੰਗ ਕੀਤੀ ਹੈ ਤਾਂ ਉਹ ਰੱਬ ਦੀ, ਇਸ ਗੱਲ ਲਈ ਦੇਣਦਾਰ ਹੈ। ਕਿਉਂਕਿ, ਸੋਲ੍ਹਵਾਂ ਵਰ੍ਹਾ, ਸਾਰੀ ਉਮਰ ਉਸ ਦੇ ਨਾਲ਼ ਨਾਲ਼ ਰਹੇਗਾ ਅਤੇ ਉਸ ਨੇ ਸਮਾਧੀ ਦੇ ਚੈਨ ਦਾ ਵਰ ਨਹੀਂ, ਸਗੋਂ ਭਟਕਣਾ ਦੀ ਬੇਚੈਨੀ ਦਾ ਸਰਾਪ ਪਾਇਆ ਹੈ। ਲੇਖਿਕਾ ਨੂੰ ਮਹਿਸੂਸ ਹੁੰਦਾ ਹੈ ਕਿ ਉਸ ਦਾ ਸੋਲ੍ਹਵਾਂ ਵਰ੍ਹਾ, ਉਸ ਦੀ ਉਮਰ ਦੇ ਹਰ ਵਰ੍ਹੇ ਵਿਚ ਸ਼ਾਮਿਲ ਹੈ। ਇਹ ਇਸ ਤਰ੍ਹਾਂ ਸ਼ਾਮਿਲ ਹੈ ਕਿ ਲੇਖਿਕਾ, ਉਹਨਾਂ ਸਾਰੀਆਂ ਗੱਲਾਂ ਨੂੰ ਹੁਣ ਵੀ ਮਹਿਸੂਸ ਕਰਦੀ ਹੈ। ਜਦੋਂ ਵੀ ਕਿਸੇ ਹੋਰ ਨਾਲ਼ ਇਸ ਤਰ੍ਹਾਂ ਵਾਪਰਦਾ, ਤਾਂ ਲੇਖਿਕਾ ਨੂੰ ਉਹ ਆਪਣਾ ਹੀ ਦਰਦ ਲੱਗਦਾ ਹੈ। ਉਦਾਹਰਣ ਦੇ ਤੌਰ 'ਤੇ, ਲੇਖਿਕਾ ਦੀਆਂ ਇਹ ਤੁੱਕਾਂ ਵੇਖੋ : "ਮੇਰੀ ਹਰ ਸੋਚ, ਹੁਣ ਵੀ ਕੁੱਝ ਕੁੱਝ ਚਿਰ ਪਿੱਛੋਂ ਮੇਰੇ ਸਿੱਧੇ ਸਾਦੇ ਦਿਨਾਂ ਦੀ ਸਮਾਧੀ ਭੰਗ ਕਰਦੀ ਹੈ (ਸਬਰ ਸੰਤੋਖ ਨਾਲ਼ ਜ਼ਿੰਦਗੀ ਦੀਆਂ ਗ਼ਲਤ ਕੀਮਤਾਂ ਨਾਲ਼ ਕੀਤੀ ਹੋਈ ਸੁਲਾਹ, ਉਸ ਸਮਾਧੀ ਵਾਂਗ ਹੁੰਦੀ ਹੈ, ਜਿਹਦੇ ਵਿਚ ਉਮਰ ਅਕਾਰਥ ਚਲੀ ਜਾਂਦੀ ਹੈ) ਤੇ ਮੈਂ ਖੁਸ਼ ਹਾਂ; ਮੈਂ ਸਮਾਧੀ ਦੇ ਚੈਨ ਦਾ ਵਰ ਨਹੀਂ ਪਾਇਆ, ਭਟਕਣਾ ਦੀ ਬੇਚੈਨੀ ਦਾ ਸਰਾਪ ਪਾਇਆ ਹੈ...ਤੇ ਮੇਰਾ ਸੋਲ੍ਹਵਾਂ ਵਰ੍ਹਾ, ਅੱਜ ਵੀ ਮੇਰੇ ਹਰ ਵਰ੍ਹੇ ਵਿਚ ਸ਼ਾਮਿਲ ਹੈ।" (ਪੰਨਾ : 38) ਇਹੀ ਅੰਮ੍ਰਿਤਾ ਦੀ ਜ਼ਿੰਦਗੀ ਦਾ ਸੱਚ ਹੈ, ਜਿਹੜਾ ਅੰਤ ਤੱਕ, ਉਸ ਨੇ ਮਹਿਸੂਸ ਕੀਤਾ ਤੇ ਜੀਵਿਆ।

ਅੰਮ੍ਰਿਤਾ ਪ੍ਰੀਤਮ, ਆਪਣੀ ਜ਼ਿੰਦਗੀ ਵਿਚਲੇ ਸਭ ਤੋਂ ਅਹਿਮ ਹਿੱਸੇ, ਜੋ ਕਿ ਕਿਸੇ ਵੀ ਲੜਕੀ ਦੀ ਜ਼ਿੰਦਗੀ ਵਿਚ ਸ਼ਰੀਰਕ ਅਤੇ ਮਾਨਸਿਕ ਪੱਖੋਂ, ਸੁਪਨਿਆਂ ਦੀ ਦੁਨੀਆਂ ਸਿਰਜਦਾ ਹੈ, ਵਿਚ ਆਪਣੇ ਮਨ ਦੀ ਪੀੜਾ ਅਤੇ ਸਮਾਜਕ ਬੰਦਸ਼ਾਂ ਨੂੰ ਬਿਆਨ ਕਰਦੀ ਹੈ। ਨਤੀਜਨ, ਉਸ ਦਾ ਸੋਲ੍ਹਵਾਂ ਵਰ੍ਹਾ, ਸੁਪਨੇ ਬੁਣਨ ਅਤੇ ਮਾਣਨ ਦੀ ਅਣਹੋਂਦ ਕਾਰਨ, ਉਸ ਦੀ ਜ਼ਿੰਦਗੀ ਵਿਚ, ਇਸ ਪ੍ਰਕਾਰ ਵਾਸ ਕਰ ਗਿਆ ਕਿ ਕਿਧਰੇ ਵੀ ਹੋ ਰਹੀ ਬੇਇਨਸਾਫ਼ੀ, ਉਸ ਨੂੰ ਆਪ ਬੀਤੀ ਵਰਗੀ ਮਹਿਸੂਸ ਹੁੰਦੀ ਹੈ।

## (ii) 'ਮੇਰਾ ਸੋਲ੍ਹਵਾਂ ਵਰ੍ਹਾ' ਦਾ ਸ਼ੈਲੀਗਤ ਅਧਿਐਨ

'ਮੇਰਾ ਸੋਲ੍ਹਵਾਂ ਵਰ੍ਹਾ', ਅੰਮ੍ਰਿਤਾ ਪ੍ਰੀਤਮ ਦੀ ਸਵੈ-ਜੀਵਨੀ 'ਰਸੀਦੀ ਟਿਕਟ' ਵਿਚਲਾ ਮਹੱਤਵਪੂਰਨ ਅੰਸ਼ ਹੈ। ਇਸ ਅੰਸ਼ ਨੂੰ, ਜੇ ਧਿਆਨ ਨਾਲ਼ ਪੜ੍ਹਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਅੰਮ੍ਰਿਤਾ ਦੀ ਸ਼ੈਲੀ, ਨਿਗਰ ਰੂਪ ਵਿਚ ਸਾਹਮਣੇ ਆਉਂਦੀ ਹੈ। ਉਹ ਕਈ ਵਾਰ ਗੱਲ ਨੂੰ ਪੁੱਖ਼ਤਾ ਕਰਨ ਦੀ ਕੋਸ਼ਿਸ਼ ਕਰਦਿਆਂ, **ਵਾਕਾਂ ਨੂੰ ਬਾਰ ਬਾਰ ਦੁਹਰਾਉਂਦੀ ਹੈ** ਤਾਂ ਜੋ, ਉਸ ਦੀ ਕਹੀ ਗੱਲ, ਪਾਠਕਾਂ ਦੇ ਮਨ ਵਿਚ ਘਰ ਕਰ ਜਾਵੇ। ਬਪਚਨ ਤੋਂ ਬਾਅਦ, ਸੋਲ੍ਹਵੇਂ ਵਰ੍ਹੇ ਦਾ ਉਸ ਦੀ ਜ਼ਿੰਦਗੀ ਵਿਚ ਚੋਰਾਂ ਵਾਂਗ ਆਉਣਾ ਅਤੇ ਉਸ ਦੀ ਬਚਪਨ ਦੀ ਸਮਾਧੀ ਨੂੰ ਭੰਗ ਕਰਨਾ। ਇਕੋ ਹੀ ਗੱਲ ਦਾ ਜ਼ਿਕਰ, ਬਾਰ ਬਾਰ ਕਰਨਾ, ਉਸ ਦੀ ਸ਼ੈਲੀਗਤ ਵਿਸ਼ੇਸ਼ਤਾ ਹੈ। ਕੁੱਝ ਉਦਾਹਰਣਾਂ ਵੇਖੋ :-

> "ਚੁੱਪਚਾਪ ਮੇਰੇ ਸੁਫ਼ਨਿਆਂ ਵਿਚ **ਆ ਜਾਂਦਾ**।"
>
> "ਬਚਪਨ ਦੀ ਸਮਾਧੀ ਭੰਗ ਕਰਨ ਲਈ, ਕਦੇ ਅਚਾਨਕ ਮੇਰੇ ਸਾਹਮਣੇ **ਆ ਖਲੋਂਦਾ ਸੀ**।"
>
> "ਉਹ ਘਰ ਦੀ ਕੰਧ ਟੱਪ ਕੇ **ਆ ਜਾਂਦਾ**।"

ਅੰਮ੍ਰਿਤਾ ਪ੍ਰੀਤਮ ਨੇ ਆਪਣੇ ਸੁਪਨਿਆਂ ਦੀ ਦੁਨੀਆਂ ਵਿਚਲੇ ਸੋਲ੍ਹਵੇਂ ਵਰ੍ਹੇ ਨੂੰ, ਇਕ ਮਰਦ ਦੇ ਰੂਪ ਵਿਚ ਚਿਤਵ ਲਿਆ ਸੀ, ਜਿਸ ਨੂੰ ਉਹ ਹਮੇਸ਼ਾਂ, ਆਪਣੇ ਸਾਹਮਣੇ ਜਾਂ ਆਸ-ਪਾਸ ਵੇਖਦੀ ਅਤੇ ਉਸ ਨੂੰ ਜਾਪਦਾ, ਜਿਵੇਂ ਇਹ ਕਿਸੇ ਅਪਸਰਾ ਦਾ ਰੂਪ ਧਾਰ ਕੇ, ਉਸ ਦੇ ਬਚਪਨ ਦੀ ਸਮਾਧੀ ਭੰਗ ਕਰਨ ਆ ਪਹੁੰਚਿਆ ਸੀ। ਬਿਲਕੁਲ ਉਵੇਂ, ਜਿਵੇਂ ਮੇਨਕਾ ਜਾਂ ਉਰਵਸ਼ੀ। ਲੇਖਿਕਾ ਵੱਲੋਂ ਆਪਣੇ ਸੋਲ੍ਹਵੇਂ ਵਰ੍ਹੇ ਦੀ ਗਾਥਾ ਦਾ ਬਿਆਨ ਕਰਦਿਆਂ, ਵਰਤੇ ਗਏ ਪ੍ਰਤੀਕ, ਉਸ ਦੀ ਸ਼ੈਲੀ ਨੂੰ ਉਦੋਂ ਹੋਰ ਵੀ ਉਘਾੜਦੇ ਹਨ, ਜਦੋਂ **ਮਿਥਿਹਾਸਕ ਪਾਤਰਾਂ ਦਾ ਹਵਾਲਾ** ਦਿੰਦਿਆਂ, ਆਪਣੀ ਗੱਲ ਪਾਠਕਾਂ ਦੇ ਸਾਹਮਣੇ ਰੱਖਦੀ ਹੈ। ਉਸ ਵੱਲੋਂ ਵਰਤੇ ਗਏ ਸ਼ਬਦ, ਆਪਣੇ ਅੰਦਰ ਇਕ ਲੰਬਾ ਇਤਿਹਾਸ/ਮਿਥਿਹਾਸ ਸਮੋਈ ਬੈਠੇ ਹਨ, ਜਿਵੇਂ ਕਿ : ਸਮਾਧੀ, ਰਿਖੀ, ਸਾਜ਼ਿਸ਼, ਸਰਾਪ, ਵਰ, ਚੋਰੀ ਦਾ ਸਾਕ, ਜੋ ਉਸ ਨੂੰ ਸਮਾਜਕ ਵਿਵੱਸਥਾ ਦੇ ਵਿਰੁੱਧ ਖੜ੍ਹੇ ਕਰਨੇ, ਚੰਗੇ ਲੱਗਦੇ ਹਨ। ਭਾਵੁਕ ਅਨੁਭਵਾਂ ਦਾ ਬਿਆਨ, ਬੇਹੱਦ ਪ੍ਰਭਾਵਸ਼ਾਲੀ

ਤਰੀਕੇ ਨਾਲ਼ ਕਰਨਾ, ਲੇਖਿਕਾ ਨੂੰ ਬਾਖ਼ੂਬੀ ਆਉਂਦਾ ਹੈ। ਜਵਾਨੀ ਦੀ ਦਹਿਲੀਜ਼ 'ਤੇ ਪੈਰ ਰੱਖਦਿਆਂ, ਜਿਸ ਰੁਮਾਂਸ ਨੇ ਹਕ਼ੀਕ਼ੀ ਰੂਪ ਧਾਰ ਕੇ, ਉਸ ਦੇ ਸਾਹਮਣੇ ਖੜ੍ਹੇ ਹੋਣਾ ਸੀ, ਉਹ ਉਸ ਵੇਲ਼ੇ ਗ਼ੈਰਹਾਜ਼ਿਰ ਸੀ। **ਰੁਮਾਨੀ ਤਰਜ਼ ਵਿਚ ਬਿਆਨ ਕਰਨਾ**, ਉਸ ਦੀ ਖ਼ਾਸੀਅਤ ਹੈ। ਜਿਸ ਨੂੰ ਉਸ ਨੇ ਪਤੀ ਨਾਲ਼ੋਂ ਵੱਖ ਹੋਣ ਤੋਂ ਬਾਅਦ, ਆਖ਼ਰੀ ਸਾਹ ਤੱਕ ਹੰਢਾਇਆ ਅਤੇ ਪ੍ਰਗਟਾਇਆ। ਉਦਾਹਰਣ ਵੇਖੋ :-

> "ਸੋਲ੍ਹਵਾਂ ਸਾਲ ਆਇਆ-ਇਕ ਅਜਨਬੀ ਵਾਂਗ। ਕੋਲ਼ ਆ ਕੇ, ਇਕ ਵਿੱਥ 'ਤੇ ਖਲੋਤਾ ਰਿਹਾ। ਮੈਂ ਕਦੇ ਚੁੱਪਚਾਪ ਉਹਦੇ ਵੱਲ ਤੱਕ ਛੱਡਦੀ, ਉਹ ਕਦੇ ਮੁਸਕਰਾ ਕੇ ਮੇਰੇ ਵੱਲ ਵੇਖ ਛੱਡਦਾ।"
> (ਪੰਨਾ : 36)

ਆਪਣੀ ਜ਼ਿੰਦਗੀ ਦੇ ਉਤਾਰ-ਚੜ੍ਹਾਅ ਨੂੰ ਬਿਆਨ ਕਰਦਿਆਂ, ਉਹ ਸਮਾਜ ਵਿਚ ਵਾਪਰ ਰਹੀਆਂ ਅਮਾਨਵੀ ਘਟਨਾਵਾਂ ਨੂੰ, ਵੱਡੇ ਕੈਂਨਵਸ ਉਪਰ ਵੇਖਦੀ, ਨਿੱਜ ਤੋਂ ਪਾਰ ਜਾ ਕੇ, ਮਾਨਵਤਾ ਦੀ ਭਲਾਈ ਅਤੇ ਉਸ ਦੇ ਦੁੱਖ ਵਿਚ ਸ਼ਰੀਕ ਹੋ ਜਾਂਦੀ ਹੈ। ਇਹੋ ਜਿਹੀ ਜੁਗਤ ਨੇ ਹੀ, ਉਸ ਨੂੰ ਆਮ ਲੋਕਾਂ ਦੇ ਬੇਹੱਦ ਨਜ਼ਦੀਕ ਲਿਆਂਦਾ ਅਤੇ ਇਹੋ ਜਿਹੇ ਹਾਲਾਤ ਅੰਦਰ ਵੀ, ਉਸ ਦੀ ਬਚਪਨ ਤੋਂ ਦੱਬੀ ਹੋਈ ਬਾਗ਼ੀ ਸੁਰ, ਹੁਣ ਬੁਲੰਦੀ ਨਾਲ਼, ਪੂਰੇ ਹੌਂਸਲੇ ਨਾਲ਼, ਉਸ ਅੰਦਰੋਂ ਨਿਕਲਣੀ ਸ਼ੁਰੂ ਹੋ ਗਈ।

ਇਸ ਸਵੈ-ਜੀਵਨੀ ਅੰਸ਼ ਵਿਚ ਲੇਖਿਕਾ ਦੀ ਭਾਸ਼ਾ, ਕਿਧਰੇ ਵੀ **ਪਾਠਕ ਨੂੰ ਔਖ ਮਹਿਸੂਸ ਨਹੀਂ ਹੋਣ ਦਿੰਦੀ**। ਥੋੜ੍ਹੇ ਵਿਚ ਵੀ ਬਹੁਤਾ ਕਹਿਣਾ ਜਾਣਦੀ ਹੈ, ਅੰਮ੍ਰਿਤਾ। ਪੇਚੀਦਾ ਤੋਂ ਪੇਚੀਦਾ ਸਥਿਤੀ ਨੂੰ, **ਸਰਲਤਾ ਨਾਲ਼ ਬਿਆਨ ਕਰਨਾ**, ਉਸ ਦੀ ਖ਼ਾਸੀਅਤ ਹੈ, ਜਿਵੇਂ ਕਿ :-

> "ਇਹਦੇ ਰੋਹ ਦਾ ਪੂਰਾ ਰੂਪ ਮੈਂ ਉਸ ਤੋਂ ਬਾਅਦ ਕਈ ਵਾਰ ਵੇਖਿਆ, 1947 ਵਿਚ ਦੇਸ਼ ਦੀ ਤਕਸੀਮ ਵੇਲ਼ੇ ਵੀ ਵੇਖਿਆ ਸੀ।...... ਫੇਰ ਗਵਾਂਢੀ ਦੇਸ਼ਾਂ ਦੇ ਹਮਲੇ ਵੇਲ਼ੇ, ਵੀਅਤਨਾਮ ਦੀ ਲੰਬੀ ਘਾਲਣਾ ਵੇਲ਼ੇ, ਚੈਕਸਲੋਵਾਕੀਆ ਦੀ ਮਜਬੂਰੀ ਵੇਲ਼ੇ......"

**ਰੁਮਾਂਟਿਕ ਅਤੇ ਸੰਵੇਦਨਸ਼ੀਲ ਭਾਸ਼ਾ** ਵਿਚ ਡੁੱਬੀ, ਉਸ ਦੀ ਵਾਕ-ਬਣਤਰ ਹਰ ਪਾਠਕ ਨੂੰ ਕੀਲ ਲੈਣ ਦੀ ਕਾਬਲੀਅਤ ਰੱਖਦੀ ਹੈ। ਇਸ ਅੰਸ਼ ਅੰਦਰ, ਵੱਖੋ-ਵੱਖਰੀਆਂ ਸਥਿਤੀਆਂ ਅੰਦਰ ਉਪਜੇ ਸਵਾਲਾਂ ਦਾ ਜਵਾਬ ਵੀ, ਦੂਜੀ ਸਥਿਤੀ ਅੰਦਰ ਦੇਣ ਦੀ ਸ਼ੈਲੀ ਵਰਤਦਿਆਂ, ਆਪਣੀ ਸਿਰਜਣਾ ਵਿਚ ਟਿਕੇ ਰਹਿਣ ਦੀ ਕਾਬਲੀਅਤ ਦਾ ਪ੍ਰਮਾਣ ਦਿੰਦੀ ਹੈ। ਸੋਲ੍ਹਵੇਂ ਵਰ੍ਹੇ, ਕਿਸੇ ਵੀ ਕੁੜੀ ਦੀ ਜ਼ਿੰਦਗੀ ਵਿਚ ਆਏ ਬਦਲਾਅ ਨੂੰ, ਉਹ ਇਉਂ ਬਿਆਨਦੀ ਹੈ :

> "ਏਸ ਵਰ੍ਹੇ ਵਿਚ ਜਾਣਿਆ-ਪਹਿਚਾਣਿਆ ਸਭ ਕੁੱਝ, **ਤਨ ਦੇ ਕੱਪੜਿਆਂ ਵਾਂਗ ਭੀੜਾ ਹੋ ਜਾਂਦਾ ਹੈ, ਹੋਂਠ ਜ਼ਿੰਦਗੀ ਦੀ ਪਿਆਸ ਨਾਲ਼ ਖ਼ੁਸ਼ਕ ਹੋ ਜਾਂਦੇ ਹਨ**, ਅਸਮਾਨ ਦੇ ਤਾਰੇ, ਜਿਨ੍ਹਾਂ ਨੂੰ ਸਪਤ ਰਿਸ਼ੀਆਂ ਦੀ ਸ਼ਕਲ ਵਿਚ ਵੇਖ ਕੇ ਦੂਰੋਂ ਪ੍ਰਣਾਮ ਕਰਦੀ ਸੀ, ਕੋਲ਼ ਜਾ ਕੇ **ਛੋਹਣ ਨੂੰ ਜੀਅ ਕਰਦਾ ਹੈ**।"

ਫਿਰ ਇਸੇ ਹੀ ਅੰਸ਼ ਵਿਚ, ਉਹ ਆਪਣੇ ਸੋਲ੍ਹਵੇਂ ਵਰ੍ਹੇ ਦਾ ਅਹਿਸਾਨ ਵੀ ਮੰਨਦੀ ਹੈ। ਜਿਸ ਕਾਰਨ ਉਸ ਦਾ ਹਰ ਵਰ੍ਹਾ, ਹੁਣ ਸੋਲ੍ਹਵਾਂ ਵਰ੍ਹਾ ਬਣ ਗਿਆ ਸੀ। "ਸਿਰਫ਼ ਬਾਹਰੀ ਮੁਖ਼ਲਾਫ਼ਤ ਨੂੰ ਹੀ ਨਹੀਂ, ਮੇਰੀ ਉਮਰ ਦੇ ਪੰਜਾਹਵੇਂ ਵਰ੍ਹੇ ਦੀ ਮੁਖ਼ਲਾਫ਼ਤ ਨੂੰ ਵੀ ਚੀਰਦੇ...ਤੇ ਉਹਦੀਆਂ ਸਭ ਅਲਾਮਤਾਂ ਹੁਣ ਵੀ, ਉਸੇ ਤਰ੍ਹਾਂ ਹਨ। ਹੁਣ ਵੀ ਆਲੇ-ਦੁਆਲੇ ਦਾ ਸਭ ਕੁੱਝ, ਤਨ ਦੇ ਕੱਪੜਿਆਂ ਵਾਂਗ, ਰੂਹ ਨੂੰ ਭੀੜਾ ਲੱਗਦਾ ਹੈ, ਹੋਂਠ ਜ਼ਿੰਦਗੀ ਦੀ ਪਿਆਸ ਨਾਲ਼ ਖ਼ੁਸ਼ਕ ਹੋ ਜਾਂਦੇ ਹਨ, ਅਸਮਾਨ ਦੇ ਤਾਰਿਆਂ ਨੂੰ ਹੱਥ ਨਾਲ਼ ਛੋਹਣ 'ਤੇ ਜੀਅ ਕਰਦਾ ਹੈ।" (ਪੰਨਾ : 38)

## (iii) ਲੇਖਿਕਾ ਦਾ ਬਿੰਬ

**ਪ੍ਰਸ਼ਨ : 'ਮੇਰਾ ਸੋਲ੍ਹਵਾਂ ਵਰ੍ਹਾ' ਵਿਚੋਂ, ਲੇਖਿਕਾ ਦਾ ਕਿਹੋ ਜਿਹਾ ਬਿੰਬ ਉੱਭਰਦਾ ਹੈ ?**

ਅੰਮ੍ਰਿਤਾ ਪ੍ਰੀਤਮ, ਪੰਜਾਬੀ-ਸਾਹਿਤ ਜਗਤ ਦੀ, ਇਕ ਅਜਿਹੀ ਸ਼ਖ਼ਸੀਅਤ ਵਜੋਂ ਜਾਣੀ ਜਾਂਦੀ ਹੈ, ਜਿਸ ਨੇ ਬਚਪਨ, ਮਾਂ-ਵਿਹੂਣਾ ਅਤੇ ਧਾਰਮਕ ਖ਼ਿਆਲਾਂ ਵਾਲ਼ੇ ਪਿਤਾ ਦੀ ਨਿਗਰਾਨੀ ਵਿਚ ਗੁਜ਼ਾਰਿਆ। ਇਸ ਲਈ, ਔਰਤ

ਦੇ ਮਨ ਦੀ ਸਥਿਤੀ ਨੂੰ ਉਹ, ਸਿਰਫ਼ ਅਨੁਭਵ ਹੀ ਨਹੀਂ ਕਰਦੀ, ਸਗੋਂ ਪੂਰੇ **ਬਾਗ਼ੀ ਸੁਰ** ਵਿਚ ਉਚਾਰਦੀ ਵੀ ਹੈ। ਸਾਹਿਤ ਦੇ ਅਨੇਕਾਂ ਰੂਪਾਂ ਉਪਰ ਕਲਮ ਚਲਾਉਣ ਵਾਲ਼ੀ ਲੇਖਿਕਾ, ਆਪਣੀ ਸਵੈ-ਜੀਵਨੀ 'ਰਸੀਦੀ ਟਿਕਟ' ਅੰਦਰ ਸੱਚ ਦੇ ਅੰਗ-ਸੰਗ ਰਹਿੰਦਿਆਂ, ਜ਼ਿੰਦਗੀ ਦੇ ਅਹਿਮ ਪੱਖਾਂ ਤੋਂ ਪਰਦਾ ਚੁੱਕਦੀ **ਸ਼ਰੇਆਮ ਆਪਣੀ ਗੱਲ ਕਹਿਣ ਦੀ ਹਿੰਮਤ** ਵਿਖਾਉਂਦੀ ਹੈ। ਸ਼ਾਇਦ ਇਹ ਸਭ, ਉਸ ਦੇ ਬਚਪਨ ਦੇ ਹਾਲਾਤ ਕਾਰਨ ਸੀ, ਜੋ ਉਸ ਨੂੰ **ਸਮਾਜਕ ਬੰਦਿਸ਼ਾਂ ਤੋਂ ਵਿੱਥ** ਥਾਪ ਕੇ ਖੜ੍ਹਾ ਕਰਦਾ ਹੈ।

'ਮੇਰਾ ਸੋਲ੍ਹਵਾਂ ਵਰ੍ਹਾ', ਉਸ ਦੀ ਸਵੈ-ਜੀਵਨੀ ਦਾ ਹੀ ਇਕ ਮਹੱਤਵਪੂਰਨ ਅੰਸ਼ ਹੈ। ਜਿਸ ਵਿਚ, ਲੇਖਿਕਾ ਦਾ ਉੱਭਰ ਰਿਹਾ ਬਿੰਬ, ਕਈ ਪੱਧਰਾਂ 'ਤੇ ਵੇਖਿਆ ਜਾ ਸਕਦਾ ਹੈ। ਮਾਂ ਦੀ ਅਣਹੋਂਦ ਅਤੇ ਪਿਤਾ ਦੇ ਧਾਰਮਕ ਖ਼ਿਆਲਾਂ ਸਦਕਾ, ਉਸ ਦਾ ਜੀਵਨ ਧਾਰਮਕ ਬੰਦਿਸ਼ਾਂ ਨਾਲ਼ ਭਰਪੂਰ ਸੀ। ਉਹ ਜਿੱਥੇ ਵੀ ਸਮਾਜਕ ਨਿਯਮਾਂ ਅੰਦਰ ਕੈਦ ਹੁੰਦੀ, ਉੱਥੇ ਹੀ ਕਲਪਨਾ ਦਾ ਸੰਸਾਰ ਸਿਰਜ ਕੇ, ਆਪਣੀ ਮਰਜ਼ੀ ਦੇ ਰੰਗ, ਉਸ ਵਿਚ ਭਰ ਲੈਂਦੀ। ਸਮਾਜ ਅੰਦਰ ਹਮੇਸ਼ਾਂ ਹੀ ਧੀ ਨੂੰ, ਬਾਪ ਦੀਆਂ ਨਿਗਾਹਾਂ ਵਿਚ ਪ੍ਰਵਾਨਿਤ ਹੋਣ ਲਈ ਕਿਹਾ ਜਾਂਦਾ ਹੈ। ਅੰਮ੍ਰਿਤਾ ਨੇ ਵੀ ਇਹੀ ਕੀਤਾ। ਭਾਵੇਂ, ਉਸ ਵਿਚ ਉਸ ਦੀ ਮਰਜ਼ੀ ਗ਼ੈਰਹਾਜ਼ਿਰ ਸੀ। ਜਿਵੇਂ ਕਿ :-

> "ਘਰ ਵਿਚ ਬਾਪ ਤੋਂ ਸਿਵਾਇ, ਕੋਈ ਨਹੀਂ ਸੀ। ਉਹ ਵੀ ਲਿਖਾਰੀ ਬਾਪ, ਜੀਹਨੇ ਸਾਰੀ ਰਾਤ ਜਾਗਣਾ, ਲਿਖਣਾ ਤੇ ਫੇਰ ਸਾਰਾ ਦਿਨ ਸੌਣਾ। ਆਲੇ-ਦੁਆਲੇ ਦੇ ਚੰਗੇ-ਮਾੜੇ ਅਸਰਾਂ ਤੋਂ ਬਚਾਣ ਲਈ, ਬਾਪ ਨੂੰ ਇਸੇ ਵਿਚ ਹਿਫ਼ਾਜ਼ਤ ਜਾਪੀ ਸੀ ਕਿ ਮੇਰਾ ਕੋਈ ਵਾਕਫ਼ ਨਾ ਹੋਵੇ। ਨਾ ਸਕੂਲ ਦੀ ਕੋਈ ਕੁੜੀ, ਨਾ ਗਵਾਂਢ ਦਾ ਕੋਈ ਲੜਕਾ।" (ਪੰਨਾ : 36)

ਇਸੇ ਲਈ, ਉਹ ਜਦੋਂ ਵੀ ਕੋਈ ਕਵਿਤਾ ਲਿਖਦੀ, ਤਾਂ ਦੂਜੇ ਹੀ ਪਲ ਉਸ ਨੂੰ ਫਾੜ ਵੀ ਦਿੰਦੀ। ਸਵੈ-ਸੰਵਾਦ ਰਚਾਉਣ ਵਾਲ਼ੀ ਲੇਖਿਕਾ, ਆਪਣੇ ਸੋਲ੍ਹਵੇਂ ਵਰ੍ਹੇ ਦੀ ਆਮਦ ਨੂੰ, ਰੱਬ ਦੀ ਸਾਜਿਸ਼ ਮੰਨਦੀ ਹੈ। ਜਿਸ ਨੇ, ਉਸ ਦੇ ਸਿੱਧੇ-ਸਾਦੇ ਜਿਹੇ ਬਚਪਨ ਦੀ ਸਮਾਧੀ ਤੋੜ ਦਿੱਤੀ ਸੀ। ਸੁਪਨਿਆਂ ਦੀ ਦੁਨੀਆਂ ਉਸਾਰਨ ਵਾਲ਼ੀ ਅੰਮ੍ਰਿਤਾ, ਬਚਪਨ ਤੋਂ ਹੀ ਬਾਗ਼ੀ ਬਣਦੀ ਨਜ਼ਰੀਂ ਪੈਂਦੀ ਹੈ। ਕਿਉਂਕਿ, ਸਮਾਜਕ ਕਦਰਾਂ-ਕੀਮਤਾਂ ਨਾਲ਼ ਸਮਝੌਤਾ ਕਰਨ ਨੂੰ ਉਹ, ਦਿਲੋਂ ਕਿਸੇ ਵੀ ਕੀਮਤ 'ਤੇ ਤਿਆਰ ਨਹੀਂ ਸੀ। ਇਸੇ ਲਈ, ਉਹ ਵਿਦਰੋਹ ਕਰਦੀ ਨਜ਼ਰੀਂ ਪੈਂਦੀ ਹੈ। ਮਿਸਾਲ ਵਜੋਂ :-

> "ਸਬਰ ਸੰਤੋਖ ਨਾਲ਼, ਜ਼ਿੰਦਗੀ ਦੀਆਂ ਗ਼ਲਤ ਕੀਮਤਾਂ ਨਾਲ਼ ਕੀਤੀ ਸੁਲਾਹ, ਉਸ ਸਮਾਧੀ ਵਾਂਗ ਹੁੰਦੀ ਹੈ, ਜਿਹਦੇ ਵਿਚ ਉਮਰ ਅਕਾਰਥੀ ਚਲੀ ਜਾਂਦੀ ਹੈ ਤੇ ਮੈਂ ਖੁਸ਼ ਹਾਂ, ਮੈਂ ਸਮਾਧੀ ਦੇ ਚੈਨ ਦਾ ਵਰ ਨਹੀਂ ਪਾਇਆ, ਭਟਕਣਾ ਦੀ ਬੇਚੈਨੀ ਦਾ ਸਰਾਪ ਪਾਇਆ ਹੈ......।" (ਪੰਨਾ : 38)

ਇਸੇ ਤਰ੍ਹਾਂ, ਉਹ ਬਾਗ਼ੀ ਸੁਰ ਉੱਭਾਰਦੀ, ਔਰਤ ਦੀ ਜ਼ਿੰਦਗੀ ਦੇ ਉਸ ਨਾਜ਼ੁਕ ਸਮੇਂ, ਭਾਵ ਸੋਲ੍ਹਵੇਂ ਵਰ੍ਹੇ ਵਿਚ ਕਿਸੇ ਦੇ ਪਿਆਰ/ਇਸ਼ਕ ਨੂੰ ਪਾਉਣ ਦੀ ਚਾਹਤ ਨੂੰ, ਭਾਵੇਂ ਸਮਾਜਕ ਸਥਿਤੀਆਂ ਵਿਚ ਪੂਰਾ ਨਾ ਕਰ ਸਕੀ। ਪਰ, **ਸੁਪਨਿਆਂ/ਕਲਪਨਾ ਦਾ ਸੰਸਾਰ ਸਿਰਜਦੀ**, ਉਹ ਸੋਲ੍ਹਵੇਂ ਵਰ੍ਹੇ ਨਾਲ਼ ਹੀ, ਉਸ ਨੂੰ ਹੀ ਆਪਣੇ ਸਾਥੀ ਦਾ ਰੂਪ ਮੰਨਦੀ, ਕਦੇ ਉਸ ਤੋਂ ਸ਼ਰਮਾਉਂਦੀ, ਚੁੱਪਚਾਪ ਵੇਖਦੀ, ਜਿਸ ਨੇ ਉਸ ਦੀ ਬਚਪਨ ਦੀ ਸਮਾਧੀ ਭੰਗ ਕਰ ਦਿੱਤੀ ਸੀ। ਜਿਵੇਂ ਹਰ ਅਪਸਰਾ, ਕਿਸੇ ਰਿਖੀ ਦੀ ਸਮਾਧੀ ਭੰਗ ਕਰਨ ਆਉਂਦੀ ਏ।

ਲੇਖਿਕਾ ਨੂੰ ਆਪਣੀ ਹਰ ਨਜ਼ਮ, ਇਕ ਵਰਜਿਤ ਖ਼ਾਹਿਸ਼ ਵਰਗੀ ਲੱਗਦੀ। ਜੋ ਸਮਾਜ ਨੂੰ ਪ੍ਰਵਾਨ ਨਹੀਂ ਸੀ, ਹਾਲਾਂਕਿ ਉਸਨੇ ਬਾਪ ਕੋਲ਼ੋਂ ਹੀ ਕਾਫ਼ੀਏ-ਰਦੀਫ਼ ਦੀ ਗੱਲ ਸਿੱਖੀ ਸੀ, ਪਰ ਧਾਰਮਕ ਨਜ਼ਮਾਂ ਲਿਖਣ ਵਾਸਤੇ। ਜਿਨ੍ਹਾਂ ਨੂੰ ਉਹ ਦਕਿਆਨੂਸੀ ਆਖਦੀ। ਆਪ ਬੀਤੀ ਦੱਸਦੀ, ਉਹ ਇਕ ਅੱਲ੍ਹੜ ਵਾਂਗ ਲੱਗਦੀ, ਜਦੋਂ ਸੋਲ੍ਹਵੇਂ ਵਰ੍ਹੇ ਦੀ ਇਉਂ ਪਰਿਭਾਸ਼ਾ ਦਿੰਦੀ ਹੈ :-

> "ਆਲੇ-ਦੁਆਲੇ ਤੇ ਦੂਰ-ਨੇੜੇ ਦੀ ਹਵਾ ਵਿਚ, ਏਨੀਆਂ **ਮਨਾਹੀਆਂ** ਤੇ ਏਨੇ **ਇਨਕਾਰ** ਹੁੰਦੇ ਹਨ ਤੇ ਏਨੀ **ਮੁਖ਼ਾਲਫ਼ਤ** ਕਿ ਸਾਹਵਾਂ ਵਿਚ ਅੱਗ ਸੁਲਗ ਪੈਂਦੀ ਹੈ, ਜਿਸ ਹੱਦ ਤੱਕ, ਇਹ ਮਨ ਨਾਲ਼ ਹੁੰਦਾ ਹੈ, ਮੇਰੇ ਨਾਲ਼ ਉਸ ਤੋਂ ਤਿੰਨ ਗੁਣਾਂ ਵੱਧ ਹੋਇਆ।"

ਅੰਮ੍ਰਿਤਾ ਦੇ ਸਵੈ-ਜੀਵਨੀ ਅੰਸ਼ 'ਮੇਰਾ ਸੋਲ੍ਹਵਾਂ ਵਰ੍ਹਾ' ਵਿਚ ਲੇਖਿਕਾ ਦਾ ਉੱਭਰ ਰਿਹਾ ਬਿੰਬ, ਜਿੱਥੇ ਇਕ **ਆਗਿਆਕਾਰੀ ਬੇਟੀ**, ਪਰ ਸਮਾਜ ਦੀਆਂ ਕਦਰਾਂ-ਕੀਮਤਾਂ ਨਾਲ਼ ਬਰ ਮੇਚ ਕੇ ਨਾ ਚੱਲਣ ਵਾਲ਼ੀ ਨਾਇਕਾ ਦਾ ਹੈ। ਜੋ ਮਾਂ-ਵਿਹੂਣੀ ਅਤੇ ਆਪਣੀਆਂ ਪਾਬੰਦੀਆਂ ਦੀ ਹਿਫ਼ਾਜ਼ਤ ਵਿਚ ਪਲੀ ਅਤੇ ਸੋਲ੍ਹਵੇਂ ਵਰ੍ਹੇ ਦੀਆਂ ਖ਼ਾਹਿਸ਼ਾਂ, ਉਮੀਦਾਂ ਅਤੇ ਸੁਪਨਿਆਂ ਦੀ ਗ਼ੈਰਹਾਜ਼ਰੀ ਨੂੰ, ਸੁਪਨਿਆਂ ਦਾ ਸੰਸਾਰ ਸਿਰਜ ਕੇ ਜੀਊਣ ਵਾਲ਼ੀ ਬਾਗ਼ੀ ਔਰਤ ਹੈ। ਇਸੇ ਕਾਰਨ, ਉਸ ਦਾ ਸੋਲ੍ਹਵਾਂ ਵਰ੍ਹਾ, ਉਸ ਦੀ ਜ਼ਿੰਦਗੀ ਦਾ ਹਰ ਵਰ੍ਹਾ ਬਣ ਗਿਆ। ਜਿਸ ਵਿਚੋਂ, ਦੁਨਿਆਵੀ ਰੁਮਾਂਸ ਗ਼ੈਰਹਾਜ਼ਰ ਸੀ। ਉਸੇ ਰੁਮਾਂਸ ਨੂੰ, ਉਸ ਨੇ ਆਪਣੇ ਆਖ਼ਰੀ ਸਾਹ ਤੱਕ ਨਿਭਾਇਆ ਤੇ ਹੰਢਾਇਆ। ਅੰਮ੍ਰਿਤਾ, ਆਪਣੇ ਨਿੱਜ ਤੋਂ ਪਾਰ ਜਾ ਕੇ, **ਮਨੁੱਖਤਾ ਦੇ ਹੋ ਰਹੇ ਘਾਣ ਲਈ ਵੀ ਬਾਗ਼ੀ ਸੁਰ ਉਚਾਰਦੀ ਹੈ**। ਜਦੋਂ ਉਸ ਨੇ 1947 ਦੀ ਵੰਡ ਵੇਖੀ, ਸਿਆਸਤ ਤੇ ਮਜ਼ਹਬ ਦੀ ਖੇਡ ਦੇਖੀ, ਵੀਅਤਨਾਮ ਦੀ ਘਾਲਣਾ, ਚੈਕਸਲੋਵਾਕੀਆ ਦੀ ਮਜਬੂਰੀ ਵੇਲ਼ੇ, ਉਸ ਦੀ ਕਲਮ ਫਿਰ ਤਪਸ਼ ਭਰੇ ਅੱਖਰ, ਕਾਗਜ਼ 'ਤੇ ਉਕੇਰਣ ਲੱਗੀ। ਇੱਥੋਂ ਉਸ ਦੇ ਅੰਦਰ, ਇਕ ਮਾਨਵਤਾ ਭਰਿਆ ਦਿਲ, ਸੰਵੇਦਨਸ਼ੀਲ ਮਨ, ਸਲੀਕੇਦਾਰ ਹੋਣ ਦਾ ਪ੍ਰਮਾਣ ਵੀ ਮਿਲ਼ਦਾ ਹੈ। ਉਸ ਦੇ ਆਪਣੇ ਸ਼ਬਦਾਂ ਵਿਚ ਕਹੀਏ ਤਾਂ : "ਕੋਈ ਬੇਇਨਸਾਫ਼ੀ ਭਾਵੇਂ ਦੁਨੀਆਂ ਵਿਚ ਕਿਸੇ ਨਾਲ਼, ਤੇ ਕਿਤੇ ਵਾਪਰੇ, ਉਹਦੇ ਖ਼ਿਲਾਫ਼, ਮੇਰੇ ਸਾਹਵਾਂ ਵਿਚ ਅੱਗ ਸੁਲਗ ਪੈਂਦੀ ਹੈ।" (ਪੰਨਾ : 37)

## ਪ੍ਰਸ਼ਨਾਵਲੀ

**ਪ੍ਰਸ਼ਨ** : ਅੰਮ੍ਰਿਤਾ ਪ੍ਰੀਤਮ ਦੇ ਬਚਪਨ ਦੇ ਮਾਹੌਲ ਬਾਰੇ ਜਾਣਕਾਰੀ ਦਿਉ।

**ਉੱਤਰ** : ਬਚਪਨ ਵਿਚ ਲੇਖਿਕਾ ਨੂੰ, ਮਾਂ ਦਾ ਪਿਆਰ ਅਤੇ ਨਿੱਘ ਮਹਿਸੂਸ ਨਹੀਂ ਸੀ ਹੋਇਆ। ਉਸ ਨੂੰ ਸਿਰਫ਼ ਆਪਣੇ ਪਿਤਾ ਦਾ ਸਾਥ ਪ੍ਰਾਪਤ ਸੀ। ਲੇਖਿਕਾ ਨੂੰ ਸਕੂਲ ਜਾਂ ਗਲੀ-ਗੁਆਂਢ ਦੇ ਕਿਸੇ ਮੁੰਡੇ ਜਾਂ ਕੁੜੀ ਨਾਲ਼ ਵਾਕਫ਼ੀਅਤ ਵਧਾਉਣ ਦੀ ਇਜਾਜ਼ਤ ਨਹੀਂ ਸੀ। ਘਰ ਦਾ ਮਾਹੌਲ, ਧਾਰਮਕ ਬਿਰਤੀ ਵਾਲ਼ਾ ਸੀ ਅਤੇ ਲੇਖਿਕਾ ਨੂੰ ਵੀ ਧਾਰਮਕ ਨਜ਼ਮਾਂ ਹੀ ਲਿਖਣੀਆਂ ਪੈਂਦੀਆਂ ਸਨ। ਕੁੱਲ ਮਿਲਾ ਕੇ, ਲੇਖਿਕਾ ਨੂੰ ਕਾਫੀ ਬੰਦਿਸ਼ਾਂ ਦਾ ਸਾਹਮਣਾ ਕਰਨਾ ਪੈਂਦਾ ਸੀ।

**ਪ੍ਰਸ਼ਨ** : ਆਪਣੀਆਂ ਮੁੱਢਲੇ ਦੌਰ ਦੀਆਂ ਕੁੱਝ ਨਜ਼ਮਾਂ ਨੂੰ, ਅੰਮ੍ਰਿਤਾ ਪ੍ਰੀਤਮ ਲਿਖਦਿਆਂ ਹੀ ਕਿਉਂ ਪਾੜ ਸੁੱਟਦੀ ਸੀ?

**ਉੱਤਰ** : ਲੇਖਿਕਾ ਨੂੰ ਸੋਲ੍ਹਵੇਂ ਵਰ੍ਹੇ ਦੇ ਪਰਿਵਰਤਨ ਦੌਰਾਨ, ਘਰ ਦੀਆਂ ਬੰਦਿਸ਼ਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਇਸ ਲਈ, ਉਹ ਆਪਣੇ ਸੰਜਮ ਅਤੇ ਦਬਾਅ ਵਿਚੋਂ ਉੱਠਦੇ ਜਜ਼ਬਾਤ ਨੂੰ, ਨਜ਼ਮ ਦੇ ਰੂਪ ਵਿਚ ਲਿਖ ਦਿੰਦੀ ਸੀ। ਘਰ ਦਾ ਮਾਹੌਲ ਧਾਰਮਕ ਬਿਰਤੀ ਵਾਲ਼ਾ ਹੋਣ ਕਾਰਨ ਉਸ ਦੇ ਪਿਤਾ ਜੀ ਚਾਹੁੰਦੇ ਸਨ ਕਿ ਅੰਮ੍ਰਿਤਾ, ਸਿਰਫ਼ ਧਾਰਮਕ ਨਜ਼ਮਾਂ ਹੀ ਲਿਖੇ। ਇਸੇ ਕਰਕੇ, ਅੰਮ੍ਰਿਤਾ ਡਰ ਕੇ, ਉਹ ਨਜ਼ਮਾਂ ਪਾੜ ਦਿੰਦੀ ਕਿ ਕਿਧਰੇ ਪਿਤਾ ਜੀ, ਗੁੱਸੇ ਨਾ ਹੋ ਜਾਣ।

**ਪ੍ਰਸ਼ਨ** : 'ਮੇਰਾ ਸੋਲ੍ਹਵਾਂ ਵਰ੍ਹਾ ਅੱਜ ਵੀ ਮੇਰੇ ਹਰ ਵਰ੍ਹੇ ਵਿਚ ਸ਼ਾਮਿਲ ਹੈ' ਤੋਂ ਲੇਖਿਕਾ ਦਾ ਕੀ ਭਾਵ ਹੈ ?

**ਉੱਤਰ** : ਲੇਖਿਕਾ ਨੂੰ ਸੋਲ੍ਹਵੇਂ ਵਰ੍ਹੇ ਦੌਰਾਨ ਬਹੁਤ ਸਾਰੀਆਂ ਬੰਦਿਸ਼ਾਂ ਦਾ ਸਾਹਮਣਾ ਕਰਨਾ ਪਿਆ। ਇਸ ਲਈ, ਉਸ ਨੂੰ ਇਹ ਲੱਗਿਆ ਕਿ ਸੋਲ੍ਹਵਾਂ ਵਰ੍ਹਾ ਆਇਆ ਅਤੇ ਅਜਨਬੀ ਵਾਂਗ ਹੀ ਖੜ੍ਹਾ ਰਿਹਾ। ਸੰਜਮ ਅਤੇ ਦਬਾਉ ਵਿਚ ਵੀ, ਆਪਣੇ ਉੱਠਦੇ ਜਜ਼ਬਾਤ ਨੂੰ, ਲੇਖਿਕਾ ਨੇ ਆਪਣੀਆਂ ਰਚਨਾਵਾਂ ਵਿਚ ਦ੍ਰਿੜਾਇਆ। ਭਾਵੇਂ, ਸ਼ੁਰੂ ਵਿਚ ਇਹ ਸਾਹਮਣੇ ਨਹੀਂ ਆਈਆਂ, ਪਰ ਬਾਅਦ ਵਿਚ ਲੇਖਿਕਾ ਨੂੰ ਇਹ ਮਹਿਸੂਸ ਹੋਇਆ ਕਿ ਉਹ ਜਦੋਂ ਵੀ ਲਿਖਦੀ, ਸੋਲ੍ਹਵਾਂ ਵਰ੍ਹਾ ਉਸ ਦੀ ਹਰੇਕ ਸਿਰਜਣਾ ਨੂੰ ਆ ਕੇ ਛੂੰਹਦਾ। ਉਸ ਨੂੰ ਇਹ ਮਹਿਸੂਸ ਹੁੰਦਾ ਕਿ ਸੋਲ੍ਹਵਾਂ ਵਰ੍ਹਾ, ਉਸ ਦੇ ਨਾਲ਼ ਹੀ ਚੱਲ ਰਿਹਾ ਹੈ। ਇਹ ਉਸ ਦੀ ਕਲਾ-ਸਿਰਜਣਾ ਨੂੰ, ਹਰੇਕ ਪੱਖੋਂ ਪ੍ਰਭਾਵਿਤ ਕਰਦਾ ਰਿਹਾ ਹੈ।

—0—

# 6. (i) 'ਆਪ ਨੂੰ ਪਛਾਣ ਬੰਦੇ' (ਡਾ. ਹਰਿਭਜਨ ਸਿੰਘ) : ਪਾਠਗਤ ਅਧਿਐਨ

'ਆਪ ਨੂੰ ਪਛਾਣ ਬੰਦੇ', ਪੰਜਾਬੀ ਦੇ ਉੱਘੇ ਵਿਦਵਾਨ, ਸ਼ਾਇਰ ਅਤੇ ਆਲੋਚਕ ਡਾ. ਹਰਿਭਜਨ ਸਿੰਘ ਦੀ ਸਵੈ-ਜੀਵਨੀ, 'ਚੋਲਾ ਟਾਕੀਆਂ ਵਾਲ਼ਾ' ਵਿਚੋਂ ਲਿਆ ਗਿਆ, ਇਕ ਅੰਸ਼ ਹੈ। ਇਸ ਵਿਚ, ਲੇਖਕ ਨੇ ਬਿਆਨ ਕੀਤਾ ਹੈ ਕਿ ਉਸ ਦੇ ਜੀਵਨ ਵਿਚ ਇਕੱਲਤਾ ਦੀ ਆਮਦ ਹੋਈ ਅਤੇ ਉਸ ਦੇ ਜੀਵਨ ਉਪਰ, ਉਸ ਇਕੱਲਤਾ ਦੇ ਕੀ ਕੀ ਅਸਰ ਹੋਏ ?

ਇਸ ਪਾਠ ਦੇ ਆਰੰਭ ਵਿਚ ਲੇਖਕ ਨੇ, ਆਪਣੇ ਬਚਪਨ ਦਾ ਹਾਲ ਦੱਸਿਆ ਹੈ ਕਿ ਕਿਵੇਂ, ਉਹ ਦੋ ਭੈਣਾਂ ਦਾ ਲਾਡਲਾ ਵੀਰ ਸੀ ਅਤੇ ਘਰ ਵਿਚ, ਸਭ ਦਾ ਹਰਮਨ ਪਿਆਰਾ ਸੀ।

> "ਕੁਝ ਦੇਰ ਮੇਰਾ ਬਚਪਨ ਬੜਾ ਸ਼ੋਰੀਲਾ ਰਿਹਾ। ਕੱਲੇ ਕਾਰੇ ਬਾਪੂ ਦਾ, ਕੱਲਾ ਕਾਰਾ ਪੁੱਤਰ। ਦਾਦੀ, ਮਾਂ, ਦੋ ਭੈਣਾਂ ਦੇ ਦਰਮਿਆਨ, ਇਕੋ ਇਕ ਔਲਾਦ ਨਗੀਨਾ।"

(ਪੰਨਾ : 35)

ਲੇਖਕ ਨੂੰ ਘਰ ਤੋਂ ਬਹੁਤ ਲਾਡ-ਪਿਆਰ ਮਿਲਿਆ, ਜਿਸ ਕਰਕੇ ਉਹ ਥੋੜ੍ਹਾ ਵਿਗੜ ਵੀ ਗਿਆ। ਪਰ, ਕਿਸਮਤ ਦੇ ਗੇੜ ਦਾ ਕੋਈ ਨਹੀਂ ਪਤਾ ਹੁੰਦਾ ਕਿ ਇਹ, ਆਪਣੀ ਰਫ਼ਤਾਰ ਨਾਲ਼ ਚਲਦਾ ਰਹਿੰਦਾ ਹੈ ਅਤੇ ਸਮਾਂ, ਬਦਲਦਾ ਰਹਿੰਦਾ ਹੈ। ਦਸਵੀਂ ਜਮਾਤ ਵਿਚ ਪੜ੍ਹੀ ਇਕ ਕਿਤਾਬ ਦਾ ਜ਼ਿਕਰ ਕਰਦਿਆਂ ਲੇਖਕ ਕਹਿੰਦਾ ਹੈ :-

> "ਫਾਰਚੂਨ, ਟਰਨਜ਼ ਲਾਇਕ ਏ ਵੀਲ੍ਹ। ਵਨ ਮੈਨ ਇਟ ਲਿਫਟਸ, ਐਨਅਦਰ, ਇਟ ਮੈਟਸ ਡਾਊਨ। ਯਾਨੀ ਕਿਸਮਤ ਪਹੀਏ ਵਾਂਗ ਘੁੰਮਦੀ ਹੈ। ਇਹ ਨੀਚੋਂ ਊਚ, ਊਚੋਂ ਨੀਚ ਕਰ ਦਿੰਦੀ ਹੈ।"

(ਪੰਨਾ : 41)

ਲੇਖਕ ਦਾ ਚੰਗਾ ਸਮਾਂ ਵੀ ਜ਼ਿਆਦਾ ਦੇਰ ਨਾ ਚੱਲਿਆ। ਉਸ ਦੇ ਪਿਤਾ ਦੀ ਮੌਤ ਤੋਂ ਬਾਅਦ, ਘਰ ਦਾ ਕੱਲਾ ਕੱਲਾ ਜੀਅ, ਉਸ ਨੂੰ ਛੱਡ ਕੇ ਸਦਾ ਲਈ ਤੁਰ ਗਿਆ। ਭਰੇ ਪਰਿਵਾਰ ਵਿਚੋਂ ਲੇਖਕ, ਇਕੱਲਾ ਰਹਿ ਗਿਆ। ਲੇਖਕ ਅਨੁਸਾਰ, ਉਹ ਪਹਿਲਾਂ ਸੁਹਣਾ ਹੋਣ ਕਰਕੇ ਅਤੇ ਹੁਣ, ਸਭ ਤੋਂ ਭੱਦਾ ਹੋਣ ਕਾਰਨ, ਸਭ ਤੋਂ ਵੱਖਰਾ ਸੀ। ਜਦੋਂ ਲੇਖਕ, ਵੱਡੇ ਵੱਡੇ ਵਿਦਵਾਨਾਂ ਦੇ ਜੀਵਨ ਬਾਰੇ ਪੜ੍ਹਦਾ ਕਿ ਉਹਨਾਂ ਦੇ ਜੀਵਨ ਵਿਚ ਬੜੇ ਫੇਰ-ਬਦਲ ਹੋਏ ਸਨ ਤਾਂ ਉਸਨੂੰ ਧਰਵਾਸ ਮਿਲ਼ਦਾ।

ਇਸ ਤਰ੍ਹਾਂ, ਇਕੱਲੇ ਹੋਣ ਦਾ ਅਹਿਸਾਸ, ਜਿੱਥੇ ਲੇਖਕ ਲਈ ਤੜਫ਼ ਪੈਦਾ ਕਰਦਾ ਸੀ, ਉੱਥੇ, ਉਸ ਨੂੰ ਇਹ ਸਿਖਾਉਣ ਵਿਚ ਵੀ ਮਦਦ ਕਰਦਾ ਸੀ ਕਿ ਜੋ ਕੁੱਝ ਵੀ ਹੁੰਦਾ ਹੈ, ਚੰਗੇ ਲਈ ਹੀ ਹੁੰਦਾ ਹੈ। ਕਿਉਂਕਿ, ਜੇ ਲੇਖਕ ਇਕੱਲਾ ਨਾ ਹੁੰਦਾ, ਤਾਂ ਸ਼ਾਇਦ, ਉਸ ਨੇ ਲਿਖਣ ਵਾਲ਼ੇ ਪਾਸੇ ਨਹੀਂ ਸੀ ਲੱਗਣਾ। "ਇਹੋ ਜਿਹੇ ਵਾਕ, ਮੇਰੇ ਹਾਲ ਦੇ ਮਹਿਰਮ ਹਨ, ਮੈਨੂੰ ਧਰਵਾਸ ਦੇਂਦੇ ਹਨ ਕਿ ਮੇਰੇ ਨਾਲ਼ ਅਲੋਕਾਰ ਨਹੀਂ ਹੋਈ, ਮੇਰੇ ਵਰਗੇ ਇਲੀਅਸ, ਕਈ ਹਨ ਦੁਨੀਆਂ ਵਿਚ।" (ਪੰਨਾ : 41)

ਇਸੇ ਤਰ੍ਹਾਂ, ਜਦੋਂ ਲੇਖਕ ਦਾ ਦਸਵੀਂ ਦਾ ਨਤੀਜਾ ਆਇਆ ਤਾਂ ਉਹ, ਪਾਸ ਹੋਣ ਵਾਲਿਆਂ ਦੀ ਸੂਚੀ ਵਿਚ ਸ਼ਾਮਿਲ ਸੀ। ਉਸ ਵੇਲੇ ਪਾਸ ਹੋਣਾ, ਬਹੁਤ ਵੱਡੀ ਗੱਲ ਸੀ। ਪਾਸ ਹੋਣ ਵਾਲ਼ੇ, ਖ਼ੁਸ਼ ਹੋ ਰਹੇ ਸਨ ਅਤੇ ਆਪਣੀਆਂ ਖ਼ੁਸ਼ੀਆਂ ਵੰਡ ਰਹੇ ਸਨ। ਪਰ, ਲੇਖਕ ਦੇ ਘਰ ਤਾਂ ਕੋਈ ਵੀ ਨਹੀਂ ਸੀ, ਜਿਸ ਦੇ ਨਾਲ਼ ਉਹ, ਆਪਣੀ ਇਹ ਖ਼ੁਸ਼ੀ ਸਾਂਝੀ ਕਰ ਸਕਦਾ। "ਪਾਸ ਹੋਣ ਵਾਲ਼ਿਆਂ ਦੀ ਸੂਚੀ ਵਿਚ ਸ਼ੁਮਾਰ ਹੋ ਕੇ ਵੀ ਮੈਂ, ਉਨ੍ਹਾਂ ਵਿਚ ਸ਼ਾਮਿਲ ਨਹੀਂ ਸੀ। ਨਤੀਜੇ ਵਾਲੇ ਦਿਨ ਵੀ ਮੈਂ, ਸਭ ਤੋਂ ਅੱਡਰਾ ਹੋ ਗਿਆ।" (ਪੰਨਾ : 42) ਭਾਵੇਂ, ਦੁਨੀਆਂ ਦੀ ਭੀੜ ਤੋਂ ਵੱਖਰਿਆਂ ਰਹਿਣਾ, ਉਸ ਦਾ ਫ਼ੈਸਲਾ ਨਹੀਂ ਸੀ। ਪਰ, ਹਾਲਾਤ ਨੇ ਇਕੱਲਪੁਣੇ ਅਤੇ ਖ਼ਾਮੋਸ਼ੀ ਨੂੰ, ਉਸ ਦੀ ਸ਼ਖ਼ਸੀਅਤ ਦਾ ਹਿੱਸਾ ਬਣਾ ਦਿੱਤਾ। ਲੇਖਕ ਅਨੁਸਾਰ, ਉਹ ਨਾ ਤਾਂ ਕਿਸੇ ਸੰਨਿਆਸੀ ਵਾਂਗ, ਇਸ ਦੁਨੀਆਂ ਤੋਂ ਦੂਰ ਹੋ ਸਕਦਾ ਅਤੇ ਨਾ

ਹੀ, ਕਿਸੇ ਸਿਆਣੇ ਦੁਨੀਆਂਦਾਰ ਵਾਂਗ ਇਸ ਵਿਚ ਖਚਿੱਤ ਹੋ ਸਕਦਾ ਹੈ। ਦੁਨੀਆਂ ਨਾਲ਼, ਉਸ ਦਾ ਖ਼ਾਮੋਸ਼ ਰਿਸ਼ਤਾ ਬਣ ਗਿਆ ਸੀ ਅਤੇ ਇਸੇ ਖ਼ਾਮੋਸ਼ ਰਿਸ਼ਤੇ ਵਿਚੋਂ ਹੀ, ਉਸ ਦੀ ਸ਼ਾਇਰੀ ਨੇ ਜਨਮ ਲਿਆ।

ਇਸ ਸਵੈ-ਜੀਵਨੀ ਅੰਸ਼ ਵਿਚ ਹਰਿਭਜਨ ਸਿੰਘ, ਆਪਣੀਆਂ ਸਥਿਤੀਆਂ ਅਤੇ ਹਾਲਾਤ ਨੂੰ, ਜਿਸ ਤਰ੍ਹਾਂ ਬਿਆਨ ਕਰਦਾ ਹੈ, ਉਹ ਸਾਰਾ ਕੁੱਝ ਵਿਰੋਧਾਭਾਸੀ ਹੈ। ਉਦਾਹਰਣ ਦੇ ਤੌਰ 'ਤੇ, ਉਹ ਖੁਸ਼ਹਾਲ ਹੋ ਕੇ ਵੀ, ਬਦਹਾਲ ਹੈ। ਅਮੀਰੀ ਤੇ ਗ਼ਰੀਬੀ ਦੀ ਗੱਲ ਕਰਦਾ ਹੈ। ਖ਼ੁਸ਼ੀ ਤੇ ਗ਼ਮੀ ਦੀ ਗੱਲ ਕਰਦਾ ਹੈ। ਵੱਖਰੇ ਹੋਣ ਤੇ ਖਚਿੱਤ ਹੋਣ ਦੀ, ਗੱਲ ਕਰਦਾ ਹੈ। ਉਰੂਜ਼ ਤੇ ਜਵਾਲ ਦੀ ਗੱਲ ਕਰਦਾ ਹੈ। ਆਪੇ ਹੀ ਵਕਤਾ ਤੇ ਆਪੇ ਹੀ ਸਰੋਤਾ। ਕੁਰਲਾਉਂਦਾ ਨਹੀਂ, ਹੰਢਾਉਂਦਾ ਹੈ। ਇਹ ਪੰਕਤੀਆਂ ਵੇਖੋ :-

> "ਦੂਜਿਆਂ ਤੋਂ ਵੱਖਰਾ, ਨਿਵੇਕਲਾ ਹੁੰਦਾ ਸਾਂ। ਫੇਰ ਸਿੰਡਰੇਲਾ ਦੀ ਕਹਾਣੀ ਵਾਂਗ ਅਤੇ ਅੱਧੀ ਰਾਤ, ਸਭ ਕੁੱਝ ਬਦਲ ਗਿਆ। ਨਾ ਲਿਬਾਸ, ਨਾ ਕੈਂਠਾ, ਨਾ ਮਖ਼ਮਲੀ ਜੁੱਤੀ। ਅੱਡਰਾ-ਨਿਵੇਕਲਾ, ਮੈਂ ਹੁਣ ਵੀ ਸਾਂ। ਅਣਧੋਤਾ ਮੂੰਹ, ਖੁਰਦਰੇ ਅਣਵਾਹੇ ਵਾਲ਼, ਮੂੰਹ 'ਤੇ ਮਾਤਾ ਦੇ ਮੋਟੇ ਮੋਟੇ ਦਾਗ਼, ਪੈਰੀਂ ਧੌੜੀ ਦੀ ਠਿੱਬੀ ਜੁੱਤੀ ਜਾਂ ਨੰਗੇ ਪੈਰ...।"
>
> "ਕੋਈ ਉਰੂਜ਼ ਪੇ ਹਰਗਿਜ਼ ਨਾ ਅਪਨੇ ਇਤਰਾਏ
> ਉਰੂਜ਼ ਵਾਲੇ ਕੋ ਆਖ਼ਰ ਜ਼ਵਾਲ ਹੋਤਾ ਹੈ।"

(ਪੰਨਾ : 40)

## (ii) 'ਆਪ ਨੂੰ ਪਛਾਣ ਬੰਦੇ' ਦੀ ਕਲਾ ਤੇ ਸ਼ੈਲੀ ਪੱਖ ਬਾਰੇ ਚਰਚਾ

'ਆਪ ਨੂੰ ਪਛਾਣ ਬੰਦੇ' ਸਵੈ-ਜੀਵਨੀ ਅੰਸ਼ ਵਿਚ ਲੇਖਕ ਨੇ ਕਲਾ ਦੇ ਬਹੁਤ ਸਾਰੇ ਪੱਖ ਪੇਸ਼ ਕੀਤੇ ਹਨ। ਸ਼ੁਰੂ ਦੇ ਵਿਚ ਰੋਚਕਤਾ ਪੈਦਾ ਕਰਨ ਲਈ, ਇਸ ਸਵੈ-ਜੀਵਨੀ ਅੰਸ਼ ਵਿਚ ਲੇਖਕ ਨੇ ਕਾਫੀ ਅਲੰਕਾਰਾਂ ਦੀ ਵਰਤੋਂ ਕੀਤੀ ਹੈ। ਇਸ ਨਾਲ਼, ਸ਼ੁਰੂਆਤੀ ਦਿਲਚਸਪੀ ਤੇ ਉਤਸੁਕਤਾ, ਬਣੀ ਰਹਿੰਦੀ ਹੈ। "ਕੱਲਾ ਮੈਂ, ਕੱਲਾ ਮਾਰੂਥਲ, ਦੋਹਾਂ ਇਕ-ਦੂਜੇ 'ਚੋਂ ਲੰਘਣਾ।"

ਜਦੋਂ ਲੇਖਕ ਨੇ ਆਪਣੇ ਬੁਰੇ ਵਕ਼ਤ ਦੀ ਦਾਸਤਾਨ ਸ਼ੁਰੂ ਕੀਤੀ, ਤਾਂ ਵੀ, ਉਸ ਨੇ ਬੜੇ ਵੈਰਾਗਮਈ ਢੰਗ ਦੇ ਨਾਲ਼, ਉਸ ਦਾ ਵਰਣਨ ਕੀਤਾ ਹੈ। ਜਿਵੇਂ ਕਿ :-

> "ਜਿਹੜਾ ਇਕ ਵਾਰ ਗਿਆ, ਮੁੜ ਨੇ ਨਹੀਂ ਆਇਆ, ਮੇਰੇ ਪਹੁਫੁਟਾਲੇ ਨੂੰ ਦੁਪਹਿਰ ਬਣਨ ਦਾ ਮੌਕਾ ਹੀ ਨਹੀਂ ਮਿਲ਼ਦਾ।"

(ਪੰਨਾ : 39)

ਲੇਖਕ ਨੇ ਆਪਣੀ ਸਥਿਤੀ ਨੂੰ, ਪਾਠਕਾਂ ਸਾਹਮਣੇ ਪੇਸ਼ ਕਰਨ ਲਈ, ਕਾਵਿ-ਸਤਰਾਂ ਦਾ ਵੀ ਸਹਾਰਾ ਲਿਆ ਹੈ। ਉਦਾਹਰਣ ਦੇ ਤੌਰ 'ਤੇ :-

> "ਗ਼ਮੀਲੀ ਸ਼ਾਮ ਵਿਚ ਪੰਛੀ ਅੰਵਾਣਾ
> ਪਿਆ ਲੱਭਦਾ ਹੈ ਆਪਣਾ ਆਸ਼ੀਆਨਾ।"

(ਪੰਨਾ : 33)

ਇਸ ਤਰ੍ਹਾਂ, ਅਸੀਂ ਵੇਖਦਾ ਹਾਂ ਕਿ ਹਰਿਭਜਨ ਸਿੰਘ, ਆਪਣੀ ਉਸ ਵੇਲ਼ੇ ਦੀ ਮਨੋਦਸ਼ਾ ਨੂੰ, ਕਾਵਿ-ਸਤਰਾਂ ਰਾਹੀਂ ਵੀ ਬਿਆਨ ਕਰਦਾ ਹੈ। ਜਦੋਂ ਉਹ ਆਪਣੀਆਂ ਰਚੀਆਂ ਕਵਿਤਾਵਾਂ ਦਾ ਵਕਤਾ ਤੇ ਸਰੋਤਾ, ਆਪ ਹੀ ਹੋਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸ ਦੀ ਇਕੱਲਤਾ, ਹੋਰ ਵੀ ਡੂੰਘੀ ਹੋ ਜਾਂਦੀ ਹੈ।

ਇਸ ਸਵੈ-ਜੀਵਨੀ ਅੰਸ਼ ਵਿਚ, ਲੇਖਕ ਦੀ ਤੁਲਨਾਤਮਕ-ਕਲਾ ਦਾ ਪੱਖ ਵੀ ਕਮਾਲ ਹੈ। ਖ਼ਾਸ ਕਰਕੇ, ਜਦੋਂ ਉਹ ਆਪਣੀ ਪਹਿਲਾਂ ਦੀ ਅਤੇ ਹੁਣ ਦੀ ਸਥਿਤੀ ਸਪੱਸ਼ਟ ਕਰਦਿਆਂ ਕਹਿੰਦਾ ਹੈ :-

> "ਪੈਂਟ ਪਾਉਣ ਵਾਲ਼ਾ ਜਮਾਤ ਵਿਚ ਇਕੋ-ਇਕ ਵਿਦਿਆਰਥੀ, ਮੈਂ ਸਾਂ। ਵਿਆਹ ਸ਼ਾਦੀਆਂ ਉਪਰ, ਮੇਰੇ ਗਲ ਵਿਚ ਸੋਨੇ ਦਾ ਕੈਂਠਾ ਹੁੰਦਾ ਸੀ। ਮੈਂ ਹਰ ਥਾਂ, ਆਮ ਅਤੇ ਖ਼ਾਸ ਦੋਹਾਂ ਤਰ੍ਹਾਂ ਦੇ ਮੌਕਿਆਂ 'ਤੇ, ਦੂਜਿਆਂ ਤੋਂ ਵੱਖਰਾ, ਨਿਵੇਕਲਾ ਹੁੰਦਾ ਸਾਂ।"

(ਪੰਨਾ : 40)

ਬਾਅਦ ਦੀ ਸਥਿਤੀ ਦੀ ਤੁਲਨਾ, ਇਸ ਤਰ੍ਹਾਂ ਕਰਦਾ ਹੈ :-

> "ਅੱਡਰਾ ਨਿਵੇਕਲਾ ਮੈਂ, ਹੁਣ ਵੀ ਸਾਂ, ਅਣਧੋਤਾ ਮੂੰਹ, ਖੁਰਦਰੇ ਅਣਵਾਹੇ ਵਾਲ਼, ਮੂੰਹ ਤੇ ਮਾਤਾ ਦੇ ਮੋਟੇ-ਮੋਟੇ ਦਾਗ਼, ਪੈਰੀਂ ਧੌੜੀ ਦੀ ਠਿੱਬੀ ਜੁੱਤੀ।"

(ਪੰਨਾ : 40)

ਲੇਖਕ ਨੇ ਵਿਦਵਾਨਾਂ ਦੀਆਂ ਸਵੈ-ਜੀਵਨੀਆਂ ਵਿਚੋਂ ਅੰਸ਼ ਲੈ ਕੇ, ਆਪਣੇ ਜੀਵਨ ਦਾ, ਉਹਨਾਂ ਨਾਲ਼ ਤੁਲਨਾਤਮਕ-ਅਧਿਐਨ ਵੀ ਕੀਤਾ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਦੂਸਰੀਆਂ ਭਾਸ਼ਾਵਾਂ ਦੇ ਸਵੈ-ਜੀਵਨੀ ਸਾਹਿਤ ਬਾਰੇ ਵੀ, ਗਿਆਨ ਰੱਖਦਾ ਹੈ। ਜਿਵੇਂ ਕਿ :-

> "ਦਸਵੀਂ ਵਿਚ ਇਕ ਕਿਤਾਬ ਪੜ੍ਹੀ ਸੀ 'ਟੇਲਜ਼ ਫ਼ਰਾਮ ਫ਼ਾਰ ਐਂਡ ਨੀਅਰ...' 'ਇਲੀਅਸ' ਕਹਾਣੀ ਦਾ ਵਾਕ ਹੈ : "ਫਾਰਚੂਨ ਟਰਨਜ਼ ਲਾਇਕ ਏ ਵੀਲ੍ਹ।"...ਮੈਂ ਆਪਣੇ ਆਪ ਨੂੰ, ਕਹਾਣੀ ਦਾ ਪਾਤਰ ਸਮਝਣ ਲੱਗ ਪਿਆ।"

(ਪੰਨਾ 40-41)

ਇਸ ਸਵੈ-ਜੀਵਨੀ ਅੰਸ਼ ਵਿਚ ਲੇਖਕ ਨੇ, ਕਲਾ ਦਾ ਸਕਾਰਾਤਮਕ ਪੱਖ ਪੇਸ਼ ਕੀਤਾ ਹੈ। ਜਿਵੇਂ ਕਿ, ਜਦੋਂ ਉਸ ਦੇ ਪਿਤਾ ਦੀ ਮੌਤ ਮਗਰੋਂ, ਘਰ ਦਾ ਇਕੱਲਾ-ਇਕੱਲਾ ਜੀਅ, ਉਸ ਨੂੰ ਸਦਾ ਲਈ ਛੱਡ ਕੇ ਚਲਾ ਗਿਆ ਤਾਂ ਉਸ ਦਾ ਦੁਨੀਆਂ ਨਾਲ਼ ਰਿਸ਼ਤਾ ਵੀ ਖ਼ਾਮੋਸ਼ੀ ਵਾਲ਼ਾ ਹੋ ਗਿਆ। ਪਰ, ਲੇਖਕ ਨੇ ਉਸ ਨੂੰ ਵੀ ਸਕਾਰਾਤਮਕ ਢੰਗ ਨਾਲ਼ ਲਿਆ ਹੈ। ਲੇਖਕ ਅਨੁਸਾਰ, ਜੇਕਰ ਉਹ ਇਕੱਲਾ ਨਾ ਰਹਿੰਦਾ, ਤਾਂ ਸ਼ਾਇਦ ਉਹ ਲਿਖਣ ਵਾਲ਼ੇ ਪਾਸੇ ਨਾ ਆਉਂਦਾ। ਨਤੀਜਨ, ਹਰਿਭਜਨ ਸਿੰਘ ਸ਼ਾਇਦ ਉਹ ਨਾ ਹੁੰਦਾ, ਜੋ ਕਿ ਉਹ ਬਣ ਸਕਿਆ ਹੈ।

## (iii) 'ਆਪ ਨੂੰ ਪਛਾਣ ਬੰਦੇ' ਵਿਚ ਪੇਸ਼, ਲੇਖਕ ਦਾ ਬਿੰਬ

'ਆਪ ਨੂੰ ਪਛਾਣ ਬੰਦੇ' ਪੰਜਾਬੀ-ਸਾਹਿਤ ਜਗਤ ਵਿਚ, ਮਹੱਤਵਪੂਰਨ ਹਸਤਾਖ਼ਰ ਵਜੋਂ ਜਾਣੇ ਜਾਣ ਵਾਲ਼ੇ ਡਾ. ਹਰਿਭਜਨ ਸਿੰਘ ਦੀ ਸਵੈ-ਜੀਵਨੀ 'ਚੋਲਾ ਟਾਕੀਆਂ ਵਾਲਾ' ਵਿਚੋਂ ਲਿਆ ਗਿਆ, ਇਕ ਮਹੱਤਵਪੂਰਨ ਅੰਸ਼ ਹੈ। ਇਕ ਅਜਿਹਾ ਅੰਸ਼, ਜਿਸ ਵਿਚ ਲੇਖਕ ਦੇ ਜੀਵਨ ਦਾ ਜੋ ਬਿੰਬ ਉੱਭਰ ਕੇ, ਪਾਠਕਾਂ ਦੇ ਸਾਹਮਣੇ ਆਉਂਦਾ ਹੈ, ਉਹ 'ਟੇਲਜ਼ ਫ਼ਰਾਮ ਫ਼ਾਰ ਐਂਡ ਨੀਅਰ' ਪੁਸਤਕ ਵਿਚਲੀ ਕਹਾਣੀ 'ਇਲੀਅਸ' ਦੇ, ਉਸ ਵਾਕ ਉਪਰ ਪੂਰੀ ਤਰ੍ਹਾਂ ਢੁੱਕਦਾ ਹੈ, ਜੋ ਆਖਦੀ ਹੈ :

> "ਵਨ ਮੈਨ ਇਟ ਲਿਫ਼ਟਸ, ਐਨਅਦਰ ਇਟ ਮੈਟਸ ਡਾਊਨ"

(ਪੰਨਾ : 41)

ਭਾਵ, ਇਹ ਕਿ ਕਿਸਮਤ ਪਹੀਏ ਵਾਂਗ ਘੁੰਮਦੀ ਹੈ, ਇਹ ਨੀਚੋਂ ਉਚ, ਉਚੋਂ ਨੀਚ ਕਰ ਦਿੰਦੀ ਹੈ।

ਬਚਪਨ ਵਿਚ ਲਾਡ ਪਿਆਰ ਨਾਲ਼ ਪਲਿਆ, ਕੁੱਝ ਵਿਗੜਿਆ, ਸ਼ੋਰੀਲੇ ਤੇ ਗੁਲਾਬੀ ਰੰਗਾਂ ਵਿਚ ਰੰਗਿਆ, ਆਪਣਿਆਂ ਦੇ ਇਕ-ਇਕ ਕਰ ਕੇ ਵਿਛੜਣ ਤੋਂ ਬਾਅਦ ਇਕੱਲਤਾ ਵਿਚ ਘਿਰਿਆ ਲੇਖਕ, ਆਪਣੀ ਇਹੋ ਜਿਹੀ ਹਾਲਤ ਤੋਂ, ਬੇਹੱਦ ਨਿਰਾਸ਼ ਸੀ। ਪਿੱਛਲਝਾਤ ਰਾਹੀਂ ਬਾਰ ਬਾਰ ਆਪਣੇ ਵਰਤਮਾਨ ਅਤੇ ਅਤੀਤ ਦੀਆਂ ਸਥਿਤੀਆਂ ਨੂੰ ਵੇਖਦਾ, ਪਰ ਨਾਲ਼ ਹੀ ਕਵਿਤਾ ਦੇ ਮਾਧਿਅਮ ਨਾਲ਼ ਜੁੜਿਆ, ਆਪਣੇ ਆਪ ਨੂੰ ਮਜ਼ਬੂਤ ਬਣਾਉਣ ਦੇ ਆਹਰ ਕਰਦਾ, ਆਪਣਿਆਂ ਦੀ ਤਲਾਸ਼ ਕਰਦਾ; ਉਹ ਜ਼ਿੰਦਗੀ ਦੀਆਂ ਸੱਚਾਈਆਂ ਨੂੰ ਜਾਣਨ ਲਈ ਉਤਸੁਕ ਰਹਿੰਦਾ। ਕਿਸੇ ਕਹਾਣੀ ਦਾ ਕੋਈ ਵਾਕ, ਕੋਈ ਕਾਵਿ-ਸਤਰ, ਉਸ ਦੇ ਨਿਰਾਸ਼ ਮਨ ਨੂੰ ਧਰਵਾਸ ਦਿੰਦੀ, ਉਹ ਆਪਣੀ ਜ਼ਿੰਦਗੀ ਬਾਰੇ ਆਏ ਸੁੱਖਾਂ-ਦੁੱਖਾਂ ਨੂੰ ਗਹਿਰਾਈ ਨਾਲ਼ ਵੇਖਦਾ ਅਤੇ ਕਿਸੇ ਵੀ ਅਜਿਹੀ ਘਟਨਾ ਤੋਂ ਉਤਸ਼ਾਹਿਤ ਹੋਣ ਦੀ ਭਾਲ ਵਿਚ ਰਹਿੰਦਾ, ਜੋ ਉਸ ਦੇ ਆਸ-ਪਾਸ ਵਾਪਰਦੀ।

ਹਮੇਸ਼ਾਂ ਜਿੱਤਣ ਦੀ ਪ੍ਰਵਿਰਤੀ ਅਤੇ ਜ਼ਿੰਦਗੀ ਲਈ ਸਕਾਰਾਤਮਕ ਰਵੱਈਆ ਅਪਣਾਉਣ ਕਾਰਨ, ਲੇਖਕ ਦਾ ਬਿੰਬ, ਬਾਕਮਾਲ ਅਤੇ ਸਮਾਜ ਲਈ ਰਾਹ ਦੱਸਣ ਵਾਲ਼ਾ ਬਣਿਆ। ਆਪਣੇ ਆਪ ਨੂੰ ਇਲੀਅਸ ਮੰਨਦਾ, ਉਹ ਟਾਲਸਟਾਇ ਨੂੰ ਆਪਣਾ ਦੋਸਤ ਆਖਦਾ। ਜ਼ਿੰਦਗੀ ਦੇ ਹੂਟਿਆਂ ਤੇ ਪੰਘੂੜਿਆਂ ਵਿਚ ਲੰਘਦੀ ਜ਼ਿੰਦਗੀ ਦਾ ਸ਼ੁਕਰ ਕਰਦਾ। ਆਤਮ-ਸੰਵਾਦ ਕਰਦਾ। ਨਜ਼ਮ ਰੂਪੀ ਰਿਸ਼ੀ ਸਾਹਮਣੇ, ਆਪਣੇ ਆਪ ਦੀ ਧੂਣੀ ਲਾ ਕੇ, ਉਪਨਿਸ਼ਦ ਦੀ ਸਿੱਖਿਆ ਗ੍ਰਹਿਣ ਕਰਨਾ, ਉਸਨੂੰ ਚੰਗਾ ਲੱਗਦਾ।

ਕੁੱਝ ਮੌਕੇ ਅਜਿਹੇ ਵੀ ਆਏ ਜਦੋਂ ਉਸ ਦੀ ਇਕੱਲਤਾ, ਪ੍ਰਚੰਡ ਰੂਪ ਵਿਚ, ਉਸ ਨੂੰ ਆ ਕੇ ਘੇਰਾ ਪਾਉਂਦੀ ਹੈ। ਕਿਸੇ ਨਾਲ਼ ਸਾਹਮਣੇ ਜਾ ਕੇ, ਆਪਣੀ ਖ਼ੁਸ਼ੀ ਸਾਂਝੀ ਕਰਨ ਦੀ ਥਾਂ, ਉਹ ਉੱਥੋਂ ਨੱਸ ਕੇ, ਦੂਰ ਕਿਸੇ ਸੁਪਨਲੋਕ ਵਿਚ ਚਲਾ ਜਾਂਦਾ ਹੈ। ਜਿੱਥੇ ਉਸ ਅੰਦਰੋਂ ਆਪਣਾ ਦੁੱਖ, ਕਾਵਿ-ਸਤਰਾਂ ਦੇ ਰੂਪ ਵਿਚ ਫੁੱਟ ਫੁੱਟ ਨਿਕਲਦਾ ਹੈ। ਜਿਸ ਘਰ ਅੰਦਰ, ਉਹ ਸ਼ਹਿਜ਼ਾਦਿਆਂ ਵਾਂਗ ਪਾਲ਼ਿਆ ਗਿਆ, ਜਿਵੇਂ ਕਿ :-

> "ਮੇਰਾ ਲਿਬਾਸ ਬਹੁਤ ਸ਼ੋਰੀਲਾ, ਬਹੁਤ ਭੜਕੀਲਾ ਸੀ-ਮਖ਼ਮਲੀ ਕੋਟ, ਕਦੀ ਨੀਲਾ, ਕਦੀ ਪੀਲਾ ਤੇ ਕਦੀ ਲਾਖੇ ਰੰਗ ਦਾ, ਜੁੱਤੀ ਵੀ ਮਖ਼ਮਲੀ। ਮਾਂ ਤੇ ਭੈਣਾਂ ਨਾਲ਼, ਕਿਸੇ ਸਾਕ-ਸੰਬੰਧੀ ਦੇ ਜਾਂਦਾ ਸਾਂ ਤਾਂ ਸਿਰ ਉਪਰ ਝਾਲਰ ਵਾਲ਼ੀ ਪੱਗ ਹੁੰਦੀ ਸੀ, ਗਲ ਵਿਚ ਕਾਲ਼ੇ ਗਾਤਰੇ ਵਾਲ਼ੀ ਕਿਰਪਾਨ, ਮੈਂ ਹਰ ਥਾਂ, ਆਮ ਅਤੇ ਖ਼ਾਸ ਤਰ੍ਹਾਂ ਦੇ ਮੌਕਿਆਂ 'ਤੇ, ਦੂਜਿਆਂ ਤੋਂ ਵੱਖਰਾ, ਨਿਵੇਕਲਾ ਹੁੰਦਾ ਸਾਂ।"

(ਪੰਨਾ : 40)

ਉਸ ਘਰ ਵਿਚ, ਅੱਜ ਕੋਈ ਵੀ, ਉਸ ਦੀ ਖ਼ੁਸ਼ੀ ਦਾ ਸਾਂਝੀਵਾਲ ਨਹੀਂ ਸੀ। ਉਹ ਬਾਰ ਬਾਰ ਕਿਸਮਤ ਦੇ ਬਲਵਾਨ ਹੋਣ ਦੀ ਗੱਲ ਦੁਹਰਾਉਂਦਾ ਹੈ। ਜ਼ਿੰਦਗੀ ਦੀਆਂ ਇਹੋ ਜਿਹੀਆਂ ਤਲਖ਼ੀਆਂ ਨੂੰ ਵੀ ਪਰਵਾਨ ਕਰਦਿਆਂ, ਆਪਣੇ ਕਵੀ ਬਣਨ ਦਾ ਸਿਹਰਾ ਵੀ, ਇਹਨਾਂ ਨੂੰ ਹੀ ਦਿੰਦਾ ਹੈ। ਉਸ ਨੂੰ ਜਾਪਦਾ ਹੈ ਕਿ ਜੇਕਰ ਇਹ ਨਾ ਹੁੰਦੀਆਂ, ਤਾਂ ਸ਼ਾਇਦ, ਉਸ ਦਾ ਕਵੀ ਬਣਨਾ ਵੀ ਨਾਮੁਮਕਿਨ ਸੀ। ਆਪਣੇ ਆਪ ਨੂੰ ਭਾਈ ਵੀਰ ਸਿੰਘ ਦੇ 'ਬਨਫਸ਼ੇ ਦੇ ਫੁੱਲ' ਅਤੇ ਛੁੱਪੇ ਰਹਿਣ ਦੀ ਚਾਹ ਤੋਂ ਵੱਖਰਾ ਰੱਖਦਾ। ਲੇਖਕ ਹਾਲਾਤ ਨੂੰ, ਉਸ ਦੇ ਵੱਖਰੇ ਰਹਿਣ ਲਈ, ਮਜਬੂਰ ਕਰਨ ਦਾ ਜ਼ਿੰਮੇਵਾਰ ਮੰਨਦਾ ਹੈ। ਉਸ ਨੂੰ ਲੱਗਦਾ ਕਿ ਦੁਨੀਆਂ ਕਦੇ ਵੀ ਅਣਗੌਲਿਆਂ ਨੂੰ, ਬਹੁਤੀ ਅਹਿਮੀਅਤ ਨਹੀਂ ਦਿੰਦੀ। ਉਹ ਦੁਨੀਆਂ ਦੀਆਂ ਰੌਣਕਾਂ ਉਪਰ, ਕੇਵਲ ਉਸ ਦਾ ਹੱਕ਼ ਮੰਨਦਾ ਹੈ। ਜੋ ਨਾ ਉੱਚੇ ਅਤੇ ਨਾ ਹੀ ਬਹੁਤ ਨੀਵੇਂ, ਬਲਕਿ ਦਰਮਿਆਨੀ ਪੱਧਰ ਦੇ ਹੋਣ। ਉਸਦਾ ਇਹੋ ਜਿਹਾ ਬਿੰਬ ਉਸਰਦਾ ਹੈ, ਜਿਸ ਦੀ ਮਾਨਸਿਕਤਾ, ਵਾਸਤਵਿਕਤਾ, ਸਾਹਿਤਕਾਰੀ, ਉਸ ਦੀਆਂ ਨਿੱਜੀ ਸਥਿਤੀਆਂ ਵਿਚੋਂ ਪੈਦਾ ਹੋਈ, ਜਿਸ ਨੂੰ ਉਹ ਚਾਹੁੰਦਿਆਂ ਵੀ ਬਦਲ ਨਹੀਂ ਸੀ ਸਕਦਾ। ਦੁਨੀਆਂ ਵਿਚ ਰਹਿੰਦਿਆਂ ਵੀ, ਉਹ ਤੀਜੀ ਸਪੇਸ ਦਾ ਬਾਸ਼ਿੰਦਾ ਅਖਵਾਉਣ ਦੀ ਹਾਮੀ ਭਰਦਾ ਹੈ। ਉਸ ਨੂੰ ਨਹੀਂ ਜਾਪਦਾ ਕਿ ਇਹ ਨਾਮ, ਸ਼ੋਹਰਤ ਉਸ ਦੀ ਆਪਣੀ ਕਮਾਈ ਹੋਈ ਹੈ। ਇਸ ਤਰ੍ਹਾਂ, ਹਰਿਭਜਨ ਸਿੰਘ ਆਪਣੀ ਸਵੈ-ਜੀਵਨੀ ਦੇ ਇਸ ਅੰਸ਼ ਵਿਚ ਜਿੱਥੇ, ਇਕੱਲਤਾ ਦਾ ਸ਼ਿਕਾਰ ਹੁੰਦਾ ਹੈ, ਉੱਥੇ ਉਹ ਸਾਹਿਤ ਨਾਲ਼ ਜੁੜੇ ਰਹਿਣ ਕਾਰਨ, ਸਕਾਰਾਤਮਕ ਸੋਚ ਦਾ ਧਾਰਣੀ ਵੀ ਬਣਦਾ ਹੈ। ਇਕ ਤੜਪ, ਹਮੇਸ਼ਾਂ ਉਸ ਦੇ ਅੰਦਰ ਵੱਸਦੀ ਰਹਿੰਦੀ ਹੈ ਅਤੇ ਉਹ ਹੈ, ਆਪਣਿਆਂ ਦੀ ਘਾਟ।

# ਪ੍ਰਸ਼ਨਾਵਲੀ

**ਪ੍ਰਸ਼ਨ :** ਹਰਿਭਜਨ ਸਿੰਘ ਦੀ ਕੱਲੀ-ਕਾਰੀ ਮਾਨਸਿਕਤਾ ਦੇ ਪਿੱਛੇ, ਕਾਰਜਸ਼ੀਲ ਕਾਰਨਾਂ ਨੂੰ ਸਪੱਸ਼ਟ ਕਰੋ।

**ਉੱਤਰ :** ਬਚਪਨ ਵਿਚ ਲੇਖਕ, ਪਰਿਵਾਰ ਵਿਚ ਬਹੁਤ ਲਾਡਲਾ ਸੀ। ਦੋ ਭੈਣਾਂ ਦਾ ਵੀਰ, ਆਪਣੇ ਬਾਪ ਦਾ ਇਕੱਲਾ ਪੁੱਤਰ। ਪਰ, ਹੌਲ਼ੀ ਹੌਲ਼ੀ ਪਿਤਾ ਦੀ ਮੌਤ ਤੋਂ ਬਾਅਦ, ਇਕ ਇਕ ਕਰ ਕੇ, ਘਰ ਦੇ ਸਾਰੇ ਜੀਅ, ਉਸ ਤੋਂ ਵਿੱਛੜ ਗਏ ਅਤੇ ਉਸ ਦੇ ਹਿੱਸੇ ਇਕੱਲਤਾ ਆ ਗਈ।

**ਪ੍ਰਸ਼ਨ :** ਹਰਿਭਜਨ ਸਿੰਘ ਦੇ ਜੀਵਨ ਵਿਚ ਤਕਲੀਫ਼ਾਂ ਦਾ ਦੌਰ ਕਦੋਂ ਤੇ ਕਿਵੇਂ ਸ਼ੁਰੂ ਹੋਇਆ ?

**ਉੱਤਰ :** ਜਦੋਂ ਹਰਿਭਜਨ ਸਿਘ ਦੇ ਪਿਤਾ ਦੀ ਮੌਤ ਹੋ ਗਈ ਤਾਂ ਉਸ ਦੇ ਜੀਵਨ ਵਿਚ, ਤਕਲੀਫ਼ਾਂ ਦਾ ਦੌਰ ਸ਼ੁਰੂ ਹੋਇਆ। ਪਿਤਾ ਦੀ ਮੌਤ ਤੋਂ ਬਾਅਦ ਘਰ ਦਾ ਇਕੱਲਾ ਇਕੱਲਾ ਜੀਅ, ਉਸ ਤੋਂ ਸਦਾ ਲਈ ਵਿੱਛੜ ਗਿਆ ਅਤੇ ਉਸ ਦੇ ਜੀਵਨ ਵਿਚ, ਬਹੁਤ ਸਾਰੀਆਂ ਤਕਲੀਫ਼ਾਂ ਆ ਗਈਆਂ।

**ਪ੍ਰਸ਼ਨ :** ਲੇਖਕ ਹਰਿਭਜਨ ਸਿੰਘ ਦਾ ਦੁਨੀਆਂ ਨਾਲ਼ ਰਿਸ਼ਤਾ ਖ਼ਾਮੋਸ਼ੀ ਵਾਲ਼ਾ ਕਿਉਂ ਬਣਿਆ ?

**ਉੱਤਰ :** ਦੁਨੀਆਂ ਨਾਲ਼ ਲੇਖਕ ਦਾ ਰਿਸ਼ਤਾ ਖ਼ਾਮੋਸ਼ੀ ਵਾਲ਼ਾ ਬਣ ਗਿਆ। ਕਿਉਂਕਿ, ਲੇਖਕ ਦੇ ਪਿਤਾ ਦੀ ਮੌਤ ਤੋਂ ਬਾਅਦ ਘਰ ਦੇ ਸਾਰੇ ਮੈਂਬਰ, ਇਕ ਇਕ ਕਰ ਕੇ ਲੇਖਕ ਨੂੰ ਸਦਾ ਲਈ ਛੱਡ ਕੇ ਤੁਰ ਗਏ। ਲੇਖਕ ਇਕੱਲਾ ਰਹਿ ਗਿਆ ਅਤੇ ਖ਼ਾਮੋਸ਼ ਰਹਿਣ ਲੱਗਿਆ। ਆਪਣੀ ਖ਼ਾਮੋਸ਼ੀ ਨਾਲ਼ ਹੀ ਗੱਲਾਂ ਬਾਤਾਂ ਕਰਨ ਲੱਗਿਆ। ਮਗਰੋਂ, ਲਿਖਣ ਲੱਗ ਪਿਆ। ਉਸ ਦਾ ਦੁਨੀਆਂ ਨਾਲ਼ ਕੋਈ ਵਾਹ-ਵਾਸਤਾ ਨਾ ਰਿਹਾ। ਇਸ ਲਈ, ਉਸ ਦਾ ਦੁਨੀਆਂ ਨਾਲ਼ ਰਿਸ਼ਤਾ, ਖ਼ਾਮੋਸ਼ੀ ਵਾਲ਼ਾ ਬਣ ਗਿਆ। ਹੁਣ ਖ਼ਾਮੋਸ਼ੀ ਹੀ, ਉਸ ਦੀ ਸਾਥਣ ਸੀ ਅਤੇ ਇਸ ਖ਼ਾਮੋਸ਼ੀ ਤੇ ਇਕੱਲਤਾ ਨੇ ਹੀ, ਉਸ ਨੂੰ ਲਿਖਣ ਵਾਲ਼ੇ ਪਾਸੇ ਲਗਾਇਆ।

***(ਚਲਦਾ, ਪਾਠ ਨੰਬਰ : 4)***

—0—

ਪਾਠ ਨੰਬਰ : 4

ਭਾਗ ਦੂਜਾ : ਪੰਜਾਬੀ ਸਵੈ-ਜੀਵਨੀ ਅੰਸ਼

# "ਉਪਨਾਮ ਨੇਕੀ; ਕ੍ਰੋਧ ਵੀ ਮਹਾਨ ਤੇ ਖ਼ਿਮਾ ਵੀ ਮਹਾਨ; ਰੱਬ ਨਾਲ਼ ਮੇਲ" (ਜਸਵੰਤ ਸਿੰਘ ਨੇਕੀ)

* ਡਾ. ਕੁਲਜੀਤ ਸਿੰਘ ਭਾਟੀਆ

## (7) 'ਉਪਨਾਮ ਨੇਕੀ; ਕ੍ਰੋਧ ਵੀ ਮਹਾਨ ਤੇ ਖ਼ਿਮਾ ਵੀ ਮਹਾਨ; ਰੱਬ ਨਾਲ਼ ਮੇਲ' (ਜਸਵੰਤ ਸਿੰਘ ਨੇਕੀ) : ਪਾਠਗਤ ਅਧਿਐਨ

## (i) ਪਾਠਗਤ ਅਧਿਐਨ

ਜਸਵੰਤ ਸਿੰਘ ਨੇਕੀ ਨੇ ਪੰਜਾਬੀ ਕਵਿਤਾ, ਸਵੈ-ਜੀਵਨੀ, ਵਾਰਤਕ (ਨਿਬੰਧ, ਲੇਖ) ਅਤੇ ਮਨੋ-ਚਿਕਿਤਸਾ ਦੇ ਖ਼ੇਤਰ ਵਿਚ, ਜਿਹੜੀਆਂ ਮੱਲਾਂ ਮਾਰੀਆਂ ਹਨ, ਉਹਨਾਂ ਦਾ ਕੋਈ ਸਾਨੀ ਨਹੀਂ। ਮਨੋਵਿਗਿਆਨਕ ਸਾਇੰਸ ਨੂੰ, ਸਾਹਿਤ ਨਾਲ਼ ਸੁਮੇਲ ਸਕਣਾ, ਸਿਰਫ਼ ਅਤੇ ਸਿਰਫ਼ ਜਸਵੰਤ ਸਿੰਘ ਨੇਕੀ ਦੇ ਹੱਥ ਹੀ ਆਇਆ ਹੈ। ਨੇਕੀ ਅਦੁੱਤੀ ਹੈ; ਉਸ ਦਾ ਕੋਈ ਸਾਨੀ ਨਹੀਂ। ਉਸ ਦਾ ਸਾਹਿਤ-ਮੁਹਾਂਦਰਾ ਵੀ ਵੱਖਰਾ ਹੈ ਅਤੇ ਕਾਵਿ-ਭਾਸ਼ਾ ਵੀ। ਆਪ ਨੇ ਉਚੇਰੀ ਵਿਦਿਆ ਲਈ, ਮਨੋਵਿਗਿਆਨ ਨੂੰ ਚੁਣਿਆ। ਸਾਹਿਤ, ਮਨੋਵਿਗਿਆਨ, ਧਰਮ, ਤਿੰਨਾਂ ਖ਼ੇਤਰਾਂ ਵਿਚ, ਉਸ ਨੇ ਬੜੀ ਸੰਜੀਦਗੀ ਨਾਲ਼ ਕੰਮ ਕੀਤਾ ਹੈ। ਆਪਣੀ ਜ਼ਿੰਦਗੀ ਵਿਚ ਉਹ, ਕਈ ਉੱਚ ਅਹੁਦਿਆਂ ਉਪਰ ਕਾਰਜਸ਼ੀਲ ਰਹੇ। ਅਧਿਆਪਨ ਦਾ ਕਾਰਜ ਵੀ ਕੀਤਾ, ਪਰ ਸਾਰੀ ਜ਼ਿੰਦਗੀ ਸਿੱਖਣਾ ਨਾ ਛੱਡਿਆ। ਆਪ ਵੱਲੋਂ ਲਿਖੀ ਸਵੈ-ਜੀਵਨੀ 'ਕੋਈ ਨਾਉਂ ਨ ਜਾਣੈ ਮੇਰਾ' ਨੂੰ, ਆਧੁਨਿਕ ਸਮੇਂ ਦੀ ਪਹਿਲੀ, ਪੰਜਾਬੀ ਕਾਵਿ ਸਵੈ-ਜੀਵਨੀ ਹੋਣ ਦਾ ਮਾਣ ਪ੍ਰਾਪਤ ਹੈ। ਕਵਿਤਾ, ਵਾਰਤਕ, ਧਰਮ, ਵਿਗਿਆਨ, ਦਰਸ਼ਨ, ਮਨੋਚਿਕਿਤਸਾ ਆਦਿ ਖੇਤਰਾਂ ਦਾ ਵਿਆਪਕ ਗਿਆਨ ਅਤੇ ਚੇਤੰਨਤਾ ਦੇ ਮਾਲਕ ਸਨ, ਜਸਵੰਤ ਸਿੰਘ ਨੇਕੀ।

ਜਸਵੰਤ ਸਿੰਘ ਨੇਕੀ ਦੀ, ਜਿਸ ਸਵੈ-ਜੀਵਨੀ ਵਿਚੋਂ ਹੱਥਲਾ ਅੰਸ਼ ਲਿਆ ਗਿਆ ਹੈ, ਉਸ ਬਾਰੇ, ਆਪਣੀ ਸਵੈ-ਜੀਵਨੀ ਦੇ ਮੁੱਖ ਬੰਦ ਵਿਚ, ਕਵੀ ਦਾ ਆਤਮ-ਕਥਨ ਹੈ ਕਿ, "ਇਸ ਸਵੈ-ਜੀਵਨੀ ਵਿਚ ਇਤਿਹਾਸਕ ਸੱਚ ਦੀ ਨਹੀਂ, ਸਗੋਂ ਭਾਵੁਕ ਸੱਚ ਦੀ ਪੇਸ਼ਕਾਰੀ ਕੀਤੀ ਗਈ ਹੈ।" ('ਕੋਈ ਨਾਉਂ ਨ ਜਾਣੈ ਮੇਰਾ', ਪੰਨਾ : 11) ਇਸੇ ਮੁੱਖ ਬੰਦ ਵਿਚ ਉਹ ਕਹਿੰਦੇ ਹਨ ਕਿ :-

> "ਸਵੈਜੀਵਨੀ ਇਕੋ ਕਾਵਿ-ਵਿਉਂਤ ਨਾਲ ਨਹੀਂ ਲਿਖੀ ਜਾ ਸਕਦੀ। ਇਹ ਕਦੇ ਬਿਰਤਾਂਤ ਹੋ ਜਾਂਦੀ ਹੈ, ਕਦੇ ਕਥਾਵਾਚਨ। ਕਦੇ ਵਰਣਨ ਕਰਦੀ ਹੈ ਤੇ ਕਦੀ ਰੂਪਕ ਰਾਹੀਂ ਸੰਵਾਦ ਰਚਾਉਂਦੀ ਹੈ। ਕਦੀ ਪ੍ਰਵਚਨ ਕਰਦੀ ਹੈ ਤੇ ਕਦੀ ਨਾਟਕੀ ਢੰਗ ਅਖ਼ਤਿਆਰ ਕਰ ਲੈਂਦੀ ਹੈ। ਹਰ ਸੂਰਤ, ਵਾਸਤਵਿਕ ਵੀ ਹੁੰਦੀ ਹੈ ਤੇ ਕਾਲਪਨਿਕ ਵੀ। ਇਉਂ, ਇਹ ਇਤਿਹਾਸਕ ਦਸਤਾਵੇਜ਼ ਘੱਟ ਹੁੰਦੀ ਹੈ, ਸਾਹਿਤਕ ਦਸਤਾਵੇਜ਼ ਵਧੇਰੇ।"
>
> ('ਕੋਈ ਨਾਉਂ ਨ ਜਾਣੈ ਮੇਰਾ', ਪੰਨਾ : 17)

---

* ਐਸੋਸੀਏਟ ਪ੍ਰੋਫ਼ੈਸਰ (ਸੇਵਾ ਮੁਕਤ), ਦੇਸ਼ਬੰਧੂ ਕਾਲਜ, ਕਾਲਕਾਜੀ, ਨਵੀਂ ਦਿੱਲੀ।

ਪਿਆਰੇ ਵਿਦਿਆਰਥੀਉ ! ਤੁਹਾਡੀ ਪਾਠ-ਪੁਸਤਕ (‘ਪੰਜਾਬੀ ਸਵੈ-ਜੀਵਨੀ ਅੰਸ਼’) ਵਿਚਲਾ ਡਾ. ਜਸਵੰਤ ਸਿੰਘ ਨੇਕੀ ਦਾ ਲਿਖਿਆ ਸਵੈ-ਜੀਵਨੀ ਅੰਸ਼ ਅਤੇ ਉਸ ਦਾ ਸਿਰਲੇਖ ਵੀ, ਤਿੰਨ ਹਿੱਸਿਆਂ ਵਿਚ ਵੰਡਿਆ ਹੋਇਆ ਹੈ। (i) ਉਪਨਾਮ ਨੇਕੀ (ii) ਕ੍ਰੋਧ ਵੀ ਮਹਾਨ ਤੇ ਖ਼ਿਮਾ ਵੀ ਮਹਾਨ (iii) ਰੱਬ ਨਾਲ਼ ਮੇਲ। ਪਹਿਲੇ ਹਿੱਸੇ ਵਿਚ ਲੇਖਕ ਨੇ, ਆਪਣੇ ਉਪਨਾਮ ਬਾਰੇ ਚਰਚਾ ਕੀਤੀ ਹੈ ਕਿ ਇਹ ਉਪਨਾਮ ਕਿਉਂ ਤੇ ਕਿਵੇਂ ਰੱਖਿਆ ਗਿਆ ? ਤੀਜੇ ਹਿੱਸੇ ਵਿਚ ਦੱਸਿਆ ਹੈ ਕਿ ‘ਰੱਬ’ ਕਿਵੇਂ ਮਨੁੱਖ ਦੇ ਰੂਪ ਵਿਚ ਹੀ ਸਾਨੂੰ ਅਚਾਨਕ, ਸਹਿਜੇ, ਬਿਨਾਂ ਕਿਸੇ ਕੋਸ਼ਿਸ਼ ਤੋਂ ਮਿਲ ਜਾਂਦਾ ਹੈ। ਤਿੰਨਾਂ ਹਿੱਸਿਆਂ ਵਿਚੋਂ ਇਕ ਇਕ ਉਦਾਹਰਣ ਲੈ ਕੇ ਸਮਝਣ ਦੀ ਕੋਸ਼ਿਸ਼ ਕਰਦੇ ਹਾਂ :-

(i) ਨੇਕੀ ਕੀ ਹੈ ?

... ...

ਨੇਕੀ ਹੁੰਦੀ ਕੀ ਹੈ ?

... ...

‘ਨੇਕੀ ! ਨੇਕੀ ! ਨੇਕੀ !’ ਛੇੜ ਪਾਈ ਮੇਰੇ ਦੋਸਤਾਂ,
ਖਿੱਲੀ ਮੇਰੀ ਰੱਜ ਕੇ ਉਡਾਈ ਮੇਰੇ ਦੋਸਤਾਂ।

... ...

“ਤੂੰ ਵੀ ਉਪਨਾਮ ‘ਨੇਕੀ’ ਨਾਮ ਨਾਲ ਜੋੜ ਲੈ,
ਲੰਕਿਆਂ ਦੇ ਹਾਸਿਆਂ ਦੀ ਮੁਹਾਰ ਇੰਝ ਮੋੜ ਲੈ।”

ਓਸੇ ਦਿਨੋਂ ਇੰਝ ਮੇਰਾ ‘ਨੇਕੀ’ ਉਪਨਾਮ ਹੋਇਆ,
ਦਿਨੋ ਦਿਨ ਏਸ ਦਾ ਐਲਾਨ ਸ਼ਰੇ ਆਮ ਹੋਇਆ।

(ਪੰਨੇ : 45-46)

(ii) ਔਗੁਣਾਂ ਤੋਂ ਰੁੱਠਾ ਸ਼ੈਦ ਗੁਣਾਂ ਤੇ ਪਤੀਜਾ ਪਾਵੇ,
ਸ਼ੈਤ ਕਲਮ ਵਾਲੜਾ ਕਲਾਮ ਉੱਤੇ ਰੀਝ ਪਾਵੇ।

... ...

ਚਰਨਾਂ ਤੇ ਡਿੱਗਾ ਮੇਰਾ ਸੀਸ ਉਹਨਾਂ ਚਾ ਲਿਆ
ਹੋ ਕੇ ਬਖ਼ਸ਼ਿੰਦ ਮੈਨੂੰ ਗਲੇ ਨਾਲ ਲਾ ਲਿਆ।

(ਪੰਨੇ : 47-48)

(iii) “ਭੱਠ ਪਏ ਪੈਸੇ ਜੇ ਨਾ ਕੰਮ ਆਏ ਲੋੜ ਤੇ।
ਵਰਤ ਲਈਂ ਸੰਗੀਂ ਨਾ, ਦੋਚਿੱਤੀ ’ਚ ਨ ਪਈਂ ਤੂੰ,
ਜਦੋਂ ਤੇਰੇ ਕੋਲ ਹੋਏ, ਮੈਨੂੰ ਮੋੜ ਦਈਂ ਤੂੰ।

... ...

> ਤਦੋਂ ਮੈਂ ਪਛਾਤਾ ਕਿ ਉਹ ਰੱਬ ਨਾਲ਼ ਮੇਲ ਸੀ,
> ਦੇਣ ਆਣਾ, ਲੈਣ ਆਣਾ, ਦੋਵੇਂ ਉਹਦੇ ਖੇਲ ਸੀ।"

(ਪੰਨੇ : 48-50)

ਆਮ ਤੌਰ 'ਤੇ ਸਵੈ-ਜੀਵਨੀਆਂ, ਵਾਰਤਕ ਵਿਚ ਹੀ ਲਿਖੀਆਂ ਜਾਂਦੀਆਂ ਹਨ। ਪਰ, ਇਸ ਸਵੈ-ਜੀਵਨੀ ਨੂੰ ਲੇਖਕ ਨੇ, ਕਵਿਤਾ ਦੇ ਮਾਧਿਅਮ ਰਾਹੀਂ ਲਿਖਿਆ ਹੈ। ਜੋ ਕਿ ਇਕ ਅਤਿਅੰਤ ਕਠਿਨ ਕਾਰਜ ਹੈ। ਹਾਲਾਂਕਿ ਡਾ. ਜਸਵੰਤ ਸਿੰਘ ਨੇਕੀ ਨੇ ਇਕ ਸਵੈ-ਜੀਵਨੀ ਵਾਰਤਕ ਦੇ ਰੂਪ ਵਿਚ ਵੀ ਲਿਖੀ ਹੈ, 'ਮੇਰੀ ਸਾਹਿਤਕ ਸੈਜੀਵਨੀ' ਦੇ ਨਾਮ ਨਾਲ਼। ਹੱਥਲੀ ਕਾਵਿ ਸਵੈ-ਜੀਵਨੀ ਦੇ ਮੁੱਖ ਬੰਦ ਵਿਚ ਲੇਖਕ ਨੇ, ਇਸ ਕਾਵਿ-ਰੂਪ ਅਤੇ ਇਸ ਦੇ ਕਾਵਿ-ਸ਼ਾਸਤਰੀ ਆਯਾਮਾਂ ਬਾਰੇ, ਪੰਜਾਬੀ ਦੇ ਪ੍ਰਸਿੱਧ ਆਲੋਚਕ ਡਾ. ਅਤਰ ਸਿੰਘ ਨਾਲ਼ ਸੰਵਾਦ ਵੀ ਰਚਾਇਆ ਹੈ।

ਪੰਜਾਬੀ ਸਾਹਿਤ ਦੇ ਮੱਧਕਾਲ ਵਿਚ, ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿਤ੍ਰ ਨਾਟਕ' ਕਾਵਿ-ਰੂਪ ਵਿਚ ਲਿਖਿਆ, ਜਿਸ ਨੂੰ ਸਵੈ-ਜੀਵਨੀ ਦੀ ਸੰਗਿਆ, ਦਿੱਤੀ ਜਾ ਸਕਦੀ ਹੈ। ਇਸ ਪੱਖੋਂ ਦੇਖਿਆਂ ਕਿਹਾ ਜਾ ਸਕਦਾ ਹੈ ਕਿ ਡਾ. ਨੇਕੀ ਦੀ ਸਵੈ-ਜੀਵਨੀ 'ਕੋਈ ਨਾਉਂ ਨ ਜਾਣੇ ਮੇਰਾ', ਆਧੁਨਿਕ-ਕਾਲ ਦੀ ਪਹਿਲੀ, ਪੰਜਾਬੀ ਕਾਵਿ ਸਵੈ-ਜੀਵਨੀ ਹੈ। ਇਸ ਸਵੈ-ਜੀਵਨੀ ਨੂੰ ਲੇਖਕ ਨੇ, ਚਾਰ ਭਾਗਾਂ ਵਿਚ ਵੰਡ ਕੇ, ਹਰੇਕ ਭਾਗ ਨੂੰ ਪਹਿਲੀ, ਦੂਜੀ, ਤੀਜੀ ਤੇ ਚੌਥੀ ਪੁਸਤਕ ਦਾ ਨਾਂ ਦਿੱਤਾ ਹੈ। ਹਰੇਕ ਪੁਸਤਕ ਦੀ ਆਪੋ ਆਪਣੀ, ਵੱਖੋ ਵੱਖਰੀ ਉਥਾਨਕਾ ਤੇ ਅੰਤਿਕਾ ਵੀ ਲਿਖੀ ਹੈ। ਇਉਂ ਕਰ ਕੇ, ਉਹ ਵਿਸ਼ੇ, ਰੂਪ ਅਤੇ ਮਾਧਿਅਮ, ਤਿੰਨਾਂ ਪੱਖਾਂ ਤੋਂ ਬਣੀ ਬਣਾਈ ਪਰੰਪਰਾ ਤੋਂ ਟੁੱਟਦਾ ਅਤੇ ਆਪਣੀ ਵਿਲੱਖਣ ਕਾਵਿ-ਸਿਰਜਣਾ ਕਰਦਾ ਹੈ। ਉਹ ਕਹਿੰਦਾ ਹੈ ਕਿ "ਮੇਰੇ ਪਾਸ ਤਾਂ ਸਿਦਕ ਤੇ ਧੰਨਵਾਦ ਨਾਲ ਗੜੁੱਚ ਇਕ ਜ਼ਿੰਦਗੀ ਹੈ। ਜਿੱਥੇ ਕਿਤੇ ਮੇਰੇ ਕਾਸੇ ਵਿਚ ਖ਼ੈਰਾਤ ਪਈ ਹੈ, ਮੈਂ ਤਾਂ ਉਸ ਦੀ, ਬਾਤ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਹ ਖ਼ੈਰਾਤ, ਭਾਵੇਂ ਵਿਦਿਆ ਦੀ ਹੈ, ਭਾਵੇਂ ਪਿਆਰ ਦੀ, ਭਾਵੇਂ ਯਾਤਰਾ ਦੀ ਹੈ, ਭਾਵੇਂ ਰਹੱਸ ਦੀ, ਹਰ ਹਾਲ ਮੇਰੇ ਅੰਦਰੋਂ, ਸ਼ੁਕਰਾਨੇ ਦੇ ਭਾਵ ਜਗਾਂਦੀ ਆਈ ਹੈ, ਤੇ ਮੈਂ ਬਾਰ ਬਾਰ ਆਪਣੇ ਮਨ ਵਿਚ ਕਹਿੰਦਾ ਆਇਆ ਹਾਂ:-

> "ਕਹੁ ਨਾਨਕ ਸਭਿ ਤੇਰੀ ਵਡਿਆਈ
> ਕੋਈ ਨਾਉਂ ਨ ਜਾਣੈ ਮੇਰਾ।"

('ਕੋਈ ਨਾਉਂ ਨ ਜਾਣੇ ਮੇਰਾ', ਪੰਨੇ : 11-12)

ਇਉਂ, ਅਸੀਂ ਵੇਖਦੇ ਹਾਂ ਕਿ ਹੱਥਲਾ ਸਵੈ-ਜੀਵਨੀ ਅੰਸ਼, ਜਿਸ ਮੂਲ ਕਾਵਿ ਸਵੈ-ਜੀਵਨੀ ਵਿੱਚੋਂ ਲਿਆ ਗਿਆ ਹੈ, ਉਸ ਦਾ ਨਾਮ ਵੀ ਲੇਖਕ ਨੇ, ਗੁਰਬਾਣੀ ਦੀ ਇਕ ਤੁੱਕ ਤੋਂ ਪ੍ਰੇਰਿਤ ਹੋ ਕੇ ਹੀ ਰੱਖਿਆ ਹੈ। ਅਸੀਂ ਦੇਖਦੇ ਹਾਂ ਕਿ ਡਾ. ਨੇਕੀ ਉਪਰ ਚੇਤ/ਅਚੇਤ ਰੂਪ ਵਿਚ, ਗੁਰਬਾਣੀ ਦਾ ਡੂੰਘਾ ਪ੍ਰਭਾਵ ਹੈ। ਨੇਕੀ ਅਨੁਸਾਰ, ਹਰ ਸਵੈ-ਜੀਵਨੀ ਤੋਂ ਮਾਨਸਿਕ ਇਮਾਨਦਾਰੀ ਦੀ ਆਸ ਹੁੰਦੀ ਹੈ। ਪਰ, ਕਾਵਿ ਸਵੈ-ਜੀਵਨੀ ਵਿਚ ਇਹ ਇਮਾਨਦਾਰੀ, ਘਟਨਾਵੀ ਤੌਖ਼ਲੇ ਤੋਂ ਵਧੇਰੇ, ਭਾਵੁਕ ਧਾਰਣਾਵਾਂ ਨਾਲ਼ ਸੰਬੰਧਤ ਹੋਣੀ ਲਾਜ਼ਮੀ ਹੋ ਜਾਂਦੀ ਹੈ। ਇਹ ਕਦੇ ਬਿਰਤਾਂਤਕ ਹੋ ਜਾਂਦੀ ਹੈ, ਕਦੇ ਕਥਾਵਾਚਕ। ਕਦੇ ਵਰਣਨ ਕਰਦੀ ਹੈ ਤੇ ਕਦੇ ਰੂਪਕਾਂ ਰਾਹੀਂ ਸੰਵਾਦ ਰਚਾਉਂਦੀ ਹੈ। ਕਦੀ ਪ੍ਰਵਚਨ ਕਰਦੀ ਹੈ ਤੇ ਕਦੇ, ਨਾਟਕੀ ਢੰਗ ਅਖ਼ਤਿਆਰ ਕਰ ਲੈਂਦੀ ਹੈ। ਵਾਸਤਵਿਕ ਵੀ ਹੁੰਦੀ ਹੈ ਅਤੇ ਕਾਲਪਨਿਕ ਵੀ। ਇਹ ਇਤਿਹਾਸਕ ਦਸਤਾਵੇਜ਼ ਘੱਟ ਹੁੰਦੀ ਹੈ, ਸਾਹਿਤਕ ਦਸਤਾਵੇਜ਼ ਵਧੇਰੇ। (ਕੋਈ ਨਾਉਂ ਨ ਜਾਣੇ ਮੇਰਾ, ਪੰਨਾ : 17)। ਇਉਂ, ਇਤਿਹਾਸਕ ਤੇ ਸਾਹਿਤਕ/ਭਾਵਕ ਸੱਚ ਦੀ ਪੇਸ਼ਕਾਰੀ ਕਰਦਿਆਂ ਲੇਖਕ, ਆਪਣੇ ਇਸ ਸਵੈ-ਜੀਵਨੀ ਅੰਸ਼ ਵਿਚ, ਆਪਣੇ ਉਪਨਾਮ 'ਨੇਕੀ'; ਕ੍ਰੋਧ, ਖ਼ਿਮਾ ਤੇ ਰੱਬ ਦੀਆਂ ਇਕਾਈਆਂ ਨੂੰ, ਕਾਵਿ-ਰੂਪਾਂਤਰਿਤ ਕਰਦਾ ਹੈ।

## (ii) ਕਾਵਿ-ਸ਼ੈਲੀ

ਜਸਵੰਤ ਸਿੰਘ ਨੇਕੀ ਦੀ ਪ੍ਰਮੁੱਖ ਕਾਵਿ-ਜੁਗਤ, ਸ਼ਬਦਾਂ ਦੀ ਸਿਰਜਣਾ ਕਰ ਕੇ, ਸੰਵਾਦ ਰਚਾਉਣਾ ਹੈ। ਉਹ ਕਿੰਤੂ, ਪਰੰਤੂ, ਸੰਸੇ, ਪ੍ਰਸ਼ਨ ਪੈਦਾ ਕਰਦਿਆਂ, ਆਪਣੀ ਵਿਗਿਆਨਕ-ਸੋਚ ਨੂੰ, ਕਾਵਿ-ਰੂਪਾਂਤਰਿਤ ਕਰਦਾ ਹੈ। ਉਸ ਦੀ

ਸਵੈ-ਜੀਵਨੀ ਵਿਚ ਪਿਆਰ ਦੇ ਨਾਲ਼ ਨਾਲ਼, ਦਾਰਸ਼ਨਿਕ/ਰਹੱਸਮਈ/ਅਧਿਆਤਮਕ ਪ੍ਰਗਟਾਵਾ ਵੀ ਹੈ। ਉਹ ਇਹਨਾਂ ਸਾਰੇ ਪੱਖਾਂ ਨੂੰ, ਕਾਵਿ-ਬਿੰਬਾਂ ਅਤੇ ਪ੍ਰਤੀਕਾਂ ਰਾਹੀਂ ਰੂਪਾਂਤਰਿਤ ਕਰਦਾ ਹੈ। ਉਸ ਵਿਚ, ਸਹਿਜ ਵੀ ਹੈ ਤੇ ਸੁਹਜ ਵੀ। ਉਹ ਪ੍ਰਤੀਕਾਂ ਤੇ ਬਿੰਬਾਂ ਰਾਹੀਂ, ਆਪਣੀ ਕਾਵਿ-ਸਿਰਜਣਾ ਕਰਦਾ ਹੈ। ਇਉਂ, ਲੱਗਦਾ ਹੈ, ਜਿਵੇਂ ਉਹ ਇਕ ਵਿਸ਼ਾਲ ਪ੍ਰਗੀਤ ਦੀ ਸਿਰਜਣਾ ਕਰ ਰਿਹਾ ਹੋਵੇ। ਉਹ ਸੰਕਲਪੀ ਵੀ ਹੈ, ਪ੍ਰਗੀਤਕ ਵੀ। ਭਾਵੇਂ ਇਹ ਵਿਰੋਧਾਭਾਸ ਜਾਪਦਾ ਹੈ, ਪਰ, ਸੱਚ ਹੈ। ਨੇਕੀ, ਇਸ ਕਠਿਨ ਕਾਰਜ ਨੂੰ, ਮਨੋਵਿਗਿਆਨੀ-ਸਿਰਜਕ ਹੋਣ ਕਾਰਨ ਬਣੀ ਸਹਿਜਤਾ ਨਾਲ਼, ਸਫ਼ਲਤਾ ਪੂਰਵਕ ਨਿਭਾਅ ਸਕਿਆ ਹੈ। ਉਹ ਆਪਣੇ ਅਨੁਭਵਾਂ ਨੂੰ, ਆਪਣੀ ਮਾਨਸਿਕ-ਅਵੱਸਥਾ ਬਾਣੀ ਲੰਘਾ ਕੇ ਤੇ ਉਸ ਵਿਚ ਓਤ-ਪੋਤ ਹੋ ਕੇ ਹੀ, ਸਿਰਜਣਾ ਦਾ ਹਿੱਸਾ ਬਣਾਉਂਦਾ ਹੈ। ਇਹੀ ਕਾਰਨ ਹੈ ਕਿ ਅਸੀਂ ਜਸਵੰਤ ਸਿੰਘ ਨੇਕੀ ਦੀ ਇਸ ਕਾਵਿ ਸਵੈ-ਜੀਵਨੀ ਨੂੰ, ਇਕ ਵਿਲੱਖਣ ਅੰਦਾਜ਼ ਵਿਚ ਲਿਖੀ ਹੋਈ ਰਚਨਾ ਕਹਿੰਦੇ ਹਾਂ।

## (iii) ਲੇਖਕ-ਬਿੰਬ

**'ਉਪਨਾਮ ਨੇਕੀ; ਕ੍ਰੋਧ ਵੀ ਮਹਾਨ ਤੇ ਖ਼ਿਮਾ ਵੀ ਮਹਾਨ; ਰੱਬ ਨਾਲ਼ ਮੇਲ'** ਨਾਮੀ ਸਵੈ-ਜੀਵਨੀ-ਅੰਸ਼ ਵਿਚ, ਨੇਕੀ, ਇਕ ਅਦੁੱਤੀ ਸ਼ਖ਼ਸੀਅਤ ਵਾਲ਼ੇ ਇਨਸਾਨ ਦੇ ਤੌਰ 'ਤੇ ਉੱਭਰਦਾ ਹੈ। ਉਸ ਨੇ ਪਾਠ-ਪੁਸਤਕ ਵਿਚ ਸ਼ਾਮਿਲ, ਦੂਸਰੇ ਸਵੈ-ਜੀਵਨੀ ਲੇਖਕਾਂ ਨਾਲ਼ੋਂ, ਵੱਖਰੇ ਅੰਦਾਜ਼ ਵਿਚ ਭਾਵ ਕਾਵਿ-ਰੂਪ ਵਿਚ, ਆਪਣੀ ਸਵੈ-ਜੀਵਨੀ ਦੀ ਸਿਰਜਣਾ ਕੀਤੀ ਹੈ। ਜੇ ਉਸ ਦੇ ਸਹਿਪਾਠੀ, ਉਸ ਨੂੰ "ਨੇਕੀ ਨੇਕੀ" ਕਹਿ ਕੇ ਛੇੜਦੇ ਹਨ ਤਾਂ ਉਹ ਅਧਿਆਪਕ ਦੇ ਕਹਿਣ 'ਤੇ, ਇਸੇ ਨੂੰ ਆਪਣਾ ਉਪਨਾਮ ਬਣਾ ਲੈਂਦਾ ਹੈ। ਜੇ ਅਧਿਆਪਕ ਨਾਰਾਜ਼ ਹੋ ਜਾਂਦਾ ਹੈ ਤਾਂ ਅੰਗਰੇਜ਼ੀ ਤੋਂ ਪੰਜਾਬੀ ਕਾਵਿ-ਅਨੁਵਾਦ ਕਰਕੇ, ਉਸ ਦੀ ਨਾਰਾਜ਼ਗੀ ਦੂਰ ਕਰ ਕੇ, ਪਿਆਰ ਤੇ ਨਿੱਘ ਪ੍ਰਾਪਤ ਕਰਦਾ ਹੈ। ਆਪਣੀ ਮਾਇਕ ਮਦਦ ਕਰਨ ਵਾਲ਼ੇ ਬਜ਼ੁਰਗ ਨੂੰ, ਉਹ ਰੱਬ ਦਾ ਰੂਪ ਹੀ ਮੰਨਦਾ ਹੈ। ਉਹ ਆਪਣੀ ਕੀਤੀ ਸਿਰਜਣਾ, ਆਪਣੇ ਸਮਕਾਲੀ ਆਲੋਚਕ ਡਾ. ਅਤਰ ਸਿੰਘ ਨੂੰ ਦਿਖਾ ਕੇ, ਉਹਨਾਂ ਦੀ ਸਲਾਹ ਲੈ ਕੇ, ਪ੍ਰਕਾਸ਼ਿਤ ਕਰਾਉਂਦਾ ਹੈ। ਉਹ ਆਪਣੇ ਸਾਰੇ ਕੰਮਾਂ ਲਈ, ਰੱਬ ਦਾ ਸ਼ੁਕਰਗੁਜ਼ਾਰ ਹੁੰਦਾ ਹੈ। ਉਹ ਬੜੀ ਇਮਾਨਦਾਰੀ ਨਾਲ਼, ਆਪਣੀ ਜ਼ਿੰਦਗੀ ਜੀਊਂਦਾ ਹੈ। ਆਪਣੇ ਸਾਰੇ ਕਾਰਜ, ਗੰਭੀਰਤਾ ਅਤੇ ਮਿਹਨਤ ਨਾਲ਼ ਕਰਦਾ ਹੈ। ਉਹ ਆਪਣੇ ਬਜ਼ੁਰਗਾਂ, ਵੱਡਿਆਂ, ਅਧਿਆਪਕਾਂ ਦੀ ਪੂਰੀ ਇੱਜ਼ਤ ਵੀ ਕਰਦਾ ਹੈ। ਉਹ ਕਿਸੇ ਪ੍ਰਤਿ ਵੀ ਨਕਾਰਾਤਮਕ ਸੋਚ ਨਹੀਂ ਰੱਖਦਾ, ਸਗੋਂ ਸਾਰਿਆਂ ਤੋਂ ਪਿਆਰ, ਮੁਹੱਬਤ ਅਤੇ ਇੱਜ਼ਤ ਪ੍ਰਾਪਤ ਕਰਦਾ ਹੈ। ਨੇਕੀ, ਇਕ ਕਵੀ ਹੀ ਨਹੀਂ, ਸਗੋਂ ਮਨੋਵਿਗਿਆਨੀ, ਤਰਕ-ਵਿਗਿਆਨੀ, ਦਾਰਸ਼ਨਿਕ, ਧਰਮ ਨਾਲ਼ ਜੁੜਿਆ ਹੋਇਆ ਇਨਸਾਨ ਵੀ ਹੈ।

### ਪ੍ਰਸ਼ਨਾਵਲੀ

**ਪ੍ਰਸ਼ਨ** : ਡਾ. ਜਸਵੰਤ ਸਿੰਘ ਨੇਕੀ ਦੇ ਨਾਮ ਨਾਲ਼, 'ਨੇਕੀ' ਉਪਨਾਮ ਕਿਵੇਂ ਜੁੜਿਆ ?

**ਉੱਤਰ** : ਸਵੈ-ਜੀਵਨੀ ਅੰਸ਼ ਦੇ ਪਹਿਲੇ ਭਾਗ ਵਿਚ ਇਹ ਦੱਸਿਆ ਗਿਆ ਹੈ ਕਿ ਇਕ ਦਿਨ, ਲੇਖਕ (ਜਸਵੰਤ ਸਿੰਘ) ਨੇ ਵਿਦਿਆਰਥੀ-ਕਾਲ ਦੇ ਦੌਰਾਨ, ਆਪਣੇ ਅਧਿਆਪਕ ਨੂੰ ਪੁੱਛਿਆ ਕਿ ਨੇਕੀ ਕੀ ਹੁੰਦੀ ਹੈ ? ਅਤੇ ਇਸ ਨੂੰ, ਆਪਣੇ ਵਿਹਾਰ ਵਿਚ ਕਿਵੇਂ ਢਾਲਿਆ ਜਾ ਸਕਦਾ ਹੈ ? ਤਾਂ ਉਸ ਦੇ ਸਹਿਪਾਠੀਆਂ ਨੂੰ, ਉਸ ਵੱਲੋਂ ਕੀਤਾ ਗਿਆ ਇਹ ਸਵਾਲ ਹੀ, ਫ਼ਜ਼ੂਲ ਲੱਗਾ ਅਤੇ ਉਹਨਾਂ ਨੇ, ਨੇਕੀ ਨੇਕੀ ਕਹਿ ਕੇ, ਉਸ ਨੂੰ ਛੇੜਨਾ ਤੇ ਉਸ ਦਾ ਮਜ਼ਾਕ ਉਡਾਉਣਾ ਸ਼ੁਰੂ ਕਰ ਦਿੱਤਾ। ਜਦੋਂ ਉਹ, ਇਸ ਤੋਂ ਤੰਗ ਆ ਗਿਆ, ਤਾਂ ਉਸ ਦੇ ਅਧਿਆਪਕ ਨੇ ਹੀ, ਉਸ ਨੂੰ ਸਲਾਹ ਦਿੱਤੀ ਕਿ ਉਹ ਆਪਣੇ ਨਾਂ ਦੇ ਨਾਲ਼, 'ਨੇਕੀ' ਉਪਨਾਮ ਜੋੜ ਲਵੇ। ਇਸ ਤਰ੍ਹਾਂ ਲੇਖਕ ਜਸਵੰਤ ਸਿੰਘ ਦੇ ਨਾਂ ਨਾਲ਼ 'ਨੇਕੀ' ਉਪਨਾਮ ਵੀ ਜੁੜ ਗਿਆ ਅਤੇ ਉਹ ਜਸਵੰਤ ਸਿੰਘ 'ਨੇਕੀ' ਬਣ ਗਿਆ।

**ਪ੍ਰਸ਼ਨ** : ਡਾ. ਨੇਕੀ ਦਾ ਮੁੱਖ ਅਧਿਆਪਕ, ਉਸ ਨਾਲ਼ ਨਾਰਾਜ਼ ਕਿਉਂ ਹੋਇਆ ਅਤੇ ਨੇਕੀ ਨੇ ਉਸ ਨੂੰ ਕਿਵੇਂ ਮਨਾਇਆ?

**ਉੱਤਰ :** ਸਕੂਲ ਦੇ ਮੁੱਖ ਅਧਿਆਪਕ ਨੇ, 'ਲੇਖਕ' ਨੂੰ ਲਾਇਬ੍ਰੇਰੀ ਦਾ ਕੰਮ ਸੰਭਾਲਣ ਦੀ ਜ਼ਿੰਮੇਵਾਰੀ ਦਿੱਤੀ, ਜੋ ਕਿ, ਉਸ ਨੇ ਠੀਕ ਤਰ੍ਹਾਂ ਨਾਲ਼ ਨਾ ਨਿਭਾਈ। ਤਾਂ ਅਧਿਆਪਕ, ਉਸ ਨਾਲ਼ ਨਾਰਾਜ਼ ਹੋ ਗਿਆ। ਇਕ ਵਾਰ ਅਧਿਆਪਕ ਨੇ, ਕਲਾਸ ਵਿਚ ਜਿਹੜੀ ਅੰਗਰੇਜ਼ੀ ਨਜ਼ਮ ਪੜ੍ਹਾਈ ਸੀ, ਉਸੇ ਦਾ ਵੱਧੀਆ ਪੰਜਾਬੀ ਅਨੁਵਾਦ ਕਰ ਕੇ ਨੇਕੀ ਨੇ, ਅਧਿਆਪਕ ਦੀ ਨਾਰਾਜ਼ਗੀ ਨੂੰ ਦੂਰ ਕੀਤਾ। ਅਧਿਆਪਕ ਨੇ ਉਸ ਨੂੰ, ਆਪਣੇ ਗਲੇ ਨਾਲ਼ ਲੱਗਾ ਲਿਆ।

**ਪ੍ਰਸ਼ਨ :** ਇਮਤਿਹਾਨ ਸ਼ੁਰੂ ਹੋਣ ਤੋਂ ਪਹਿਲਾਂ, ਨੇਕੀ ਨੂੰ ਕਿਹੜੀ ਸਮੱਸਿਆ ਆਈ ਅਤੇ ਉਸ ਦਾ ਹੱਲ ਕਿਵੇਂ ਨਿਕਲਿਆ?

**ਉੱਤਰ :** ਜਸਵੰਤ ਸਿੰਘ ਨੇਕ ਕੋਲ਼, ਇਮਤਿਹਾਨ ਦੇਣ ਲਈ ਫ਼ੀਸ ਜੋਗੇ ਪੈਸੇ ਨਹੀਂ ਸਨ। ਉਹ ਲਾਚਾਰ ਤੇ ਬੇਬੱਸ ਸੀ। ਅਚਾਨਕ ਇਕ ਬਾਬੇ ਨੇ, ਉਸ ਨੂੰ ਕੁੱਝ ਪੈਸੇ, ਬਤੌਰ ਅਮਾਨਤ ਆਪਣੇ ਕੋਲ ਰੱਖਣ ਲਈ ਦਿੱਤੇ। ਦੋ ਹਜ਼ਾਰ ਰੁਪਏ, ਉਹ ਅਣਜਾਣ ਬਾਬਾ ਫੜਾ ਗਿਆ, ਜਿਸ ਨਾਲ਼ ਉਸ ਨੇ, ਆਪਣੀ ਫ਼ੀਸ ਭਰੀ। ਉਹ ਚੰਗੇ ਨੰਬਰਾਂ ਤੋਂ ਪਾਸ ਹੋ ਗਿਆ। ਡਾਕਟਰ ਵੀ ਲੱਗ ਗਿਆ। ਇਕ ਸਾਲ ਤੋਂ ਵੱਧ ਦਾ ਸਮਾਂ ਨਿਕਲ ਗਿਆ, ਤਾਂ ਇਕ ਦਿਨ, ਅਚਾਨਕ ਉਹੀ ਬਾਬਾ ਦਿੱਸਿਆ। ਉਸ ਨੇ ਬਾਬੇ ਦੇ ਪੈਸੇ ਮੋੜੇ ਅਤੇ ਉਸ ਦੇ ਪੈਰੀਂ ਹੱਥ ਵੀ ਲਾਇਆ। ਬਾਬਾ ਚਲਾ ਗਿਆ ਤਾਂ ਉਸ ਨੂੰ ਲੱਗਾ, ਜਿਵੇਂ ਉਸ ਦਾ ਮੇਲ ਰੱਬ ਨਾਲ਼ ਹੋਇਆ, ਜਿਸ ਨੇ ਪਰੇਸ਼ਾਨੀ ਤੇ ਲਾਚਾਰੀ ਦੇ ਸਮੇਂ, ਉਸ ਦੀ ਮਦਦ ਕੀਤੀ ਸੀ।

**—0—**

# (8) 'ਕੁਦਰਤ ਦਾ ਧੋਬੀ ਪਲਟਾ' (ਡਾ. ਕਰਨਜੀਤ ਸਿੰਘ) : ਪਾਠਗਤ ਅਧਿਐਨ

ਡਾ. ਕਰਨਜੀਤ ਸਿੰਘ ਦੀ ਲਿਖੀ ਸਵੈ-ਜੀਵਨੀ 'ਹਾਸ਼ੀਏ ਦੀ ਇਬਾਰਤ' ਵਿਚੋਂ, ਇਹ ਸਵੈ-ਜੀਵਨੀ ਅੰਸ਼ ('ਕੁਦਰਤ ਦਾ ਧੋਬੀ ਪਲਟਾ') ਲਿਆ ਗਿਆ ਹੈ। ਆਪਣੀ ਇਸ ਸਵੈ-ਜੀਵਨੀ ਵਿਚ, ਆਪਣੀ ਬਿਰਤਾਂਤਕ-ਸ਼ੈਲੀ ਲਈ ਲੇਖਕ ਨੇ, ਉਤਮ-ਪੁਰਖ ਦੀ ਥਾਂ, ਅਨਿਅ-ਪੁਰਖ ਦੀ ਸ਼ੈਲੀ ਕਿਉਂ ਚੁਣੀ ? ਇਸ ਲਈ ਲੇਖਕ ਨੇ, ਆਪਣੀ ਪੁਸਤਕ ਦੇ ਮੁੱਖ ਬੰਦ (ਆਪਣੇ ਵੱਲੋਂ) ਵਿਚ ਇਉਂ ਕਿਹਾ ਹੈ ਕਿ :-

> "ਮੈਂ ਆਪਣੇ ਅਤੀਤ ਨੂੰ, ਬਾਹਰਮੁਖੀ ਹੋ ਕੇ ਵੇਖਣਾ ਚਾਹਿਆ ਹੈ। ਇਸੇ ਲਈ, ਅਨਿਅ-ਪੁਰਖ ਵਿਚ ਲਿਖਣ ਲੱਗਿਆਂ, ਆਪਣੇ ਅਤੀਤ ਵਿਚ ਗਵਾਚਾ ਨਹੀਂ, ਸਗੋਂ, ਉਸ ਨਾਲ਼, ਇਕ ਵਿੱਥ ਥਾਪ ਸਕਣ ਲਈ ਯਤਨਸ਼ੀਲ ਰਿਹਾ ਹਾਂ।...ਉੱਤਮ-ਪੁਰਖ ਦੀ ਸ਼ੈਲੀ ਵਿਚ, ਅੰਤਰਮੁਖੀ ਹੋ ਜਾਣ ਦਾ ਖ਼ਤਰਾ ਰਹਿੰਦਾ ਹੈ।"

ਜਦੋਂ ਬੰਦਾ ਅੰਤਰਮੁਖੀ ਤੇ ਬਾਹਰਮੁਖੀ ਹੋਣ ਦੀ ਵਿੱਥ ਮਿਟਾ ਲੈਂਦਾ ਹੈ ਤਾਂ ਉਹ ਨਿਰਪੱਖ ਹੋ ਕੇ, ਮੱਧ-ਮਾਰਗ ਚੁਣ ਲੈਂਦਾ ਹੈ। ਇਸ ਤਰ੍ਹਾਂ ਕਰ ਕੇ, ਕਰਨਜੀਤ ਆਪਣੀ ਸਵੈ-ਜੀਵਨੀ ਨੂੰ ਨਿਰਪੱਖ ਹੋ ਕੇ, ਇਕ ਵਿੱਥ 'ਤੇ ਰਹਿ ਕੇ, ਲਿਖਣ ਵਿਚ ਸਫ਼ਲ ਹੁੰਦਾ ਹੈ। ਇਹੀ ਕਾਰਨ ਹੈ ਕਿ ਕਰਨਜੀਤ ਦੀ ਸਵੈ-ਜੀਵਨੀ ਲਿਖਣ ਦੀ ਕਲਾ ਅਤੇ ਸ਼ੈਲੀ, ਵਿਲੱਖਣ ਹੋ ਨਿਬੜਦੀ ਹੈ। ਅਸਲ ਵਿਚ, ਇਉਂ ਕਰਨਾ ਹੀ, ਸਵੈ-ਜੀਵਨੀ ਲਿਖਣ-ਕਲਾ ਦਾ ਇਕ ਵਿਸ਼ੇਸ਼ ਗੁਣ-ਲੱਛਣ ਹੈ।

ਕਰਤਾਰ ਸਿੰਘ ਦੁੱਗਲ ਦੇ ਸ਼ਬਦਾਂ ਵਿਚ ਕਹੀਏ ਤਾਂ ਨਿੱਜ ਦੀ ਜਾਣਕਾਰੀ ਨੂੰ, ਕਲਾ ਵਿਚ ਢਾਲਣ ਦਾ ਨਾਂ, ਸਵੈ-ਜੀਵਨੀ ਹੈ। ਸਵੈ-ਜੀਵਨੀ, ਆਪਣੇ ਆਪ ਨੂੰ, ਆਪੇ ਤੋਂ ਬਾਹਰ ਕੱਢਣ ਦਾ ਬਹਾਨਾ ਹੈ। ਸਵੈ-ਜੀਵਨੀ ਲਿਖ ਰਹੇ ਸਾਹਿਤਕਾਰ ਦਾ ਕਿਆਸ, ਉਹਦੇ ਆਲੇ-ਦੁਆਲੇ, ਉਹਦੇ ਵਕ਼ਤ ਦੇ ਇਤਿਹਾਸ ਵਿਚ ਵਿਚੋਲਗੀ ਕਰਦਾ ਪ੍ਰਤੀਤ ਹੁੰਦਾ ਹੈ।...ਮੇਰੀ ਜਾਚੇ, ਡਾਕਟਰ ਕਰਨਜੀਤ ਸਿੰਘ ਦੀ ਇਹ ਰਚਨਾ, ਉਸ ਦਾ ਉਪਰਾਲਾ ਹੈ। ਆਪਣੇ ਆਪ ਨੂੰ, ਆਪੇ

ਤੋਂ ਵਿਤ੍ਰੇਕ ਕਰ ਕੇ ਵੇਖਣ ਦਾ ਤੇ ਇਸ ਵਿਚ, ਉਹ ਅਤਿਅੰਤ ਸਫ਼ਲ ਹੋਇਆ ਹੈ। ਇਸ ਕਰਕੇ, ਉਸ ਦਾ ਆਪਣੀ ਕਹਾਣੀ ਨੂੰ ਜ਼ੁਬਾਨੀ ਨਾ ਕਹਿਕੇ, ਆਪਣੇ ਵਿਚ ਦੇ ਅੰਦਰੂਨੀ ਆਪੇ ਤੋਂ ਕਹਿਲਾਵਣ ਦਾ ਢੰਗ : ਇਸ ਰਚਨਾ ਦੀ ਨਿਵੇਕਲੀ ਨੁਹਾਰ, 'ਅਨਿਅ ਪੁਰਖ' (third person) ਇਕਵਚਨ ਦੀ ਵਰਤੋਂ ਹੈ।

'ਕੁਦਰਤ ਦਾ ਧੋਬੀ ਪਲਟਾ', ਪੰਜਾਬੀ ਦੇ ਪ੍ਰਸਿੱਧ ਸੰਪਾਦਕ, ਅਨੁਵਾਦਕ, ਵਾਰਤਕਕਾਰ, ਕਵੀ, ਸਾਹਿਤਕਾਰ, ਕਰਨਜੀਤ ਸਿੰਘ (ਡਾ.) ਦੀ ਸਵੈ-ਜੀਵਨੀ 'ਹਾਸ਼ੀਏ ਦੀ ਇਬਾਰਤ' ਵਿਚੋਂ ਲਿਆ ਗਿਆ, ਸਵੈ-ਜੀਵਨੀ ਅੰਸ਼ ਹੈ। ਇਸ ਵਿਚ ਲੇਖਕ ਨੇ, ਉਸ ਕਸ਼ਮਕਸ਼ ਨੂੰ ਬਿਆਨ ਕੀਤਾ ਹੈ, ਜਦੋਂ ਉਹ ਬਹੁਤ ਕੋਸ਼ਿਸ਼ ਕਰਨ ਦੇ ਬਾਵਜ਼ੂਦ ਵੀ, ਦਸਵੀਂ ਜਮਾਤ ਦਾ ਇਮਤਿਹਾਨ ਨਹੀਂ ਦੇ ਸਕਿਆ।

ਉਸ ਦੇ ਸਾਹਮਣੇ ਸਵਾਲ ਇਹ ਵੀ ਸੀ ਕਿ ਜੇਕਰ ਉਹ ਇਮਤਿਹਾਨ ਵਿਚ ਸ਼ਾਮਿਲ ਨਾ ਹੋਇਆ ਤਾਂ ਉਸ ਦਾ ਇਕ ਸਾਲ ਮਾਰਿਆ ਜਾਵੇਗਾ। ਇਵੇਂ ਹੀ ਹੋਇਆ ਅਤੇ ਫਿਰ ਉਸ ਦੇ ਤਿੰਨ ਸਾਲ, ਇਸੇ ਅਵੱਸਥਾ ਵਿਚ ਹੀ ਲੰਘ ਗਏ। ਲੇਖਕ ਨੇ, ਉਸ ਸਮੇਂ ਨੂੰ ਬਿਆਨ ਕੀਤਾ ਹੈ, ਜਦੋਂ ਦੇਸ਼ ਵਿਚ, ਹਿੰਦ-ਪਾਕ ਵੰਡ ਤੋਂ ਬਿਲਕੁਲ ਪਹਿਲਾਂ, ਤਣਾਅ ਵਾਲ਼ਾ ਮਾਹੌਲ ਬਣ ਗਿਆ ਸੀ। ਕਿਉਂਕਿ, ਇਹ ਸਮਾਂ, ਫ਼ਰਵਰੀ 1947 ਦਾ ਸੀ। ਲੋਕ ਸਹਿਮੇ ਹੋਏ, ਇਸ ਕਸ਼ਮਕਸ਼ ਵਿਚ ਸਨ ਕਿ ਦੇਸ਼ ਦਾ ਕਿਹੜਾ ਹਿੱਸਾ, ਪਾਕਿਸਤਾਨ ਵਿਚ ਜਾਵੇਗਾ ਅਤੇ ਕਿਹੜਾ, ਹਿੰਦੋਸਤਾਨ ਵਿਚ ਰਹੇਗਾ। ਸਾਰੇ ਲੋਕ, ਆਪੋ ਆਪਣੇ ਅੰਦਾਜ਼ੇ ਲੱਗਾ ਰਹੇ ਸਨ, ਵਿਸ਼ੇਸ਼ ਕਰ ਕੇ ਲਾਹੌਰ ਬਾਰੇ।

"ਕੋਈ ਕਹਿੰਦਾ, ਲਾਹੌਰ ਹਿੰਦੁਸਤਾਨ ਵਿਚ ਰਹੇਗਾ, ਕੋਈ ਕਹਿੰਦਾ, ਪਾਕਿਸਤਾਨ ਵਿਚ ਚਲਾ ਜਾਵੇਗਾ।"

ਫ਼ਰਵਰੀ 1947 ਵਿਚ ਲੇਖਕ, ਆਪਣੇ ਦਸਵੀਂ ਦੇ ਇਮਹਿਤਾਨ ਦੀ ਤਿਆਰੀ ਲਈ, ਆਪਣੇ ਨਾਨਕੇ ਪਿੰਡ ਜੈਤੋ ਮੰਡੀ ਚਲਾ ਗਿਆ। ਇਕ ਮਾਰਚ ਨੂੰ ਪੇਪਰ ਹੋਣਾ ਸੀ। ਤਿੰਨ ਦਿਨ ਪਹਿਲਾਂ, ਦੰਗੇ-ਫ਼ਸਾਦ ਦੀਆਂ ਖ਼ਬਰਾਂ ਆਉਣ ਲੱਗੀਆਂ। ਲੇਖਕ ਦੇ ਛੋਟੇ ਨਾਨਾ ਜੀ, ਸਟੇਸ਼ਨ 'ਤੇ ਬੁਕਿੰਗ ਕਲੱਰਕ ਸਨ। ਉਹਨਾਂ ਨੇ ਦੱਸਿਆ ਕਿ ਦੰਗਿਆਂ ਦੀਆਂ ਖ਼ਬਰਾਂ, ਆਉਣੀਆਂ ਸ਼ੁਰੂ ਹੋ ਗਈਆਂ ਹਨ ਅਤੇ ਕੋਈ ਵੀ ਗੱਡੀ ਕਸੂਰ ਸ਼ਹਿਰ ਵੱਲ ਨਹੀਂ ਜਾ ਰਹੀ। ਲੇਖਕ, ਤਰਨ ਤਾਰਨ ਸ਼ਹਿਰ ਦੇ ਗੁਰੂ ਅਰਜਨ ਦੇਵ ਹਾਈ ਸਕੂਲ ਵਿਚ ਪੜ੍ਹਦਾ ਸੀ। ਉੱਥੇ ਹੀ ਉਸ ਨੇ, ਇਮਤਿਹਾਨ ਵਿਚ ਬੈਠਣਾ ਸੀ। ਲੇਖਕ ਦੇ ਸਾਹਮਣੇ ਹੁਣ ਇਹ ਸਵਾਲ ਸੀ ਕਿ ਤਰਨ ਤਾਰਨ, ਕਿਵੇਂ ਪੁੱਜਿਆ ਜਾਵੇ ?

ਉਸ ਨੂੰ ਇਹ ਦੱਸਿਆ ਗਿਆ ਸੀ ਕਿ ਅੰਮ੍ਰਿਤਸਰ ਤੋਂ ਕਸੂਰ ਦੇ ਰਸਤੇ, ਲਾਹੌਰ ਜਾਣ ਵਾਲ਼ੀਆਂ ਗੱਡੀਆਂ ਵੀ ਕਸੂਰ ਨਹੀਂ ਪਹੁੰਚ ਰਹੀਆਂ। ਸਗੋਂ, ਖੇਮਕਰਨ ਦੇ ਸਟੇਸ਼ਨ ਤੋਂ ਹੀ, ਵਾਪਸ ਅੰਮ੍ਰਿਤਸਰ ਪਰਤ ਰਹੀਆਂ ਹਨ। ਹੁਣ ਲੇਖਕ ਦੀ ਪਰੇਸ਼ਾਨੀ ਤੇ ਸਮੱਸਿਆ ਹੋਰ ਵੀ ਡੂੰਘੀ ਹੋ ਗਈ। ਉਸ ਨੇ ਫ਼ੈਸਲਾ ਕੀਤਾ ਕਿ ਉਹ ਖੇਮਕਰਨ ਜ਼ਰੂਰ ਪਹੁੰਚੇਗਾ ਅਤੇ ਉੱਥੋਂ ਗੱਡੀ ਰਾਹੀਂ, ਤਰਨ ਤਾਰਨ ਆ ਜਾਵੇਗਾ। 28 ਫ਼ਰਵਰੀ ਨੂੰ ਨਾਨਕੇ ਪਰਿਵਾਰ ਦੇ ਰੋਕਣ ਦੇ ਬਾਵਜ਼ੂਦ ਵੀ, ਸਹਿਮ ਵਾਲ਼ੇ ਮਾਹੌਲ ਵਿਚ, ਉਹ ਸਵੇਰ ਦਾ ਪੈਦਲ ਚੱਲਿਆ, ਸ਼ਾਮ ਨੂੰ ਖੇਮਕਰਮ ਪਹੁੰਚ ਗਿਆ। ਥਕਾਵਟ ਨਾਲ਼ ਚੂਰ, ਪਲੇਟਫ਼ਾਰਮ ਦੇ ਬੈਂਚ ਉਪਰ ਬੈਠ ਗਿਆ। ਗੱਡੀ ਆਈ ਤਾਂ ਉਹ ਟਿਕਟ ਲੈ ਕੇ, ਗੱਡੀ ਵਿਚ ਚੜ੍ਹ ਗਿਆ। ਜਦੋਂ ਗੱਡੀ ਤਰਨ ਤਾਰਨ ਪਹੁੰਚੀ ਤਾਂ ਗੂੜ੍ਹਾ ਹਨੇਰਾ ਹੋ ਚੁੱਕਿਆ ਸੀ। ਜਦੋਂ ਉਹ ਗੱਡੀ ਤੋਂ ਉੱਤਰ ਕੇ, ਸੜਕ ਵੱਲ ਨੂੰ ਹੋਣ ਲੱਗਾ, ਤਾਂ ਦੋ ਫ਼ੌਜੀਆਂ ਨੇ ਉਸ ਨੂੰ ਰੋਕ ਲਿਆ। ਉਨ੍ਹਾਂ ਕਿਹਾ :-

"ਕਿਧਰ ਭਾਗੇ ਜਾ ਰਹੇ ਹੋ, ਆਂਖੇ ਬੰਦ ਕਰ ਕੇ। ਵਾਪਸ ਚਲੇ ਜਾਓ।"

"ਕੀ ਗੱਲ ? ਕਿਉਂ ਪਿੱਛੇ ਮੁੜ ਜਾਵਾਂ ?"

"ਦੇਖ ਨਹੀਂ ਰਹੇ ਕਰਫ਼ਿਊ ਲਗਾ ਹੂਆ ਹੈ, ਸ਼ਹਿਰ ਮੇਂ। ਕੋਈ ਨਜ਼ਰ ਆਤਾ ਹੈ, ਆਨੇ-ਜਾਨੇ ਵਾਲ਼ਾ ?"

ਲੇਖਕ ਨੂੰ ਸਮਝ ਨਾ ਆਈ ਕਿ ਉਹ ਹੁਣ ਕੀ ਕਰੇ ? ਉਹ ਸਟੇਸ਼ਨ ਮਾਸਟਰ ਕੋਲ਼ ਗਿਆ। ਉਸ ਨੇ ਕਿਹਾ ਕਿ ਹੁਣ ਤਾਂ ਉਹ ਕਰਫ਼ਿਊ ਤੋਂ ਬਾਅਦ ਹੀ ਜਾ ਸਕਦਾ ਹੈ।

"ਘਰ ਤਾਂ ਕਾਕਾ, ਹੁਣ ਤੂੰ ਕਰਫ਼ਿਊ ਹੱਟਣ ਮਗਰੋਂ ਹੀ ਪਹੁੰਚ ਸਕਦੈਂ।"

ਇਧਰ-ਉਧਰ ਪਤਾ ਕਰਨ ਤੋਂ ਮਗਰੋਂ ਪਤਾ ਲੱਗਾ ਕਿ ਇਕ ਸਬ-ਇੰਸਪੈਕਟਰ ਦੀ ਡਿਊਟੀ ਹੈ, ਸਟੇਸ਼ਨ ਦੇ ਅੰਦਰ। ਪਰ, ਉਹ ਸਵੇਰੇ ਹੀ ਮਿਲੇਗਾ। ਬੜੀ ਮੁਸ਼ਕਲ ਨਾਲ਼ ਲੇਖਕ ਨੇ, ਤੁਰਦੇ-ਫਿਰਦੇ ਨੇ ਰਾਤ ਕੱਟੀ। ਜਦੋਂ ਸਵੇਰੇ, ਲੇਖਕ ਨੇ ਸਬ-ਇੰਸਪੈਕਟਰ ਨੂੰ ਮਿਲ ਕੇ ਦੱਸਿਆ ਕਿ ਉਹ ਹਰ ਹਾਲਤ ਵਿਚ, ਆਪਣਾ ਇਮਤਿਹਾਨ ਦੇਣਾ ਚਾਹੁੰਦਾ ਹੈ। ਸਬ-ਇੰਸਪੈਕਟਰ ਨੇ ਕਿਹਾ ਕਿ ਸ਼ਹਿਰ ਦੇ ਅੰਦਰ ਸਿਰਫ਼ ਉਹੀ ਜਾ ਸਕਦਾ ਹੈ, ਜਿਸ ਕੋਲ ਪਾਸ ਹੋਵੇ। ਉਸ ਨੇ, ਦੋ ਟੂਕ ਆਪਣੀ ਮਜਬੂਰੀ ਦੱਸੀ। ਮਸਲਨ :-

"ਲੱਗੇ ਕਰਫ਼ਿਊ ਵਿਚ, ਐਸੇ ਬੰਦੇ ਨੂੰ, ਜਿਸ ਕੋਲ ਪਾਸ ਨਹੀਂ, ਸ਼ਹਿਰ ਵਿਚ ਜਾਣ ਦੀ ਇਜਾਜ਼ਤ ਨਹੀਂ।"

ਹੁਣ ਐਸਾ ਕੋਈ ਵੀ ਵਸੀਲਾ ਨਹੀਂ ਬਣ ਰਿਹਾ ਸੀ, ਜਿਸ ਨਾਲ਼ ਕਰਨਜੀਤ, ਇਮਤਿਹਾਨ ਦੇਣ ਲਈ ਪਹੁੰਚ ਸਕਦਾ। ਜਦੋਂ ਸਟੇਸ਼ਨ ਮਾਸਟਰ ਦੇ ਕਮਰੇ ਦੀਆਂ ਘੜੀਆਂ ਨੇ ਨੌਂ ਵਜਾ ਦਿੱਤੇ ਤਾਂ ਉਸ ਨੂੰ ਇੰਝ ਲੱਗਿਆ ਕਿ ਜਿਵੇਂ, ਕਿਸਮਤ ਨੇ ਉਸ ਨੂੰ, ਧੋਬੀ ਪਟਕਾ ਮਾਰ ਦਿੱਤਾ ਹੈ। ਹੁਣ ਉਹ, ਕਦੇ ਵੀ ਮੈਟਰਿਕ ਦੇ ਇਮਤਿਹਾਨ ਵਿਚ ਨਹੀਂ ਬੈਠ ਸਕਦਾ। ਕਿਉਂਕਿ, ਪਹਿਲਾ ਪਰਚਾ ਅੰਗਰੇਜ਼ੀ ਦਾ ਸੀ, ਅੰਗਰੇਜ਼ੀ 'ਚੋਂ ਫੇਲ੍ਹ ਦਾ ਮਤਲਬ ਸੀ, ਫੇਲ੍ਹ। ਕੁਦਰਤ ਨੇ ਐਸਾ ਧੋਬੀ ਪਲਟਾ ਮਾਰਿਆ ਕਿ ਤਿੰਨ ਸਾਲ, ਹੋਸ਼ ਨਾ ਆ ਸਕੀ।

## (ii) 'ਕੁਦਰਤ ਦਾ ਧੋਬੀ ਪਲਟਾ' ਵਿਚੋਂ ਉੱਭਰਦਾ ਲੇਖਕ ਦਾ ਬਿੰਬ

'ਕੁਦਰਤ ਦਾ ਧੋਬੀ ਪਲਟਾ' ਸਵੈ-ਜੀਵਨੀ ਅੰਸ਼ ਵਿਚਲੇ, ਕਰਨਜੀਤ (ਲੇਖਕ) ਦੇ ਵੱਖ ਵੱਖ ਬਿੰਬ, ਸਾਡੇ ਸਾਹਮਣੇ ਆਉਂਦੇ ਹਨ। ਅੰਸ਼ ਦੇ ਸ਼ੁਰੂ ਵਿਚ ਹੀ, ਲੇਖਕ ਦੇ ਇਮਤਿਹਾਨ ਬਾਰੇ ਚਰਚਾ ਹੈ। ਸੋ, ਇਸ ਤੋਂ ਪਤਾ ਲੱਗਦਾ ਹੈ ਕਿ ਲੇਖਕ, ਇਕ **ਪੜ੍ਹਣ-ਲਿਖਣ ਵਾਲ਼ਾ ਅਤੇ ਪੜ੍ਹਾਈ ਵਿਚ ਦਿਲਚਸਪੀ ਲੈਣ ਵਾਲ਼ਾ** ਵਿਅਕਤੀ ਹੈ। ਇਸੇ ਦਿਲਚਸਪੀ ਕਰਕੇ ਹੀ, ਉਹ ਆਪਣੇ ਇਮਤਿਹਾਨਾਂ ਦੀ ਤਿਆਰੀ ਕਰਨ ਲਈ, ਵਿਸ਼ੇਸ਼ ਤੌਰ 'ਤੇ, ਆਪਣੇ ਨਾਨਕੇ ਪਿੰਡ ਜੈਤੋ ਮੰਡੀ ਜਾਂਦਾ ਹੈ। "ਕਰਨਜੀਤ ਕਿਸੇ ਜ਼ਰੂਰੀ ਘਰੇਲੂ ਕੰਮ ਲਈ ਜਾਂ ਸ਼ਾਇਦ ਘਰੇਲੂ ਝਮੇਲਿਆਂ ਤੋਂ ਰੱਤਾ ਕੁ ਲਾਂਭੇ ਜਾ ਕੇ, ਆਪਣੇ ਦਸਵੀਂ ਦੇ ਇਮਤਿਹਾਨ ਦੀ ਤਿਆਰੀ ਕਰਨ ਲਈ, ਜੈਤੋਂ ਮੰਡੀ ਗਿਆ ਹੋਇਆ ਸੀ।" (ਪੰਨਾ : 51) **ਲੇਖਕ ਦਾ ਮੋਹ ਅਤੇ ਪਿਆਰ ਵਾਲ਼ਾ ਬਿੰਬ** ਸਾਡੇ ਸਾਹਮਣੇ ਆਉਂਦਾ ਹੈ, ਜਦੋਂ ਇਹ ਪਤਾ ਲੱਗਦਾ ਹੈ ਕਿ ਉਹ ਆਪਣੇ ਛੋਟੇ ਨਾਨਾ ਜੀ ਦੇ, ਛੋਟੇ ਪੁੱਤ ਅਤੇ ਸਭ ਤੋਂ ਛੋਟੀ ਧੀ ਦਾ ਹਾਣੀ ਹੈ ਅਤੇ ਉਹਨਾਂ ਨਾਲ਼, ਉਸ ਦਾ ਬੜਾ ਪਿਆਰ ਹੈ। "ਉਹ ਇਕੱਠੇ ਖਾਂਦੇ-ਪੀਂਦੇ, ਰਲ ਕੇ ਖੇਡਦੇ ਅਤੇ ਇਕੱਠੇ ਬੈਠ ਕੇ ਪੜ੍ਹਦੇ।" (ਪੰਨਾ : 51)

ਇਸ ਸਾਰੇ ਅੰਸ਼ ਵਿਚ ਲੇਖਕ ਦਾ **ਦਲੇਰੀ ਭਰਿਆ ਬਿੰਬ** ਵੀ, ਸਾਡੇ ਸਾਹਮਣੇ ਆਉਂਦਾ ਹੈ। ਜਦੋਂ ਉਸ ਨੂੰ ਇਹ ਪਤਾ ਲੱਗਦਾ ਹੈ ਕਿ ਕੋਈ ਵੀ ਗੱਡੀ, ਕਸੂਰ ਸ਼ਹਿਰ ਵਿਚ ਨਹੀਂ ਜਾ ਰਹੀ, ਤਾਂ ਉਹ, ਦਲੇਰੀ ਨਾਲ਼ ਪੈਦਲ ਤੁਰਦਾ ਹੋਇਆ, ਖੇਮਕਰਨ ਪਹੁੰਚਦਾ ਹੈ। ਡਰ ਵਾਲ਼ੇ ਮਾਹੌਲ ਵਿਚ, ਤਰਨ ਤਾਰਨ ਲਈ ਗੱਡੀ 'ਤੇ ਚੜ੍ਹਦਾ ਹੈ ਅਤੇ ਤਰਨ ਤਾਰਨ ਪਹੁੰਚ ਜਾਂਦਾ ਹੈ। "ਕਰਨਜੀਤ ਦੇ ਸਾਹਮਣੇ ਹੁਣ ਇਹ ਸਵਾਲ ਸੀ ਕਿ ਤਰਨ ਤਾਰਨ ਕਿਵੇਂ ਪਹੁੰਚਿਆ ਜਾਵੇ।" (ਪੰਨਾ : 52) ਇਸ ਸਾਰ ਅੰਸ਼ ਵਿਚੋਂ ਲੇਖਕ ਦਾ ਪੜ੍ਹਾਈ ਪ੍ਰਤਿ ਮੋਹ ਬਾਰੇ ਵੀ ਪਤਾ ਲੱਗਦਾ ਹੈ। ਕਿਉਂਕਿ, ਉਹ ਕਿਸੇ ਵੀ ਹਾਲਤ ਵਿਚ, ਆਪਣਾ ਇਮਤਿਹਾਨ ਨਹੀਂ ਸੀ ਛੱਡਣਾ ਚਾਹੁੰਦਾ। "ਅੰਤਾਂ ਦੀ ਥਕਾਵਟ ਦੇ ਬਾਵਜੂਦ ਵੀ, ਹੁਣ ਕਰਨਜੀਤ ਨੂੰ ਇਹ ਯਕੀਨ ਹੋ ਗਿਆ ਸੀ ਕਿ ਉਹ ਹੋਰ ਢਾਈ ਘੰਟੇ ਤੱਕ, ਆਪਣੇ ਘਰ ਪਹੁੰਚ ਜਾਵੇਗਾ ਅਤੇ ਸਵੇਰੇ ਆਪਣੇ ਇਮਤਿਹਾਨਾਂ ਵਿਚ ਬੈਠ ਸਕੇਗਾ।" (ਪੰਨਾ : 52) ਸੋ, ਅਸੀਂ ਕਹਿ ਸਕਦੇ ਹਾਂ ਕਰਨਜੀਤ ਸਿੰਘ ਇਕ **ਮੋਹ ਭਰਿਆ, ਦਲੇਰ, ਸਿਆਣਾ, ਜਜ਼ਬਾਤੀ, ਪੜ੍ਹਨ-ਲਿਖਣ ਨਾਲ਼ ਲਗਾਉ ਰੱਖਣ ਵਾਲ਼ਾ ਵਿਅਕਤੀ ਹੈ**। ਹੱਥਲੀ ਲਿਖਤ ਵਿਚ ਉਸ ਨੇ, ਬੜੇ ਵਧੀਆ ਢੰਗ ਨਾਲ਼, ਆਪਣੇ ਹੀ ਵੱਖੋ ਵੱਖਰੇ ਰੂਪਾਂ ਨੂੰ, ਅਨਯ-ਪੁਰਖ (third person) ਵਿਚ ਰੱਖ ਕੇ ਪੇਸ਼ ਕੀਤਾ ਹੈ।

## (iii) 'ਕੁਦਰਤ ਦਾ ਧੋਬੀ ਪਲਟਾ' ਦਾ ਸ਼ੈਲੀਗਤ ਅਧਿਐਨ

ਡਾ. ਕਰਨਜੀਤ ਸਿੰਘ, ਪੰਜਾਬੀ-ਸਾਹਿਤ ਦਾ ਇਕ ਜਾਣਿਆ-ਪਛਾਣਿਆ ਨਾਮ ਹੈ। ਜਿਸ ਨੇ, ਡੂੰਘੀ ਲਗਨ ਸਦਕਾ ਗਿਆਨੀ, ਐਫ਼.ਏ. (ਅੰਗਰੇਜ਼ੀ) ਅਤੇ ਫਿਰ ਬੀ.ਏ. ਤੱਕ ਦੀ ਵਿੱਦਿਆ ਹਾਸਿਲ ਕੀਤੀ। ਬਤੌਰ ਅਨੁਵਾਦਕ ਕੰਮ ਸ਼ੁਰੂ ਕਰਨ ਤੋਂ ਇਲਾਵਾ, ਉਸ ਨੂੰ, ਮਾਸਕੋ ਵਿਚ ਜਾ ਕੇ ਵੀ ਕੰਮ ਕਰਨ ਦਾ ਮੌਕਾ ਮਿਲ਼ਿਆ। ਹਰ ਲੇਖਕ ਦੀ, ਆਪਣੀ ਇਕ ਵਿਲੱਖਣਤਾ ਹੁੰਦੀ ਹੈ, ਜਿਸ ਸਦਕਾ ਉਹ ਆਪਣੀ ਖ਼ਾਸ ਥਾਂ ਬਣਾਉਂਦਾ ਹੈ। ਉਸ ਨੇ ਕਵਿਤਾ, ਆਲੋਚਨਾ, ਧਾਰਮਕ ਲੇਖਾਂ ਦੇ ਨਾਲ਼ ਨਾਲ਼, ਵੱਡੀ ਗਿਣਤੀ ਵਿਚ ਪੱਛਮੀ ਚਿੰਤਕਾਂ ਦੀਆਂ ਕਿਰਤਾਂ ਦਾ, ਪੰਜਾਬੀ ਵਿਚ ਅਨੁਵਾਦ ਕੀਤਾ। ਆਪਣੀ ਸਵੈ-ਜੀਵਨੀ 'ਹਾਸ਼ੀਏ ਦੀ ਇਬਾਰਤ' ਦੀ ਵੱਖਰਤਾ ਕਾਰਨ ਜ਼ਿਆਦਾ ਪਛਾਣਿਆ ਗਿਆ। ਕਿਸੇ ਵੀ ਸਵੈ-ਜੀਵਨੀ ਦੀ ਇਹ ਪਹਿਲੀ ਸ਼ਰਤ ਹੁੰਦੀ ਹੈ ਕਿ ਇਹ 'ਉੱਤਮ ਪੁਰਖ' ਉਹ ਵਿਚ ਲਿਖੀ ਜਾਂਦੀ ਹੈ। ਪਰ, ਕਰਨਜੀਤ ਅਜਿਹਾ ਲੇਖਕ ਹੈ, ਜਿਸ ਨੇ ਆਪਣੀ ਸਵੈ-ਜੀਵਨੀ 'ਉੱਤਮ ਪੁਰਖ' (first person) ਦੀ ਬਜਾਇ, ਅਨਯ-ਪੁਰਖ (third person) ਵਿਚ ਲਿਖੀ। ਇਹ ਉਸ ਦੀ ਸ਼ੈਲੀ ਦੀ ਵਿਸ਼ੇਸ਼ਤਾ ਵੀ ਹੈ ਅਤੇ ਵੱਖਰਤਾ ਵੀ।

ਲੇਖਕ ਆਪਣੀ ਸਵੈ-ਜੀਵਨੀ ਵਿਚ ਜਿੱਥੇ, ਕਹਾਣੀ ਵਰਗੀ ਰਵਾਨੀ ਨਾਲ਼, ਪਾਠਕਾਂ ਦੇ ਦਿਲਾਂ ਅੰਦਰ ਉਤਰਣ ਦੀ ਤਾਕਤ ਰੱਖਦਾ ਹੈ, ਉੱਥੇ ਹੀ ਉਹ ਆਪਣੇ ਪਾਠਕ ਨੂੰ, ਆਪਣੇ ਤੋਂ ਦੂਰ ਵੀ ਨਹੀਂ ਜਾਣ ਦਿੰਦਾ।

> "ਕੋਈ ਕਹਿੰਦਾ ਲਾਹੌਰ ਹਿੰਦੁਸਤਾਨ ਵਿਚ ਰਹੇਗਾ, ਕੋਈ ਕਹਿੰਦਾ ਪਾਕਿਸਤਾਨ ਵਿਚ ਚਲਾ ਜਾਏਗਾ। ਕਿਉਂਕਿ, ਦੇਸ਼ ਦੇ ਟੁੱਕੜੇ ਫ਼ਿਰਕੂ ਆਧਾਰ ਉੱਤੇ ਹੋ ਰਹੇ ਸਨ। ਜਿਸ ਨੂੰ, 'ਦੋ ਕੌਮਾਂ ਦਾ ਸਿਧਾਂਤ' ਦਾ ਨਾਂ ਦਿੱਤਾ ਗਿਆ ਸੀ।"

(ਪੰਨਾ : 51)

ਇਸ ਦੇ ਨਾਲ਼ ਹੀ ਲੇਖਕ, ਇਸ ਅੰਸ਼ ਵਿਚ, ਛੋਟੇ ਛੋਟੇ ਵਾਕਾਂ ਦੀ ਵਰਤੋਂ ਕਰਦਾ, ਕਦੇ ਕਦੇ ਅਜਿਹੇ ਵਾਕ ਵੀ ਵਰਤਦਾ ਹੈ, ਜੋ ਬੇਹੱਦ ਲੰਬੇ ਹੁੰਦੇ ਹਨ। ਭਾਵ, ਛੋਟੇ ਛੋਟੇ ਵਾਕਾਂ ਨੂੰ ਜੋੜ ਕੇ, ਕਈ ਵਾਰ ਇਕ ਵੱਡਾ ਵਾਕ ਬਣਾਉਂਦਿਆਂ, ਪੂਰੀ ਸਥਿਤੀ ਦਾ ਵਰਣਨ ਕਰ ਦਿੰਦਾ ਹੈ। ਉਹ ਕਿਧਰੇ ਵੀ ਰਚਨਾ ਦੀ ਗਤੀ ਨੂੰ, ਠਹਿਰਾਅ ਵਿਚ ਨਹੀਂ ਆਉਣ ਦਿੰਦਾ। ਸਗੋਂ, ਉਹ ਪੂਰੀ ਰਵਾਨੀ ਨਾਲ਼ ਗੱਲ ਅੱਗੇ ਵੱਧਦੀ। ਇਸੇ ਪ੍ਰਕਾਰ, ਉਹ ਬਾਰ ਬਾਰ ਪੰਜਾਬੀ ਅਖਾਣਾਂ/ਮੁਹਾਵਰਿਆਂ ਦੀ ਵਰਤੋਂ ਕਰਦਿਆਂ, ਭਾਸ਼ਾ ਨੂੰ ਹੋਰ ਪੁੱਖ਼ਤਾ ਤਰੀਕੇ ਨਾਲ਼ ਵਰਤਦਾ ਹੈ, ਜਿਵੇਂ ਕਿ :-

- "ਨਾ ਕੋਈ ਬੰਦਾ ਨਾ ਬੰਦੇ ਦੀ ਜਾਤ"
- "ਲੱਤਾਂ ਪਸਾਰ ਕੇ ਬੈਠਣਾ"
- "ਠੋਂਕਾ ਲੱਗ ਜਾਣਾ"
- "ਧਰਤੀ ਵਿਚ ਗਰਕ ਜਾਣਾ"
- "ਲੂੰ ਕੰਡੇ ਖੜ੍ਹੇ ਹੋਣਾ"
- "ਅੱਕੀਂ ਪਲਾਹੀਂ ਹੱਥ ਮਾਰਨਾ"
- "ਧੋਬੀ ਪਲਟਾ ਮਾਰਨਾ" ਅਤੇ "ਸੋਤਰ ਸੁੱਕ ਜਾਣਾ"।

ਇਉਂ, ਇਨ੍ਹਾਂ ਅਖਾਣਾਂ ਤੇ ਮੁਹਾਵਰਿਆਂ ਦੀ ਵਰਤੋਂ ਕਰਦਾ ਹੋਇਆ, ਉਹ ਕਦੇ ਵੀ ਰਚਨਾ ਦੀ ਭਾਸ਼ਾ ਨੂੰ, ਆਮ ਲੋਕਾਂ ਦੀ ਪਹੁੰਚ ਤੋਂ ਦੂਰ ਨਹੀਂ ਕਰਦਾ। ਸਗੋਂ, ਪਾਠਕਾਂ ਨੂੰ ਇਹ, ਆਪਣੀ ਆਪਣੀ ਜਿਹੀ ਲੱਗਦੀ ਹੈ।

ਲੇਖਕ ਦਾ ਅਨੁਵਾਦ ਕਰਨ ਦਾ ਤਜਰਬਾ ਹੋਣ ਕਾਰਨ, ਉਹ ਬੇਹੱਦ ਸਲੀਕੇ ਨਾਲ਼ ਸ਼ਬਦਾਵਲੀ ਵਰਤਦਾ, ਸਹਿਜ ਨਾਲ਼ ਗੱਲ ਕਰਦਾ, ਅਤੇ ਕਿਧਰੇ ਵੀ, ਕਾਹਲ ਨਜ਼ਰ ਨਹੀਂ ਆਉਂਦੀ। ਉਸ ਦੇ ਪੜ੍ਹਣ ਦਾ ਚਾਅ, ਬਾਰ ਬਾਰ ਰਚਨਾ ਵਿਚ ਦੁਹਰਾਇਆ ਜਾਣਾ ਅਤੇ ਤਰਤੀਬ ਵਿਚ ਬਿਆਨ ਕਰਨਾ, ਉਸ ਦੀ ਸ਼ੈਲੀਗਤ ਵਿਸ਼ੇਸ਼ਤਾ ਹੈ। ਸਭ ਤੋਂ ਅਹਿਮ ਇਹ ਹੈ ਕਿ ਇਹ ਦੁਹਰਾਅ, ਕਿਤੇ ਵੀ ਬੋਰੀਅਤ ਮਹਿਸੂਸ ਨਹੀਂ ਹੋਣ ਦਿੰਦਾ। ਸਥਿਤੀਆਂ ਅਤੇ ਘਟਨਾਵਾਂ ਦਾ ਵਰਣਨ ਜਾਂ ਬਿਰਤਾਂਤਕ ਪੇਸ਼ਕਾਰੀ ਕਰਦਿਆਂ, ਉਹ ਪੂਰੀ ਤਰ੍ਹਾਂ ਸੁਚੇਤ ਹੈ। ਹਰ ਇਕ ਚੀਜ਼, ਸਥਿਤੀ ਦੀ ਛੋਟੀ ਤੋਂ ਛੋਟੀ ਇਕਾਈ ਨੂੰ ਵੀ ਬਿਆਨ ਕਰਨਾ, ਉਸ ਦੀ ਖ਼ੂਬਸੂਰਤੀ ਹੈ। ਜਿਵੇਂ ਕਿ, ਪ੍ਰਕਿਰਤੀ/ਵਾਤਾਵਰਣ/ਦ੍ਰਿਸ਼ ਆਦਿ ਦਾ ਵਰਣਨ ਕਰਦਿਆਂ, ਉਸ ਦੀ ਸ਼ੈਲੀ ਦੀ ਪ੍ਰਪੱਕਤਾ ਵੇਖੀ ਜਾ ਸਕਦੀ ਹੈ। ਜਿਵੇਂ ਕਿ :-

> "ਸਟੇਸ਼ਨ ਦੇ ਪੋਰਚ ਦੀਆਂ ਪੌੜੀਆਂ ਉਤਰ ਕੇ, ਸਾਹਮਣੇ ਬੜੀ ਖੁੱਲ੍ਹੀ ਥਾਂ ਸੀ। ਜਿਸ ਦੇ ਖੱਬੇ ਪਾਸੇ, ਲੰਮਾ ਸਾਰਾ ਬੁਕਿੰਗ ਆਫ਼ਿਸ ਅਤੇ ਉਸ ਦੀਆਂ ਖਿੜਕੀਆਂ ਵਾਲ਼ੇ ਪਾਸੇ ਨਾਲ਼ ਲੱਗਦਾ, ਇਕ ਲੰਮਾ ਚੌੜਾ ਮੁਸਾਫ਼ਿਰਖ਼ਾਨਾ ਸੀ। ਸੱਜੇ ਪਾਸੇ, ਰੇਲਵੇ ਦੇ ਸਟਾਫ਼-ਕੁਆਟਰਜ਼ ਅਤੇ ਸਾਹਮਣੇ ਦਾਣਾ ਮੰਡੀ ਅਤੇ ਜੰਡਿਆਲਾ ਗੁਰੂ ਨੂੰ ਜਾਂਦੀ ਸੜਕ ਨੂੰ ਜੋੜਣ ਵਾਲ਼ਾ ਪੱਕਾ ਟੋਟਾ, ਜਿਸ ਉੱਤੇ ਰੇਲਵੇ ਸਟੇਸ਼ਨ ਦੇ ਅੰਦਰ ਆਉਣ-ਜਾਣ ਵਾਲ਼ਾ ਫ਼ਾਟਕ ਸੀ। ਸਟੇਸ਼ਨ ਦਾ ਇਹ ਫ਼ਾਟਕ ਬੰਦ ਸੀ ਅਤੇ ਸੜਕ ਵਾਲ਼ੇ ਪਾਸੇ, ਦੋ ਫ਼ੌਜੀ ਖੜ੍ਹੇ ਸਨ।"

(ਪੰਨਾ : 53)

ਵਿਸਤਾਰ ਨਾਲ਼ ਕੀਤੇ ਦ੍ਰਿਸ਼-ਵਰਣਨ ਨੂੰ ਪੜ੍ਹਦਿਆਂ, ਪਾਠਕ ਨੂੰ, ਸਭ ਕੁੱਝ ਹੂਬਹੂ ਨਜ਼ਰ ਆਉਣ ਲੱਗਦਾ ਹੈ। ਇਕ ਇਕ ਚੀਜ਼, ਆਪਣੇ ਸਾਹਮਣੇ ਪਈ ਨਜ਼ਰ ਆਉਂਦੀ ਹੈ। ਲੇਖਕ ਨੇ ਇਹੋ ਜਿਹੀਆਂ ਵਿਲੱਖਣਤਾਵਾਂ ਸਦਕਾ ਹੀ, ਆਪਣੀ ਸਵੈ-ਜੀਵਨੀ ਨੂੰ, ਆਮ ਲੋਕਾਂ ਦੇ ਬਹੁਤ ਨਜ਼ਦੀਕ ਲੈ ਕੇ ਜਾਣ ਵਿਚ, ਕਾਮਯਾਬੀ ਹਾਸਿਲ ਕੀਤੀ ਅਤੇ ਇਹੋ ਜਿਹੀ ਸ਼ੈਲੀ ਹੀ, ਕਿਸੇ ਵੀ ਕਿਰਤ ਦੀ, ਸਭ ਤੋਂ ਵੱਡੀ ਪ੍ਰਾਪਤੀ ਆਖੀ ਜਾ ਸਕਦੀ ਹੈ। ਇਕ ਅਖਾਣ ਨੂੰ, ਇਸ ਅੰਸ਼ ਦਾ ਸਿਰਲੇਖ ਦੇਣਾ ਵੀ, ਲੇਖਕ ਦੀ ਸ਼ੈਲੀ ਅਤੇ ਉਸ ਦੀ ਵੱਖਰਤਾ ਵੱਲ ਸੰਕੇਤ ਕਰਦਾ ਹੈ। ਸੋ, ਕਰਨਜੀਤ ਇਕ ਵਿਲੱਖਣ, ਰੋਚਕ ਸਾਮੱਗਰੀ ਵਾਲ਼ੀ ਅਤੇ ਸਹਿਜਤਾ ਭਰਪੂਰ ਸ਼ੈਲੀ ਵਰਤਣ ਵਾਲ਼ਾ, ਸਿਰਕੱਢ ਹਸਤਾਖ਼ਰ ਹੈ। ਜਿਸ ਨੇ, ਪੰਜਾਬੀ-ਸਾਹਿਤ ਜਗਤ ਵਿਚ, ਆਪਣੀ ਇਕ ਵੱਖਰੀ ਪਛਾਣ ਬਣਾਈ ਹੈ।

## ਪ੍ਰਸ਼ਨਾਵਲੀ

**ਪ੍ਰਸ਼ਨ** : ਕਰਨਜੀਤ, ਆਪਣੇ ਇਮਹਿਤਾਨਾਂ ਦੇ ਨੇੜੇ, ਆਪਣੇ ਨਾਨਕੇ ਪਿੰਡ ਕਿਉਂ ਚਲਾ ਗਿਆ ?

**ਉੱਤਰ** : ਲੇਖਕ, ਆਪਣੇ ਇਮਤਿਹਾਨਾਂ ਦੇ ਨੇੜੇ, ਆਪਣੇ ਨਾਨਕੇ ਪਿੰਡ ਜੈਤੋ ਮੰਡੀ ਇਸ ਲਈ ਚਲਾ ਗਿਆ ਸੀ, ਕਿਉਂਕਿ, ਉਸ ਦੇ ਛੋਟੇ ਨਾਨਾ ਜੀ, ਰੇਲਵੇ ਸਟੇਸ਼ਨ 'ਤੇ ਕਲੱਰਕ ਸਨ। ਉਨ੍ਹਾਂ ਦੀ ਧੀ-ਪੁੱਤ, ਲੇਖਕ ਦੇ ਹਾਣੀ ਸਨ। ਉਹਨਾਂ ਨਾਲ਼ ਲੇਖਕ ਦਾ ਗੂੜ੍ਹਾ ਪਿਆਰ ਸੀ। ਉਹ ਇਕੱਠੇ ਬੈਠ ਕੇ, ਵੱਧੀਆ ਖਾਂਦੇ-ਪੀਂਦੇ ਤੇ ਪੜ੍ਹਦੇ ਸਨ। ਇਸ ਲਈ ਇਮਤਿਹਾਨ ਦੀ ਤਿਆਰੀ ਲਈ ਲੇਖਕ, ਆਪਣੇ ਨਾਨਕੇ ਪਿੰਡ ਚਲਿਆ ਗਿਆ।

**ਪ੍ਰਸ਼ਨ** : ਕਰਨਜੀਤ, ਆਪਣੇ ਦਸਵੀਂ ਦੇ ਇਮਤਿਹਾਨਾਂ ਵਿਚ ਕਿਉਂ ਨਹੀਂ ਬੈਠ ਸਕਿਆ ?

**ਉੱਤਰ** : ਲੇਖਕ, ਆਪਣੇ ਦਸਵੀਂ ਦੇ ਇਮਤਿਹਾਨਾਂ ਵਿਚ ਨਹੀਂ ਬੈਠ ਸਕਿਆ, ਕਿਉਂਕਿ, ਬੜੀ ਜੱਦੋ-ਜਹਿਦ ਕਰਕੇ, ਉਹ ਗੱਡੀ ਰਾਹੀਂ ਤਰਨ ਤਾਰਨ ਪਹੁੰਚਿਆ। ਪਰ, ਸ਼ਹਿਰ ਵਿਚ ਕਰਫ਼ਿਊ ਲੱਗਿਆ ਹੋਇਆ ਸੀ ਅਤੇ ਸਿਰਫ਼, ਉਸੇ ਬੰਦੇ ਨੂੰ ਜਾਣ ਦੀ ਆਗਿਆ ਸੀ, ਜਿਸ ਕੋਲ਼ ਪਾਸ ਹੋਵੇ। ਸੋ, ਲੇਖਕ ਨੂੰ ਉਸ ਸਕੂਲ ਤੱਕ ਜਾਣ ਦੀ ਆਗਿਆ ਵੀ ਨਾ ਮਿਲ਼ੀ, ਜਿੱਥੇ ਉਸ ਨੇ ਇਮਤਿਹਾਨ ਦੇਣਾ ਸੀ। ਉਹ ਆਪਣੇ ਪਰੀਖਿਆ-ਕੇਂਦਰ ਤੱਕ ਨਾ ਪਹੁੰਚ ਸਕਿਆ। ਭਾਵੇਂ, ਇਸ ਵਾਸਤੇ, ਉਸ ਨੇ ਬੜੀ ਸਖ਼ਤ ਜੱਦੋ-ਜਹਿਦ ਕੀਤੀ ਸੀ।

**ਪ੍ਰਸ਼ਨ :** ਤਰਨ ਤਾਰਨ ਸ਼ਹਿਰ ਵਿਚ ਕਰਫ਼ਿਊ ਕਿਉਂ ਲੱਗਿਆ ਹੋਇਆ ਸੀ ?

**ਉੱਤਰ :** ਤਰਨ ਤਾਰਨ ਸ਼ਹਿਰ ਵਿਚ ਕਰਫ਼ਿਊ ਲੱਗਿਆ ਹੋਇਆ ਸੀ, ਕਿਉਂਕਿ, 1947 ਨੂੰ ਜਦੋਂ ਆਜ਼ਾਦੀ ਮਿਲਣ ਤੋਂ ਪਹਿਲਾਂ ਇਹ ਖ਼ਬਰਾਂ ਆ ਗਈਆਂ ਸਨ ਕਿ ਧਰਮ ਦੇ ਅਧਾਰ 'ਤੇ ਮੁਲਕ ਦੇ ਦੋ ਟੁੱਕੜੇ ਹੋਣਗੇ : ਪਾਕਿਸਤਾਨ ਅਤੇ ਹਿੰਦੋਸਤਾਨ। ਇਸੇ ਲਈ, ਫ਼ਿਰਕੂ ਤਣਾਅ ਵੱਧ ਗਿਆ। ਹਿੰਦੂ-ਮੁਸਲਿਮ ਦੰਗਿਆਂ ਦੀਆਂ ਖ਼ਬਰਾਂ ਆਉਣ ਲੱਗੀਆਂ। ਅਜਿਹੇ ਹਾਲਾਤ ਦੇ ਮੱਦੇਨਜ਼ਰ ਹੀ, ਤਰਨ ਤਾਰਨ ਸ਼ਹਿਰ ਵਿਚ ਕਰਫ਼ਿਊ ਲੱਗਿਆ ਹੋਇਆ ਸੀ।

**—0—**

# (9) 'ਮੁਹੱਬਤ ਇਕ ਹਾਦਸਾ' (ਬਚਿੰਤ ਕੌਰ) : ਪਾਠਗਤ ਅਧਿਐਨ

## (i) ਪਾਠਗਤ ਅਧਿਐਨ

'ਪੰਜਾਬੀ ਸਵੈ-ਜੀਵਨੀ ਅੰਸ਼' ਨਾਮੀ ਪਾਠ-ਪੁਸਤਕ ਵਿਚ ਸ਼ਾਮਿਲ 'ਮੁਹੱਬਤ ਇਕ ਹਾਦਸਾ', ਬਚਿੰਤ ਕੌਰ ਦੀ ਸਵੈ-ਜੀਵਨੀ 'ਪਗਡੰਡੀਆਂ' ਵਿਚੋਂ ਲਿਆ ਗਿਆ ਹੈ। ਬਚਿੰਤ ਕੌਰ, ਪੰਜਾਬੀ-ਸਾਹਿਤ ਦੀ ਇਕ ਇਹੋ ਜਿਹੀ ਲੇਖਿਕਾ ਹੈ, ਜਿਸ ਨੂੰ ਆਪਣੇ ਪਰਿਵਾਰ ਤੋਂ ਤਾਂ ਪਿਆਰ ਮਿਲ਼ਿਆ। ਪਰ, ਵਿਆਹ ਤੋਂ ਮਗਰੋਂ, ਜ਼ਿੰਦਗੀ ਵਿਚ ਆਈਆਂ ਤਕਲੀਫ਼ਾਂ ਤੇ ਦੁੱਖਾਂ ਦੇ ਹੜ੍ਹ ਨੇ ਵੀ, ਉਸ ਨੂੰ ਕਦੇ ਹਾਰਨ ਨਾ ਦਿੱਤਾ। ਪੜ੍ਹਾਈ ਦੀ ਅਹਿਮੀਅਤ ਨੂੰ ਸਮਝਦਿਆਂ, ਉਸ ਨੇ ਆਪਣੀ ਵਿਦਿਅਕ ਅਤੇ ਕਿੱਤੇ ਨਾਲ਼ ਸੰਬੰਧਤ ਪੜ੍ਹਾਈ, ਵਿਆਹ ਤੋਂ ਪਿੱਛੋਂ ਹੀ ਪ੍ਰਾਪਤ ਕੀਤੀ। ਬਚਿੰਤ ਨੇ ਕਵਿਤਾ, ਕਹਾਣੀ, ਨਾਵਲ, ਵਾਰਤਕ, ਸਵੈ-ਜੀਵਨੀ, ਬਾਲ-ਸਾਹਿਤ ਆਦਿ ਵਿਚ, ਬਹੁਤ ਸਾਰੀਆਂ ਕਿਤਾਬਾਂ, ਪੰਜਾਬੀ ਜਗਤ ਨੂੰ ਦਿੱਤੀਆਂ। ਉਹ ਆਪਣੀ ਸਵੈ-ਜੀਵਨੀ 'ਪਗਡੰਡੀਆਂ' ਵਿਚ, ਆਪਣੇ ਜੀਵਨ-ਸੰਘਰਸ਼ ਨੂੰ ਪੇਸ਼ ਕਰਦਿਆਂ ਪਾਠਕਾਂ ਨੂੰ ਜਜ਼ਬਾਤੀ ਤੌਰ 'ਤੇ ਵੀ ਆਪਣੇ ਨਾਲ਼ ਜੋੜਣ ਵਿਚ, ਅਤਿਅੰਤ ਸਫ਼ਲ ਹੋਈ ਹੈ। ਉਹ ਇਸਤਰੀ ਦੀ ਪੀੜਾ ਨੂੰ ਬੜੀ ਚੰਗੀ ਤਰ੍ਹਾਂ ਸਮਝਦੀ ਹੈ। ਪਰ, ਆਪਣੀ ਸਿਰਜਣਾ ਵਿਚ ਔਰਤ-ਮਰਦ ਦੇ ਰਿਸ਼ਤਿਆਂ ਨਾਲ਼ ਜੁੜੀ ਮਾਨਸਿਕਤਾ ਨੂੰ, ਹਮੇਸ਼ਾਂ ਕੇਂਦਰ ਵਿਚ ਰੱਖਦੀ ਹੈ। ਉਸ ਦੀਆਂ ਕਿਰਤਾਂ ਨੂੰ, ਦਿੱਲੀ ਅਤੇ ਦੇਸ਼ ਦੇ ਹੋਰ ਰਾਜਾਂ ਤੋਂ ਬਿਨਾਂ, ਵਿਦੇਸ਼ਾਂ ਵਿਚ ਵੀ, ਬੜੇ ਮਾਣ-ਸਨਮਾਣ ਮਿਲ਼ੇ। ਉਸ ਦੇ ਸੰਘਰਸ਼ਮਈ ਜੀਵਨ ਵਿਚੋਂ ਹੀ ਇਕ ਦਾਸਤਾਨ 'ਮੁਹੱਬਤ ਇਕ ਹਾਦਸਾ' ਹੈ, ਜਿਸ ਨੂੰ ਪਾਠ-ਪੁਸਤਕ 'ਪੰਜਾਬੀ ਸਵੈ-ਜੀਵਨੀ ਅੰਸ਼' ਵਿਚ ਸ਼ਾਮਿਲ ਕੀਤਾ ਗਿਆ ਹੈ। ਇਹ ਇਕ ਖ਼ੂਬਸੂਰਤ ਅਤੇ ਸ਼ਕਤੀਸ਼ਾਲੀ ਲਿਖਤ ਹੈ, ਜਿਸ ਵਿਚ ਨਾ ਸਿਰਫ਼, ਉਸ ਦੀ ਆਪਣੀਆਂ ਨਿੱਜੀ, ਸਗੋਂ ਸਮੁੱਚੀ ਇਸਤਰੀ ਜਾਤੀ ਦੀਆਂ ਭਾਵਨਾਵਾਂ ਦੀ ਪੇਸ਼ਕਾਰੀ ਹੋਈ ਹੈ। ਸੋ, ਕਿਹਾ ਜਾ ਸਕਦਾ ਹੈ ਕਿ 'ਮੁਹੱਬਤ ਇਕ ਹਾਦਸਾ', ਪੰਜਾਬੀ ਦੀ ਬੇਬਾਕ ਲੇਖਿਕਾ, ਬਚਿੰਤ ਕੌਰ ਦੀ ਸਵੈ-ਜੀਵਨੀ 'ਪਗਡੰਡੀਆਂ' ਦਾ ਇਕ ਮਹੱਤਵਪੂਰਨ ਅੰਸ਼/ਪਾਠ ਹੈ। ਇਸ ਪਾਠ ਵਿਚ ਲੇਖਿਕਾ ਨੇ, ਆਪਣੇ ਮਨ ਦੇ ਹਾਵ-ਭਾਵ, ਬੜੇ ਬੇਬਾਕ ਤਰੀਕੇ ਨਾਲ਼ ਪੇਸ਼ ਕੀਤੇ ਹਨ। ਇਕ ਘੋੜੇ 'ਤੇ ਸਵਾਰ ਬਾਂਕਾ ਰਾਜਕੁਮਾਰ, ਉਸ ਨੂੰ ਬਾਰ ਬਾਰ ਸੁੱਪਨੇ ਵਿਚ ਦਿਖਾਈ ਦਿੰਦਾ ਹੈ। ਇਹ ਸੁੱਪਨਾ, ਉਸ ਨੂੰ ਹਰ ਰੋਜ਼ ਦਿਖਾਈ ਦਿੰਦਾ ਹੈ। ਪਾਠ ਵਿਚ ਬਚਿੰਤ ਕੌਰ ਦੇ, ਇਸ ਬਾਰੇ ਕਹੇ ਸ਼ਬਦਾਂ ਨੂੰ ਪੜ੍ਹੋ। ਜਿਨ੍ਹਾਂ ਵਿਚ ਉਹ, ਇਉਂ ਬਿਆਨ ਕਰਦੀ ਹੈ ਕਿ :-

> "ਤੀਜੀ ਚੌਥੀ ਵਾਰ ਫੇਰ ਮੈਨੂੰ ਇਕ ਅਜੀਬ ਸੁਫ਼ਨਾ ਆਇਆ। ਮੈਂ ਕੀ ਦੇਖਦੀ ਹਾਂ ਕਿ ਇਕ ਬਾਂਕਾ ਰਾਜਕੁਮਾਰ, ਘੋੜੇ ਉੱਤੇ ਸਵਾਰ, ਡਰਾਉਣੇ ਜੰਗਲ ਨੂੰ ਚੀਰਦਾ, ਵਾਹੋ-ਦਾਹੀ ਮੇਰੇ ਵੱਲ ਭੱਜਦਾ ਆ ਰਿਹਾ ਹੈ।"

(ਪੰਨਾ : 56)

ਰਾਤ ਵਾਲ਼ੇ ਸੁੱਪਨਿਆਂ ਦਾ ਹੂਬਹੂ, ਦਿਨ ਵੇਲ਼ੇ ਇਕ ਪੱਤਰਕਾਰ, ਮੈਨੂੰ ਮਿਲਣ ਆਇਆ। ਉਸ ਦੇ ਨੈਣ-ਨਕਸ਼, ਸੁੱਪਨੇ ਵਾਲੇ ਰਾਜਕੁਮਾਰ ਨਾਲ਼ ਬਿਲਕੁਲ ਮੇਲ ਖਾਂਦੇ ਸਨ। ਉਹ ਲੇਖਿਕਾ ਦੇ ਕੋਲ਼ ਦਫ਼ਤਰ ਵਿਚ, ਕਹਾਣੀ ਦੇ ਅਨੁਵਾਦ ਦੀ ਇਜਾਜ਼ਤ ਮੰਗਣ ਆਇਆ ਸੀ :-

"ਹੂਬਹੂ ਓਹੀ ਚਿਹਰਾ, ਓਹੀ ਰੰਗ, ਓਹੀ ਰੂਪ, ਓਹੀ ਬਲੌਰੀ ਨੈਣ, ਡੂੰਘੀ ਨੀਲੀ ਝੀਲ ਵਰਗੇ।"

(ਪੰਨਾ : 52)

ਹੁਣ ਲੇਖਿਕਾ ਨੂੰ, ਉਹ ਸੁੱਪਨੇ ਵਾਲ਼ਾ ਰਾਜਕੁਮਾਰ ਲੱਗਣ ਲੱਗਾ। ਭਾਵੇਂ ਕਿ, ਉਸ ਦਾ ਨਾਮ ਕ੍ਰਿਸ਼ਨ ਸੀ। ਪਰ ਲੇਖਿਕਾ, ਉਸ ਨੂੰ ਰਾਜਕੁਮਾਰ ਕਹਿ ਕੇ ਹੀ ਸੰਬੋਧਨ ਕਰਦੀ ਸੀ। ਉਹ ਰਾਜਕੁਮਾਰ, ਲੇਖਿਕਾ ਤੋਂ ਉਸ ਦੀ ਕਹਾਣੀ, ਹਿੰਦੀ ਵਿਚ ਅਨੁਵਾਦ ਕਰਨ ਦੀ ਇਜਾਜ਼ਤ ਮੰਗਣ ਆਇਆ ਸੀ। ਇਉਂ, ਇਹ ਬਾਰ ਬਾਰ ਅਨੁਵਾਦ ਕਰਨ ਦੇ ਬਹਾਨੇ, ਬਚਿੰਤ ਦੇ ਦਫ਼ਤਰ ਅਤੇ ਫਿਰ ਘਰ ਆਉਣ ਲੱਗਾ :-

"ਬਚਿੰਤ ਜੀ, ਮੈਂ ਆਪ ਕੀ ਕਹਾਨੀ ਢਲਤੇ-ਪ੍ਰਛਾਵੇਂ, ਹਿੰਦੀ ਮੇਂ ਅਨੁਵਾਦ ਕਰਨੇ ਕੀ ਇਜਾਜ਼ਤ ਮਾਂਗਨੇ ਆਇਆ ਹੂੰ।...ਉਸ ਨੇ ਮੇਰੇ ਨੈਣਾਂ ਵਿਚ, ਕਿਧਰੇ ਡੂੰਘੇ ਉਤਰਦਿਆਂ ਮੈਨੂੰ ਪੁੱਛਿਆ ਸੀ।"

(ਪੰਨਾ : 52)

ਸਿਲਸਿਲਾ, ਇਸੇ ਤਰ੍ਹਾਂ ਚਲਦਾ ਰਿਹਾ। ਉਹ ਰਾਜਕੁਮਾਰ, ਕਹਾਣੀ ਅਨੁਵਾਦ ਕਰਨ ਦੀ ਇਜਾਜ਼ਤ ਮੰਗਣ ਆਉਂਦਾ ਰਹਿੰਦਾ। ਲੇਖਿਕਾ, ਹੁਣ ਉਸ ਨੂੰ, ਰਾਜਕੁਮਾਰ ਜੀ ਦੀ ਥਾਂ, 'ਰਾਜ' ਕਹਿ ਕੇ ਬੁਲਾਉਣ ਲੱਗ ਪੈਂਦੀ ਹੈ। ਕਿਉਂਕਿ, ਰਾਜਕੁਮਾਰ ਉਰਫ਼ ਕ੍ਰਿਸ਼ਨ ਨੂੰ, ਇਸ ਰਸਮੀ ਸੰਬੋਧਨ ਤੋਂ ਇਤਰਾਜ਼ ਸੀ :-

"ਇਹ ਰਾਜਕੁਮਾਰ ਜੀ, ਰਾਜਕੁਮਾਰ ਜੀ, ਭਲਾ ਤੁਸੀਂ ਕੀ ਲਾਈ ਰੱਖਦੇ ਹੋ ? ਸਿਰਫ਼ 'ਰਾਜ' ਕਿਉਂ ਨਹੀਂ ਬੁਲਾਉਂਦੇ।"

(ਪੰਨਾ : 56)

ਲੇਖਿਕਾ ਵੀ ਅੰਦਰੋ ਅੰਦਰੀਂ, ਰਾਜ ਵੱਲ ਖਿੱਚੀ ਜਾ ਚੁੱਕੀ ਸੀ। ਇਕ ਦਿਨ ਰਾਜ, ਲੇਖਿਕਾ ਦੇ ਘਰ, ਇਕ ਅਧੂਰੀ ਕਹਾਣੀ ਲੈ ਕੇ ਆਇਆ। ਉਸੇ ਵੇਲ਼ੇ ਲੇਖਿਕਾ ਦੇ ਪਤੀ ਦੇਵ ਘਰ ਆਏ। ਲੇਖਿਕਾ ਨੇ, ਰਾਜ ਨੂੰ ਪਤੀ ਨਾਲ਼ ਮਿਲਾਇਆ। ਪਰ, ਉਸ ਦੇ ਪਤੀ ਨੂੰ, ਰਾਜ ਦਾ ਇਸ ਤਰ੍ਹਾਂ ਘਰ ਆਉਣਾ, ਚੰਗਾ ਨਹੀਂ ਸੀ ਲੱਗਿਆ। ਇਸ ਦੀ ਪੇਸ਼ਕਾਰੀ, ਬਚਿੰਤ ਇਉਂ ਕਰਦੀ ਹੈ :-

"ਮੇਰੇ ਪਤੀ-ਦੇਵ ਕਦੇ, ਘੂਰ-ਘੂਰ ਕੇ ਰਾਜ ਵੱਲ ਦੇਖਣ, ਕਦੇ ਮੇਰੇ ਵੱਲ। ਪਲਾਂ ਵਿਚ ਹੀ ਇਕ ਤੂਫ਼ਾਨ ਉੱਠ ਖੜਾ ਹੋਇਆ।... "ਮੈਂ ਸਭ ਜਾਣਦਾਂ ਹਾਂ, ਤੁਹਾਨੂੰ ਵੱਡੇ ਲੇਖਕਾਂ ਨੂੰ...ਖ਼ਬਰਦਾਰ, ਜੇ ਅੱਗੇ ਨੂੰ ਕਦੇ ਵੀ, ਕਿਸੇ ਨੇ ਇਸ ਦੇਲ੍ਹੀ ਅੰਦਰ ਪੈਰ ਧਰਿਆ...।"

(ਪੰਨੇ 58-59)

ਲੇਖਿਕਾ ਦੇ ਪਤੀ ਦੇ ਗੁੱਸੇ ਨੂੰ ਦੇਖ ਕੇ, ਰਾਜ ਚੁੱਪਚਾਪ ਉੱਥੋਂ ਚਲਾ ਗਿਆ। ਫਿਰ ਕਦੇ ਨਾ ਆਇਆ। ਪਰ, ਲੇਖਿਕਾ ਦੇ ਮਨ ਅੰਦਰ, ਉਹ ਸਦਾ ਵੱਸਿਆ ਰਿਹਾ। ਲੇਖਿਕਾ ਦੇ ਅੰਦਰ, ਇਕ ਕਸ਼ਮਕਸ਼ ਚੱਲਦੀ ਰਹਿੰਦੀ ਹੈ ਕਿ ਉਹ ਰਾਜ ਨੂੰ, ਕਿਉਂ ਨਹੀਂ ਮਿਲ ਸਕਦੀ ? ਪਿਆਰ ਕਰਨਾ, ਕੋਈ ਗੁਨਾਹ ਤਾਂ ਨਹੀਂ। ਇਸ ਤਰ੍ਹਾਂ, ਲੇਖਿਕਾ ਦੇ ਅੰਦਰ ਬੈਠੀ ਪ੍ਰੇਮਿਕਾ ਅਤੇ (ਪਤੀ ਦੀ) ਪਤਨੀ ਨਾਲ਼ ਝਗੜਾ ਕਰਦੀ ਰਹੀ; ਮੋਨੋਲਾਗ ਦੇ ਰੂਪ ਵਿਚ। ਸੰਸਕਾਰਾਂ ਦੀ ਬੱਧੀ ਅਤੇ ਪਰੰਪਰਾ ਨਾਲ਼ ਜੁੜੀ, ਉਹ ਹਾਰ ਮੰਨ ਲੈਂਦੀ ਹੈ।

ਇਕ ਦਿਨ, ਉਸ ਨੇ ਰੇਡੀਉ ਤੋਂ ਬਹੁਤ ਮਨਹੂਸ ਖ਼ਬਰ ਸੁਣੀ, ਰਾਜ ਦੀ ਮੌਤ ਬਾਰੇ। ਇਸ ਖ਼ਬਰ ਨਾਲ਼, ਉਸ ਦੇ ਮਨ ਦੀ ਭਟਕਣਾ, ਭਾਂਬੜ ਬਣ ਗਈ। ਉਸ ਵੇਲ਼ੇ ਤਾਂ ਉਹ ਬਹੁਤ ਦੁੱਖੀ ਹੋਈ, ਪਰ ਮਗਰੋਂ, ਲੇਖਿਕਾ ਨੂੰ ਲੱਗਿਆ ਕਿ ਰਾਜ ਮਰਿਆ ਨਹੀਂ, ਸਗੋਂ ਉਸ ਅੰਦਰ ਜਿਉਂਦਾ ਹੈ। ਉਸ ਨੇ, ਆਪਣੀ ਇਸ ਤੜਪ ਨੂੰ ਬਿਆਨ ਕਰਦੀ, ਇਕ ਨਜ਼ਮ ਵੀ ਲਿਖੀ; ਬਕਲਮ ਖ਼ੁਦ : ਜੋ ਹੁਣ ਤੱਕ ਉਸ ਨੇ ਸਾਂਭੀ ਹੋਈ ਹੈ ਅਤੇ ਸ਼ਾਇਦ ਇਹ ਵੀ ਨਹੀਂ ਪਤਾ, ਲੇਖਿਕਾ ਇਸ ਮੁਹੱਬਤ ਦੇ ਹਾਦਸੇ ਨੂੰ, ਕਦੋਂ ਤੱਕ ਸਾਂਭ ਕੇ ਰੱਖੇ। ਸ਼ਾਇਦ ਸਾਰੀ ਜ਼ਿੰਦਗੀ, ਉਹ ਉਸ ਨੂੰ ਆਪਣੇ ਅੰਦਰੋਂ ਨਾ ਕੱਢ ਸਕੇ। ਕਿਉਂਕਿ, ਉਸ ਦੇ ਅੰਦਰ ਦੀ ਪ੍ਰੇਮਿਕਾ, ਵਧੇਰੇ ਸ਼ਕਤੀਸ਼ਾਲੀ ਬਣ ਗਈ। ਇਸੇ ਨੂੰ ਲੇਖਿਕਾ 'ਮੁਹੱਬਤ ਇਕ ਹਾਦਸਾ' ਦਾ ਨਾਮ ਦੇਂਦੀ ਹੈ। ਇਹ ਅਚਾਨਕ, ਲੇਖਿਕਾ ਦੀ ਜ਼ਿੰਦਗੀ ਵਿਚ ਵਾਪਰਿਆ ਅਤੇ ਹਮੇਸ਼ਾਂ ਲਈ ਘਰ ਕਰ ਗਿਆ। ਇਸੇ ਤਰ੍ਹਾਂ, ਇਹ 'ਰਾਜ' ਅਚਾਨਕ ਹੀ ਦੁਨੀਆਂ ਨੂੰ ਛੱਡ ਕੇ ਤੁਰ ਗਿਆ ਹੈ। ਪਰ, ਬਚਿੰਤ ਦੇ ਮਨ ਵਿਚੋਂ ਨਾ ਨਿਕਲ ਸਕਿਆ।

## (ii) ਲੇਖਿਕਾ ਦਾ ਬਿੰਬ

**ਪ੍ਰਸ਼ਨ : 'ਮੁਹੱਬਤ ਇਕ ਹਾਦਸਾ' ਵਿਚ ਲੇਖਿਕਾ ਦਾ ਕਿਹੋ ਜਿਹਾ ਬਿੰਬ ਉੱਭਰਦਾ ਹੈ?**

ਇਸ ਸਵੈ-ਜੀਵਨੀ ਅੰਸ਼ ਵਿਚ ਲੇਖਿਕਾ ਨੇ, ਆਪਣੇ ਆਪ ਨੂੰ ਬਹੁਤ ਸਾਰੇ ਰੂਪਾਂ ਵਿਚ ਰੂਪਮਾਨ ਕੀਤਾ ਹੈ। ਇਸ ਸਵੈ-ਜੀਵਨੀ ਅੰਸ਼ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਲੇਖਿਕਾ, ਇਕ **ਖੁੱਲ੍ਹੇ ਡੁੱਲੇ ਮਾਹੌਲ ਵਿਚ ਰਹਿਣ ਵਾਲ਼ੀ** ਸ਼ਖ਼ਸੀਅਤ ਹੈ। ਉਸ ਦਾ ਹਰੇਕ ਚੀਜ਼, ਹਾਲਾਤ ਨੂੰ ਵੇਖਣ ਦਾ ਨਜ਼ਰੀਆ ਵੀ ਬੜਾ ਖੁੱਲ੍ਹਦਿਲੀ ਵਾਲ਼ਾ ਹੈ :-

"ਮੇਰੇ ਦਫ਼ਤਰ ਦਾ ਮਾਹੌਲ, ਕਾਲਜ ਜਾਂ ਯੂਨੀਵਰਸਿਟੀ ਵਰਗਾ ਹੋ ਚੁੱਕਿਆ ਸੀ।"

(ਪੰਨਾ : 56)

ਲੇਖਿਕਾ, ਹਰ ਤਰ੍ਹਾਂ ਦੇ ਅਸਰ ਨੂੰ ਕਬੂਲਣ ਵਾਲ਼ੀ ਹੈ। ਕਿਉਂਕਿ, ਘਰ ਭਾਵੇਂ, ਬੰਦਿਸ਼ਾਂ ਸਨ, ਪਰ, ਦਫ਼ਤਰ ਦਾ ਮਾਹੌਲ ਖੁੱਲ੍ਹਾ ਸੀ ਅਤੇ ਲੇਖਿਕਾ ਉਪਰ, ਇਸ ਦਾ ਅਸਰ ਸਾਫ਼ ਦਿਖਾਈ ਦਿੰਦਾ ਹੈ :-

"ਐਸੇ ਹੀ ਬੇਲਗਾਮ ਅਤੇ ਅੱਲ੍ਹੜ ਜਿਹੇ ਮੌਸਮ ਵਿਚ, ਮੈਨੂੰ ਵੀ ਇਕ ਸੁੱਫ਼ਨਾ ਨਿੱਤ ਦਿਖਾਈ ਦੇਣ ਲੱਗਿਆ।"

(ਪੰਨਾ : 56)

ਲੇਖਿਕਾ, **ਇਕ ਜਜ਼ਬਾਤੀ ਔਰਤ** ਦੇ ਰੂਪ ਵਿਚ ਵੀ ਪੇਸ਼ ਹੋਈ ਹੈ। ਕਿਉਂਕਿ, ਸੁੱਫ਼ਨੇ ਦਾ ਅਸਰ ਕਬੂਲਦੀ ਹੋਈ, ਉਹ ਵੀ ਆਪਣੇ ਸੁੱਫ਼ਨੇ ਬੁਣਨ ਲੱਗਦੀ ਹੈ। ਇਉਂ, ਮੁਹੱਬਤ ਇਕ ਹਾਦਸੇ ਦੇ ਰੂਪ ਵਿਚ, ਉਸ ਨਾਲ ਵੀ ਵਾਪਰ ਜਾਂਦੀ ਹੈ :-

"ਉਸ ਦੀ ਮੋਹਣੀ ਮੂਰਤ ਅਤੇ ਕਾਲ਼ੇ ਸਿਆਹ ਕੁੰਡਲਾਂ ਵਾਲ਼ੇ ਘੁੰਗਰਾਲੇ ਵਾਲਾਂ ਨੂੰ ਦੇਖ, ਮੈਂ ਉਸ ਵੱਲ ਬਾਵਰੀ ਹੋਈ ਤੱਕ ਰਹੀ ਹੁੰਦੀ ਹਾਂ।"

(ਪੰਨਾ : 56-57)

ਇਉਂ, ਉਹ ਆਪਣੇ ਸੁੱਫ਼ਨਿਆਂ ਦੇ ਰਾਜਕੁਮਾਰ ਨੂੰ, ਯਥਾਰਥ ਰੂਪ ਵਿਚ ਵੇਖ ਕੇ, ਉਸ ਪ੍ਰਤਿ ਮੋਹਿਤ ਹੁੰਦੀ ਹੈ। ਅੰਤ ਨੂੰ, ਉਸ ਵੱਲ ਖਿੱਚੀ ਜਾਂਦੀ ਹੈ। ਲੇਖਿਕਾ ਦਾ **ਹਾਸੇ ਮਜ਼ਾਕ ਵਿਚ ਵਿਚਰਣ ਵਾਲ਼ਾ ਰੂਪ** ਵੀ ਪੇਸ਼ ਹੁੰਦਾ ਹੈ, ਜਦੋਂ ਉਹ, ਮਿਲਣ ਆਏ ਲੇਖਕ ਰਾਜਕੁਮਾਰ ਨੂੰ ਕਹਿੰਦੀ ਹੈ :-

"ਚਾਹੋ ਤਾਂ, ਮੇਰੀਆਂ ਇਕ ਤੋਂ ਵੱਧ ਕਹਾਣੀਆਂ ਵੀ ਅਨੁਵਾਦ ਕਰ ਸਕਦੇ ਹੋ। ਮੈਂ ਮੁਸਕੜੀਆਂ ਹੱਸਦਿਆਂ ਉੱਤਰ ਦਿੱਤਾ ਸੀ।"

(ਪੰਨਾ : 57)

ਲੇਖਿਕਾ ਦਾ ਆਉ ਭਗਤ ਕਰਨ ਵਾਲ਼ਾ ਅਤੇ **ਮਹਿਮਾਨ ਨਿਵਾਜ਼ੀ ਦਾ ਰੂਪ** ਵੀ ਪਰਗਟ ਹੁੰਦਾ ਹੈ। ਭਾਵੇਂ, ਉਸ ਦੇ ਘਰ, ਇਹ ਸਭ ਕਰਨ ਦੀ ਇਜਾਜ਼ਤ ਨਹੀਂ ਸੀ। ਪਰ, ਫਿਰ ਵੀ, ਉਸ ਨੇ ਘਰ ਆਏ ਲੇਖਕ ਨੂੰ, ਬਹੁਤ ਇੱਜ਼ਤ ਦਿੱਤੀ ਅਤੇ ਪਿਆਰ ਨਾਲ਼ ਆਪਣੇ ਘਰ ਬਿਠਾਇਆ। ਉਹ ਆਪਣੇ ਵੱਲੋਂ, ਆਪਣੇ ਬਾਰੇ ਆਪ ਹੀ ਕਹਿੰਦੀ ਹੈ ਕਿ:-

> "ਉਦੋਂ ਮੇਰੇ ਘਰ ਦੇ ਬੂਹੇ ਏਨ੍ਹਾਂ ਕਲਮਾਂ ਵਾਲਿਆਂ ਲਈ ਮੂਲੋਂ ਹੀ ਬੰਦ ਸਨ। ਪਰ, ਮੈਂ ਰਾਜ ਲਈ, ਬਿਨਾਂ ਕਿਸੇ ਡਰ ਅਤੇ ਭੈਅ ਤੋਂ, ਦੋਵੇਂ ਬੂਹੇ ਖੋਲ੍ਹ, ਉਸ ਨੂੰ ਬੜੇ ਆਦਰ ਸਤਿਕਾਰ ਨਾਲ਼ ਅੰਦਰ ਬਿਠਾਇਆ।"

(ਪੰਨਾ : 58)

ਲੇਖਿਕਾ ਦਾ, **ਪਤੀਵਰਤਾ ਧਰਮ** ਨਿਭਾਉਣ ਵਾਲ਼ਾ ਰੂਪ ਵੀ ਪੇਸ਼ ਹੁੰਦਾ ਹੈ। ਭਾਵੇਂ, ਉਹ ਰਾਜ ਨੂੰ ਦਿਲੋਂ ਚਾਹੁੰਦੀ ਸੀ। ਪਰ, ਜਦੋਂ ਉਸ ਦੇ ਪਤੀ ਨੇ ਰਾਜ ਦੇ ਸਾਹਮਣੇ ਹੀ, ਉਸ ਨੂੰ ਅਤੇ ਰਾਜ ਨੂੰ ਬੁਰਾ-ਭਲਾ ਕਿਹਾ ਤਾਂ ਉਸ ਨੇ, ਸਭ ਕੁੱਝ ਡਰਦੇ-ਡਰਦੇ ਸਹਿਣ ਕਰ ਲਿਆ। ਹਾਲਾਂਕਿ, ਇਹ ਡਰ ਬਾਹਰਲਾ ਸੀ। ਅੰਦਰੋਂ ਤਾਂ ਉਹ ਰਾਜ ਦੀ ਹੀ ਸੀ ਅਤੇ ਉਸੇ ਦੀ ਰਹੀ। ਜਿਵੇਂ ਕਿ :-

> "ਰਾਜ ਨੇ ਚੁੱਪ-ਚਾਪ ਕੁੱਝ ਸੁਣਿਆ ਤੇ ਫੇਰ ਬਿਨਾਂ ਕੁੱਝ ਬੋਲਿਆਂ, ਰੋਣਹਾਕਾ ਜਿਹਾ ਹੁੰਦਾ, ਸਾਡੇ ਘਰੋਂ ਉਠ ਕੇ ਸਦਾ ਲਈ ਚਲਾ ਗਿਆ...। ਉਸ ਦੇ ਚਲੇ ਜਾਣ ਪਿੱਛੋਂ, ਮੈਂ ਅੰਦਰੋਂ ਕੁੰਡਾ ਬੰਦ ਕਰ ਕੇ, ਧਾਹਾਂ ਮਾਰ-ਮਾਰ ਕੇ ਰੋਈ।"

(ਪੰਨਾ : 59)

ਲੇਖਿਕਾ ਦੇ ਅੰਦਰ, **ਬਗ਼ਾਵਤੀ ਸੁਰ** ਉਪਜਦੀ ਵੀ ਰੂਪਮਾਨ ਹੁੰਦੀ ਹੈ। ਕਿਉਂਕਿ, ਕਦੇ ਕਦੇ ਉਹ ਸੋਚਦੀ ਹੈ ਕਿ ਉਸ ਨੇ ਕੁੱਝ ਵੀ ਗ਼ਲਤ ਨਹੀਂ ਕੀਤਾ। ਸਗੋਂ, ਉਸ ਨੇ ਤਾਂ ਪ੍ਰੇਮ ਕੀਤਾ ਹੈ ਅਤੇ ਪ੍ਰੇਮ ਕਰਨਾ, ਕੋਈ ਗੁਨਾਹ ਨਹੀਂ। ਜਿਵੇਂ ਕਿ :-

> "ਮੈਂ ਕਿਉਂ ਰਾਜ ਨੂੰ ਨਹੀਂ ਮਿਲ ਸਕਦੀ...? ਪਿਆਰ ਕਰਨਾ ਕੋਈ ਗੁਨਾਹ ਨਹੀਂ ਹੈ।"

(ਪੰਨਾ : 53)

ਲੇਖਿਕਾ, **ਦਵੰਦ ਵਾਲ਼ਾ ਜੀਵਨ** ਬਤੀਤ ਕਰਦੀ ਹੈ। ਕਿਉਂਕਿ, ਉਸ ਅੰਦਰ, ਰਾਜ ਦੀ ਪ੍ਰੇਮਿਕਾ ਅਤੇ ਪਤੀ ਦੀ ਪਤਨੀ ਵਿਚਕਾਰ, ਹਮੇਸ਼ਾਂ ਹੀ ਝਗੜਾ ਚੱਲਦਾ ਰਹਿੰਦਾ ਹੈ। ਅਖ਼ੀਰ, ਪਤੀ ਦੀ ਪਤਨੀ, ਆਪਣੇ ਤਰਕ ਨਾਲ਼ ਜਿੱਤ ਜਾਂਦੀ ਹੈ :-

> "ਚੰਗੇ ਘਰਾਂ ਦੀਆਂ ਬਹੂ-ਬੇਟੀਆਂ, ਆਪਣੇ ਖ਼ਾਵੰਦ ਤੋਂ ਬਿਨਾਂ, ਹੋਰ ਕਿਸੇ ਵੱਲ ਨਹੀਂ ਵੇਖਦੀਆਂ।"

(ਪੰਨਾ : 59)

ਲੇਖਿਕਾ ਦਾ **ਇਸ਼ਕ ਦਾ ਜਜ਼ਬਾ**, ਬੜਾ ਪ੍ਰਬਲ ਹੈ। ਕਿਉਂਕਿ, ਉਸ ਨੇ ਕਦੇ ਵੀ ਰਾਜ ਨੂੰ, ਦਿਲੋਂ ਨਹੀਂ ਭੁਲਾਇਆ ਅਤੇ ਅਚਾਨਕ ਇਕ ਦਿਨ, ਜਦੋਂ ਰਾਜ ਦੀ ਮੌਤ ਦੀ ਖ਼ਬਰ, ਉਸ ਨੇ ਰੇਡੀਉ ਤੋਂ ਸੁਣੀ ਤਾਂ ਉਹ ਵਿਆਕੁਲ ਹੋ ਉੱਠੀ। ਆਪਣੇ ਇਸ ਜਜ਼ਬੇ ਨੂੰ ਪ੍ਰਗਟਾਉਂਦਿਆਂ ਉਹ ਕਹਿੰਦੀ ਹੈ :-

> "ਸੱਚ ਜਾਣਿਓ, ਰਾਜ ਮਰਿਆ ਨਹੀਂ ਸੀ। ਸਗੋਂ, ਉਹ ਤਾਂ ਮੇਰੇ ਅੰਦਰ ਪੂਰੀ ਤਰ੍ਹਾਂ ਜਿਊਂਦਾ ਹੋ ਗਿਆ ਸੀ। ਉਸ ਦੇ ਵਿਛੋੜੇ ਵਿਚ ਮੇਰੇ ਬਿਰਹਾ ਦੀ ਕੁੱਖ, ਜਰਖ਼ੇਜ਼ ਹੋ ਉੱਠੀ। ਤੇ ਡਰਾਉਣੀਆਂ ਰਾਤਾਂ ਅੰਦਰ, ਮੇਰੀ ਕਲਮ, ਲੰਮੇ ਸਮੇਂ ਤੱਕ ਲਹੂ ਦੇ ਹੰਝੂ ਕੇਰਦੀ, ਪਤਾ ਨਹੀਂ ਕੀ ਕੀ ਝਰੀਟਦੀ ਰਹੀ।"

(ਪੰਨਾ : 60)

ਇਉਂ, ਇਸ ਸਵੈ-ਜੀਵਨੀ ਅੰਸ਼ ’ਚੋਂ ਲੇਖਿਕਾ ਦਾ, **ਵੈਰਾਗਮਈ ਰੂਪ** ਵੀ ਉਦੋਂ ਰੂਪਮਾਨ ਹੁੰਦਾ ਹੈ। ਖ਼ਾਸ ਕਰਕੇ, ਜਦੋਂ ਉਹ ਆਪਣੇ ਦਰਦ ਨੂੰ, ਇਕ ਨਜ਼ਮ ਦੇ ਰੂਪ ਵਿਚ, ਸ਼ਬਦੀ ਜਾਮਾ ਪਹਿਨਾਉਂਦੀ ਹੈ ਅਤੇ ਉਸ ਦਰਦ ਨੂੰ, ਸਾਰੀ ਉਮਰ ਤੱਕ, ਸੀਨੇ ਨਾਲ਼ ਲੱਗਾ ਕੇ ਰੱਖਦੀ ਹੈ। ਅਸੀਂ ਕਹਿ ਸਕਦੇ ਹਾਂ ਕਿ ਲੇਖਿਕਾ, ਬੇਬਾਕ ਰੂਪ ਵਿਚ ਸਾਡੇ ਸਾਹਮਣੇ ਆਉਂਦੀ ਹੈ। ਜਿਸ ਨੇ, ਆਪਣੇ ਇਹ ਸਾਰੇ ਲੁਕਵੇਂ ਰੂਪ, ਬੜੀ **ਦਲੇਰੀ, ਬੇਬਾਕੀ ਤੇ ਸਾਫ਼ਗੋਈ** ਨਾਲ਼, ਪਾਠਕਾਂ ਦੇ ਸਾਹਮਣੇ ਪੇਸ਼ ਕੀਤੇ ਹਨ। ਪਰ, ਮੁਹੱਬਤ ਦੇ ਮਾਮਲੇ ਵਿਚ, ਉਸ ਦੀ ਸਾਰੀ ਬੇਬਾਕੀ, ਧਰੀ ਧਰਾਈ ਰਹਿ ਜਾਂਦੀ ਹੈ। ਉਹ ਇਕ **ਪਰੰਪਰਕ ਪਤੀਵਰਤਾ ਪਤਨੀ** ਵਾਂਗ ਹੀ, ਆਪਣੀ ਮੁਹੱਬਤ ਨੂੰ, ਆਪਣੇ ਅੰਦਰ ਸਮੇਟ ਕੇ ਰਹਿ ਜਾਂਦੀ ਹੈ।

## (iii) ‘ਮੁਹੱਬਤ ਇਕ ਹਾਦਸਾ’ ਦੀ ਸ਼ੈਲੀਗਤ ਵਿਸ਼ੇਸ਼ਤਾ

ਬਚਿੰਤ ਕੌਰ, ਪੰਜਾਬੀ ਸਾਹਿਤ-ਜਗਤ ਦੀ ਇਕ ਅਜਿਹੀ ਸ਼ਖ਼ਸੀਅਤ ਹੈ, ਜਿਸ ਦੇ ਪੈਦਾ ਹੋਣ ’ਤੇ, ਉਸ ਦੀ ਮਾਂ ਨੂੰ ਅਨੇਕਾਂ ਦੁੱਖਾਂ ਦਾ ਸਾਹਮਣਾ ਕਰਨਾ ਪਿਆ। ਇਸ ਲਈ, ਉਹ ਹਮੇਸ਼ਾਂ ਆਪਣੇ ਆਪ ਨੂੰ, ਆਪਣੀ ਮਾਂ ਦੇ ਦੁੱਖਾਂ ਦਾ ਕਾਰਨ ਮੰਨਦੀ ਹੈ। ਕਿਉਂਕਿ, ਉਸ ਦੀ ਦਾਦੀ ਵੀ, ਉਸ ਨੂੰ ਪੱਥਰ ਆਖ ਕੇ ਪੁਕਾਰਦੀ। ਉਸ ਤੋਂ ਬਾਅਦ ਪੈਦਾ ਹੋਏ, ਉਸ ਦੇ ਤਿੰਨ ਭਰਾਵਾਂ ਕਾਰਨ, ਉਹ ਆਪਣੀ ਦਾਦੀ ਦੀ ਲਾਡਲੀ ਵੀ ਬਣੀ। ਸਿੱਖ ਪਿਤਾ ਅਤੇ ਹਿੰਦੂ ਮਾਂ ਦੇ ਲਾਡ-ਪਿਆਰ ਸਦਕਾ, ਹਮੇਸ਼ਾਂ ਚੰਗੀ ਜ਼ਿੰਦਗੀ ਬਤੀਤ ਕੀਤੀ। ਪ੍ਰੰਤੂ, ਵਿਆਹ ਤੋਂ ਬਾਅਦ, ਉਸ ਦੇ ਪਤੀ ਦੇ ਸ਼ਰਾਬੀ-ਕਬਾਬੀ ਹੋਣ ਬਾਰੇ ਪਤਾ ਲੱਗਣਾ ਅਤੇ ਸਹੁਰਿਆਂ ਦੀ ਪੂਰੀ ਜ਼ਿੰਮੇਵਾਰੀ, ਉਸ ਦੇ ਸਿਰ ’ਤੇ ਆਉਣਾ ਆਦਿ ਸਭ ਕੁੱਝ, ਉਸ ਦੀ ਪਲ ਪਲ ਪਰੀਖਿਆ ਲੈਂਦਾ ਦੇਖਿਆ ਜਾਂਦਾ ਹੈ। ਜ਼ਿੰਦਗੀ ਦੇ ਬਹੁਤ ਸਾਰੇ ਸਬਕ, ਉਸ ਨੇ ਬਹੁਤ ਜਲਦੀ ਅਤੇ ਪੱਕੀ ਤਰ੍ਹਾਂ ਸਿੱਖ ਲਏ। ਨਤੀਜਨ, ਹੱਥਾਂ ਵਿਚ ਆਈ ਕਲਮ ਨੇ, ਜਿੱਥੇ ਉੱਚ ਵਿੱਦਿਆ, ਉਸ ਦੀ ਝੋਲੀ ਪਾਈ, ਉੱਥੇ ਹੀ ਔਰਤ ਦੀ ਹਰ ਪੀੜ, ਉਸ ਦੇ ਯਥਾਰਥ ਨੂੰ, ਪਿੰਡੇ ਉਪਰ ਹੰਢਾਉਣ ਦਾ ਸੱਚ, ਉਸ ਦੀਆਂ ਲਿਖਤਾਂ ਵਿਚ ਆਉਣ ਲੱਗਿਆ। ਖ਼ਾਸ ਕਰ ਕੇ, ਉਸ ਦੀ ਸਵੈ-ਜੀਵਨੀ ‘ਪਗਡੰਡੀਆਂ’ ਵਿਚ। ਉਸੇ ਵਿਚੋਂ ਲਏ ਇਕ ਅੰਸ਼ ‘ਮੁਹੱਬਤ ਇਕ ਹਾਦਸਾ’ ਵਿਚ, ਉਸ ਦੀ ਲਿਖਤ ਦੀ ਵੱਖਰਤਾ ਅਤੇ ਸ਼ੈਲੀਗਤ ਵਿਸ਼ੇਸ਼ਤਾ ਨੂੰ ਪਰਖਣਾ, ਇੱਥੇ ਸਾਡਾ ਬੁਨਿਆਦੀ ਕਾਰਜ ਹੈ। ਇਕ ਇਤਿਹਾਸਕ ਦਸਤਾਵੇਜ਼ ਬਣਨ ਦੀ ਸਮਰੱਥਾ ਰੱਖਣ ਵਾਲ਼ੀ ਉਸ ਦੀ ਸਵੈ-ਜੀਵਨੀ ‘ਪਗਡੰਡੀਆਂ’, ਲੇਖਿਕਾ ਦੀ, ਜ਼ਿੰਦਗੀ ਦੇ ਹਰ ਉਸ ਸੁੱਖ-ਦੁੱਖ ਦੀ ਬੇਬਾਕ ਪੇਸ਼ਕਾਰੀ ਕਰਦੀ ਹੈ, ਜਿਸ ਨੂੰ ਬਿਆਨ ਕਰਨ ਲਈ, ਬੇਹੱਦ ਹਿੰਮਤ ਅਤੇ ਹੌਂਸਲਾ ਲੋੜੀਂਦਾ ਹੈ। ਸਵੈ-ਜੀਵਨੀ ਦਾ ਪਹਿਲਾ ਨੁਕਤਾ ਹੀ ਇਹ ਹੈ ਕਿ ‘ਸੱਚ’ ਅਤੇ ਕੇਵਲ ‘ਸੱਚ’।

‘ਮੁਹੱਬਤ ਇਕ ਹਾਦਸਾ’ ਵਿਚ ਵੀ, ਲੇਖਿਕਾ ਦਾ ਬੇਬਾਕੀ ਨਾਲ਼ ਆਪਣੀ ਮੁਹੱਬਤ ਦਾ ਇਜ਼ਹਾਰ ਕਰਨਾ ਅਤੇ ਉਸ ਮੁਹੱਬਤ ਲਈ ਤੜਫ਼ਣਾ ਉਸ ਦੀ ਸ਼ੈਲੀ ਵਿਚ ਸਾਫ਼ ਝਲਕਦਾ, ਦਿੱਸਦਾ ਹੈ। ਇਉਂ ਨਿਡਰਤਾ, ਜਿਸ ਦਾ ਮੂਲ ਸਿਧਾਂਤ ਹੋ ਨਿਬੜਦਾ ਹੈ।

ਇਸ ਸਵੈ-ਜੀਵਨੀ ਅੰਸ਼ ਰਾਹੀਂ ਲੇਖਿਕਾ, ਆਪਣੀ ਸਿੱਧੀ-ਸਾਦੀ, ਨਿਰਉਚੇਚ ਅਤੇ ਦਿਲਚਸਪ ਸ਼ੈਲੀ ਕਰਕੇ, ਪਾਠਕਾਂ ਨੂੰ, ਆਪਣੀ ਆਪਣੀ ਲੱਗਦੀ ਹੈ। ਹਰ ਉਮਰ ਦੀ ਔਰਤ, ਉਸ ਨੂੰ ਆਪਣਾ ਸਮਝਦੀ ਹੈ। ਖ਼ਾਸ ਕਰਕੇ ਉਦੋਂ, ਜਦੋਂ ਉਹ ਕਹਾਣੀ ਵਾਂਗ ਆਪਣੀ ਗੱਲ ਕਰਦੀ, ਸੁੱਫ਼ਨਿਆਂ ਦੀ ਦੁਨੀਆਂ ਵਿਚ ਰਹਿਣ ਵਾਲ਼ੀ, ਕਿਸੇ ਪਰੀ ਵਾਂਗ ਜੀਵਨ ਨੂੰ ਮਾਣਦੀ ਹੈ। ਇਸ ਸਭ ਕੁੱਝ ਦਾ ਸਾਧਾਰਨੀਕ੍ਰਿਤ ਰੂਪ ਵੀ, ਪਾਠਕਾਂ ਨੂੰ, ਆਪਣੇ ਨਾਲ਼ ਜੋੜਦਾ ਜਾਂਦਾ ਹੈ।

‘ਮੁਹੱਬਤ ਇਕ ਹਾਦਸਾ’, ਭਾਵ ਬੇਹੱਦ ਖ਼ੂਬਸੂਰਤ ਅਹਿਸਾਸ, ਜੋ ਉਸ ਦੇ ਜੀਵਨ ਵਿਚ ਰੰਗ ਭਰਨ ਲਈ ਆਇਆ। ਪਰ, ਵਿਰੋਧਾਭਾਸੀ ਸ਼ਬਦ ਵਰਤ ਕੇ, ਉਸ ਨੇ ਪਾਠਕ ਅੰਦਰ, ਅੱਗੋਂ ਜਾਣਨ ਦੀ ਇੱਛਾ ਪੈਦਾ ਕਰਨਾ ਵੀ, ਉਸ ਦੀ ਸ਼ੈਲੀ ਦਾ, ਵਿਸ਼ੇਸ਼ ਗੁਣ-ਲੱਛਣ ਹੋ ਨਿਬੜਦਾ ਹੈ। ਉਹ ਮਿਥਿਹਾਸ ਵਿਚੋਂ ਕ੍ਰਿਸ਼ਨ/ਗੋਪੀਆਂ ਨਾਲ਼ ਨਾਤਾ ਜੋੜਦੀ ਹੋਈ, ਪ੍ਰੇਮ ਦੀ ਪਵਿੱਤਰਤਾ ਬਾਰੇ ਪ੍ਰਮਾਣ ਦਿੰਦੀ ਅਤੇ ਆਪਣੀ ਮੁਹੱਬਤ ਨੂੰ ਵੀ, ਇਸੇ ਪਵਿੱਤਰਤਾ ਨਾਲ਼ ਲਬਰੇਜ਼ ਮੰਨਦੀ ਹੈ। ਇਸ ਵਿਚਾਰ ਦੀ ਪੁਸ਼ਟੀ ਲਈ, ਇਹ ਉਦਾਹਰਣ ਵੇਖੀ ਜਾ ਸਕਦੀ ਹੈ :-

"ਰਾਜਕੁਮਾਰ ! ਇਹ ਤਾਂ ਹੂ-ਬ-ਹੂ ਉਹੀ ਲੱਗਦਾ ਹੈ, ਜੋ ਗੋਪੀਆਂ ਵਿਚ ਘਿਰਿਆ ਹੋਇਆ ਸੀ। ਪਰ, ਮੈਂ ਤਾਂ ਰਾਧਾ ਨਹੀਂ...। ਤੇ ਨਾ ਹੀ ਰਾਜ ਕੁਮਾਰੀ।"

(ਪੰਨਾ : 56)

ਪਾਤਰ ਦਾ ਧਿਆਨ ਕਰਦੀ ਹੋਈ ਉਹ, ਉਸਦਾ ਚਿਤਰਣ ਬੇਹੱਦ ਪ੍ਰਭਾਵਸ਼ਾਲੀ ਢੰਗ ਨਾਲ਼ ਕਰਦੀ ਹੈ। ਪਰ, ਨਾਲ਼ ਹੀ ਜ਼ਿੰਦਗੀ ਦੀਆਂ ਕੁੱਝ ਅਟੱਲ ਸੱਚਾਈਆਂ ਬਾਰੇ ਵੀ, ਪਾਠਕਾਂ ਨੂੰ ਜਾਣੂ ਕਰਵਾਉਂਦੀ ਹੋਈ, ਉਨ੍ਹਾਂ ਦੇ ਗਿਆਨ ਵਿਚ ਵਾਧਾ ਵੀ ਕਰਦੀ ਹੈ। ਉਹ ਬਹੁਤੀ ਵੇਰਾਂ, ਪਾਠਕਾਂ ਨੂੰ ਸਿੱਧਾ ਸੰਬੋਧਨ ਕਰਦਿਆਂ, ਉਹਨਾਂ ਨਾਲ਼ ਗੱਲਬਾਤ ਵਾਲ਼ਾ ਮਾਹੌਲ ਸਿਰਜ ਲੈਂਦੀ ਹੈ। ਜਿਵੇਂ ਕਿ :-

"ਮਾਹੌਲ ਬੰਦੇ ਨੂੰ ਜ਼ਰੂਰ ਪ੍ਰਭਾਵਿਤ ਕਰਦਾ ਹੈ।" (ਪੰਨਾ : 56)

"ਸੱਚ ਜਾਣਿਓ, ਰਾਜ ਮਰਿਆ ਨਹੀਂ ਸੀ...।" (ਪੰਨਾ : 60)

"ਸੁੱਫ਼ਨੇ, ਬੰਦੇ ਨੂੰ ਭੈਅ-ਭੀਤ ਵੀ ਕਰਦੇ ਹਨ ਅਤੇ ਹਸਾਉਂਦੇ-ਰੁਆਉਂਦੇ ਵੀ ਹਨ।"

(ਪੰਨਾ : 57)

ਇਸ ਦੇ ਨਾਲ਼ ਹੀ ਚੁਸਤ ਵਾਕ-ਬਣਤਰ, ਰੋਚਕਤਾ ਅਤੇ ਰਵਾਨੀ ਵੀ, ਉਸ ਦੀ ਵਾਰਤਕ-ਸ਼ੈਲੀ ਨੂੰ ਕਾਫੀ ਪ੍ਰਭਾਵਿਤ ਕਰਦੀ ਹੈ। ਖ਼ਾਸ ਕਰਕੇ, ਜਦੋਂ ਉਸ ਨੇ ਆਪਣੀ ਮਨ ਦੀ ਸਥਿਤੀ, ਖ਼ਾਸ ਕਰ ਕੇ, ਸੁਪਨਮਈ ਸੋਚ ਅੰਦਰ ਪਏ ਰਾਜਕੁਮਾਰ ਨਾਲ਼ ਜਾਣ-ਪਛਾਣ ਕਰਵਾਉਣੀ ਹੁੰਦੀ ਹੈ, ਤਾਂ ਉਸ ਦੇ ਵਰਣਨ ਤੋਂ, ਉਹ ਰਾਜਕੁਮਾਰ ਨੂੰ ਪਾਠਕ ਦੇ ਸਾਹਮਣੇ ਲਿਆ ਖੜ੍ਹਾ ਕਰਦੀ ਹੈ। ਇਉਂ, ਉਹ ਉਸ ਵਿਚ ਕਾਵਿਕ-ਅੰਸ਼ ਭਰ ਦਿੰਦੀ ਹੈ। ਜਿਵੇਂ ਕਿ :-

"ਓਹੀ ਰੰਗ, ਓਹੀ ਰੂਪ, ਓਹੀ ਬਲੌਰੀ ਨੈਣ, ਡੂੰਘੀ ਨੀਲੀ ਝੀਲ ਵਰਗੇ, ਓਹੀ ਕੁੰਡਲਾਂ ਵਾਲ਼ੇ ਸਿਆਹ ਕਾਲ਼ੇ ਵਾਲ਼...।"

ਮੈਂ ਉਸ ਦੇ ਨੈਣਾਂ ਵੱਲ ਨੀਝ ਨਾਲ਼ ਤੱਕਿਆ...ਰਾਸਲੀਲਾ ਵਾਲ਼ਾ—? ਜਾਂ ਜੰਗਲ ਨੂੰ ਚੀਰ ਕੇ ਆਉਂਦਾ ਰਾਜਕੁਮਾਰ—? ਮੈਂ ਤਾਂ ਰਾਜ ਕੁਮਾਰੀ ਨਹੀਂ ਸੀ ਤੇ ਨਾ ਹੀ ਰਾਧਾ ਜਾਂ ਰੁਕਮਣੀ...।"

(ਪੰਨਾ : 56)

ਸੁੱਫ਼ਨਿਆਂ ਦੀ ਬਾਤ ਪਾਉਂਦਿਆਂ, ਹਕ਼ੀਕ਼ਤ ਬਣ ਜਾਣ ਦੀ ਉਸ ਦੀ ਕਹਾਣੀ, ਪਾਠਕਾਂ ਨੂੰ ਵੀ ਨਾਲ਼ ਹੀ, ਕਿਸੇ 'ਸੁੱਪਨ ਲੋਕ' ਤੋਂ, ਯਥਾਰਥ ਵਿਚ ਲਿਆ ਕੇ ਖੜ੍ਹਾ ਕਰ ਦਿੰਦੀ ਹੈ। ਬੇਹੱਦ ਭਾਵੁਕ ਅਤੇ ਜਜ਼ਬਾਤੀ। ਪਤੀ ਦੇ ਪਿਆਰ ਤੋਂ ਵਿਹੂਣੀ, ਰਾਜ ਨਾਲ਼ ਸੱਚਾ ਪਿਆਰ ਕਰਦੀ, ਉਹ ਆਖ਼ਰ ਮਰਦ-ਪ੍ਰਧਾਨ ਸਮਾਜ ਅੰਦਰ, ਉਸ ਪਿਆਰ ਤੋਂ ਦੂਰ ਤਾਂ ਹੋਈ, ਪਰ ਕਦੇ ਵੀ ਉਸ ਨੂੰ, ਦਿਲੋਂ ਦੂਰ ਨਾ ਕਰ ਸਕੀ। ਇਸ ਸਥਿਤੀ ਦਾ ਵਰਣਨ, ਉਸ ਨੇ ਬਾਖ਼ੂਬੀ ਕੀਤਾ ਹੈ, ਜੋ ਕਿ ਉਸ ਦੀ ਪ੍ਰਭਾਵਸ਼ਾਲੀ ਸ਼ੈਲੀ ਦਾ ਪ੍ਰਮਾਣ ਹੈ। ਜਿਵੇਂ ਕਿ :-

"ਜਦੋਂ ਮੈਂ ਚਾਹ ਦੇ ਕੱਪ, ਸਾਰਿਆਂ ਲਈ ਲਿਆ ਕੇ ਮੇਜ਼ ਉੱਤੇ ਰੱਖੇ, ਤਾਂ ਮੈਂ ਆਪਣੇ ਪਤੀ ਦੇ ਕਰੋਧ ਨਾਲ਼ ਲਾਲ ਸੁਰਖ਼ ਹੋਏ ਚਿਹਰੇ ਨੂੰ ਦੇਖ, ਜਿਵੇਂ ਧੁਰ ਅੰਦਰੋਂ ਕੰਬ ਗਈ। ਮੈਨੂੰ ਲੱਗਿਆ, ਜਿਵੇਂ ਘਰ ਦੀ ਸਾਰੀ ਦੀ ਸਾਰੀ ਛੱਤ, ਬਸ ਹੁਣੇ ਸਾਡੇ ਸਾਰਿਆਂ ਉੱਤੇ ਡਿੱਗੀ ਕਿ ਡਿੱਗੀ।"

(ਪੰਨਾ : 59)

ਬੇਬਾਕੀ, ਨਿਡਰਤਾ, ਇਮਾਨਦਾਰੀ, ਮਿਹਨਤ ਅਤੇ ਦਿਆਨਤਦਾਰੀ ਦੀ ਮਿਸਾਲ ਲੇਖਿਕਾ, ਸ਼ਬਦਾਂ ਦਾ ਅਜਿਹਾ ਤਾਣਾ-ਬਾਣਾ ਬੁਣਦੀ ਹੈ ਕਿ ਕੋਈ ਵੀ ਪਾਠਕ, ਉਸ ਦੀ ਇਸ ਸਵੈ-ਜੀਵਨੀ ਤੋਂ ਬੇਮੁਖ ਹੋ ਕੇ, ਉਸ ਨੂੰ ਛੱਡ ਕੇ ਜਾਣ ਦਾ ਹੌਂਸਲਾ ਨਹੀਂ ਕਰ ਸਕਦਾ। ਪਿਆਰ ਦੀ ਪ੍ਰਮਾਣਿਕਤਾ ਲਈ ਉਹ ਕ੍ਰਿਸ਼ਨ, ਰਾਧਾ ਅਤੇ ਬਾਣੀ ਦੇ ਹਵਾਲੇ ਦਿੰਦੀ।

ਸਵੈ-ਸੰਵਾਦ ਦੀ ਜੁਗਤ ਵਰਤਦੀ, ਉਹ ਰਾਜ ਦੀ ਪ੍ਰੇਮਿਕਾ ਅਤੇ ਪਤੀ ਦੀ ਪਤਨੀ ਨਾਲ਼, ਜੀਅ ਭਰ ਕੇ ਲੜਦੀ। ਸ਼ਬਦਾਵਲੀ ਦੀ ਅਮੀਰੀ ਦਾ ਪੈਮਾਨਾ ਵੇਖੋ :-

> "ਪਿਆਰ ਕੋਈ ਗੁਨਾਹ ਨਹੀਂ, ਸਤਿਕਾਰ ਹੈ। ਇਕ ਇਬਾਦਤ ਹੈ, ਇਕ ਪੂਜਾ ਹੈ। ਪਿਆਰ ਕਿਸੇ ਦਾ, ਕਿਸੇ ਉੱਤੇ ਕੋਈ ਕਬਜ਼ਾ ਤਾਂ ਨਹੀਂ, ਸਿਰਫ਼ ਪਹਿਚਾਣ ਹੀ ਤਾਂ ਹੈ। ਬਿਨਾਂ ਪਿਆਰ ਤੋਂ ਭਲਾ, ਕੋਈ ਕਿਵੇਂ ਜੀਊ ਸਕਦਾ ਹੈ ? ਪਿਆਰ ਤੋਂ ਬਿਨਾਂ ਜਿਊਣਾ ਤਾਂ ਉਵੇਂ ਹੀ ਹੋਇਆ, ਜਿਵੇਂ ਰੂਹ ਤੋਂ ਬਿਨਾਂ ਕਲਬੂਤ।"

(ਪੰਨਾ : 59)

ਇਨ੍ਹਾਂ ਸਤਰਾਂ ਵਿਚ ਉਹ ਬਾਣੀ ਦੇ ਨਾਲ਼ ਨਾਲ਼, ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਸਿੱਧਾਂਤ ("ਪਿਆਰ ਕਬਜ਼ਾ ਨਹੀਂ ਪਹਿਚਾਣ ਹੈ") ਨੂੰ ਯਾਦ ਕਰਦੀ ਹੈ, ਉੱਥੇ ਹੀ ਵਾਰਿਸ ਸ਼ਾਹ ਨਾਲ਼ ਵੀ ਆਪਣਾ ਨਾਤਾ ਜੋੜਦੀ ਹੈ।

ਸੰਪੂਰਨ ਸ਼ਖ਼ਸੀਅਤ ਦੀ ਜਟਿਲਤਾ ਨੂੰ, ਸਮੁੱਚਤਾ ਵਿਚ ਪੇਸ਼ ਕਰਦਾ, ਉਸ ਦਾ ਇਹ ਸਵੈ-ਜੀਵਨੀ ਅੰਸ਼, ਜਿੱਥੇ ਨਾਰੀ ਦੀ ਸਥਿਤੀ ਦਾ ਬਿਆਨ ਕਰਦਾ ਹੈ, ਉੱਥੇ ਹੀ ਬਾਹਰਲੇ ਬਿਰਤਾਂਤਾਂ ਤੋਂ ਬੱਚ ਕੇ, ਸਰਪਟ ਮੰਜ਼ਿਲ ਵੱਲ ਚਲਦੇ ਰਹਿਣਾ, ਉਸ ਦੀ ਸ਼ੈਲੀ ਦੀ ਉੱਚਤਾ ਨੂੰ ਦਰਸਾਉਂਦਾ ਹੈ। ਸ਼ਬਦਾਂ ਵਿਚਲੀ ਕਾਵਿਕਤਾ, ਦਰਦ, ਵੈਰਾਗ, ਕਿਸੇ ਵੀ ਪਾਠਕ ਦੀਆਂ ਅੱਖਾਂ ਨੂੰ ਗਿਲ੍ਹਾ ਕਰ ਸਕਦਾ ਹੈ। ਇਹੀ ਲੇਖਿਕਾ ਦੀ ਜਿੱਤ ਹੈ ਕਿ ਜਿਸ ਅੱਗ ਵਰਗੇ ਸੱਚ ਤੋਂ, ਹਰ ਕੋਈ ਡਰਦਾ ਹੈ, ਉਸ ਦਾ ਬਿਆਨ, ਉਸ ਨੇ ਪੂਰੀ ਨਿਡਰਤਾ ਨਾਲ਼ ਕਰ ਕੇ, ਆਪਣੀ ਮੁਹੱਬਤ ਨੂੰ ਅਮਰ ਕਰ ਦਿੱਤਾ, ਜਿਵੇਂ ਕਿ :-

> "ਸੱਚ ਜਾਣਿਓ, ਰਾਜ ਮਰਿਆ ਨਹੀਂ ਸੀ, ਸਗੋਂ, ਉਹ ਤਾਂ ਮੇਰੇ ਅੰਦਰ ਪੂਰੀ ਤਰ੍ਹਾਂ ਜੀਊਂਦਾ ਹੋ ਗਿਆ ਸੀ। ਉਸ ਦੇ ਵਿਛੋੜੇ ਵਿਚ, ਮੇਰੀ ਬਿਰਹਾ ਦੀ ਕੁੱਖ ਜ਼ਰਖ਼ੇਜ਼ ਹੋ ਉੱਠੀ।"

(ਪੰਨਾ : 60)

ਇਉਂ, ਅਸੀਂ ਵੇਖਦੇ ਹਾਂ ਕਿ ਬਚਿੰਤ, ਜਟਿਲ ਸਥਿਤੀਆਂ ਨੂੰ ਵੀ, ਬੜੀ ਸਰਲਤਾ ਨਾਲ਼ ਬਿਆਨਦੀ ਅਤੇ ਪਾਠਕਾਂ ਨੂੰ ਸਿੱਧਾ ਸੰਬੋਧਨ ਕਰਦਿਆਂ, ਆਪਣੇ ਪਾਠਕਾਂ ਨੂੰ, ਆਪਣੇ ਲਿਖਿਤ-ਸੰਸਾਰ ਨਾਲ਼ ਜੋੜ ਕੇ ਰੱਖਦੀ ਹੈ।

## ਪ੍ਰਸ਼ਨਾਵਲੀ

**ਪ੍ਰਸ਼ਨ :** ਬਚਿੰਤ ਕੌਰ ਨੂੰ, ਕਿਹੋ ਜਿਹਾ ਸੁੱਪਨਾ ਆਉਂਦਾ ਹੈ ਅਤੇ ਇਸ ਸੁੱਫ਼ਨੇ ਦਾ, ਉਸ ਦੀ ਜ਼ਿੰਦਗੀ ਨਾਲ਼ ਕੀ ਸੰਬੰਧ ਹੈ ?

**ਉੱਤਰ :** ਬਚਿੰਤ ਕੌਰ ਨੂੰ ਇਕ ਸੁੱਫ਼ਨਾ ਆਉਂਦਾ ਹੈ ਕਿ ਇਕ ਰਾਜਕੁਮਾਰ, ਘੋੜੇ ਉੱਤੇ ਸਵਾਰ ਹੋ ਕੇ, ਡਰਾਉਣੇ ਜੰਗਲ ਨੂੰ ਚੀਰਦਾ, ਵਾਹੋ ਦਾਹੀ ਉਸ ਵੱਲ ਭੱਜਿਆ ਆ ਰਿਹਾ ਹੈ। ਇਕ ਦਿਨ ਉਹੀ ਸੁੱਫ਼ਨੇ ਵਾਲ਼ੇ ਰਾਜਕੁਮਾਰ ਦੀ ਤਰ੍ਹਾਂ ਦਾ ਇਕ ਲੇਖਕ, ਬਚਿੰਤ ਦੀ ਕਹਾਣੀ ਅਨੁਵਾਦ ਕਰਨ ਦੀ ਇਜਾਜ਼ਤ ਮੰਗਣ ਲਈ ਆਇਆ। ਤਾਂ ਲੇਖਿਕਾ ਨੂੰ, ਉਹ ਹੂਬਹੂ, ਆਪਣੇ ਵਾਲ਼ੇ ਰਾਜਕੁਮਾਰ ਵਰਗਾ ਲੱਗਿਆ। ਇਹੀ ਕਾਰਨ ਹੈ ਕਿ ਅਨੁਵਾਦਕ ਕ੍ਰਿਸ਼ਨ ਨੂੰ ਪਹਿਲਾਂ, ਉਹ ਰਾਜਕੁਮਾਰ ਜੀ ਅਤੇ ਫਿਰ ਸਿਰਫ਼ 'ਰਾਜ' ਕਹਿ ਕੇ ਬੁਲਾਉਂਦੀ ਹੈ। ਇਉਂ, ਉਸ ਦਾ ਲੇਖਿਕਾ ਨਾਲ਼, ਅਪਣੱਤ ਦਾ ਰਿਸ਼ਤਾ ਬਣ ਜਾਂਦਾ ਹੈ।

**ਪ੍ਰਸ਼ਨ :** ਲੇਖਿਕਾ ਨੇ 'ਰਾਜ' ਨਾਲ਼ ਮਿਲਣਾ-ਜੁਲਣਾ, ਕਿਉਂ ਬੰਦ ਕਰ ਦਿੱਤਾ ?

**ਉੱਤਰ :** ਲੇਖਿਕਾ ਨੇ 'ਰਾਜ' ਨਾਲ਼ ਮਿਲਣਾ-ਜੁਲਣਾ, ਇਸ ਲਈ ਬੰਦ ਕਰ ਦਿੱਤਾ, ਕਿਉਂਕਿ, ਇਕ ਦਿਨ ਰਾਜ, ਇਕ ਅਧੂਰੀ ਕਹਾਣੀ ਲੈ ਕੇ ਲੇਖਿਕਾ ਨੂੰ, ਉਸ ਦੇ ਘਰ ਮਿਲਣ ਲਈ ਆਇਆ, ਤਾਂ ਉਸੇ ਸਮੇਂ, ਲੇਖਿਕਾ ਦੇ

ਪਤੀ-ਦੇਵ ਵੀ ਘਰ ਆ ਗਏ। ਜਦੋਂ ਲੇਖਿਕਾ ਨੇ, ਆਪਣੇ ਪਤੀ ਨਾਲ਼ ਰਾਜ ਨੂੰ ਮਿਲਾਇਆ ਤਾਂ ਲੇਖਿਕਾ ਦਾ ਪਤੀ ਬਹੁਤ ਗੁੱਸੇ ਹੋਇਆ ਅਤੇ ਉਸ ਨੇ ਲੇਖਿਕਾ ਨੂੰ, ਰਾਜ ਦੇ ਸਾਹਮਣੇ ਹੀ ਬੁਰਾ ਭਲਾ ਕਿਹਾ। ਰਾਜ ਵੀ ਪਤੀ-ਦੇਵ ਦੇ ਗੁੱਸੇ ਨੂੰ ਵੇਖਦੇ ਹੋਏ, ਉੱਥੋਂ ਉੱਠ ਕੇ ਚਲਾ ਗਿਆ। ਉਸ ਦਿਨ ਤੋਂ ਬਾਅਦ, ਰਾਜ ਅਤੇ ਲੇਖਿਕਾ ਕਦੇ ਵੀ ਨਹੀਂ ਮਿਲੇ।

**ਪ੍ਰਸ਼ਨ :** 'ਰਾਜ' ਦੀ ਮੌਤ ਦੀ ਖ਼ਬਰ ਸੁਣ ਕੇ, ਬਚਿੰਤ ਦੇ ਦਿਲ 'ਤੇ ਕੀ ਬੀਤੀ ?

**ਉੱਤਰ :** 'ਰਾਜ' ਦੀ ਮੌਤ ਦੀ ਖ਼ਬਰ ਸੁਣ ਕੇ, ਬਚਿੰਤ ਬਹੁਤ ਵਿਆਕੁਲ ਹੋ ਉੱਠੀ। ਉਸ ਨੂੰ ਰਾਜ ਦੀ ਹਰ ਗੱਲ ਯਾਦ ਆਉਣ ਲੱਗੀ। ਲੇਖਿਕਾ ਨੂੰ ਇਹ ਮਹਿਸੂਸ ਹੋਣ ਲੱਗਾ ਕਿ ਰਾਜ ਮਰਿਆ ਨਹੀਂ, ਸਗੋਂ ਉਸ ਦੇ ਅੰਦਰ ਦੁਬਾਰਾ ਜਿਊਂਦਾ ਹੋ ਚੁੱਕਾ ਹੈ। ਇਸੇ ਕਾਰਨ, ਉਹ ਆਪਣੇ ਮਨ ਦੇ ਭਾਵਾਂ ਨੂੰ ਪ੍ਰਗਟਾਉਣ ਲਈ, ਇਕ ਕਵਿਤਾ ਲਿਖਦੀ ਹੈ ਅਤੇ ਉਸ ਨੂੰ ਮੁਹੱਬਤ ਦੇ ਰੂਪ ਵਿਚ, ਹਮੇਸ਼ਾਂ ਜ਼ਿੰਦਾ ਰੱਖਣ ਲਈ, ਆਪਣੇ ਕੋਲ਼ ਸੰਭਾਲ ਕੇ ਰੱਖ ਲੈਂਦੀ ਹੈ।

***(ਚਲਦਾ, ਪਾਠ ਨੰਬਰ : 5)***

**—0—**

**ਪਾਠ ਨੰਬਰ : 5**

**ਭਾਗ ਦੂਜਾ : ਪੰਜਾਬੀ ਸਵੈ-ਜੀਵਨੀ ਅੰਸ਼**

# 'ਆਪਣੇ ਨਾਂ ਨਾਲ਼ ਨਫ਼ਰਤ' (ਬਲਬੀਰ ਮਾਧੋਪੁਰੀ)

*** ਡਾ. ਕੁਲਜੀਤ ਸਿੰਘ ਭਾਟੀਆ**

## (10) 'ਆਪਣੇ ਨਾਂ ਨਾਲ ਨਫ਼ਰਤ' ਦਾ ਪਾਠਗਤ ਅਧਿਐਨ

## (i) ਪਾਠਗਤ ਅਧਿਐਨ

ਬਲਬੀਰ ਮਾਧੋਪੁਰੀ, ਪੰਜਾਬੀ-ਸਾਹਿਤ ਦੇ ਖੇਤਰ ਵਿਚ, ਹਾਸ਼ੀਆਗਤ ਧਿਰਾਂ ਦੇ ਦੁੱਖਾਂ, ਤਕਲੀਫ਼ਾਂ ਨੂੰ, ਆਪਣੀ ਕਲਮ ਰਾਹੀਂ, ਰੂਪਮਾਨ ਕਰਨ ਵਾਲ਼ਾ ਸਿਰਮੌਰ ਹਸਤਾਖ਼ਰ ਹੈ। ਬਚਪਨ ਤੋਂ ਹੀ ਦਲਿਤ ਜੀਵਨ ਦੀਆਂ ਕੌੜੀਆਂ-ਕਸੈਲੀਆਂ ਘਟਨਾਵਾਂ ਨਾਲ਼, ਲੇਖਕ ਦਾ ਸਾਹਮਣਾ ਹੋਣਾ ਸ਼ੁਰੂ ਹੋ ਗਿਆ ਸੀ। ਪੜ੍ਹਾਈ ਦੀ ਲਗਨ ਅਤੇ ਮਿਹਨਤ ਸਦਕਾ, ਉਸ ਨੇ ਜਿੱਥੇ, ਉੱਚੀਆਂ ਪੱਦਵੀਆਂ ਪ੍ਰਾਪਤ ਕੀਤੀਆਂ ਅਤੇ ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ, ਉੱਥੇ ਹੀ ਕਵਿਤਾਵਾਂ, ਲੇਖਾਂ ਅਤੇ ਅਨੁਵਾਦ-ਕਾਰਜਾਂ ਉਪਰ ਵੀ, ਕਲਮ ਅਜ਼ਮਾਈ। ਸਵੈ-ਜੀਵਨੀ ਤੋਂ ਬਿਨਾਂ ਉਸ ਨੇ, ਆਪਣਾ ਸਫ਼ਰਨਾਮਾ ਵੀ ਲਿਖਿਆ ਹੈ।

ਬਲਬੀਰ ਮਾਧੋਪੁਰੀ, ਆਪਣੀ ਸਵੈ-ਜੀਵਨੀ 'ਛਾਂਗਿਆ ਰੁੱਖ' ਸਦਕਾ, ਚਰਚਿਤ ਲੇਖਕਾਂ ਦੀ ਸ਼੍ਰੇਣੀ ਵਿਚ ਸ਼ਾਮਿਲ ਹੋਣ ਵਾਲ਼ਾ, ਪੰਜਾਬੀ ਸਾਹਿਤਕਾਰ ਬਣਿਆ। ਉਸ ਦੀ ਸਵੈ-ਜੀਵਨੀ ਨੂੰ, ਆਕਸਫੋਰਡ ਯੂਨੀਵਰਸਿਟੀ ਵੱਲੋਂ ਵੀ ਪ੍ਰਕਾਸ਼ਤ ਕੀਤਾ ਗਿਆ। ਇਹ ਕਿਰਤ, ਦਲਿਤ ਯਥਾਰਥ ਨੂੰ ਰੂਪਮਾਨ ਕਰਦਿਆਂ, ਉਸ ਨਾਲ਼ ਜੁੜੇ ਕਈ ਕੌੜੇ-ਕਸੈਲੇ ਅਨੁਭਵਾਂ ਨੂੰ ਬਿਆਨ ਕਰਦੀ ਹੈ। 'ਆਪਣੇ ਨਾਂ ਨਾਲ ਨਫ਼ਰਤ', 'ਛਾਂਗਿਆ ਰੁੱਖ' ਸਵੈ-ਜੀਵਨੀ ਵਿਚਲਾ, ਇਕ ਮਹੱਤਵਪੂਰਨ ਅਧਿਆਇ ਹੈ। ਜਿਸ ਵਿਚ ਲੇਖਕ ਨੂੰ, ਦਲਿਤ ਜੀਵਨ ਨਾਲ਼ ਜੁੜੇ ਹੋਣ ਕਾਰਨ, ਪਲ ਪਲ ਨੀਵੇਂ ਹੋਣ ਦੇ ਅਹਿਸਾਸ ਨਾਲ਼ ਜੂਝਣਾ ਪੈਂਦਾ ਹੈ। ਜਿਵੇਂ ਕਿ, ਉਸ ਦੀ ਜਾਤ ਸੰਬੰਧੀ ਉਚਾਰੇ ਗਏ, ਬੋਲਾਂ ਨੂੰ ਹੀ ਲਉ :-

ਚਾਹ ਚੂਹੜੀ, ਚਾਹ ਚਮਿਆਰੀ
ਚਾਹ ਨੀਚੋਂ ਕੀ ਨੀਚ
ਪੂਰਨ ਬ੍ਰਹਮ ਪਾਰ ਥੇ
ਜੇ ਚਾਹ ਨਾ ਹੁੰਦੀ ਬੀਚ।

(ਪੰਨਾ : 61)

ਲੇਖਕ ਨੂੰ, ਸਮਾਜਕ ਦਰਜੇਬੰਦੀ ਪ੍ਰਤਿ ਹਮੇਸ਼ਾਂ ਹੀ ਗਿਲ਼ਾ ਰਿਹਾ। ਕਿਉਂਕਿ, ਇਸ ਕਾਰਨ, ਦਲਿਤ ਜਾਤੀ ਨੂੰ ਪੈਰ ਪੈਰ 'ਤੇ ਨੀਵਾਂ ਵਿਖਾਇਆ ਜਾਂਦਾ ਹੈ। ਉੱਚ-ਜਾਤੀਆਂ ਵੱਲੋਂ ਹਮੇਸ਼ਾਂ ਹੀ, ਆਪਣੇ ਆਪ ਨੂੰ, ਰਾਜਿਆਂ ਬਰਾਬਰ ਸਮਝਦਿਆਂ, ਨੀਵਿਆਂ ਨੂੰ, ਗ਼ੁਲਾਮਾਂ/ਨੌਕਰਾਂ/ਦਾਸਾਂ ਵਾਂਗ ਕੰਮ ਕਰਨ ਲਈ ਕਿਹਾ ਜਾਂਦਾ ਹੈ। ਇੱਥੇ ਹੀ ਬਸ ਨਹੀਂ, ਉਨ੍ਹਾਂ ਨੂੰ, ਇਹ ਵੀ ਚਿੰਤਾ ਰਹਿੰਦੀ ਹੈ ਕਿ ਜੇਕਰ, ਇਹ ਦਲਿਤ ਲੋਕ ਪੜ੍ਹ-ਲਿਖ ਜਾਣਗੇ, ਤਾਂ ਉਨ੍ਹਾਂ ਦੇ ਖੇਤਾਂ ਤੇ ਘਰਾਂ ਵਿਚ ਕੰਮ ਕਰਨ ਵਾਲ਼ਾ ਕੋਈ ਨਹੀਂ ਰਹਿਣਾ। ਲੇਖਕ ਇਸ ਸਥਿਤੀ ਨੂੰ ਇਉਂ ਬਿਆਨ ਕਰਦਾ ਹੈ :-

---

* ਐਸੋਸੀਏਟ ਪ੍ਰੋਫ਼ੈਸਰ (ਸੇਵਾ ਮੁਕਤ), ਦੇਸ਼ਬੰਧੂ ਕਾਲਜ, ਕਾਲਕਾਜੀ, ਨਵੀਂ ਦਿੱਲੀ।

"ਸਾਰਾ ਚਮਾਰ-ਵਾਧਾ, ਪੜ੍ਹਨ ਡਹਿ ਪਿਆ ਦਿਨ-ਬ-ਦਿਨ ਇਨ੍ਹਾਂ ਦਾ ਡਮਾਕ ਖ਼ਰਾਬ ਹੋਈ ਜਾਂਦਾ। ਜੇ ਇਨ੍ਹਾਂ ਨੂੰ ਨਉਕਰੀਆਂ ਮਿਲ ਗਈਆਂ ਤਾਂ ਸਾਡੇ ਖੇਤਾਂ 'ਚ ਕੰਮ ਕੌਣ ਕਰੂਗਾ !"

(ਪੰਨਾ : 61)

ਇਸ ਪ੍ਰਕਾਰ, ਜਦੋਂ ਖੇਤਾਂ ਵਿਚ ਕੰਮ ਕਰਨ ਗਿਆਂ ਬੂਝੜ ਵੱਲੋਂ, ਲੌਢੇ ਵੇਲ਼ੇ ਦੀ ਦਿੱਤੀ ਚਾਹ, ਕਦੇ ਉਨ੍ਹਾਂ ਦੇ ਸਾਹਮਣੇ ਆਉਂਦੀ, ਤਾਂ ਮੇਹਣਿਆਂ ਕਾਰਨ ਲੇਖਕ ਦਾ ਮਨ, ਤੱਤੀ ਚਾਹ, ਉਸ ਦੇ ਮੂੰਹ 'ਤੇ ਮਾਰਨ ਨੂੰ ਕਰਦਾ। ਪਰ, ਭਾਈਏ ਵੱਲੋਂ ਚੁੱਪ-ਚਾਪ ਕੰਮ ਕਰਨ ਲਈ ਦਿੱਤੀ ਹਿਦਾਇਤ ਕਾਰਨ, ਉਹ ਖ਼ਾਮੋਸ਼ ਰਹਿੰਦਾ। ਉਪਰੋਂ ਆਪਣੇ ਪਰਿਵਾਰ ਵਿਚ, ਮੈਂਬਰਾਂ ਦੀ ਵੱਧ ਰਹੀ ਗਿਣਤੀ ਕਾਰਨ ਵੀ, ਲੇਖਕ ਪਰੇਸ਼ਾਨ ਰਹਿੰਦਾ। ਉਸ ਦੀ ਨਿਗਾਹ, ਭਾਵੇਂ ਕਿਤਾਬ ਉਪਰ ਹੁੰਦੀ, ਪਰ ਧਿਆਨ ਹਮੇਸ਼ਾਂ, ਬਾਪੂ ਦੀਆਂ ਜ਼ਿੰਮੇਵਾਰੀਆਂ ਵੱਲ ਹੀ ਰਹਿੰਦਾ। ਉਹ ਕਈ ਵਾਰ, ਆਪਣੀ ਮਾਂ ਨੂੰ, ਸਾਫ਼ ਲਫ਼ਜ਼ਾਂ ਵਿਚ ਕਹਿ ਵੀ ਦਿੰਦਾ ਕਿ ਮੈਨੂੰ ਹੋਰ ਭੈਣ-ਭਰਾ ਨਹੀਂ ਚਾਹੀਦਾ। ਪਰ, ਉਸ ਦੀ ਮਾਂ, ਇਸ ਨੂੰ ਰੱਬ ਦੀ ਦਾਤ ਆਖ ਕੇ, ਚੁੱਪ ਕਰਾ ਦਿੰਦੀ। ਵੱਡੇ ਟੱਬਰ ਦਾ ਇਕੋ ਕੋਠੜੀ ਅੰਦਰ ਸੌਣਾ, ਜਿੱਥੇ ਬਰਸਾਤਾਂ ਅੰਦਰ ਹੁੰਮਸ, ਵੱਟ-ਘੁੱਟ ਤੇ ਸਿਆਲ਼ਾਂ ਨੂੰ ਪੰਜ-ਸੱਤ ਪਸ਼ੂ ਹੋਰ ਬੱਝੇ ਹੁੰਦੇ, ਘਰ ਵਿਚ ਹਰ ਵੇਲ਼ੇ, ਭੀੜ ਹੀ ਭੀੜ ਹੁੰਦੀ।

ਲੇਖਕ ਨੇ ਆਪਣੀ ਕਮਾਈ ਨਾਲ਼, ਜਦੋਂ ਟੇਬਲ ਲੈਂਪ ਲਿਆਂਦਾ ਤਾਂ ਵੱਖਰੇ ਕਮਰੇ ਦੀ ਅਣਹੋਂਦ ਕਾਰਨ, ਉਹ ਪਹਿਲਾਂ ਨਿਰਾਸ਼ ਹੋਇਆ। ਪਰ, ਫਿਰ ਉਸ ਨੇ, ਇਸ ਦਾ ਵੀ ਹੱਲ ਲੱਭ ਲਿਆ। ਕਾਲਜ ਦੀ ਪੜ੍ਹਾਈ ਕਰਦਿਆਂ, ਉਹ ਅੰਗਰੇਜ਼ੀ, ਹਿੰਦੀ, ਪੰਜਾਬੀ ਤੋਂ ਇਲਾਵਾ, ਹੋਰ ਕਿਤਾਬਾਂ ਵੀ ਪੜ੍ਹਦਾ। ਪੜ੍ਹਣ ਅਤੇ ਹੋਰ ਬਹੁਤ ਕੁੱਝ ਸਿੱਖਣ ਦੀ ਲਗਨ, ਲੇਖਕ ਅੰਦਰ ਦਿਨੋ ਦਿਨ ਵੱਧਦੀ ਜਾ ਰਹੀ ਸੀ। ਇਸ ਦੌਰਾਨ, ਮੋਗਾ ਵਿਚ ਹੋਏ ਗੋਲੀਕਾਂਡ ਨੇ, ਜਿੱਥੇ ਕਾਲਜਾਂ ਦੀ ਪੜ੍ਹਾਈ ਵਿਚ ਰੁਕਾਵਟ ਪਾ ਦਿੱਤੀ, ਉੱਥੇ ਹੀ, ਵਿਦਿਆਰਥੀ ਜੱਥੇਬੰਦੀਆਂ ਦੀਆਂ ਸਰਗਰਮੀਆਂ ਵੀ ਸ਼ੁਰੂ ਹੋ ਗਈਆਂ। ਇਸੇ ਦੌਰਾਨ, ਕੁੱਝ ਦਿਨ ਬਾਅਦ, ਜਦੋਂ ਲੇਖਕ ਦੋਸਤਾਂ ਨਾਲ਼ ਕਾਲਜ ਜਾਣ ਲੱਗਾ, ਤਾਂ ਫਿਰ, ਭਾਈਏ ਦੇ ਕਹੇ ਬੋਲ ਯਾਦ ਆਏ। ਲੇਖਕ ਹਮੇਸ਼ਾਂ ਇਹੀ ਸੋਚਦਾ ਕਿ ਭਾਈਆ ਬਾਰ ਬਾਰ, ਉਸ ਨੂੰ ਚੇਤਾਵਨੀਆਂ ਕਿਉਂ ਦਿੰਦਾ ਰਹਿੰਦਾ ਹੈ। ਆਪਣੀ ਪੂਰੀ ਸਵੈ-ਜੀਵਨੀ ਵਿਚ ਲੇਖਕ ਬਾਰ ਬਾਰ, ਅਤੀਤ ਵੱਲ ਝਾਕਦਾ, ਕਦੇ ਕਦੇ ਉੱਥੇ ਹੀ ਵਾਸ ਕਰ ਲੈਂਦਾ ਹੈ। ਕਾਲਜ ਜਾਂਦਿਆਂ ਵੀ ਉਸ ਦੇ ਮਨ ਉਪਰ, ਬਚਪਨ ਦੀਆਂ ਯਾਦਾਂ ਅਤੇ ਉਸ ਨਾਲ਼ ਜੁੜੇ ਕੌੜੇ-ਕਸੈਲੇ ਅਨੁਭਵਾਂ ਨੇ, ਗਹਿਰੀ ਨਿਸ਼ਾਨਦੇਹੀ ਕਰ ਦਿੱਤੀ ਸੀ। ਜਦੋਂ ਤਾਈਂ ਤਾਰੋ ਨੇ, ਉਸ ਦੀ ਮਾਂ ਨੂੰ ਇਹ ਕਿਹਾ ਕਿ "ਗੁੱਡ ਨੂੰ ਛੁੱਟੀ ਕਰਾ ਕੇ, ਸਾਡੇ ਖੂਹ ਹੱਕਣ ਘੱਲਦੇ ਮੇਰਾ ਅਵਤਾਰ ਸਕੂਲ ਚਲੇ ਜਾਊਗਾ।" (ਪੰਨਾ : 64) ਅਤੇ ਫਿਰ ਖੂਹ ਹਿੱਕਦੇ ਲੇਖਕ ਨੂੰ ਹੇਠਾਂ ਉਤਰਨ ਲਈ ਕਿਹਾ। ਕਿਉਂਕਿ, ਉਸ ਦੇ ਤਾਏ ਨੇ ਖੂਹ ਤੋਂ ਪਾਣੀ ਪੀਣਾ ਸੀ ਅਤੇ ਉਸ ਦੇ ਹੱਥ, ਕਿਤੇ ਪਾਣੀ ਨੂੰ ਨਾ ਲੱਗ ਜਾਣ, ਇਸ ਲਈ, ਉਸ ਨੂੰ ਦੂਰ ਹੋਣ ਲਈ ਕਿਹਾ ਗਿਆ। ਬਾਰ ਬਾਰ ਹੁੰਦੀ ਇਹੋ ਜਿਹੀ ਜ਼ਲਾਲਤ ਕਾਰਨ, ਲੇਖਕ ਗੁੱਸੇ ਨਾਲ਼ ਭਰ ਜਾਂਦਾ।

ਹਾਲਾਤ, ਲਗਾਤਾਰ ਵਿੱਗੜ ਰਹੇ ਸਨ। ਵਿਦਿਆਰਥੀ ਨੇਤਾ, ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ, ਦੂਜਿਆਂ ਨੂੰ ਵੀ ਨਾਲ਼ ਚੱਲਣ ਲਈ ਆਖਦੇ। ਇਸ ਦੇ ਨਾਲ਼ ਹੀ ਇਕ ਹੋਰ ਚੀਜ਼, ਜੋ ਲੇਖਕ ਨੂੰ ਸਭ ਤੋਂ ਵੱਧ ਨਾਪਸੰਦ ਸੀ, ਉਹ ਸੀ, ਉਸ ਦਾ ਨਾਂ—'ਬਲਬੀਰ ਚੰਦ'। ਉਹ ਆਪਣੇ ਨਾਂ ਦੇ ਪਹਿਲੇ ਹਿੱਸੇ ਤੋਂ ਤਾਂ ਖੁਸ਼ ਸੀ। 'ਬਲਬੀਰ', ਜਿਸ ਦਾ ਭਾਵ ਸੀ ਕਿਸੇ ਹੋਰ ਲਈ ਵੰਗਾਰ-ਲਲਕਾਰ ਤੇ ਮੋਟੀ ਗੱਲ, ਕਿ ਜ਼ਾਤ ਦਾ ਕਲੰਕ ਨਾ ਝਲਕਦਾ। ਉਸ ਨੂੰ ਆਪਣੇ ਨਾਂ ਦਾ ਦੂਜਾ ਭਾਗ, 'ਚੰਦ' ਹਿੰਦੂ ਆਸਥਾ ਨਾਲ਼ ਜੁੜਿਆ ਜਾਪਦਾ। ਜਿਸ ਵਿਚੋਂ ਹੀਣ-ਕਮੀਣ ਦੀ ਦੁਰਗੰਧ ਆਉਂਦੀ। ਉਹ ਆਪਣੀ ਇਸ ਸ਼ਸ਼ੋਪੰਜ ਅਤੇ ਗੁੱਸੇ ਨੂੰ ... ਦਾ ਕੈਲੰਡਰ ਪੈਰਾਂ ਹੇਠ ਮਧੋਲ ਕੇ ਸ਼ਾਂਤ ਕਰਦਾ ਤਾਂ ਭਾਈਆ ਆਖਦਾ, "ਇਹ ਕਾਰਾ ਕੀ ਕੀਤਾ ਕਮੂਤ ਦੀਏ ਮਾਰੇ ? ਏਦਾਂ ਕੀ ਫ਼ਰਕ ਪੈ ਜਾਊ !" (ਪੰਨਾ : 65) ਫਿਰ ਉਹ ਮਿਥਿਹਾਸ ਦੇ ਹਵਾਲੇ ਨਾਲ਼, ਕਦੇ ਇਹ ਮੰਨਣ ਨੂੰ ਤਿਆਰ ਨਾ ਹੁੰਦਾ ਕਿ ਅਸੀਂ ਹਿੰਦੂ ਆਂ, ਆਪਣੇ ਨਾਲ਼ ਹੁੰਦੀਆਂ ਜ਼ਿਆਦਤੀਆਂ ਪ੍ਰਤਿ, ਕਦੇ ਕਦੇ ਭਾਈਆ ਵੀ ਬਹੁਤ ਗੁੱਸੇ ਵਿਚ ਆ ਜਾਂਦਾ ਅਤੇ ਉਹ ਇਸ ਸਭ ਕਾਸੇ ਤੋਂ ਛੁਟਕਾਰਾ ਪਾਉਣ ਲਈ, ਸਭ ਨੂੰ ਹੰਭਲਾ ਮਾਰਨ ਦੀ ਸਲਾਹ ਦਿੰਦਾ। ਇਸੇ ਦੌਰਾਨ, ਕਾਲਜ ਦੇ ਦਿਨਾਂ ਵਿਚ ਇਕ ਦਿਨ, ਕਾਲਜ ਤੋਂ ਆਉਂਦਿਆਂ

ਬੱਸ ਵਿਚ, ਲੇਖਕ ਦੇ ਦੋਸਤ ਨੇ, ਇਕ ਕੁੜੀ ਦੇ ਪੈਰ ’ਤੇ ਪੈਰ ਰੱਖਿਆ। ਕੁੜੀ ਵੱਲੋਂ ਗੁੱਸਾ ਕਰਨ ’ਤੇ, ਉਸ ਦੇ ਦੋਸਤ ਨੇ ਸਾਫ਼ ਮਨ੍ਹਾਂ ਕਰ ਦਿੱਤਾ। ਪਰ, ਬਾਅਦ ਵਿਚ, ਬੱਸ ਤੋਂ ਉਤਰਨ ਤੋਂ ਬਾਅਦ, ਮੰਨ ਵੀ ਲਿਆ ਕਿ ਇਹ ਹਰਕਤ, ਉਸੇ ਨੇ ਕੀਤੀ ਸੀ। ਇਹ ਘਟਨਾ, ਲੇਖਕ ਦੇ ਜ਼ਿਹਨ ਵਿਚ ਦੇਰ ਰਾਤ ਤੱਕ ਘੁੰਮਦੀ ਰਹੀ ਅਤੇ ਉਹ ਸੋਚਦਾ ਰਿਹਾ ਕਿ ਕੁੜੀ ਦੇ ਪੱਖ ਬਾਰੇ, ਕਿਸੇ ਨੇ ਕੋਈ ਗੱਲ ਕਿਉਂ ਨਾ ਕੀਤੀ। ਇਕ ਦਿਨ, ਗੁਰਦੁਆਰੇ ਦੀ ਕੁੱਲੀ ਵਿਚ ਬੈਠ ਕੇ ਉਹਨੇ, ਜਦੋਂ ਬੱਸ ਵਾਲੀ ਘਟਨਾ ਬਾਰੇ ਲਿਖਣਾ ਸ਼ੁਰੂ ਕੀਤਾ ਤਾਂ ਕਾਵਿ-ਰੂਪ ਵਿਚ ਲਿਖੀਆਂ ਸਤਰਾਂ ਵਿਚ, ਉਸ ਨੇ ਕੁੜੀ ਦਾ ਪੱਖ ਪੂਰਿਆ। ਇਹ ਉਹ ਸਮਾਂ ਸੀ ਜਦੋਂ ਉਸ ਦੇ ਬਚਪਨ ਵਿਚ ਹੀ ਕਾਵਿ-ਬੀਜ ਫੁੱਟ ਪਿਆ ਸੀ। ਇਹ ਕਵਿਤਾ, ਜਦੋਂ ਕਾਲਜ ਦੇ ਮੈਗਜ਼ੀਨ ‘ਤਾਰਿਕਾ ਮੰਡਲ’ ਵਿਚ ਛਪਣ ਦੀ ਗੱਲ ਹੋਈ, ਤਾਂ ਫਿਰ ਤੋਂ, ਉਸ ਦਾ ਨਾਂ ਇਕ ਵੱਡਾ ਸਵਾਲ ਬਣ ਕੇ ਖੜ੍ਹਾ ਹੋ ਗਿਆ। ਉਹੀ ਨਾਂ, ਜਿਸ ਨਾਲ਼ ਉਸ ਨੂੰ ਅੰਤਾਂ ਦੀ ਨਫ਼ਰਤ ਸੀ ਅਤੇ ਉਹ ਹਰ ਕੀਮਤ ’ਤੇ, ਆਪਣਾ ਇਹ ਨਾਂ ਬਦਲਣਾ ਚਾਹੁੰਦਾ ਸੀ।

## (ii) ਲੇਖਕ ਦਾ ਬਿੰਬ

**ਪ੍ਰਸ਼ਨ : ‘ਆਪਣੇ ਨਾਂ ਨਾਲ ਨਫ਼ਰਤ’ ਵਿਚੋਂ ਲੇਖਕ ਦਾ ਕਿਹੋ ਜਿਹਾ ਬਿੰਬ ਪੇਸ਼ ਹੁੰਦਾ ਹੈ ?**

‘ਆਪਣੇ ਨਾਂ ਨਾਲ ਨਫ਼ਰਤ’, ਪੰਜਾਬੀ-ਸਾਹਿਤ ਜਗਤ ਦੇ ਪ੍ਰਸਿੱਧ ਸਾਹਿਤਕਾਰ, ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ ‘ਛਾਂਗਿਆ ਰੁੱਖ’ ਵਿਚਲਾ, ਇਕ ਮਹੱਤਵਪੂਰਨ ਅੰਸ਼ ਹੈ। ਲੇਖਕ, ਹਾਸ਼ੀਆਗਤ/ਦਲਿਤ ਧਿਰਾਂ ਦੀਆਂ ਔਕੜਾਂ ਦੇ ਯਥਾਰਥ ਨੂੰ ਪੇਸ਼ ਕਰਨ ਵਾਲ਼ੀ ਸ਼ਖ਼ਸੀਅਤ ਹੈ। ਇਸ ਅੰਸ਼ ਵਿਚੋਂ ਲੇਖਕ ਦਾ ਜੋ ਬਿੰਬ, ਸਭ ਤੋਂ ਵੱਧ ਉੱਭਰਦਾ ਹੈ, ਉਹ ਭਾਰਤੀ ਸਮਾਜਕ ਵਿਵੱਸਥਾ ਅਨੁਸਾਰ ਹੋਈ **ਜਾਤੀਗਤ ਦਰਜੇਬੰਦੀ ਪ੍ਰਤਿ, ਆਪਣੀ ਨਾਰਾਜ਼ਗੀ ਪ੍ਰਗਟ ਕਰਨ ਵਾਲ਼ਾ ਸੰਵੇਦਨਸ਼ੀਲ ਇਨਸਾਨ ਹੈ**। ਉਸ ਅਨੁਸਾਰ, ਇਹ ਦਰਜੇਬੰਦੀ, ਦਲਿਤ ਲੋਕਾਂ ਨੂੰ ਆਪਣੇ ਸ਼ਿਕੰਜੇ ਵਿਚ ਫਸਾ ਕੇ ਰੱਖਦੀ ਹੈ। ਜਿਸ ਵਿਚ ਉੱਚ-ਵਰਗ ਨੂੰ, ਕੋਈ ਵੀ ਬੁਰੇ ਤੋਂ ਬੁਰਾ ਕੰਮ ਕਰਨ ਦੀ ਇਜਾਜ਼ਤ ਹੈ। ਪਰ, ਉਸ ਦੀ ਕੋਈ ਸਜ਼ਾ ਨਹੀਂ ਹੈ। ਹਿੰਦੂ-ਸਮਾਜ ਦੀਆਂ ਪਖੰਡੀ, ਦੰਭੀ ਚਾਲਾਂ ਨੂੰ ਜੜ੍ਹੋਂ ਪੁੱਟ ਕੇ ਸੁੱਟਣ ਦੀ ਗੱਲ, ਲੇਖਕ ਹੀ ਨਹੀਂ, ਉਸ ਦੇ ਭਾਈਏ ਦੇ ਦਿਲ ਵਿਚ ਵੀ ਬਾਰ ਬਾਰ ਆਉਂਦੀ ਹੈ। ਲੇਖਕ ਅਤਿ ਗ਼ਰੀਬੀ ਦੀ ਹਾਲਤ ਹੋਣ ਦੇ ਬਾਵਜੂਦ ਵੀ, **ਪੜ੍ਹਣ ਪ੍ਰਤਿ ਪੂਰੀ ਤਰ੍ਹਾਂ ਸਮਰਪਿਤ ਹੈ**। ਕਿਉਂਕਿ, ਉਹ ਨਹੀਂ ਚਾਹੁੰਦਾ ਕਿ ਅਨਪੜ੍ਹ ਰਹਿ ਕੇ, ਉਹ ਵੀ ਸਾਰੀ ਉਮਰ, ਉੱਚ-ਜਾਤੀ ਵਾਲਿਆਂ ਦੇ ਖੇਤਾਂ ਅਤੇ ਘਰਾਂ ਵਿਚ ਮਜ਼ਦੂਰੀ ਕਰਦਾ ਫਿਰੇ। ਉਹ ਕਾਲਜੋਂ, ਕੇਵਲ ਆਪਣੀ ਭਾਸ਼ਾ ਵਿਚ ਹੀ ਗਿਆਨ ਹਾਸਿਲ ਨਹੀਂ ਕਰਦਾ, ਸਗੋਂ ਵੱਖ ਵੱਖ ਭਾਸ਼ਾਵਾਂ ਵਿਚ ਪਿਆ **ਗਿਆਨ, ਉਸ ਨੂੰ ਆਪਣੇ ਵੱਲ ਖਿੱਚਦਾ ਹੈ**। ਲੇਖਕ ਦੇ ਆਪਣੇ ਸ਼ਬਦ ਵੇਖੋ :-

> “ਪੜ੍ਹਣ ਲਈ ਪੰਜਾਬੀ, ਹਿੰਦੀ, ਅੰਗਰੇਜ਼ੀ ਦੀਆਂ ਅਖ਼ਬਾਰਾਂ। ਅਲਮਾਰੀਆਂ ਵਿਚ ਬੰਦ ਪਿਆ ਅਥਾਹ ਗਿਆਨ। ਸੋਚਦਾਂ, ਦਿਨਾਂ ਵਿਚ ਹੀ ਇਹ ਮੇਰੇ ਲਹੂ ਵਿਚ ਰੱਚ-ਮਿੱਚ ਜਾਵੇ। ਅੱਗੇ ਵੱਧਣ ਲਈ ਸਮਾਜਿਕ ਵਰਤਾਰਾ ਤੇ ਪਿੱਛਲਾ ਬਹੁਤ ਕੁੱਝ ਭੁੱਲਣ ਦੀ ਕੋਸ਼ਿਸ਼ ਕਰਾਂ।”

(ਪੰਨਾ : 63)

ਲੇਖਕ, ਜਿੱਥੇ ਆਪਣੇ ਪਿਤਾ ਦੀਆਂ ਜ਼ਿੰਮੇਵਾਰੀਆਂ ਪ੍ਰਤਿ ਪੂਰੀ ਤਰ੍ਹਾਂ ਸੁਚੇਤ ਹੈ, ਉੱਥੇ ਉਹ ਆਪ ਵੀ, ਉਸ ਦੇ ਮੋਢੇ ਨਾਲ਼ ਮੋਢਾ ਜੋੜ ਕੇ ਖੜ੍ਹਾ ਹੁੰਦਾ ਹੈ। ਉਹ ਵੱਧ ਰਹੇ ਟੱਬਰ ਪ੍ਰਤਿ, ਆਪਣੀ ਮਾਂ ਨੂੰ ਸਾਫ਼ ਸਾਫ਼ ਲਫ਼ਜ਼ਾਂ ਵਿਚ ਕਈ ਵਾਰ ਆਖਦਾ ਕਿ ਮੈਨੂੰ ਕੋਈ ਹੋਰ ਭੈਣ-ਭਰਾ ਨਹੀਂ ਚਾਹੀਦਾ। ਪਰ, ਉਸ ਦੀ ਮਾਂ ਅਤੇ ਭਾਈਆ, ਉਸ ਦੀ ਇਸ ਗੱਲ ਨੂੰ ਬਹੁਤੀ ਅਹਿਮੀਅਤ ਨਹੀਂ ਦਿੰਦੇ। ਇਸ ਦੇ ਨਾਲ਼ ਹੀ, ਉਹ ਆਪਣੇ ਭਾਈਏ ਦੀਆਂ ਗੱਲਾਂ ਪ੍ਰਤਿ ਵੀ ਪੂਰੀ ਤਰ੍ਹਾਂ **ਸੁਚੇਤ ਰਹਿੰਦਾ ਹੈ**, ਜਦੋਂ ਉਹ ਕਾਲਜ ਵਿਚ ਜੱਟਾਂ ਦੇ ਮੁੰਡਿਆਂ ਵੱਲੋਂ ਬਣਾਈਆਂ ਵਿਦਿਆਰਥੀ-ਜੱਥੇਬੰਦੀਆਂ ਤੋਂ ਦੂਰ ਰਹਿਣ ਦੀ ਗੱਲ ਆਖਦਾ। ਉੱਚ ਜਾਤੀ ਦੀਆਂ ਕਹੀਆਂ, ਤਿੱਖੀਆਂ ਗੱਲਾਂ ਪ੍ਰਤਿ ਆਪਣਾ **ਰੋਹ ਜ਼ਾਹਿਰ ਕਰਦਾ**।

ਖ਼ਾਸ ਕਰਕੇ, ਜਦੋਂ ਕੋਈ, ਉਸ ਨਾਲ਼ ਜ਼ਾਤ ਕਰਕੇ ਵਿਤਕਰਾ ਕਰਦਾ ਸੀ। ਜਿਵੇਂ ਕਿ, ਤਾਈ ਤਾਰੋ ਦਾ ਉਸ ਨੂੰ ਇਹ ਕਹਿਣਾ ਕਿ :

> "ਗੁੱਡ ਨੂੰ ਛੁੱਟੀ ਕਰਾ ਕੇ, ਸਾਡੇ ਖੂਹ ਹੱਕਣ ਘੱਲ ਦੇ, ਮੇਰਾ ਅਵਤਾਰ ਸਕੂਲ ਚਲੇ ਜਾਊਗਾ।"
>
> "ਗੁੱਡ, ਜਰਾ ਕੁ ਭੁੰਜੇ ਉਤਰੀਂ, ਤੇਰੇ ਤਾਏ ਲਈ ਪਾਣੀ ਪੀਣ ਲਈ ਭਰਨਾ। ਤੂੰ ਤਾਂ ਆੜ 'ਚੋਂ ਈ ਪੀ ਲਮੀਂ।"

(ਪੰਨਾ : 64)

ਇਹੋ ਜਿਹੀਆਂ ਗੱਲਾਂ ਸੁਣ ਕੇ ਉਸ ਦੇ ਮਨ ਵਿਚਲਾ **ਗੁੱਸਾ, ਪ੍ਰਚੰਡ ਰੂਪ ਧਾਰ ਲੈਂਦਾ ਹੈ**। ਪਰ, ਉਹ ਮਨ ਮਸੋਸ ਕੇ ਰਹਿ ਜਾਂਦਾ। ਇਕ ਉਦਾਹਰਣ ਵੇਖੋ :-

> "ਇਹ ਗੱਲ ਮੇਰੇ ਦਿਲ ਵਿਚ ਸੂਲ ਵਾਂਗ ਖੁੱਭ ਗਈ। ਮੇਰੀਆਂ ਭਰੀਆਂ ਅੱਖਾਂ ਦਾ ਪਾਣੀ, ਉਨ੍ਹਾਂ ਅੰਦਰ ਹੀ ਜਜ਼ਬ ਹੋ ਗਿਆ ਸੀ, ਜਿਵੇਂ ਮੋਰੀਆਂ ਵਾਲ਼ੀਆਂ ਟਿੰਡਾਂ ਦਾ ਖੂਹ ਵਿਚ ਡਿੱਗਦਾ ਪਾਣੀ।"
>
> "ਮੈਂ ਬੇਵਸੀ ਵਿਚ, ਉਜਲੇ ਭਵਿੱਖ ਦੀ ਉਡੀਕ ਵਿਚ ਕਿੰਨਾ ਚਿਰ ਭੁੰਜੇ ਬੈਠਾ ਰਿਹਾ।"

(ਪੰਨਾ : 64)

ਇਸ ਦੇ ਨਾਲ਼ ਹੀ, ਲੇਖਕ **ਆਪਣੇ ਆਪ ਨੂੰ ਹਿੰਦੂ ਮੰਨਣ ਤੋਂ ਇਨਕਾਰੀ** ਹੁੰਦਾ ਅਤੇ ਆਪਣੇ ਨਾਂ ਦੇ ਦੂਜੇ ਹਿੱਸੇ ਨੂੰ, ਹਮੇਸ਼ਾਂ ਲਈ ਹਟਾ ਦੇਣਾ ਚਾਹੁੰਦਾ ਹੈ, ਜੋ ਕਿ ਹਿੰਦੂ-ਆਸਥਾ ਨਾਲ਼ ਜੁੜਿਆ ਹੋਇਆ ਮਹਿਸੂਸ ਹੁੰਦਾ। ਇਸ ਹਿੰਦੂ ਆਸਥਾ ਤੋਂ ਮੁਨਕਰ ਹੁੰਦਿਆਂ ਰਾਮ ਵੱਲੋਂ ਸ਼ੰਭੂਕ ਰਿਸ਼ੀ ਦੇ ਕ਼ਤਲ ਦੀ ਜਿੱਥੇ ਗੱਲ ਕਰਦਾ ਹੈ, ਉੱਥੇ ਹੀ, ਆਰੀਆ ਲੋਕਾਂ ਵੱਲੋਂ ਇੱਥੋਂ ਦੇ ਅਸਲੀ ਬਾਸ਼ਿੰਦਿਆਂ ਨੂੰ ਗ਼ੁਲਾਮ ਬਣਾ ਕੇ, ਆਪਣੇ ਆਪ ਨੂੰ ਸ੍ਰੇਸ਼ਠ ਕਹਿਲਾਉਣ ਸੰਬੰਧੀ ਵੀ, ਪਾਠਕਾਂ ਨਾਲ਼ ਸਾਂਝ ਪਾਉਂਦਾ ਹੈ। ਆਪਣੇ ਵਿਚਾਰਾਂ ਸੰਬੰਧੀ, ਉਸ ਨੂੰ ਹੋਰ ਵੀ ਤਸੱਲੀ ਉਦੋਂ ਮਿਲਦੀ ਹੈ, ਜਦੋਂ ਉਸ ਦਾ ਭਾਈਆ ਵੀ ਇਹੋ ਜਿਹੀ **ਸਮਾਜਕ ਵਿਵੱਸਥਾ ਨੂੰ ਜੜ੍ਹੋਂ ਪੁੱਟ ਕੇ, ਉਲਟਾ ਦੇਣ ਦੀ ਗੱਲ ਕਰਦਾ** ਅਤੇ ਇਸ ਬਾਰੇ, ਸਾਰਿਆਂ ਨੂੰ ਮਿਲ ਕੇ ਹੰਭਲਾ ਮਾਰਨ ਲਈ ਆਖਦਾ ਹੈ। ਕਿਹਾ ਜਾ ਸਕਦਾ ਹੈ ਕਿ ਲੇਖਕ, ਆਪਣੇ ਭਾਈਏ ਤੋਂ ਵੀ ਕਾਫ਼ੀ ਹੱਦ ਤੱਕ **ਪ੍ਰਭਾਵ ਗ੍ਰਹਿਣ ਕਰਦਾ ਹੈ**।

ਲੇਖਕ ਦਾ ਇਕ ਹੋਰ ਬਿੰਬ, ਜੋ ਇਸ ਅੰਸ਼ ਵਿਚੋਂ ਉੱਭਰਦਾ ਹੈ, ਉਹ ਇਹ ਹੈ ਕਿ ਉਸ ਅੰਦਰ ਬੇਇਨਸਾਫ਼ੀ ਦਾ ਸ਼ਿਕਾਰ ਹੋਈ ਧਿਰ ਲਈ **ਆਪਣੀ ਗੱਲ ਕਹਿਣ ਦੀ ਹਿੰਮਤ ਹੈ**। ਕਾਲਜ ਦੇ ਸਲਾਨਾ ਪੇਪਰਾਂ ਦੇ ਦੌਰਾਨ, ਜਦੋਂ ਇਕ ਦਿਨ ਬੱਸ ਵਿਚ ਲੇਖਕ ਦੇ ਦੋਸਤ ਜਮਾਤੀ ਮੁੰਡੇ ਨੇ, ਇਕ ਕੁੜੀ ਦੇ ਪੈਰ 'ਤੇ ਪੈਰ ਰੱਖਿਆ ਅਤੇ ਕੁੜੀ ਵੱਲੋਂ ਇਤਰਾਜ਼ ਕਰਨ 'ਤੇ, ਉਸ ਮੁੰਡੇ ਨੇ ਸਾਫ਼ ਇਨਕਾਰ ਕਰ ਦਿੱਤਾ। ਪਰ, ਬੱਸੋਂ ਉਤਰਦਿਆਂ ਹੀ ਉਸ ਦੇ ਦੋਸਤ ਦਾ ਇਹ ਕਹਿਣਾ ਕਿ :-

> "ਧਰਮ ਨਾ, ਹਲਕੀਆਂ ਬਿੱਲੀਆਂ ਅੱਖਾਂ, ਤੋਤੇ ਦੀ ਚੁੰਝ ਵਰਗਾ ਤਿੱਖਾ ਨੱਕ, ਗੋਰਾ ਚਿਹਰਾ, ਗੋਲ਼ ਠੋਡੀ ਤੇ ਖ਼ੂਬਸੂਰਤ ਦਿੱਖ ਵਾਲੀ, ਉਸ ਕੁੜੀ ਨੂੰ ਦੇਖਿਆਂ ਭੁੱਖ ਲਹਿੰਦੀ ਸੀ।"

(ਪੰਨਾ : 66)

ਇਹ ਬੋਲ, ਲੇਖਕ ਦੇ ਦਿਲ ਵਿਚ ਉਸ ਲੜਕੀ ਪ੍ਰਤਿ **ਹਮਦਰਦੀ ਦੇ ਭਾਵ** ਪੈਦਾ ਕਰਦੇ ਹਨ। ਆਪ ਸਮਾਜ ਅੰਦਰ ਅਨੇਕਾਂ ਬੇਇੱਜ਼ਤੀਆਂ ਨੂੰ ਬਰਦਾਸ਼ਤ ਕਰਨ ਕਾਰਨ, ਉਹ ਉਸ ਕੁੜੀ ਦੀ ਮਾਨਸਿਕ ਸਥਿਤੀ ਨੂੰ ਭਲੀ ਭਾਂਤ ਮਹਿਸੂਸ ਕਰ ਸਕਦਾ ਸੀ। ਆਪਣੇ ਇਸੇ ਅਹਿਸਾਸ ਨੂੰ ਸ਼ਬਦਾਂ ਵਿਚ ਬਿਆਨ ਕਰਦਾ, ਜੋੜਦਾ-ਤੋੜਦਾ,

ਲਿਖਦਾ-ਮਿਟਾਉਂਦਾ ਉਹ **ਕਵੀ ਬਣਨ ਦੇ ਸਫ਼ਰ 'ਤੇ ਪਹਿਲਾ ਕਦਮ ਰੱਖਦਾ ਹੈ**। ਪਰ, ਨਾਲ਼ ਹੀ ਉਸ ਦੇ ਮਨ ਵਿਚ, ਆਪਣੇ ਆਪ ਨੂੰ ਬਦਲਣ ਦੀ ਤਰਕੀਬ ਚੱਲਦੀ ਰਹਿੰਦੀ। ਕਿਉਂਕਿ, ਹੁਣ ਉਸ ਦੀ ਆਪਣੇ ਨਾਂ ਨਾਲ਼ ਨਫ਼ਰਤ, ਸਿਖ਼ਰਾਂ 'ਤੇ ਪਹੁੰਚ ਚੁੱਕੀ ਸੀ।

ਸੋ, ਬਲਬੀਰ ਮਾਧੋਪੁਰੀ ਦਾ, ਇਸ ਸਵੈ-ਜੀਵਨੀ ਅੰਸ਼ ਵਿਚੋਂ ਜੋ ਬਿੰਬ ਉੱਭਰਦਾ ਹੈ, ਉਹ ਇਕ **ਆਗਿਆਕਾਰੀ ਪੁੱਤਰ, ਪੜ੍ਹਾਈ ਲਿਖਾਈ ਪ੍ਰਤਿ ਚੇਤੰਨ, ਸਮਾਜਕ ਦਰਜ਼ੇਬੰਦੀ ਤੋਂ ਪੂਰੀ ਤਰ੍ਹਾਂ ਨਾਖ਼ੁਸ਼ ਅਤੇ ਪੀੜਤ ਬੇਇਨਸਾਫ਼ੀ ਧਿਰ ਦੇ ਹੱਕ ਦੀ ਗੱਲ ਕਰਨ ਵਾਲ਼ਾ ਹੈ**। ਜਿਸ ਧਿਰ ਦੀ ਪ੍ਰਤੀਨਿਧਤਾ ਕਰਨ ਦੇ ਬਾਵਜ਼ੂਦ ਉਹ **ਸਕਾਰਾਤਮਕ ਸੋਚ ਵਾਲ਼ਾ ਅਤੇ ਦੂਜਿਆਂ ਨੂੰ ਸੇਧ ਦੇਣ ਵਾਲ਼ਾ ਹੋ ਨਿਬੜਦਾ ਹੈ**।

## (iii) ਸ਼ੈਲੀਗਤ ਅਧਿਐਨ

ਇਕ ਹੋਰ ਗੱਲ, ਜਿਹੜੀ ਇਸ ਲਿਖਤ ਅਤੇ ਇਸ ਦੇ ਲੇਖਕ ਨੂੰ ਵਿਸ਼ੇਸ਼ ਬਣਾਉਂਦੀ ਹੈ, ਉਹ ਇਹ ਹੈ ਕਿ ਲੇਖਕ ਦੀ ਭਾਸ਼ਾ, ਬੜੀ ਸਿਰਜਣਸ਼ੀਲ ਹੈ। ਕੁੱਝ ਉਦਾਹਰਣਾਂ ਵੇਖੋ :-

0 ਸੋਚਾਂ ਲਦਿਆ ਵਿਚਾਰ
0 ਮਨ ਦਾ ਮੋਕਲਾ ਆਕਾਸ਼ ਪਲ ਵਿਚ ਸੁੰਗੜ ਗਿਆ
0 ਸਹੇ ਦੇ ਕੰਨਾਂ ਵਰਗੇ ਨੋਟ
0 ਅੰਦਰ ਹੀ ਅੰਦਰ ਭਿਆਨਕ ਹਾਦਸਾ ਵਾਪਰ ਕੇ ਰਹਿ ਜਾਂਦਾ
0 ਦਿਲ ਤੇ ਟੋਕਾ ਚਲਦਾ
0 ਮੇਰਾ ਮਨ ਭਾਈਏ ਬਾਰੇ ਸੋਚ ਲਾਟ ਵਾਂਗ ਕੰਬ ਜਾਂਦਾ
0 ਰੱਬ ਦੀ ਦਾਤ ਨੂੰ ਕੋਈ ਕਿੱਦਾਂ ਧੱਕੇ ਮਾਰੇ !
0 ਘਰ ਵਿਚ ਭੀੜ-ਨਿਰੀ ਸਿਰ ਪੀੜ
0 ਅਲਮਾਰੀਆਂ ਵਿਚ ਪਿਆ ਅਥਾਹ ਗਿਆਨ—ਮੇਰੇ ਲਹੂ ਵਿਚ ਰਚ-ਮਿਚ ਜਾਵੇ।
0 ਮੈਂ ਬੋਝ ਮੁਕਤ ਹੋ ਗਿਆ।
0 ਜਾਤ ਦਾ ਕਲੰਕ ਨਾ ਛਲਕਦਾ
0 ਹੀਣ-ਕਮੀਨ ਦੀ ਦੁਰਗੰਧ ਚੁਫ਼ੇਰੇ ਫੈਲਦੀ ਮਹਿਸੂਸ ਹੁੰਦੀ
0 ਮੇਰਾ ਮੂੰਹ ਬਿਤਲੇ ਵਤਾਊਂ ਵਰਗਾ ਹੋ ਜਾਂਦਾ।
0 ਉਦਾਸੀ ਦਾ ਹਲਕਾ ਜਿਹਾ ਪਹਿਰਾ
0 ਕਾਵਿ-ਬੀਜ ਮਨ ਵਿਚ ਅਚਨਚੇਤ ਫੁੱਟ ਪਿਆ
0 ਮਨ ਨੇ ਪੈਲ ਪਾਈ੍ਖੰਭ ਫੈਲਾਏ।

(ਪੰਨਾ : 61 ਤੋਂ 67)

## ਪ੍ਰਸ਼ਨਾਵਲੀ

**ਪ੍ਰਸ਼ਨ :** ਬਲਬੀਰ ਮਾਧੋਪੁਰੀ ਨੂੰ, ਆਪਣੇ ਨਾਂ ਨਾਲ਼ ਨਫ਼ਰਤ ਕਿਉਂ ਸੀ ?

**ਉੱਤਰ :** ਆਪਣੇ ਨਾਂ ਨਾਲ਼ ਨਫ਼ਰਤ ਦਾ ਕਾਰਨ, ਬਲਬੀਰ ਮਾਧੋਪੁਰੀ ਲਈ ਇਹ ਸੀ ਕਿ ਉਸ ਨੂੰ, ਆਪਣੇ ਨਾਂ ਦਾ

ਪਹਿਲਾ ਹਿੱਸਾ 'ਬਲਬੀਰ' ਦਾ ਭਾਵ-ਅਰਥ ਚੰਗਾ ਲੱਗਦਾ ਅਤੇ ਇਹ ਸਿੱਖੀ ਅਨੁਸਾਰ ਜਾਪਦਾ। ਪਿੱਛਲਾ ਹਿੱਸਾ 'ਚੰਦ', ਉਸ ਨੂੰ ਹਿੰਦੂ ਆਸਥਾ ਨਾਲ਼ ਜੁੜਿਆ ਮਹਿਸੂਸ ਹੁੰਦਾ। ਉਹੀ ਹਿੰਦੂ ਆਸਥਾ, ਜਿਸ ਨੇ ਹਾਸ਼ੀਅਗਤ ਲੋਕਾਂ ਨੂੰ, ਆਪਣੇ ਸ਼ਿਕੰਜੇ ਵਿਚ ਕੱਸਿਆ ਹੋਇਆ ਸੀ। ਜਿਸ ਵਿਚੋਂ ਹੀਣ-ਕਮੀਨ ਦੀ ਦੁਰਗੰਧ ਚੁਫ਼ੇਰੇ ਫ਼ੈਲਦੀ ਮਹਿਸੂਸ ਹੁੰਦੀ।

**ਪ੍ਰਸ਼ਨ :** ਦਲਿਤ ਜੀਵਨ ਨਾਲ਼ ਸਬੰਧਤ ਹੋਣ ਕਰਕੇ, ਮਾਧੋਪੁਰੀ ਨੂੰ ਕਿਹੜੀਆਂ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ?

**ਉੱਤਰ :** ਸਭ ਤੋਂ ਪਹਿਲਾਂ, ਜਦੋਂ ਖੇਤਾਂ ਵਿਚ ਕੰਮ ਕਰਨ ਗਿਆਂ ਨੂੰ, ਲੌਢੇ ਵੇਲ਼ੇ ਦੀ ਚਾਹ ਦਿੱਤੀ ਜਾਂਦੀ ਤਾਂ 'ਚਾਹ ਚੂਹੜੀ, ਚਾਹ ਚਮਿਆਰੀ' ਵਰਗੇ ਤਿੱਖੇ ਬੋਲ, ਉਸ ਨੂੰ ਸੁਣਨੇ ਪੈਂਦੇ। ਦੂਜਾ, ਜਦੋਂ ਤਾਈ ਤਾਰੋ ਛਾਹ ਵੇਲ਼ੇ ਭੱਤਾ ਲੈ ਕੇ ਆਈ ਨੇ, ਉਸ ਨੂੰ ਖੂਹ ਦੀ ਗਾਧੀ ਤੋਂ ਉਤਰਨ ਲਈ ਕਿਹਾ, ਕਿਉਂਕਿ ਉਸ ਦੇ ਤਾਏ ਨੇ ਪਾਣੀ ਪੀਣਾ ਸੀ। ਤੀਸਰਾ, ਲੇਖਕ ਦੀ ਮਾਂ ਅਤੇ ਦਾਦੀ ਸਣੇ ਬਰਸਾਤਾਂ ਵਿਚ, ਪਿੱਛਲੀ ਕੋਠੜੀ ਵਿਚ ਦਸ ਜੀਆਂ ਨੂੰ ਸੌਣਾ ਪੈਂਦਾ, ਜਿੱਥੇ ਅੰਤਾਂ ਦੀ ਹੁੰਮਸ, ਵੱਟ-ਘੁੱਟ ਅਤੇ ਪੰਜ-ਸੱਤ ਪਸ਼ੂ ਵੀ ਬੱਝੇ ਹੁੰਦੇ, ਇਕ ਭੀੜ ਜਿਹੀ ਹੁੰਦੀ।

**ਪ੍ਰਸ਼ਨ :** ਉਹ ਕਿਹੜੀ ਘਟਨਾ ਸੀ, ਜਿਸ ਨੇ, ਮਾਧੋਪੁਰੀ ਦੇ ਮਨ ਵਿਚ ਕਵਿਤਾ ਦੇ ਬੀਜ ਬੋਏ ?

**ਉੱਤਰ :** ਸਲਾਨਾ ਪੇਪਰਾਂ ਦੇ ਦੌਰਾਨ ਇਕ ਦਿਨ ਬੱਸ ਵਿਚ ਆਉਂਦਿਆਂ, ਉਸ ਦੇ ਦੋਸਤ ਨੇ ਜਦੋਂ ਜਾਣ-ਬੁੱਝ ਕੇ, ਕਿਸੇ ਕੁੜੀ ਦੇ ਪੈਰ 'ਤੇ ਪੈਰ ਰੱਖਿਆ ਸੀ। ਪਰ, ਉਸ ਦੇ ਪੁੱਛਣ 'ਤੇ, ਉਸ ਮੁੰਡੇ ਨੇ ਸਾਫ਼ ਮਨ੍ਹਾਂ ਕਰ ਦਿੱਤਾ। ਪਰ, ਬੱਸ ਤੋਂ ਉਤਰਨ 'ਤੇ ਆਪਣੀ ਗੱਲ ਮੰਨੀ ਵੀ। ਤਾਂ ਲੇਖਕ ਨੇ, ਆਪਣੀ ਪਹਿਲੀ ਸਿਰਜੀ ਕਵਿਤਾ ਵਿਚ, ਉਸ ਕੁੜੀ ਦਾ ਪੱਖ ਪੂਰਿਆ। ਇਸੇ ਘਟਨਾ ਨੇ, ਉਸ ਦੇ ਮਨ ਵਿਚ ਕਵਿਤਾ ਦੇ ਬੀਜ ਬੋ ਦਿੱਤੇ ਸਨ।

**—0—**

# ਸੰਖੇਪ ਜੀਵਨਗਤ ਵੇਰਵੇ

ਪਿਆਰੇ ਵਿਦਿਆਰਥੀਉ !

ਹੁਣ ਤੱਕ ਅਸੀਂ ਪਾਠ-ਪੁਸਤਕ 'ਸਵੈ-ਜੀਵਨੀ ਅੰਸ਼' ਵਿਚਲੇ 10 ਲੇਖਕਾਂ ਦੇ ਸਵੈ-ਜੀਵਨੀ ਅੰਸ਼ਾਂ ਦਾ ਪਾਠਗਤ ਅਧਿਐਨ ਅਤੇ ਉਹਨਾਂ ਵਿਚ ਪੇਸ਼ ਹੋਈ ਲੇਖਕਾਂ ਦੀ ਵਾਰਤਕ-ਸ਼ੈਲੀ ਦਾ ਅਧਿਐਨ-ਵਿਸ਼ਲੇਸ਼ਣ ਵੀ ਕਰ ਲਿਆ ਹੈ। ਪਾਠਾਂ ਵਿਚੋਂ ਉੱਭਰਣ ਵਾਲ਼ੇ ਲੇਖਕ-ਬਿੰਬਾਂ ਦੀ ਚਰਚਾ ਵੀ ਹੋ ਚੁੱਕੀ ਹੈ। ਪਰ ਕਿਉਂਕਿ, ਇਹ ਸਾਰਾ ਕੁੱਝ, ਅੰਸ਼ ਮਾਤਰ ਹੀ ਹੈ, ਇਸ ਲਈ ਅਸੀਂ, ਪਾਠ-ਪੁਸਤਕ ਦੇ ਅੰਤ ਉਪਰ ਦਿੱਤੀ ਅੰਤਿਕਾ : 1 ਵਿਚਲੇ ਲੇਖਕਾਂ ਦੇ ਜੀਵਨਗਤ ਵੇਰਵੇ ਵੀ, ਜਿਉਂ ਦੇ ਤਿਉਂ ਦਰਜ਼ ਕਰ ਰਹੇ ਹਾਂ। ਤਾਂ ਜੋ, ਤੁਸੀਂ ਲੇਖਕਾਂ ਦੇ ਸੰਖੇਪ ਜੀਵਨ-ਵੇਰਵਿਆਂ ਨੂੰ ਵੀ ਜਾਣ ਸਕੋ ਅਤੇ ਉਹਨਾਂ ਨੂੰ ਪਾਠ ਨਾਲ਼ ਜੋੜ ਕੇ, ਅੰਤਰ-ਸੰਬੰਧਤ ਵੀ ਕਰ ਸਕੋ। ਇਸ ਪਾਠ ਪੁਸਤਕ ਦੇ ਸੰਪਾਦਕ ਡਾ. ਮਨਜੀਤ ਸਿੰਘ ਨੇ, ਇਹ ਸਾਰੇ ਵੇਰਵੇ, ਬੜੀ ਮਿਹਨਤ ਤੇ ਲਗਨ ਨਾਲ਼ ਇਕੱਠੇ ਕੀਤੇ ਹਨ। ਡਾ. ਸਾਹਿਬ ਨੇ ਇਹਨਾਂ ਲੇਖਕਾਂ ਅਤੇ ਉਹਨਾਂ ਦੇ ਰਚਨਾ-ਸੰਸਾਰ ਅਤੇ ਹੋਰ ਪ੍ਰਾਪਤੀਆਂ ਬਾਰੇ ਵੇਰਵੇ ਵੀ ਦਿੱਤੇ ਹਨ। ਸੰਪਾਦਕ ਨੇ ਪਾਠ-ਪੁਸਤਕ ਵਿਚ ਸ਼ਾਮਿਲ ਪਾਠਾਂ ਦੇ ਸੰਖੇਪ ਸਾਰ ਵੀ ਦਿੱਤੇ ਹਨ। ਇਹ ਸਾਰੀ ਸਾਮੱਗਰੀ, ਤੁਹਾਡੀ ਪਾਠ-ਪੁਸਤਕ ਦੀ ਅੰਤਿਕਾ-1 ਅਤੇ ਅੰਤਿਕਾ-2 ਵਿਚ ਦਿੱਤੀ ਗਈ ਹੈ; ਵਿਦਿਆਰਥੀਆਂ ਲਈ ਇਮਤਿਹਾਨਾਂ ਵਿਚ ਕੰਮ ਆਉਣ ਵਾਲ਼ੀ ਵੱਡਮੁਲੀ ਵਸਤੂ ਹੈ। ਇਹ ਸਾਰਾ ਮੈਟਰ ਪੜ੍ਹ ਕੇ, ਤੁਹਾਡਾ ਦਿਲ ਕਰੇਗਾ ਕਿ ਤੁਸੀਂ ਇਹਨਾਂ ਚਰਚਿਤ ਲੇਖਕਾਂ ਅਤੇ ਉਹਨਾਂ

ਦੀਆਂ ਪੁਸਤਕਾਂ ਬਾਰੇ, ਹੋਰ ਵੀ ਜਾਣਕਾਰੀ ਪ੍ਰਾਪਤ ਕਰੋ। ਇਸ ਤਰ੍ਹਾਂ ਕਰ ਕੇ ਹੀ ਤੁਸੀਂ, ਸੰਬੰਧਤ ਵਿਸ਼ੇ ਵਿਚ ਮੁਹਾਰਤ ਹਾਸਿਲ ਕਰ ਸਕਦੇ ਹੋ। ਇਸੇ ਆਸ ਨਾਲ਼ ਅਸੀਂ, ਸੰਬੰਧਤ ਲੇਖਕਾਂ ਦੇ ਜੀਵਨਗਤ-ਵੇਰਵੇ, ਤੁਹਾਡੇ ਨਾਲ਼ ਸਾਂਝੇ ਕਰ ਰਹੇ ਹਾਂ। ਉਮੀਦ ਕਰਦੇ ਹਾਂ ਕਿ ਵਧੇਰੇ ਚੇਤੰਨ ਅਤੇ ਲਾਇਕ ਵਿਦਿਆਰਥੀ, ਇਸ ਤੋਂ ਲਾਭ ਉਠਾ ਸਕਣਗੇ। ਅਸੀਂ ਇਕ ਵਾਰ ਫਿਰ ਸੰਪਾਦਕ ਦੇ ਧੰਨਵਾਦੀ ਹਾਂ ਅਤੇ ਵਿਦਿਆਰਥੀਆਂ ਨੂੰ ਇਹ ਗੱਲ, ਰੇਖਾਂਕਿਤ ਕਰ ਕੇ ਕਹਿ ਰਹੇ ਹਾਂ ਕਿ ਉਹ ਲੇਖਕਾਂ ਦੇ ਜੀਵਨ-ਵੇਰਵੇ ਵੀ ਧਿਆਨ ਨਾਲ਼ ਪੜ੍ਹਨ ਅਤੇ ਇਹਨਾਂ ਨੂੰ ਇਮਤਿਹਾਨ ਦੀ ਤਿਆਰੀ ਲਈ, ਯਾਦ ਵੀ ਕਰਨ, ਤਾਂ ਜੋ ਤੁਸੀਂ ਪਾਠਾਂ ਨੂੰ ਵਧੇਰੇ ਸਮਝਦਾਰੀ ਨਾਲ਼, ਆਪਣੇ ਨੋਟਸ ਬਣਾਉਂਦਿਆਂ ਵਰਤ ਸਕੋ।

## 1. ਜੀਵਨਵਤ ਵੇਰਵਾ : ਨਾਨਕ ਸਿੰਘ

"ਨਾਨਕ ਸਿੰਘ, ਪੰਜਾਬੀ-ਸਾਹਿਤ ਜਗਤ ਦੇ ਇਕ ਅਜਿਹੇ ਨਾਵਲਕਾਰ ਹਨ, ਜਿਨ੍ਹਾਂ ਦੇ ਪ੍ਰਵੇਸ਼ ਨਾਲ਼, ਪੰਜਾਬੀ ਦੇ ਨਾਵਲੀ-ਜਗਤ ਵਿਚ ਇਕ ਨਵੇਂ ਯੁੱਗ ਦਾ ਆਰੰਭ ਹੁੰਦਾ ਹੈ। ਆਪ ਦਾ ਜਨਮ ਪਿੰਡ ਹਮੀਦ, ਤਹਿਸੀਲ ਦਾਦਨ ਖ਼ਾਂ, ਜ਼ਿਲ੍ਹਾ ਜਿਹਲਮ (ਪਾਕਿਸਤਾਨ) ਵਿਖੇ, ਸ੍ਰੀ ਬਹਾਦਰ ਚੰਦ ਦੇ ਘਰ **4 ਜੁਲਾਈ 1897 ਈ.** ਵਿਚ ਹੋਇਆ। ਅਜੇ ਆਪ ਛੋਟੀ ਉਮਰ ਦੇ ਬਾਲ ਹੀ ਸਨ ਕਿ ਆਪ ਦੇ ਪਿਤਾ ਜੀ, ਅਕਾਲ ਚਲਾਣਾ ਕਰ ਗਏ। ਇਸ ਕਾਰਨ, ਆਪ ਨੂੰ ਪੰਜਵੀਂ ਜਮਾਤ ਵਿਚ ਹੀ ਆਪਣੀ ਪੜ੍ਹਾਈ ਛੱਡਣੀ ਪਈ। ਆਪ ਦੇ ਜੀਵਨ ਉੱਤੇ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਪਿਸ਼ਾਵਰ ਦੇ ਗ੍ਰੰਥੀ, ਗਿਆਨੀ ਬਾਗ ਸਿੰਘ ਜੀ ਦਾ ਡੂੰਘਾ ਪ੍ਰਭਾਵ ਪਿਆ। ਗਿਆਨੀ ਜੀ ਦੀ ਸੰਗਤ ਨੇ, ਆਪ ਦੀਆਂ ਭੈੜੀਆਂ ਆਦਤਾਂ ਛੁਡਾ ਕੇ, ਆਪ ਜੀ ਦੇ ਅੰਦਰ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ। ਗਿਆਨੀ ਜੀ ਦੀ ਪ੍ਰੇਰਨਾ ਸਦਕਾ ਹੀ ਆਪ ਨੇ, ਸੰਨ 1922 ਵਿਚ 'ਗੁਰੂ ਕੇ ਬਾਗ' ਦੇ ਮੋਰਚੇ ਵਿਚ ਗ੍ਰਿਫ਼ਤਾਰੀ ਦਿੱਤੀ। ਜੇਲ੍ਹ ਵਿਚ ਆਪ ਨੂੰ, ਮੁਨਸ਼ੀ ਪ੍ਰੇਮ ਚੰਦ ਦੇ ਨਾਵਲਾਂ ਨੂੰ ਪੜ੍ਹਣ ਦਾ ਮੌਕਾ ਮਿਲਿਆ ਅਤੇ ਆਪ ਦੇ ਅੰਦਰ ਵੀ ਨਾਵਲ ਲਿਖਣ ਦੀ ਪ੍ਰੇਰਨਾ ਜਾਗਰਤ ਹੋਈ। ਇੱਥੇ ਹੀ ਆਪ ਨੇ, ਆਪਣੇ ਮੁੱਢਲੇ ਨਾਵਲ 'ਅੱਧ-ਖਿੜੀ ਕਲੀ' ਨਾਵਲ ਲਿਖਿਆ, ਜੋ ਪੁਲਿਸ ਵੱਲੋਂ ਜ਼ਬਤ ਕਰ ਲਿਆ ਗਿਆ। ਮਗਰੋਂ, ਇਹੀ ਨਾਵਲ ਆਪ ਨੇ 'ਅੱਧ-ਖਿੜਿਆ ਫੁੱਲ' ਨਾਂ ਹੇਠ ਪ੍ਰਕਾਸ਼ਤ ਕਰਵਾਇਆ ਗਿਆ। ਜੇਲ੍ਹ ਤੋਂ ਰਿਹਾ ਹੋ ਕੇ ਆਪ ਨੇ, ਆਪਣਾ ਪਹਿਲਾ ਮੌਲਿਕ ਨਾਵਲ 'ਮਤਰੇਈ ਮਾਂ' ਪ੍ਰਕਾਸ਼ਤ ਕਰਵਾਇਆ। ਆਪਣੇ ਨਾਵਲਾਂ ਨੂੰ ਜਨ-ਸਾਧਾਰਨ ਤੀਕ ਪਹੁੰਚਾਉਣ ਲਈ, ਉਨ੍ਹਾਂ ਨੇ ਇਸ ਨੂੰ ਧਾਰਮਕ ਘੇਰੇ 'ਚੋਂ ਕੱਢ ਕੇ, ਯਥਾਰਥਵਾਦੀ ਰੂਪ ਦਿੱਤਾ। ਆਪਣੇ ਨਾਵਲੀ-ਜਗਤ ਨੂੰ ਨਾਨਕ ਸਿੰਘ ਨੇ, ਸ਼ਹਿਰੀ ਮੱਧਵਰਗ ਤੇ ਹੇਠਲੇ ਵਰਗ ਦੀ ਪੇਸ਼ਕਾਰੀ ਰਾਹੀਂ ਵਿਕਸਤ ਕੀਤਾ। ਸੋ, ਜ਼ਾਹਿਰ ਹੈ ਕਿ ਉਨ੍ਹਾਂ ਨੇ, ਪੰਜਾਬੀ ਨਾਵਲ ਨੂੰ, ਅਧਿਆਤਮਵਾਦ ਨਾਲੋਂ ਤੋੜ ਕੇ, ਧਰਤੀ ਨਾਲ਼ ਜੋੜਿਆ। ਆਪ ਨੇ ਤਕਰੀਬਨ ਚਾਰ ਦਰਜਨ ਨਾਵਲਾਂ ਨਾਲ਼, ਪੰਜਾਬੀ-ਸਾਹਿਤ ਜਗਤ ਦਾ ਖੇਤਰ ਵਿਸ਼ਾਲ ਕੀਤਾ। ਨਾਵਲ ਤੋਂ ਇਲਾਵਾ, ਆਪ ਦੀਆਂ ਕਹਾਣੀਆਂ ਆਧੁਨਿਕ ਕਹਾਣੀ-ਕਲਾ ਦੀਆਂ ਖ਼ੂਬਸੂਰਤ ਮਿਸਾਲਾਂ ਹਨ। ਪੰਜਾਬੀ ਵਾਰਤਕ ਦੇ ਖੇਤਰ ਵਿਚ ਆਪ ਦੀ ਸਵੈ-ਜੀਵਨੀ 'ਮੇਰੀ ਦੁਨੀਆਂ' ਵੀ, ਖ਼ਾਸ ਮਹੱਤਵ ਰੱਖਣ ਵਾਲ਼ੀ ਰਚਨਾ ਹੈ। **26 ਦਸੰਬਰ ਸੰਨ 1971** ਨੂੰ ਆਪ ਨੇ, ਇਸ ਸ਼ਰੀਰ ਰੂਪੀ ਚੋਲੇ ਨੂੰ ਤਿਆਗ ਦਿੱਤਾ।"

## 2. ਜੀਵਨਗਤ ਵੇਰਵਾ : ਪ੍ਰਿੰ. ਤੇਜਾ ਸਿੰਘ

"ਪੰਜਾਬੀ ਬੋਲੀ, ਗੱਦ ਅਤੇ ਸਿੱਖ ਧਰਮ ਦੇ ਉੱਘੇ ਵਿਦਵਾਨ, ਪ੍ਰਿੰ. ਤੇਜਾ ਸਿੰਘ ਦਾ ਜਨਮ **2 ਜੂਨ, ਸੰਨ 1894** ਵਿਚ ਰਾਵਲਪਿੰਡੀ ਦੇ ਪਿੰਡ ਅਡਿਆਲੇ ਵਿਖੇ, ਸ. ਭਲਾਕਰ ਸਿੰਘ ਦੇ ਘਰ ਹੋਇਆ। ਸੰਨ 1908 ਵਿਚ ਆਪ ਨੇ, ਹਾਈ ਸਕੂਲ ਦੀ ਪੜ੍ਹਾਈ ਪ੍ਰਾਪਤ ਕਰਨ ਲਈ, ਖ਼ਾਲਸਾ ਕਾਲਜ ਵਿਚ ਦਾਖ਼ਲਾ ਲਿਆ। ਦਸਵੀਂ ਜਮਾਤ, ਆਪ ਨੇ ਵਜ਼ੀਫ਼ੇ ਨਾਲ਼ ਪਾਸ ਕੀਤੀ ਅਤੇ ਅੱਗੇ ਪੜ੍ਹਨ ਦੇ ਆਸ਼ੇ ਤੋਂ ਰਾਵਲਪਿੰਡੀ ਦੇ ਗਾਰਡਨ ਕਾਲਜ ਵਿਚ ਦਾਖ਼ਲਾ ਲਿਆ। ਇੱਥੋਂ ਆਪ ਨੇ 1914 ਈ. ਵਿਚ ਬੀ.ਏ. ਅਤੇ ਫਿਰ 1916 ਵਿਚ ਐਮ.ਏ. ਦੀ ਡਿਗਰੀ ਹਾਸਿਲ ਕੀਤੀ। ਪੜ੍ਹਾਈ ਖ਼ਤਮ ਕਰਨ ਬਾਅਦ ਆਪ ਨੇ, ਪ੍ਰੋਫ਼ੈਸਰੀ ਨੂੰ ਕਿੱਤੇ ਵਜੋਂ ਅਪਣਾਇਆ ਅਤੇ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਖੇ **ਅੰਗਰੇਜ਼ੀ, ਇਤਿਹਾਸ** ਅਤੇ **ਧਰਮ** ਸੰਬੰਧੀ ਵਿਸ਼ੇ ਨੂੰ ਪੜ੍ਹਾਉਣ ਲੱਗ ਪਏ। ਸਮਕਾਲੀ ਲਹਿਰਾਂ ਵਿਚ ਆਪ ਨੇ, ਪੂਰੀ ਸ਼ਿੱਦਤ ਨਾਲ਼

ਹਿੱਸਾ ਲਿਆ ਅਤੇ **ਗੁਰਦੁਆਰਾ ਸੁਧਾਰ ਲਹਿਰ** ਵਿਚ ਡੂੰਘਾ ਯੋਗਦਾਨ ਪਾਇਆ। ਇਕ ਲੰਮਾ ਸਮਾਂ ਆਪ ਨੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵਜੋਂ ਕਾਰਜਕਾਰ ਸੰਭਾਲਿਆ ਅਤੇ ਅਕਾਲੀ ਮੋਰਚਿਆਂ ਲਈ ਯੋਗ ਅਗਵਾਈ ਵੀ ਕੀਤੀ। ਇਸ ਕਾਰਨ ਆਪ ਨੂੰ, ਇਕ ਸਾਲ ਦੀ ਜੇਲ੍ਹ ਵੀ ਕੱਟਣੀ ਪਈ। ਸੰਨ 1945 ਵਿਚ ਆਪ ਨੇ **ਖ਼ਾਲਸਾ ਕਾਲਜ ਮੁੰਬਈ ਦੇ ਪ੍ਰਿੰਸੀਪਲ** ਦਾ ਪਦ ਸੰਭਾਲਿਆ ਅਤੇ ਆਪਣੀ ਕਾਬਲੀਅਤ ਸਦਕਾ, ਘਾਟੇ ਵਿਚ ਚਲ ਰਹੇ ਕਾਲਜ ਦੀ ਕਾਇਆ ਕਲਪ ਕਰ ਦਿੱਤੀ। ਸੰਨ 1948 ਵਿਚ ਆਪ ਨੂੰ, **ਪੰਜਾਬੀ ਯੂਨੀਵਰਸਿਟੀ ਦੇ ਪਬਲੀਕੇਸ਼ਨ ਬਿਊਰੋ** ਦਾ ਮੋਢੀ ਸਕੱਤਰ ਨਿਯੁਕਤ ਕੀਤਾ ਗਿਆ। ਲਗਭਗ ਸੰਨ 1948 ਤੋਂ ਲੈ ਕੇ, ਸੰਨ 1952 ਤੱਕ ਆਪ **ਮਹਿੰਦਰਾ ਕਾਲਜ, ਪਟਿਆਲਾ ਵਿਚ ਬਤੌਰ ਪ੍ਰਿੰਸੀਪਲ** ਲੱਗੇ ਰਹੇ ਅਤੇ ਨਾਲ਼ ਹੀ ਆਪ ਨੇ, ਪੈਪਸੂ ਸਰਕਾਰ ਦੇ ਪੰਜਾਬੀ ਵਿਭਾਗ ਦੇ ਪਹਿਲੇ ਡਾਇਰੈਕਟਰ ਹੋਣ ਦਾ ਮਾਣ ਵੀ ਪ੍ਰਾਪਤ ਕੀਤਾ। ਪ੍ਰਿੰ. ਤੇਜਾ ਸਿੰਘ ਨੇ ਵਾਰਤਕ, ਟੀਕਾਕਾਰੀ ਅਤੇ ਖੋਜ ਦੇ ਖੇਤਰ ਵਿਚ ਨਵੀਂ ਪਿਰਤ ਪਾਈ ਅਤੇ ਇਸ ਨੂੰ ਵਿਗਿਆਨਕ ਰੰਗ ਦਿੱਤਾ। ਇਕ ਲੰਮਾ ਸਮਾਂ ਆਪ ਨੇ, ਆਪਣੀਆਂ ਕਿਰਤਾਂ ਰਾਹੀਂ ਪੰਜਾਬੀ ਸਾਹਿਤ, ਸਭਿਆਚਾਰ ਅਤੇ ਸਮਾਜਕ ਹਲਕਿਆਂ ਨੂੰ ਪ੍ਰਭਾਵਿਤ ਕੀਤਾ। ਆਪ ਦੀ ਸਵੈ-ਜੀਵਨੀ 'ਆਰਸੀ', ਪੰਜਾਬੀ ਦੀਆਂ ਸ੍ਰੇਸ਼ਠ ਸਵੈ-ਜੀਵਨੀਆਂ ਵਿਚੋਂ ਇਕ ਹੈ। ਆਪ ਦੀਆਂ ਸੇਵਾਵਾਂ ਸਦਕਾ ਆਪ ਨੂੰ ਵੱਖ ਵੱਖ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਗਿਆ। ਭਾਸ਼ਾ ਵਿਭਾਗ, ਪਟਿਆਲਾ ਨੇ ਆਪ ਨੂੰ, ਅਭਿਨੰਦਨ ਗ੍ਰੰਥ ਭੇਂਟ ਕੀਤਾ ਅਤੇ ਸੰਨ 1956 ਦੇ ਦੌਰਾਨ ਪੰਜਾਬ ਸਰਕਾਰ ਵੱਲੋਂ ਆਪ ਨੂੰ, 'ਸ਼੍ਰੋਮਣੀ ਸਾਹਿਤਕਾਰ' ਦਾ ਦਰਜ਼ਾ ਦਿੱਤਾ ਗਿਆ। **10 ਜਨਵਰੀ 1958** ਨੂੰ ਆਪ ਇਸ ਭੌਤਿਕ ਸੰਸਾਰ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਗਏ।"

## 3. ਜੀਵਨਗਤ ਵੇਰਵਾ : ਗੁਰਬਖ਼ਸ਼ ਸਿੰਘ ਪ੍ਰੀਤਲੜੀ

"ਪੰਜਾਬੀ-ਵਾਰਤਕ ਵਿਚ ਤਾਜ਼ਗੀ ਅਤੇ ਸਹਿਜ **ਪ੍ਰੀਤ ਦਾ ਫ਼ਲਸਫ਼ਾ** ਭਰਨ ਵਾਲ਼ੇ ਸਾਹਿਤਕਾਰ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਦਾ ਜਨਮ **20 ਅਪ੍ਰੈਲ 1895 ਈ.** ਨੂੰ ਸਿਆਲਕੋਟ ਵਿਖੇ, ਸ. ਪਸ਼ੋਰਾ ਸਿੰਘ ਦੇ ਘਰ ਹੋਇਆ। ਆਪ ਨੇ ਦਸਵੀਂ ਜਮਾਤ ਤੱਕ ਦੀ ਸਿੱਖਿਆ, ਇੱਥੇ ਪਿੰਡ ਵਿਚੋਂ ਹੀ ਪ੍ਰਾਪਤ ਕੀਤੀ ਅਤੇ ਅਗੇਰੇ ਪੜ੍ਹਣ ਲਈ ਐੱਫ.ਸੀ. ਕਾਲਜ, ਲਾਹੌਰ ਵਿਚ ਦਾਖ਼ਲਾ ਲੈ ਲਿਆ। ਸੰਨ 1917 ਵਿਚ ਇੰਜਨੀਅਰਿੰਗ ਕਾਲਜ, ਰੁੜਕੀ ਤੋਂ ਓਵਰਸੀਅਰੀ ਪਾਸ ਕਰਨ ਤੋਂ ਬਾਅਦ, ਆਪ ਨੇ **ਅਮਰੀਕਾ ਦੀ ਮਿਸ਼ੀਗਨ ਯੂਨੀਵਰਸਿਟੀ ਤੋਂ ਸਿਵਲ ਇੰਜੀਨੀਅਰਿੰਗ ਦੀ ਡਿਗਰੀ** ਪ੍ਰਾਪਤ ਕੀਤੀ। ਕੁੱਝ ਸਾਲ ਆਪ, ਭਾਰਤੀ ਰੇਲਵੇ ਦੇ ਵਿਭਾਗ ਵਿਚ, ਬਤੌਰ ਇੰਜੀਨੀਅਰ ਲੱਗੇ ਰਹੇ। ਸੰਨ 1933 ਵਿਚ ਆਪ ਨੇ **'ਪ੍ਰੀਤਲੜੀ' ਨਾਂ ਦਾ ਮਾਸਿਕ ਪੱਤਰ** ਜਾਰੀ ਕੀਤਾ, ਜੋ ਮਗਰੋਂ ਜਾ ਕੇ, ਆਪ ਦੀ ਪਹਿਚਾਣ ਬਣ ਗਿਆ। ਅੰਮ੍ਰਿਤਸਰ ਦੀ ਧਰਤੀ 'ਤੇ ਆਪ ਨੇ **ਪ੍ਰੀਤ ਨਗਰ ਵਸਾਇਆ** ਅਤੇ ਜ਼ਿੰਦਗੀ ਦੇ ਆਖ਼ਰੀ ਸਾਹਾਂ ਤੱਕ ਇੱਥੇ ਹੀ ਰਹੇ। ਆਪ ਨੇ **ਪੰਜਾਬੀ-ਵਾਰਤਕ** ਨੂੰ ਲਿਸ਼ਕਾ ਪੁਸ਼ਕਾ ਕੇ, ਉਸ ਨੂੰ ਰੰਗੀਨਤਾ ਪ੍ਰਦਾਨ ਕੀਤੀ। ਆਪ ਨੇ, ਇਕ ਸੂਝਵਾਨ ਲੇਖਕ ਵਾਂਗ ਅਜਿਹਾ ਆਦਰਸ਼ਕ ਭਾਈਚਾਰਾ ਸਥਾਪਤ ਕਰਨ ਦਾ ਸੁਫ਼ਨਾ ਦੇਖਿਆ ਜਿਸ ਵਿਚ ਸਭ ਦੀ ਜ਼ਿੰਦਗੀ, ਪਿਆਰ ਅਤੇ ਸੁੱਖ ਨਾਲ਼ ਭਰੀ ਹੋਵੇ। ਆਪ ਦੀਆਂ ਲਿਖਤਾਂ ਵਿਚ, ਖ਼ਾਸ ਤੌਰ 'ਤੇ, ਇਕ ਸਿਧਾਂਤ ਪੇਸ਼ ਕੀਤਾ ਗਿਆ ਕਿ **'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ'। ਆਪ ਦੀ ਸਵੈ-ਜੀਵਨੀ ਤਿੰਨ ਭਾਗਾਂ ਵਿਚ ਪ੍ਰਾਪਤ ਹੁੰਦੀ ਹੈ : "ਮੇਰੀ ਜੀਵਨ ਕਹਾਣੀ (1959), 'ਮੰਜ਼ਿਲ ਦਿਸ ਪਈ' (1964), 'ਮੇਰੀ ਜੀਵਨ ਕਹਾਣੀ' ਜੋ 1978 ਵਿਚ ਆਪ ਦੇ ਅਕਾਲ ਚਲਾਣੇ ਮਗਰੋਂ ਪ੍ਰਕਾਸ਼ਤ ਹੋਈ।** ਸਵੈ-ਜੀਵਨੀ ਵਿਚ ਆਪ ਨੇ, ਬਿਨਾਂ ਕਿਸੇ ਸੰਗ-ਸੰਕੋਚ ਦੇ, ਆਪਣੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਨੂੰ ਬਿਅਨਿਆ। 20 ਅਗਸਤ, 1977 ਨੂੰ ਆਪ ਚਲਾਣਾ ਕਰ ਗਏ।"

## 4. ਜੀਵਨਗਤ ਵੇਰਵਾ : ਕਰਤਾਰ ਸਿੰਘ ਦੁੱਗਲ

"ਕਰਤਾਰ ਸਿੰਘ ਦੁੱਗਲ, ਪੰਜਾਬੀ-ਸਾਹਿਤ ਦੇ ਖੇਤਰ ਵਿਚ, ਅਜਿਹੀ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਹੈ, ਜਿਸ ਨੇ ਸਾਹਿਤ ਦੇ ਲਗਭਗ ਹਰ ਰੂਪ ਵਿਚ, ਆਪਣੇ ਵਿਲੱਖਣ ਹਸਤਾਖ਼ਰ ਅੰਕਿਤ ਕੀਤੇ। ਦੁੱਗਲ ਦਾ ਜਨਮ, ਬਾਬਾ ਜੀਵਨ ਸਿੰਘ ਦੇ ਘਰ, **1 ਮਾਰਚ ਸੰਨ 1917 ਨੂੰ ਪਿੰਡ ਧਮਿਆਲ, ਜ਼ਿਲ੍ਹਾ ਰਾਵਲਪਿੰਡੀ** ਵਿਖੇ ਹੋਇਆ। ਆਪ ਨੇ ਆਪਣੀ

ਮੁੱਢਲੀ ਵਿਦਿਆ, ਇਸੇ ਪਿੰਡ ਤੋਂ ਹੀ ਪ੍ਰਾਪਤ ਕੀਤੀ ਅਤੇ ਨਿੱਕੀ ਉਮਰੇ ਹੀ ਕਹਾਣੀਆਂ ਲਿਖਣ ਦਾ ਸ਼ੌਂਕ ਪਾਲ ਲਿਆ। ਬੀ.ਏ. ਆਪ ਨੇ ਗਾਰਡਨ ਕਾਲਜ, ਰਾਵਲਪਿੰਡੀ ਤੋਂ ਪਾਸ ਕੀਤੀ ਅਤੇ ਕਾਲਜ ਦੇ ਮੈਗਜ਼ਿਨ ਲਈ ਕਹਾਣੀਆਂ ਲਿਖਦੇ ਰਹੇ। ਇਸ ਤੋਂ ਬਾਅਦ ਆਪ ਨੇ, ਸੰਨ 1940 ਵਿਚ ਐੱਫ.ਸੀ. ਕਾਲਜ, ਲਾਹੌਰ ਤੋਂ **ਐੱਮ.ਏ. (ਅੰਗਰੇਜ਼ੀ)** ਦਾ ਇਮਤਿਹਾਨ ਪਾਸ ਕੀਤਾ ਅਤੇ ਆਪ ਨੂੰ ਆਲ ਇੰਡੀਆ ਰੇਡੀਉ ਦੀ ਨੌਕਰੀ ਲਈ ਚੁਣ ਲਿਆ ਗਿਆ। ਇੱਥੋਂ ਆਪ **ਡਾਇਰੈਕਟਰ** ਦੇ ਅਹੁਦੇ ਤੋਂ ਸੇਵਾ-ਮੁਕਤ (ਰਿਟਾਇਰ) ਹੋਏ। ਇਸ ਤੋਂ ਬਾਅਦ ਆਪ ਨੇ **ਨੈਸ਼ਨਲ ਬੁੱਕ ਟਰੱਸਟ ਦੇ ਡਾਇਰੈਕਟਰ** ਅਤੇ ਪਲੈਨਿੰਗ ਕਮਿਸ਼ਨ ਵਿਚ **'ਐਡਵਾਈਜ਼ਰ ਇਨਫਾਰਮੇਸ਼ਨ'** ਦੇ ਤੌਰ 'ਤੇ ਵੀ ਕੰਮ ਕੀਤਾ। ਦੁੱਗਲ ਨੇ ਭਾਵੇਂ, ਸਾਹਿਤ ਦੇ ਲਗਭਗ ਹਰ ਰੂਪਾਂ ਉੱਤੇ ਹੱਥ ਅਜ਼ਮਾਈ ਕੀਤੀ। ਪਰੰਤੂ, ਕਹਾਣੀ-ਸਿਰਜਣਾ, ਆਪ ਦਾ ਮਨ-ਭਾਉਂਦਾ ਖ਼ੇਤਰ ਰਿਹਾ। ਪੰਜਾਬੀ ਵਿਚ ਸ਼ਾਇਦ ਹੀ ਆਪ ਤੋਂ ਵੱਧ ਕਹਾਣੀਆਂ, ਕਿਸੇ ਹੋਰ ਕਹਾਣੀਕਾਰ ਨੇ ਲਿਖੀਆਂ ਹੋਣ। ਆਪ ਨੇ ਰਚਨਾਤਮਕ-ਕਾਰਜਾਂ ਦਾ ਸਫ਼ਰ, 'ਸਵੇਰ ਸਾਰ' ਕਹਾਣੀ-ਸੰਗ੍ਰਹਿ ਤੋਂ ਸ਼ੁਰੂ ਹੋਇਆ, ਜੋ ਜੀਵਨ ਦੇ ਅੰਤਿਮ ਸਮੇਂ ਤੀਕ, ਨਿਰੰਤਰ ਜਾਰੀ ਹੈ। ਆਪ ਨੇ, ਵੀਹ ਦੇ ਕਰੀਬ ਕਹਾਣੀ-ਸੰਗ੍ਰਹਿਆਂ ਨਾਲ਼, ਪੰਜਾਬੀ ਸਾਹਿਤ ਦਾ ਖ਼ੇਤਰ ਵਿਸ਼ਾਲ ਕੀਤਾ ਹੈ। ਪੰਜਾਬੀ ਕਹਾਣੀ ਵਿਚ ਆਪ ਨੇ, ਨਵੀਆਂ ਲੀਹਾਂ ਪਾਈਆਂ ਅਤੇ ਇਸ ਨੂੰ ਉਸਾਰਣ ਦਾ ਕਾਰਜ ਕੀਤਾ। ਕਹਾਣੀਆਂ ਤੋਂ ਇਲਾਵਾ ਆਪ ਨੇ, ਦਸ ਦੇ ਕਰੀਬ ਨਾਵਲ, ਕਵਿਤਾ ਦੀਆਂ ਦੋ ਸੈਂਚੀਆਂ, ਛੇ ਨਾਟਕ ਅਤੇ ਪੰਜਾਹ ਦੇ ਕਰੀਬ ਇਕਾਂਗੀ ਨਾਟਕਾਂ ਦੀ ਰਚਨਾ ਕੀਤੀ। ਆਪ ਦੀ ਵੱਡ ਆਕਾਰੀ ਸਵੈ-ਜੀਵਨੀ 'ਕਿਸ ਪਹਿ ਖੋਲਉ ਗੰਠੜੀ', ਆਪ ਦੀ ਜੀਵਨ-ਯਾਤਰਾ ਦੇ ਸੰਘਰਸ਼ਾਂ ਨੂੰ ਰੂਪਮਾਨ ਕਰਦੀ ਹੈ। 26 ਜਨਵਰੀ 2012 ਨੂੰ ਆਪ, 94 ਵਰ੍ਹਿਆਂ ਦੀ ਉਮਰ ਭੋਗ ਕੇ, ਅਕਾਲ ਚਲਾਣਾ ਕਰ ਗਏ।"

## 5. ਜੀਵਨਗਤ ਵੇਰਵਾ : ਅੰਮ੍ਰਿਤਾ ਪ੍ਰੀਤਮ

"ਪੰਜਾਬੀ ਦੀ ਉੱਘੀ, ਹਰਮਨ ਪਿਆਰੀ ਸ਼ਾਇਰਾ ਅਤੇ ਗਲਪਕਾਰ, ਅੰਮ੍ਰਿਤਾ ਪ੍ਰੀਤਮ ਦਾ ਜਨਮ **31 ਅਗਸਤ ਸੰਨ 1919** ਨੂੰ ਗਿਆਨੀ ਕਰਤਾਰ ਸਿੰਘ ਹਿਤਕਾਰੀ ਦੇ ਘਰ, **ਗੁਜਰਾਂਵਾਲਾ** ਸ਼ਹਿਰ (ਪਾਕਿਸਤਾਨ) ਵਿਚ ਹੋਇਆ। ਬਚਪਨ ਵਿਚ ਅੰਮ੍ਰਿਤਾ ਨੂੰ, ਅੰਮ੍ਰਿਤ ਕੌਰ ਨਾਂ ਨਾਲ਼ ਜਾਣਿਆ ਜਾਂਦਾ ਸੀ। ਛੋਟੇ ਹੁੰਦਿਆਂ ਤੋਂ ਹੀ ਆਪ ਨੇ, ਕਵਿਤਾ 'ਤੇ ਹੱਥ ਅਜ਼ਮਾਉਣਾ ਸ਼ੁਰੂ ਕਰ ਦਿੱਤਾ। ਸੰਨ 1947 ਤੱਕ ਆਪ ਨੇ, ਲਾਹੌਰ ਰੇਡੀਉ ਲਈ ਗੀਤਾਂ ਅਤੇ ਰੂਪਕਾਂ ਦੀ ਰਚਨਾ ਕੀਤੀ। ਦੇਸ਼-ਵੰਡ ਤੋਂ ਬਾਅਦ, ਆਪ ਪਹਿਲਾਂ **ਦੇਹਰਾਦੂਨ** ਤੇ ਫਿਰ **ਦਿੱਲੀ** ਆ ਵੱਸੇ। ਇੱਥੇ ਆ ਕੇ, ਅੰਮ੍ਰਿਤਾ ਨੇ ਆਲ ਇੰਡੀਆ ਰੇਡੀਉ, ਦਿੱਲੀ ਵਿਚ ਬਤੌਰ **ਅਨਾਊਂਸਰ** ਅਤੇ **ਸਕਰਿਪਟ ਰਾਈਟਰ** ਦੇ ਕਾਰਜ ਕੀਤਾ। ਦਿੱਲੀ ਤੋਂ ਹੀ ਆਪ ਨੇ, **'ਨਾਗਮਣੀ'** ਨਾਂ ਦਾ ਸਾਹਿਤਕ ਪੱਤਰ ਕੱਢਿਆ ਅਤੇ ਲੰਮਾ ਸਮਾਂ ਇਸ ਦੀ ਸੰਪਾਦਕੀ ਦਾ ਕਾਰਜ-ਭਾਰ ਸੰਭਾਲਿਆ। ਆਪ ਦੇ ਪਿਤਾ ਨੇ ਆਪ ਨੂੰ, ਕਵਿਤਾ ਲਿਖਣ ਦੀ ਪ੍ਰੇਰਨਾ ਦਿੱਤੀ ਅਤੇ ਆਪਣੇ ਮੁੱਢਲੇ ਦੌਰ ਦੀਆਂ ਕਵਿਤਾਵਾਂ ਨੂੰ, ਆਪ **'ਰਣਜੀਤ ਨਗਾਰਾ'** ਪੱਤ੍ਰਿਕਾ ਵਿਚ ਛਪਵਾਉਂਦੇ ਰਹੇ। ਹੌਲੀ ਹੌਲੀ ਆਪ ਦੀ ਪ੍ਰਤਿਭਾ ਨੇ, ਨਿਰੰਤਰ ਵਿਕਾਸ ਕੀਤਾ ਅਤੇ ਜੀਵਨ ਪ੍ਰਤਿ ਉਸ ਦੇ ਦ੍ਰਿਸ਼ਟੀਕੋਣ ਵਿਚ, ਬਦਲਾਅ ਆਇਆ। ਪ੍ਰਤਿਭਾਵਾਨ ਕਵਿਤਰੀ ਹੋਣ ਦੇ ਨਾਲ਼ ਨਾਲ਼, ਆਪ ਦੇ ਨਾਂ ਨਾਲ **'ਪੰਜਾਬ ਦੀ ਆਵਾਜ਼'** ਵਰਗੇ ਵਿਸ਼ੇਸ਼ਣ ਜੁੜ ਗਏ। ਪ੍ਰਗਤੀਵਾਦੀ ਲਹਿਰ ਦੇ ਅਧੀਨ ਆਪ ਨੇ, ਸਮਾਜ ਦੇ ਨਿੱਚਲੇ ਤਬਕੇ ਦੇ ਦੁੱਖਾਂ ਅਤੇ ਤਸੀਹਿਆਂ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਬਿਆਨ ਕੀਤਾ। ਦੇਸ਼-ਵੰਡ ਸਮੇਂ ਲਿਖੀਆਂ ਆਪ ਦੀਆਂ ਕਵਿਤਾਵਾਂ ਦੀ ਹੂਕ, ਇਤਨੀ ਤਿੱਖੀ ਸੀ ਕਿ ਉਨ੍ਹਾਂ ਨੇ ਪਾਠਕ ਵਰਗ ਉੱਤੇ ਡੂੰਘਾ ਪ੍ਰਭਾਵ ਪਾਇਆ। ਆਪ ਨੇ ਆਪਣੀਆਂ ਰਚਨਾਵਾਂ ਰਾਹੀਂ, **ਪਿੱਤਰਕੀ ਸਮਾਜ ਵਿਚ ਨਾਰੀ ਦੀ ਤ੍ਰਾਸਦਿਕ ਸਥਿਤੀ ਨੂੰ ਬਾਖ਼ੂਬੀ ਚਿੱਤਰਿਆ**। ਆਪ ਬਹੁ-ਪੱਖੀ ਸ਼ਖ਼ਸੀਅਤ ਦੇ ਧਾਰਣੀ ਸਨ। ਆਪ ਨੇ **ਕਵਿਤਾ** ਤੋਂ ਇਲਾਵਾ **ਨਾਵਲ, ਕਹਾਣੀ, ਨਿਬੰਧ** ਅਤੇ **ਸਫ਼ਰਨਾਮੇ** ਆਦਿ ਸਾਹਿਤ-ਰੂਪਾਂ ਵਿਚ ਵੀ ਆਪਣੇ ਵਿਲੱਖਣ ਹਸਤਾਖ਼ਰ ਅੰਕਿਤ ਕੀਤੇ। ਆਪ ਦੀ ਸਵੈ-ਜੀਵਨੀ **'ਰਸੀਦੀ ਟਿਕਟ' ਪੰਜਾਬੀ ਵਿਚ ਕਿਸੇ ਇਸਤਰੀ ਲੇਖਿਕਾ ਵੱਲੋਂ ਲਿਖੀ ਗਈ ਪਹਿਲੀ ਸਵੈ-ਜੀਵਨੀ ਹੈ**। ਇਸ ਵਿਚ ਆਪ ਨੇ ਬਿਨਾਂ ਕਿਸੇ ਸ਼ਰਮ ਜਾਂ ਡਰ ਦੇ, ਆਪਣੇ ਨਿੱਜੀ ਜੀਵਨ ਦੀਆਂ ਪਰਤਾਂ ਫਰੋਲ ਕੇ, ਪਾਠਕਾਂ ਸਾਹਮਣੇ ਰੱਖੀਆਂ। ਪੰਜਾਬੀ-ਸਾਹਿਤ ਖ਼ੇਤਰ ਵਿਚ ਆਪ, ਸਭ ਤੋਂ ਪਹਿਲਾਂ, ਗਿਆਨਪੀਠ ਪੁਰਸਕਾਰ ਪ੍ਰਾਪਤ ਕਰਨ ਵਾਲ਼ੀ ਲੇਖਿਕਾ ਬਣੇ। ਸੰਨ 2005 ਦੇ ਦੌਰਾਨ ਆਪ, ਇਸ ਮਾਤ-ਲੋਕ ਨੂੰ ਅਲਵਿਦਾ ਕਹਿਕੇ, ਸਦੀਵੀ ਵਿਛੋੜਾ ਦੇ ਗਏ।"

## 6. ਜੀਵਨਗਤ ਵੇਰਵਾ : ਹਰਿਭਜਨ ਸਿੰਘ

"ਉੱਘੇ ਵਿਦਵਾਨ, ਸ਼ਾਇਰ ਅਤੇ ਆਲਚੋਕ, ਡਾ. ਹਰਿਭਜਨ ਸਿੰਘ ਜਨਮ, ਸ੍ਰ. ਗੰਡਾ ਸਿੰਘ ਦੇ ਘਰ, 18 ਅਗਸਤ, ਸੰਨ 1920 ਵਿਚ, ਲਮਡਿੰਗ (ਆਸਾਮ) ਵਿਖੇ ਹੋਇਆ। ਅਜੇ ਆਪ ਇਕ ਡੇਢ ਸਾਲ ਦੇ ਹੀ ਸਨ ਕਿ ਆਪ ਦੇ ਪਿਤਾ, ਅਕਾਲ ਚਲਾਣਾ ਕਰ ਗਏ। ਆਪ ਦੀ ਮਾਂ ਦਾ ਸਾਇਆ ਵੀ, ਆਪ ਉੱਤੇ ਬਹੁਤਾ ਸਮਾਂ ਨਾ ਰਿਹਾ। ਹੌਲੀ ਹੌਲੀ ਆਪ ਦੇ ਘਰ ਦੇ ਸਾਰੇ ਜੀਅ, ਇਕ ਇਕ ਕਰਕੇ ਆਪ ਤੋਂ ਵਿਛੜਦੇ ਚਲੇ ਗਏ। ਇਸ ਭਰੀ ਪੂਰੀ ਦੁਨੀਆਂ ਵਿਚ ਇਕ ਮਾਂ-ਬਾਪ ਅਤੇ ਭੈਣ-ਭਰਾਵਾਂ ਤੋਂ ਵਿਹੂਣਾ ਬਚਪਨ, ਜਿਵੇਂ ਰੁਲ ਗਿਆ। ਆਪ ਦੀ ਜ਼ਿੰਦਗੀ ਵਿਚ ਇਕ ਵਿਗੋਚਾ ਅਤੇ ਖ਼ਾਮੋਸ਼ੀ ਨੇ ਘਰ ਕਰ ਲਿਆ। ਔਖੇ ਪੈਂਡਿਆਂ ਨੂੰ ਪਾਰ ਕਰਦਿਆਂ ਵੀ ਆਪ ਨੇ, ਆਪਣੀ ਪੜ੍ਹਾਈ ਨਿਰੰਤਰ ਜਾਰੀ ਰੱਖੀ। ਆਪ ਨੇ ਆਪਣੀ ਪ੍ਰਾਇਮਰੀ ਸਿੱਖਿਆ ਡੀ.ਬੀ. (ਡਿਸਟ੍ਰਿਕ ਬੋਰਡ) ਤੋਂ ਕੀਤੀ ਅਤੇ ਮਿਡਲ ਤੱਕ ਦੀ ਵਿਦਿਆ ਪ੍ਰਾਪਤ ਕਰਨ ਲਈ ਡੀ.ਏ.ਵੀ. ਮਿਡਲ ਸਕੂਲ ਇਛਰੇ ਵਿਚ ਦਾਖ਼ਲਾ ਲੈ ਲਿਆ। ਆਪ ਬਚਪਨ ਤੋਂ ਹੀ ਹੋਣਹਾਰ ਵਿਦਿਆਰਥੀ ਸਨ। ਦਸਵੀਂ, ਆਪ ਨੇ ਚੰਗੇ ਨੰਬਰਾਂ ਨਾਲ ਪਾਸ ਕੀਤੀ। ਪਰ, ਇਸ ਖ਼ੁਸ਼ੀ ਨੂੰ ਸਾਂਝਿਆਂ ਕਰਨ ਲਈ, ਆਪ ਦੇ ਕੋਲ ਕੋਈ ਨਹੀਂ ਸੀ। ਇਕੱਲ ਵਿਚ ਪੈਦਾ ਹੋਈ ਉਦਾਸੀ ਵਿਚੋਂ, ਆਪ ਦੀ ਸ਼ਾਇਰੀ ਨੇ ਜਨਮ ਲਿਆ। ਸੰਨ 1948 ਵਿਚ ਆਪ ਨੇ ਐੱਮ.ਏ. (ਹਿੰਦੀ) ਫਸਟ ਡਿਵੀਜ਼ਨ ਨਾਲ਼ ਅਤੇ ਫਿਰ ਐੱਮ.ਏ. (ਅੰਗਰੇਜ਼ੀ) ਸੈਕੰਡ ਡਿਵੀਜ਼ਨ ਨਾਲ ਪਾਸ ਕੀਤੀ ਅਤੇ ਦਿੱਲੀ ਯੂਨੀਵਰਸਿਟੀ ਦੇ ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ, ਵਿਚ ਬਤੌਰ ਅਧਿਆਪਕ ਨਿਯੁਕਤ ਹੋ ਗਏ। ਇਸ ਤੋਂ ਉਪਰੰਤ ਆਪ ਨੇ, ਆਪਣੀ ਡੂੰਘੀ ਲਗਨ ਸਦਕਾ, ਹਿੰਦੀ ਵਿਚ ਪੀਐੱਚ.ਡੀ. ਦੀ ਡਿਗਰੀ ਹਾਸਿਲ ਕੀਤੀ ਅਤੇ ਦਿੱਲੀ ਯੂਨੀਵਰਸਿਟੀ ਦੇ ਆਧੁਨਿਕ ਭਾਸ਼ਾਵਾਂ ਵਿਭਾਗ 'ਚ ਬਤੌਰ ਪੰਜਾਬੀ ਪ੍ਰੋਫ਼ੈਸਰ ਨਿਯੁਕਤ ਹੋਏ। ਆਪਣੀ ਨਿਗਰਾਨੀ ਹੇਠ ਆਪ ਨੇ, ਕਈ ਸ਼ੋਧ-ਕਾਰਜ ਮੁਕੰਮਲ ਕਰਵਾਏ। ਆਪ ਦੁਆਰਾ ਸਥਾਪਤ ਕੀਤਾ ਗਿਆ **'ਦਿੱਲੀ ਸਮੀਖਿਆ ਸਕੂਲ'** ਸਮੀਖਿਆ ਦੇ ਖ਼ੇਤਰ ਦੀ ਇਕ ਮਹੱਤਵਪੂਰਨ ਘਟਨਾ ਸਾਬਤ ਹੋਈ। ਆਪ ਦੀ ਸਵੈ-ਜੀਵਨੀ 'ਚੋਲਾ ਟਾਕੀਆਂ ਵਾਲਾ', ਸਵੈ-ਜੀਵਨੀ ਦੇ ਖ਼ੇਤਰ ਵਿਚ, ਖ਼ਾਸ ਮਹੱਤਤਾ ਰੱਖਣ ਵਾਲ਼ੀ ਪੁਸਤਕ ਹੈ। ਇਸ ਵਿਚ ਆਪ ਨੇ, ਆਪਣੀਆਂ ਪ੍ਰਾਪਤੀਆਂ, ਅਪ੍ਰਾਪਤੀਆਂ ਅਤੇ ਸੰਘਰਸ਼ਾਂ ਦੀ ਦਾਸਤਾਨ ਨੂੰ, ਖ਼ੂਬਸੂਰਤ ਅੰਦਾਜ਼ ਵਿਚ ਬਿਆਨ ਕੀਤਾ ਹੈ। ਸਾਹਿਤ ਵਿਚ ਆਪ ਦੀਆਂ ਉਚੇਰੀਆਂ ਪ੍ਰਾਪਤੀਆਂ ਸਦਕਾ, ਆਪ ਨੂੰ ਵੱਖ ਵੱਖ ਸੰਸਥਾਵਾਂ ਦੁਆਰਾ ਸਨਮਾਨਿਤ ਕੀਤਾ ਗਿਆ। ਆਪ ਨੂੰ, ਰਾਸ਼ਟਰ ਦਾ ਸਭ ਤੋਂ ਉਚੇਰਾ ਸਨਮਾਨ, 'ਸਰਸਵਤੀ ਪੁਰਸਕਾਰ' ਵੀ ਪ੍ਰਾਪਤ ਹੋਇਆ। ਆਪ ਨੇ 21.10.2002 ਨੂੰ ਇਸ ਸੰਸਾਰ ਨੂੰ ਹਮੇਸ਼ਾਂ ਵਾਸਤੇ ਅਲਵਿਦਾ ਕਹਿ ਦਿੱਤਾ।"

## 7. ਜੀਵਨਗਤ ਵੇਰਵਾ : ਜਸਵੰਤ ਸਿੰਘ ਨੇਕੀ

"ਆਧੁਨਿਕ ਪੰਜਾਬੀ-ਸਾਹਿਤ ਦੇ ਖ਼ੇਤਰ ਵਿਚ ਡਾ. ਜਸਵੰਤ ਸਿੰਘ ਨੇਕੀ, ਇਕ ਵਿਲੱਖਣ ਮੁਹਾਂਦਰੇ ਵਾਲ਼ੇ ਕਵੀ ਹਨ। ਆਪ ਪੰਜਾਬੀ-ਸਾਹਿਤ ਦੇ ਨਾਲ਼ ਨਾਲ਼, ਮਨੋਚਿਕਿਤਸਾ ਦੇ ਵੀ ਮਾਹਿਰ ਸਨ। ਡਾ. ਜਸਵੰਤ ਸਿੰਘ ਨੇਕੀ ਦਾ ਜਨਮ 27 ਅਗਸਤ 1925 ਈ. ਵਿਚ ਸ੍ਰ. ਹਰੀ ਗੁਲਾਬ ਸਿੰਘ ਅਤੇ ਮਾਤਾ ਸ੍ਰੀਮਤੀ ਸੀਤਾਵੰਤੀ ਦੇ ਘਰ, ਪਿੰਡ ਮੁਰੀਦ, ਜ਼ਿਲ੍ਹਾ ਜਿਹਲਮ ਵਿਖੇ ਹੋਇਆ। ਵਿਦਿਆ ਦੇ ਖੇਤਰ ਵਿਚ ਆਪ, ਹਮੇਸ਼ਾਂ ਹਰ ਜਮਾਤ ਵਿਚ ਅੱਵਲ ਰਹੇ। **ਮੁੱਢਲੀ ਡਾਕਟਰੀ ਵਿਦਿਆ ਪ੍ਰਾਪਤ ਕਰਨ ਤੋਂ ਬਾਅਦ ਆਪ ਨੇ, ਮਨੋਵਿਗਿਆਨ ਦੇ ਖੇਤਰ ਨੂੰ, ਕਿੱਤੇ ਵਜੋਂ ਚੁਣਿਆ ਅਤੇ ਇਸ ਵਿਚ ਵਿਸ਼ੇਸ਼ਗਤਾ ਹਾਸਿਲ ਕੀਤੀ। ਸੰਨ 1946-49 ਤੱਕ ਆਪ, ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਮੀਤ-ਪ੍ਰਧਾਨ ਬਣੇ ਰਹੇ।** ਸੰਨ 1955 ਵਿਚ **ਮੈਡੀਕਲ ਕਾਲਜ, ਅੰਮ੍ਰਿਤਸਰ ਵਿਚ ਸਹਾਇਕ ਅਧਿਆਪਕ ਦੇ ਤੌਰ 'ਤੇ ਨਿਯੁਕਤ ਹੋ ਗਏ। ਇਸ ਤੋਂ ਬਾਅਦ ਆਪ ਨੇ, ਭਾਰਤੀ ਮਨੋਚਿਕਿਤਸਕ ਸੋਸਾਇਟੀ ਦੇ ਜਨਰਲ ਸਕੱਤਰ ਦਾ ਅਹੁਦਾ ਸੰਭਾਲਿਆ।** ਡਾ. ਨੇਕੀ **ਵਿਸ਼ਵ ਸੁਅਸਥ ਸੰਸਥਾ (W.H.O.) ਵਿਚ ਕਈ ਸਾਲਾਂ ਤੀਕ, ਬਤੌਰ ਸਲਾਹਕਾਰ ਕਾਰਜ ਕਰਦੇ ਰਹੇ ਅਤੇ ਆਪ ਨੂੰ ਪੀ.ਜੀ.ਆਈ. ਚੰਡੀਗੜ੍ਹ ਦੇ ਡਾਇਰੈਕਟਰ ਤੇ ਮਨੈਸ਼ ਯੂਨੀਵਰਸਿਟੀ (ਆਸਟ੍ਰੇਲੀਆ) ਦੇ ਅਥਿਤੀ ਪ੍ਰੋਫ਼ੈਸਰ ਹੋਣ ਦਾ ਮਾਣ ਵੀ ਪ੍ਰਾਪਤ ਹੋਇਆ।** ਆਪ ਦੀਆਂ ਰਚਨਾਵਾਂ ਵਿਚ **ਮਨੋਵਿਗਿਆਨ, ਮਨੋਚਿਕਿਤਸਾ, ਰਹੱਸਵਾਦ, ਗੁਰਮਤਿ ਦਰਸ਼ਨ, ਗਿਆਨ ਵਿਗਿਆਨ** ਅਤੇ **ਇਤਿਹਾਸ-**

**ਮਿਥਿਹਾਸ** ਦਾ ਭਰਪੂਰ ਭੰਡਾਰ ਹੈ। ਆਪ ਦੀ ਸਵੈ-ਜੀਵਨੀ **'ਕੋਈ ਨਾਉਂ ਨ ਜਾਣੈ ਮੇਰਾ'**, ਆਧੁਨਿਕ ਸਮਿਆਂ ਦੇ ਦੌਰਾਨ, ਪੰਜਾਬੀ ਦੀ ਪਹਿਲੀ ਕਾਵਿ-ਰੂਪ ਵਿਚ ਲਿਖੀ ਸਵੈ-ਜੀਵਨੀ ਹੈ। ਆਪ ਦੀਆਂ ਚਿਕਿਤਸਾ ਸੇਵਾਵਾਂ ਸਦਕਾ, ਸੰਨ 1989 ਵਿਚ ਆਪ ਨੂੰ, **'ਸਰਵੋਤਮ ਵਿਅਵਸਾਈ ਐਵਾਰਡ'** ਨਾਲ ਸਨਮਾਨਿਆ ਗਿਆ ਹੋਰ ਵੀ **ਬੇਅੰਤ ਮਾਣ-ਸਨਮਾਨ ਤੇ ਐਵਾਰਡ ਹਾਸਿਲ ਹੋਏ**। ਸੰਨ 2016 'ਚ ਆਪ, ਇਸ ਨਾਸ਼ਮਾਨ ਸੰਸਾਰ ਨੂੰ ਸਦੀਵੀ ਤੌਰ 'ਤੇ ਅਲਵਿਦਾ ਕਹਿ ਗਏ।"

## 8. ਜੀਵਨਗਤ ਵੇਰਵਾ : ਡਾ. ਕਰਨਜੀਤ ਸਿੰਘ

"ਡਾ. ਕਰਨਜੀਤ ਸਿੰਘ ਦਾ ਜਨਮ, **12 ਅਪ੍ਰੈਲ, 1930 ਈ.** ਵਿਚ ਆਪਣੇ ਨਾਨਕੇ ਘਰ, ਲਾਹੌਰ ਜ਼ਿਲ੍ਹੇ ਦੀ ਕਸੂਰ ਤਹਿਸੀਲ ਵਿਚ, ਕਸਬਾ ਪੱਟੀ ਵਿਖੇ ਹੋਇਆ। ਆਪ ਦਾ ਜੱਦੀ ਪਿੰਡ, ਕੋਟ ਮੁਹੰਮਦ ਖ਼ਾਂ, ਤਹਿਸੀਲ **ਤਰਨਤਾਰਨ, ਜ਼ਿਲ੍ਹਾ ਅੰਮ੍ਰਿਤਸਰ ਹੈ**। ਇੱਥੇ ਆਪ ਦਾ ਬਚਪਨ ਗੁਜ਼ਰਿਆ। ਆਪ ਨੇ, ਆਪਣੀ ਪ੍ਰਾਇਮਰੀ ਦੀ ਪੜ੍ਹਾਈ, ਪਿੰਡ ਦੇ ਹੀ ਸਰਕਾਰੀ ਸਕੂਲ ਵਿਚ ਸੰਪੰਨ ਕੀਤੀ। ਇਸ ਤੋਂ ਬਾਅਦ, ਤਰਨਤਾਰਨ ਸ੍ਰੀ ਗੁਰੂ ਅਰਜਨ ਦੇਵ ਖ਼ਾਲਸਾ ਹਾਈ ਸਕੂਲ ਵਿਚ ਦਾਖ਼ਲਾ ਲਿਆ। ਪੜ੍ਹਾਈ ਵਿਚ ਡੂੰਘੀ ਲਗਨ ਹੋਣ ਦੇ ਕਾਰਨ, ਆਪ ਨੇ ਸੰਨ 1950 ਵਿਚ **ਗਿਆਨੀ** ਤੇ ਫਿਰ **ਐਫ਼.ਏ. (ਅੰਗਰੇਜ਼ੀ)**, ਕਰਨ ਤੋਂ ਬਾਅਦ **ਬੀ.ਏ. ਪਾਸ ਕੀਤੀ**। ਘਰ ਦੇ ਤੰਗ ਹਾਲਾਤ ਦੇ ਕਾਰਨ, ਕੁੱਝ ਸਮਾਂ ਆਪ ਨੇ ਮਜ਼ਮੇਕਾਰੀ ਦਾ ਕੰਮ ਵੀ ਕੀਤਾ। ਫਿਰ ਸੰਨ 1951 ਵਿਚ ਲੇਖਕ ਨੂੰ ਐੱਮ.ਬੀ. ਹਾਈ ਸਕੂਲ ਜੰਡਿਆਲਾ ਗੁਰੂ ਵਿਚ, ਗਿਆਨੀ **(ਪੰਜਾਬੀ ਅਧਿਆਪਕ) ਦੀ ਆਰਜ਼ੀ ਨੌਕਰੀ** ਮਿਲ ਗਈ। ਕੁੱਝ ਸਮਾਂ ਆਪ ਨੇ, ਤਰਨਤਾਰਨ ਵਿਚ 'ਕਲਾਕਾਰ ਸਭਾ' ਦੇ ਸਕੱਤਰ ਦਾ ਅਹੁਦਾ ਵੀ ਸੰਭਾਲਿਆ। ਕਈ **ਸਕੂਲਾਂ ਅਤੇ ਕਾਲਜਾਂ ਵਿਚ ਅਧਿਆਪਕੀ-ਕਾਰਜ** ਕਰਨ ਤੋਂ ਬਾਅਦ ਆਪ ਨੇ, **ਦਿੱਲੀ ਵਿਖੇ ਸਥਿਤ ਰੂਸੀ ਦੂਤਾਵਾਸ ਵਿਚ ਬਤੌਰ ਅਨੁਵਾਦਕ ਦੇ ਕਾਰਜ** ਸ਼ੁਰੂ ਕੀਤਾ। ਨਾਲ਼ ਹੀ, ਆਪ ਨੇ **ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਡਾਕਟਰੇਟ** ਦੀ ਡਿਗਰੀ ਵੀ ਹਾਸਿਲ ਕੀਤੀ। ਆਪ ਨੂੰ ਮਾਸਕੋ ਵਿਖੇ ਕੰਮ ਕਰਨ ਦਾ ਮੌਕਾ ਵੀ ਮਿਲ਼ਿਆ। ਡਾ. ਕਰਨਜੀਤ ਨੇ **ਪੁਸ਼ਕਿਨ, ਲਿਓ ਟਾਲਸਟਾਏ, ਦੋਸਤੋਵਸਕੀ, ਆਸਤ੍ਰੋਵਸਕੀ** ਅਤੇ **ਚੈਖ਼ੋਵ** ਵਰਗੇ ਮਹਾਨ ਚਿੰਤਕਾਂ ਦੀਆਂ ਰਚਨਾਵਾਂ ਨੂੰ, ਰੂਸੀ ਭਾਸ਼ਾ ਤੋਂ **ਪੰਜਾਬੀ ਵਿਚ ਉਲਥਾਉਣ ਦਾ ਕਾਰਜ ਕੀਤਾ**। ਆਪ ਦੀ ਸਵੈ-ਜੀਵਨੀ **'ਹਾਸ਼ੀਏ ਦੀ ਇਬਾਰਤ'** ਇਕ ਵਿਲੱਖਣ ਭਾਂਤ ਦੀ ਸਵੈ-ਜੀਵਨੀ ਹੈ, ਜਿਸ ਵਿਚ ਆਪ ਨੇ, ਆਪਣੀ ਜੀਵਨ-ਕਹਾਣੀ ਨੂੰ **ਉਤਮ ਪੁਰਖ ਵਿਚ ਬਿਆਨ ਨਾ ਕਰਕੇ, ਅਨਯ ਪੁਰਖ ਸ਼ੈਲੀ ਵਿਚ ਬਿਆਨ ਕੀਤਾ ਹੈ**। ਪੰਜਾਬੀ-ਸਾਹਿਤ ਦੀਆਂ ਸੇਵਾਵਾਂ ਸਦਕਾ ਆਪ ਨੂੰ, **ਸੰਨ 1994 ਵਿਚ ਪੰਜਾਬੀ ਅਕਾਦਮੀ, ਦਿੱਲੀ ਵੱਲੋਂ ਅਨੁਵਾਦਕ ਦੇ ਤੌਰ 'ਤੇ ਅਤੇ ਸੰਨ 1997 ਵਿਚ ਸਾਹਿਤ ਕੇਂਦਰ, ਅੰਮ੍ਰਿਤਸਰ ਵੱਲੋਂ ਕਵੀ ਵਜੋਂ** ਸਨਮਾਨਿਆ ਗਿਆ।"

## 9. ਜੀਵਨਗਤ ਵੇਰਵਾ : ਬਚਿੰਤ ਕੌਰ

"ਬਚਿੰਤ ਕੌਰ ਦਾ ਜਨਮ, 8 ਫ਼ਰਵਰੀ, 1940 ਵਿਚ ਪਿੰਡ ਭੜੋ, ਜ਼ਿਲ੍ਹਾ ਸੰਗਰੂਰ ਵਿਖੇ, ਸ੍ਰੀ ਹਰਬੰਸ ਸਿੰਘ ਅਤੇ ਮਾਤਾ ਨੰਦ ਕੌਰ ਦੇ ਘਰ ਹੋਇਆ। ਆਪ ਨੇ ਐੱਮ.ਫਿਲ ਤੱਕ ਦੀ ਵਿਦਿਆ ਪ੍ਰਾਪਤ ਕੀਤੀ ਅਤੇ ਇਕ ਉੱਚਾ ਮੁਕਾਮ ਹਾਸਿਲ ਕੀਤਾ। ਅੱਜ ਕੱਲ ਆਪ ਆਈ.ਏ.ਆਰ.ਆਈ. ਵਿਚ ਟੈਕਨੀਕਲ ਅਸਿਸਟੈਂਟ ਦੇ ਅਹੁਦੇ ਤੋਂ ਸੇਵਾ-ਮੁਕਤ ਹੋ ਕੇ, ਸਮਾਜ-ਸੇਵਾ ਦੇ ਕਾਰਜਾਂ ਵਿਚ ਰੁੱਝੇ ਹੋਏ ਹਨ। ਬਚਿੰਤ ਕੌਰ ਹੁਰੀਂ ਬਹੁ-ਪੱਖੀ ਸ਼ਖ਼ਸੀਅਤ ਦੇ ਧਾਰਣੀ ਹਨ। ਆਪ ਨੇ ਸਾਹਿਤ ਦੇ ਵੱਖ ਵੱਖ ਰੂਪਾਂ : ਕਹਾਣੀ, ਬਾਲ ਸਾਹਿਤ, ਨਾਵਲ, ਕਵਿਤਾ, ਸਫ਼ਰਨਾਮਾ ਅਤੇ ਸਵੈ-ਜੀਵਨੀ ਉੱਤੇ ਹੱਥ-ਅਜ਼ਮਾਈ ਕੀਤੀ। ਆਪ ਨੂੰ ਪੰਜਾਬੀ ਪਾਠਕ ਵਰਗ ਤੋਂ, ਚੰਗਾ ਹੁੰਗਾਰਾ ਮਿਲ਼ਿਆ। ਖ਼ਾਸ ਤੌਰ 'ਤੇ, ਆਪ ਦੀ ਸਵੈ-ਜੀਵਨੀ 'ਪਗਡੰਡੀਆਂ' ਲਈ ਆਪ ਨੂੰ, ਵੱਖ ਵੱਖ ਸੰਸਥਾਵਾਂ ਵੱਲੋਂ ਸਨਮਾਨਤ ਵੀ ਕੀਤਾ ਗਿਆ। 'ਪਗਡੰਡੀਆਂ' ਸਵੈ-ਜੀਵਨੀ, ਔਕੜਾਂ, ਤੰਗੀਆਂ ਅਤੇ ਤਸੀਹਿਆਂ ਵਿਚ ਗੁਜ਼ਾਰੇ, ਆਪ ਦੇ ਸੰਘਰਸ਼ਮਈ ਜੀਵਨ ਨੂੰ ਰੂਪਮਾਨ ਕਰਦੀ ਹੈ। ਆਪ ਨੇ ਪੰਜਾਬੀ ਸਾਹਿਤ ਨੂੰ, ਵਿਲੱਖਣ ਭਾਂਤ ਦੀਆਂ ਕਹਾਣੀਆਂ ਦਿੱਤੀਆਂ। ਇਸਤਰੀ-ਵੇਦਨਾ ਨੂੰ ਸਮਝਣ ਅਤੇ

ਬਿਆਨ ਕਰਨ ਦੇ ਨਾਲ਼ ਨਾਲ਼ ਆਪ ਨੇ, ਔਰਤ-ਮਰਦ ਜਾਂ ਪਤੀ-ਪਤਨੀ ਦੇ ਬਣਦੇ-ਵਿਗੜਦੇ ਰਿਸ਼ਤਿਆਂ ਵਿਚੋਂ ਉਪਜੀ ਮਾਨਸਿਕਤਾ ਨੂੰ ਕਲਾਤਮਕ ਰੂਪਾਂਤਰਣ ਦਿੱਤਾ ਹੈ। ਪੰਜਾਬੀ ਸਾਹਿਤ ਖ਼ੇਤਰ ਵਿਚ, ਉੱਚੀਆਂ ਪੁਲਾਂਘਾਂ ਪੁੱਟਣ 'ਤੇ ਆਪ ਨੂੰ ਦੇਸਾਂ-ਵਿਦੇਸ਼ਾਂ ਵਿਚ ਵੱਖ ਵੱਖ ਸੰਸਥਾਵਾਂ ਵੱਲੋਂ ਸਨਮਾਨਤ ਕੀਤਾ ਗਿਆ। ਸੰਨ 1983 ਵਿਚ ਪੰਜਾਬੀ ਅਕਾਦਮੀ, ਦਿੱਲੀ ਵੱਲੋਂ, 1991 ਵਿਚ, ਇੰਡੋ-ਕੈਨੇਡੀਅਨ ਗਰੁੱਪ ਵੱਲੋਂ ਅਤੇ ਇਸੇ ਸਾਲ ਯੂ.ਪੀ.ਐੱਲ., ਯੂਨੀਵਰਸਿਟੀ ਆਫ਼ ਅਮਰੀਕਾ ਵੱਲੋਂ, ਆਪ ਦੀਆਂ ਸਾਹਿਤਕ ਘਾਲਣਾਵਾਂ ਲਈ ਆਪ ਨੂੰ ਸਨਮਾਨਿਆ ਗਿਆ।"

## 10. ਜੀਵਨਗਤ ਵੇਰਵਾ : ਬਲਬੀਰ ਮਾਧੋਪੁਰੀ

"ਬਲਬੀਰ ਮਾਧੋਪੁਰੀ, ਪੰਜਾਬੀ-ਸਾਹਿਤ ਖੇਤਰ ਦਾ ਅਜਿਹਾ ਲੇਖਕ ਹੈ, ਜਿਸ ਨੇ ਆਪਣੇ ਪ੍ਰਚੰਡ **ਦਲਿਤ-ਜੀਵਨ ਨੂੰ ਰੂਪਮਾਨ ਕਰਦੀ, ਸਭ ਤੋਂ ਪਹਿਲੀ ਸਵੈ-ਜੀਵਨੀ**, ਪੰਜਾਬੀ-ਸਾਹਿਤ ਦੀ ਝੋਲੀ ਵਿਚ ਪਾਈ। ਆਪ ਦਾ ਜਨਮ, ਇਕ ਦਲਿਤ ਪਰਿਵਾਰ ਵਿਚ **24 ਜੁਲਾਈ, 1955** ਵਿਚ ਠਾਕੁਰਦਾਸ ਅਤੇ ਨਸੀਬ ਕੌਰ ਦੇ ਘਰ ਹੋਇਆ। **ਬਚਪਨ ਵਿਚ ਹੀ ਦਲਿਤ ਜੀਵਨ ਦੀਆਂ ਕੌੜੀਆਂ-ਕਸੈਲੀਆਂ ਘਟਨਾਵਾਂ** ਨਾਲ਼, ਆਪ ਦਾ ਸਾਹਮਣਾ ਹੋਣਾ ਸ਼ੁਰੂ ਹੋ ਗਿਆ। ਔਕੜਾਂ ਭਰੇ ਮਾਹੌਲ ਵਿਚ ਵੀ ਲੇਖਕ ਨੇ, ਆਪਣੀ ਪੜ੍ਹਾਈ ਜਾਰੀ ਰੱਖੀ ਅਤੇ ਆਪਣੀ ਡੂੰਘੀ ਲਗਨ ਸਦਕਾ, ਸੰਨ 1976 ਵਿਚ **ਐੱਫ.ਸੀ.ਆਈ. ਵਿਚ ਅਫ਼ਸਰ ਲੱਗ ਗਿਆ**। ਇਸ ਤੋਂ ਬਾਅਦ ਆਪਣੀ ਕਰੜੀ ਮਿਹਨਤ ਨਾਲ਼ ਆਪ ਨੇ, **ਯੂ.ਪੀ.ਐੱਸ.ਸੀ.** ਦਾ ਇਮਤਿਹਾਨ ਪਾਸ ਕੀਤਾ ਅਤੇ ਸੰਨ 1983 ਵਿਚ **ਭਾਰਤ ਸਰਕਾਰ ਦੇ ਜਲੰਧਰ ਸਥਿਤ 'ਪੱਤਰ ਸੂਚਨਾ ਵਿਭਾਗ'** ਵਿਚ **ਕਲਾਸ ਟੂ ਨਾਨ ਗਜ਼ੇਟਿਡ ਅਫ਼ਸਰ** ਦੇ ਤੌਰ 'ਤੇ ਨਿਯੁਕਤ ਹੋਏ। ਸੰਨ 1987 ਵਿਚ ਆਪ ਗਜ਼ੇਟਿਡ ਅਫ਼ਸਰ ਬਣ ਗਏ ਅਤੇ ਆਪ ਦੀ ਬਦਲੀ, ਦਿੱਲੀ ਕਰ ਦਿੱਤੀ ਗਈ। ਲੰਮਾ ਸਮਾਂ ਆਪ, **ਦਿੱਲੀ ਵਿਖੇ ਸਰਕਾਰੀ ਪਰਚੇ 'ਯੋਜਨਾ' ਦੇ, ਸਹਾਇਕ ਸੰਪਾਦਕ** ਰਹੇ। ਆਪ ਨੇ **ਕਵਿਤਾਵਾਂ, ਲੇਖਾਂ ਅਤੇ ਅਨੁਵਾਦ-ਕਾਰਜਾਂ ਵਿਚ** ਵੀ ਹੱਥ-ਅਜ਼ਮਾਈ ਕੀਤੀ। ਆਪ ਦੀ ਦਲਿਤ ਯਥਾਰਥ ਨੂੰ ਰੂਪਮਾਨ ਕਰਦੀ ਸਵੈ-ਜੀਵਨੀ **'ਛਾਂਗਿਆ ਰੁੱਖ'** ਨੂੰ ਪੰਜਾਬੀ ਪਾਠਕ ਵਰਗ ਵਲੋਂ **ਭਰਵਾਂ ਹੁੰਗਾਰਾ** ਪ੍ਰਾਪਤ ਹੋਇਆ ਅਤੇ ਆਪ ਨੂੰ, ਕਈ ਸੰਸਥਾਵਾਂ ਵੱਲੋਂ ਸਨਮਾਨਤ ਵੀ ਕੀਤਾ ਗਿਆ। ਹੁਣ ਇਹ ਸਵੈ-ਜੀਵਨੀ ਅੰਗਰੇਜ਼ੀ ਭਾਸ਼ਾ ਵਿਚ ਵੀ ਉਪਲਬਧ ਹੈ, ਜਿਸ ਨੂੰ ਇਕ ਵਿਦੇਸ਼ੀ ਪ੍ਰਕਾਸ਼ਨ ਅਦਾਰੇ ਨੇ ਛਾਪਿਆ ਹੈ। ਸੇਵਾ-ਮੁਕਤ ਹੋਣ ਮਗਰੋਂ, ਹੁਣ ਆਪ, ਦਿੱਲੀ ਦੇ 'ਪੰਜਾਬੀ ਭਵਨ' ਵਿਚ, ਡਾਇਰੈਕਟਰ ਦੇ ਅਹੁਦੇ 'ਤੇ ਕਾਰਜਸ਼ੀਲ ਹਨ।"

—0—

ਪਾਠ ਨੰਬਰ : 6

ਭਾਗ ਤੀਜਾ : ਵਿਹਾਰਕ ਪੰਜਾਬੀ

# ਸ਼ਬਦ-ਬੋਧ ਅਤੇ ਸ਼ੁੱਧ/ਅਸ਼ੁੱਧ ਸ਼ਬਦਾਂ ਦੀ ਪਛਾਣ

* ਡਾ. ਕੁਲਜੀਤ ਸਿੰਘ ਭਾਟੀਆ

## ਸ਼ਬਦ ਕਿਸ ਨੂੰ ਕਹਿੰਦੇ ਹਨ ?

ਸ਼ਬਦ, ਧੁਨੀਆਂ ਨੂੰ ਜੋੜ ਕੇ ਬਣਦਾ ਹੈ। ਉਦਾਹਰਣ ਦੇ ਤੌਰ 'ਤੇ /ਮ/ ਤੇ /ਰ/, ਪੰਜਾਬੀ ਦੀਆਂ ਦੋ ਵੱਖ ਵੱਖ ਧੁਨੀਆਂ ਹਨ। ਇਹ ਦੋਵੇਂ ਧੁਨੀਆਂ, ਪੰਜਾਬੀ ਭਾਸ਼ਾ ਦੀ ਪੈਂਤੀ ਅੱਖਰੀ ੳ, ਅ, ੲ..ਵਿਚ ਸ਼ਾਮਿਲ ਹਨ। ਜੇਕਰ ਇਹਨਾਂ ਦੋ ਧੁਨੀਆਂ /ਮ/ ਅਤੇ /ਰ/ ਨੂੰ ਇਕੱਠਾ ਮ+ਰ (ਮਰ) ਕਰ ਦਿੱਤਾ ਜਾਵੇ, ਤਾਂ /ਮਰ/ ਸ਼ਬਦ ਬਣ ਜਾਂਦਾ ਹੈ। ਪਰ, ਜੇਕਰ ਧੁਨੀ /ਮ/ ਨਾਲ਼ ਹੋੜਾ /ੋ/ ਜੋੜ ਕੇ ਧੁਨੀ /ਰ/ ਜੋੜੀ ਜਾਵੇ, ਤਾਂ ਇਸ ਜੋੜ ਵਿਚੋਂ /ਮੋਰ/ ਸ਼ਬਦ ਬਣ ਜਾਂਦਾ ਹੈ। ਦੋਹਾਂ ਸ਼ਬਦਾਂ, /ਮਰ/ ਤੇ /ਮੋਰ/ ਦੇ ਅਰਥਾਂ ਵਿਚ, ਜ਼ਮੀਨ ਅਸਮਾਨ ਦਾ ਫ਼ਰਕ ਹੈ। ਇਸ ਦਾ ਸਿੱਟਾ ਇਹ ਨਿਕਲਿਆ ਕਿ ਧੁਨੀਆਂ ਦੇ ਜੋੜ-ਤੋੜ, ਕਿਸੇ ਵੀ ਭਾਸ਼ਾ ਦੀ ਬੁਨਿਆਦੀ ਸ਼ਰਤ ਹਨ। ਇਸ ਜੋੜ-ਤੋੜ ਤੋਂ ਬਿਨਾਂ, ਨਾ ਸ਼ਬਦ ਘੜੇ ਜਾ ਸਕਦੇ ਹਨ ਅਤੇ ਨਾ ਹੀ ਇਕ-ਦੂਜੇ ਤੋਂ, ਵੱਖਰੇ ਕੀਤੇ ਜਾ ਸਕਦੇ ਹਨ। ਵੱਖ ਵੱਖ ਧੁਨੀਆਂ ਦੇ, ਵੱਖ ਵੱਖ ਜੋੜਾਂ ਵਿਚ, ਸ਼ਬਦਾਂ ਦੀ ਲੜੀ ਤਿਆਰ ਹੁੰਦੀ ਜਾਂਦੀ ਹੈ ਅਤੇ ਇਹ ਲੜੀ ਹੀ, ਉਸ ਭਾਸ਼ਾ ਦਾ ਸ਼ਬਦ-ਭੰਡਾਰ ਅਖਵਾਂਦੀ ਹੈ। ਇਹ ਧੁਨੀ-ਸੰਗ੍ਰਹਿ, ਸਾਰਥਕ ਹੋਣਾ ਚਾਹੀਦਾ ਹੈ। ਭਾਵ, ਇਹ ਕਿ ਧੁਨੀ-ਸੰਗ੍ਰਹਿ, ਪੂਰਬ ਪ੍ਰਚਲਤ ਉਦਾਹਰਣ ਜਾਂ ਰੂਪ-ਵਿਧੀ ਦੇ ਅਨੁਸਾਰ ਹੋਵੇ। ਧੁਨੀਆਂ /ਮ/+/ੋ/+/ਰ/ ਤੋਂ /ਮੋਰ/ ਸ਼ਬਦ ਜੋੜ ਲੈਣਾ, ਪੂਰਬ ਪ੍ਰਚਲਤ ਤੇ ਪ੍ਰਵਾਨਿਤ ਹੈ। ਪਰ, ਧੁਨੀਆਂ /ਮ/ਟ/+/ੇ/+/ਰ/ ਤੋਂ /ਮ੍ਟੇਰ/ ਸ਼ਬਦ ਤਾਂ ਜ਼ਰੂਰ ਬਣ ਗਿਆ, ਪਰ ਇਹ ਪੰਜਾਬੀ ਦਾ ਕੋਈ ਵੀ ਸ਼ਬਦ ਨਹੀਂ। ਨਾ ਇਹ ਪੰਜਾਬੀ ਵਿਚ ਪੂਰਬ ਪ੍ਰਚਲਤ ਪ੍ਰਵਾਨਿਤ ਹੈ ਅਤੇ ਨਾ ਹੀ, ਇਸ ਦੇ ਕੋਈ ਅਰਥ ਹਨ। ਇਸ ਲਈ, ਇਸ ਧੁਨੀ-ਸੰਗ੍ਰਹਿ ਨੂੰ, ਪੰਜਾਬੀ ਦਾ ਸ਼ਬਦ ਨਹੀਂ ਮੰਨਿਆ ਜਾ ਸਕਦਾ। ਸਿੱਟਾ ਇਹ ਨਿਕਲਿਆ ਕਿ ਸ਼ਬਦ, ਕਿਸੇ ਵੀ ਭਾਸ਼ਾ ਵਿਚ ਪ੍ਰਚਲਤ ਤੇ ਪ੍ਰਵਾਨਿਤ ਧੁਨੀਆਂ ਦੇ, ਸਾਰਥਕ ਜੋੜ ਨੂੰ ਹੀ ਆਖਿਆ ਜਾ ਸਕਦਾ ਹੈ। ਇਸ ਭਾਸ਼ਾਈ ਸਾਰਥਕਤਾ ਦੇ ਪ੍ਰਚਲਿਤ/ਪ੍ਰਵਾਨਿਤ ਹੋਣ ਦੇ ਕਾਰਨ, ਨਹੀਂ ਸਮਝਾਏ ਜਾ ਸਕਦੇ। ਪੰਜਾਬੀ ਵਿਚ ਜਿਸ ਸੁੰਦਰ ਪੰਛੀ ਨੂੰ ਅਸੀਂ, /ਮੋਰ/ ਕਹਿ ਦਿੱਤਾ ਅਤੇ ਸੰਸਕ੍ਰਿਤ ਵਿਚ /ਮਯੂਰ/ ਆਖਿਆ ਗਿਆ; ਕਿਉਂ ? ਇਸ ਦੇ ਇਤਿਹਾਸਕ ਜਾਂ ਵਿਗਿਆਨਕ ਕਾਰਨ ਨਹੀਂ ਸਮਝਾਏ ਜਾ ਸਕਦੇ।

## 3.1 ਸ਼ਬਦ-ਜੋੜਾਂ ਦੀ ਸਮੱਸਿਆ (ਸ਼ੁੱਧ-ਅਸ਼ੁੱਧ ਸ਼ਬਦ ਬੋਧ)

ਆਮ ਮਨੁੱਖਾਂ ਦੇ ਮਨ ਵਿਚ 'ਭਾਸ਼ਾ' ਬਾਰੇ ਇਹੀ ਗੱਲ ਬੈਠੀ ਹੁੰਦੀ ਹੈ ਕਿ ਇਹ, ਇਕ ਲਿਖਤੀ-ਰੂਪ ਹੈ। 'ਭਾਸ਼ਾ' ਦਾ ਧਿਆਨ ਆਉਂਦਿਆਂ ਸਾਰ, ਉਹਨਾਂ ਦੇ ਮਨ ਵਿਚ ਅਜਿਹੀ ਤਸਵੀਰ ਆ ਜਾਵੇਗੀ, ਜਿਸ ਵਿਚ, ਕਿਸੇ ਸਫ਼ੇ ਉਪਰ ਕੁੱਝ ਛਪਿਆ/ਲਿਖਿਆ ਹੋਵੇ। ਉਹ ਭਾਸ਼ਾ ਨੂੰ, ਨਿਸ਼ਚਿਤ ਪ੍ਰਬੰਧ ਵਿਚ ਬੱਝੀ, ਇਕ ਪ੍ਰਣਾਲੀ ਮੰਨੀ ਬੈਠੇ ਹੁੰਦੇ ਹਨ। ਉਹ ਭੁੱਲ ਜਾਂਦੇ ਹਨ ਕਿ 'ਲਿਖਤ' ਤਾਂ, ਧੁਨੀਆਂ ਨੂੰ ਰਿਕਾਰਡ ਕਰਨ ਦਾ ਇਕ ਰਵਾਇਤੀ ਢੰਗ ਹੈ। ਭਾਸ਼ਾ ਤਾਂ ਮੂਲ ਰੂਪ ਵਿਚ, ਬੋਲੀ ਦੀ ਲਿਖਤ ਹੈ ਅਤੇ ਬੋਲੀ, ਆਮ ਲੋਕਾਂ ਦੀ ਵਰਤੋਂ ਰਾਹੀਂ, ਨਿਰੰਤਰ ਬਦਲਣ ਗੋਚਰੀ ਹੁੰਦੀ ਹੈ। ਆਮ ਲੋਕਾਂ ਦੀ ਵਰਤੋਂ ਵਿਚ ਬੋਲੀ ਲਗਾਤਾਰ, ਪਰ ਹੌਲੀ ਹੌਲੀ, ਬਦਲਦੀ ਰਹਿੰਦੀ ਹੈ।

---

* ਐਸੋਸੀਏਟ ਪ੍ਰੋਫ਼ੈਸਰ (ਸੇਵਾ ਮੁਕਤ), ਦੇਸ਼ਬੰਧੂ ਕਾਲਜ, ਕਾਲਕਾਜੀ, ਨਵੀਂ ਦਿੱਲੀ।

ਬੋਲੀ ਦੀਆਂ ਧੁਨੀਆਂ/ਆਵਾਜ਼ਾਂ ਸਾਡੇ/ਮੂੰਹ ਰਾਹੀਂ ਪੈਦਾ ਹੁੰਦੀਆਂ ਅਤੇ ਨਿਕਲਦੀਆਂ ਹਨ। ਨੱਕ, ਗਲੇ ਤੇ ਮੂੰਹ ਵਿਚੋਂ, ਸਾਡੇ ਯਤਨ ਨਾਲ਼ ਹਵਾ ਨਿਕਲਦੀ/ਵੜਦੀ ਹੈ। ਇਸ ਹਵਾ ਨੂੰ ਨੱਕ, ਗਲੇ ਤੇ ਮੂੰਹ ਵਿਚਲੀਆਂ ਮਾਸਪੇਸ਼ੀਆਂ, ਕਾਬੂ ਕਰ ਕੇ ਰੋਕਦੀਆਂ/ਰਲਾਂਦੀਆਂ ਹਨ। ਜਦੋਂ ਇਹ ਕਿਰਿਆ ਬਾਰ ਬਾਰ ਦੁਹਰਾਈ ਜਾਂਦੀ ਹੈ, ਤਾਂ ਇਸ ਵਿਚ, ਧੀਮੀ ਧੀਮੀ ਤਬਦੀਲੀ ਕੁਦਰਤੀ ਤੇ ਸੰਭਵ ਹੈ। ਇਕ ਹੀ ਮਨੁੱਖ ਦੇ ਬਚਪਨ, ਜੁਆਨੀ ਤੇ ਬੁਢਾਪੇ ਵੇਲੇ ਦੀਆਂ ਭਾਸ਼ਾਈ-ਧੁਨੀਆਂ ਦੀ ਤੁਲਨਾ ਕਰ ਕੇ ਦੇਖੋ ਤਾਂ ਅੰਤਰ ਸਪੱਸ਼ਟ ਹੋ ਜਾਏਗਾ। ਤੁਸੀਂ ਇਕ ਹੀ ਸ਼ਬਦ ਬਾਰ ਬਾਰ ਉਚਾਰੋ, ਹਰ ਵਾਰ ਸੂਖ਼ਮ ਅੰਤਰ ਵਾਪਰੇਗਾ। ਕਿਉਂਕਿ, ਸ਼ਰੀਰਕ ਪੱਠੇ, ਬਿਲਕੁਲ ਇਕੋ ਜਿਹੀ ਗਤੀ ਨਹੀਂ ਦੁਹਰਾ ਸਕਦੇ। ਇਸ ਤਰ੍ਹਾਂ, ਹਰ ਵਿਅਕਤੀ ਲਗਾਤਾਰ ਤੇ ਅਚੇਤ ਹੀ ਆਪਣੀ ਬੋਲੀ ਵਿਚ ਹਲਕੀ ਤਬਦੀਲੀ ਪੈਦਾ ਕਰਦਾ ਰਹਿੰਦਾ ਹੈ। ਬੋਲੀ ਵਿਚ ਸਮਰੂਪਤਾ/ਇਕਸਾਰਤਾ, ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਨਾ ਕੇਵਲ ਇਕ ਕਬੀਲੇ ਦੀ ਬੋਲੀ ਹੀ, ਦੂਸਰੇ ਕਬੀਲੇ ਕੋਲੋਂ ਵੱਖਰੀ ਹੁੰਦੀ ਹੈ, ਸਗੋਂ, ਇਕੋ ਹੀ ਕਬੀਲੇ ਅੰਦਰ ਦੇ ਵੱਖ ਵੱਖ ਵਿਅਕਤੀਆਂ ਦੀ ਬੋਲੀ ਦੇ ਉਚਾਰ ਵਿਚ ਵੀ, ਭੇਦ ਵੇਖਿਆ ਜਾ ਸਕਦਾ ਹੈ।

ਇਹ ਚਰਚਾ ਤਾਂ, 'ਉਚਾਰ-ਪਰਿਵਰਤਨ' ਬਾਰੇ ਸੀ। ਹੁਣ ਪੁਰਾਤਨ ਪੰਜਾਬੀ ਵਿਚੋਂ ਉਦਾਹਰਣਾਂ ਪੇਸ਼ ਕਰਦੇ ਹਾਂ, ਤਾਂ ਜੋ, ਆਪਣੇ ਕਥਨ ਦੀ ਪੁਸ਼ਟੀ ਕਰ ਸਕੀਏ। ਗੁਰੂ ਨਾਨਕ ਸਾਹਿਬ ਦੇ ਜੀਵਨ ਬਾਰੇ ਲਿਖੀਆਂ ਸਾਖੀਆਂ ਵਿਚੋਂ, ਇਕ ਸਾਖੀ, ਗੁਰੂ ਜੀ ਦੇ ਵਿਆਹ ਬਾਰੇ ਹੈ, ਜੋ ਕਿ 18ਵੀਂ ਸਦੀ ਤੋਂ ਕੁੱਝ ਸਮਾਂ ਪਹਿਲਾਂ ਦੀ ਹੈ :-

> "ਤਬ ਜਦ ਗੁਰੂ ਬਾਬਾ ਜੀ ਬਰਸਾਂ ਤੇਰਹਿ ਕਾ ਹੋਇਆ॥ ਤਬ ਗੁਰੂ ਬਾਬੇ ਨਾਨਕ ਜੀ ਕੀ ਕੁੜਮਾਈ ਵਟਾਲਿਅਹੁ ਮੂਲੇ ਚੋਣੇ ਭੇਜੀ।...ਬ੍ਰਹਮਣੁ ਆਇ ਵਚਨੁ ਦਿੱਤਾ।"

ਉਪਰੋਕਤ ਉਦਾਹਰਣ ਵਿਚੋਂ ਹੇਠ ਲਿਖੇ ਸ਼ਬਦਾਂ ਦੇ ਜੋੜਾਂ ਬਾਰੇ ਧਿਆਨ ਦਿਉ :-

> ਤੇਰਹਿ, ਵਟਾਲਿਅਹੁ, ਬ੍ਰਹਮਣੁ, ਆਇ।

ਇਹ ਸ਼ਬਦ-ਜੋੜ ਪੁਰਾਣੇ ਹਨ ਅਤੇ ਅੱਜ ਦੀ ਪੰਜਾਬੀ ਵਿਚ ਅਸੀਂ, ਇਹਨਾਂ ਦੇ ਜੋੜ ਇਸ ਪ੍ਰਕਾਰ ਕਰਦੇ ਹਾਂ :-

> ਤੇਰ੍ਹਾਂ, ਬਟਾਲਿਉਂ, ਬ੍ਰਾਹਮਣ, ਆਏ। ਇਸ ਤਬਦੀਲੀ ਦਾ ਕਾਰਨ, ਸਮੇਂ ਵਿਚ ਪੈਦਾ ਹੋਏ ਉਚਾਰ ਭੇਦ ਹੀ ਹਨ।

ਕਹਿ ਸਕਦੇ ਹਾਂ ਕਿ ਕਿਸੇ ਵੀ ਭਾਸ਼ਾ ਦਾ 'ਉਚਾਰ-ਪ੍ਰਬੰਧ' ਉਸ ਦੇ ਸ਼ਬਦ-ਜੋੜਾਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਇਹ ਉਚਾਰ-ਪ੍ਰਬੰਧ, ਸਦਾ ਪਵਿਰਤਨਸ਼ੀਲ ਹੈ।

ਜੇ ਉਚਾਰ-ਪ੍ਰਬੰਧ ਪਰਿਵਰਤਨਸ਼ੀਲ ਹੈ ਤਾਂ ਇਸੇ ਅਨੁਸਾਰ, ਸ਼ਬਦ-ਜੋੜ ਵੀ ਸਹਿਜੇ ਹੀ ਪਰਿਵਰਤਨਸ਼ੀਲ ਹਨ। ਇਸੇ ਲਈ ਹੀ ਪਿੱਛਲੇ ਕੁੱਝ ਸਾਲਾਂ ਵਿਚ ਅਕਾਦਮਕ ਤੇ ਵਿਸ਼ਵ-ਵਿਦਿਆਲਿਆਂ ਦੇ ਪੱਧਰ 'ਤੇ, ਪੰਜਾਬੀ ਸ਼ਬਦ-ਜੋੜਾਂ ਦਾ ਮਸਲਾ, ਗੰਭੀਰ ਵਿਚਾਰ ਅਧੀਨ ਚਲ ਰਿਹਾ ਹੈ ਅਤੇ ਜੇ ਇਸ ਬਾਰੇ ਕਿਸੇ ਵਿਦਿਆਰਥੀ ਦੇ ਮਨ ਵਿਚ ਬਹੁਤ ਵਿਸਥਾਰ ਨਾਲ਼ ਜਾਣਕਾਰੀ ਲੈਣ ਦੀ ਇੱਛਾ ਹੋਵੇ ਤਾਂ ਉਹਨੂੰ ਅਸੀਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਛਪੀ ਪੁਸਤਕ **"ਪੰਜਾਬੀ ਸ਼ਬਦ ਰੂਪ ਤੇ ਸ਼ਬਦ-ਜੋੜ ਕੋਸ਼"** ਪੜ੍ਹਣ ਦਾ ਸੁਝਾਅ ਦੇਂਦੇ ਹਾਂ, ਇਸ ਦੇ ਸੰਪਾਦਕ **ਡਾ. ਹਰਕੀਰਤ ਸਿੰਘ** ਹਨ।

ਉਚਾਰ-ਪ੍ਰਬੰਧ ਦੇ ਪਰਿਵਰਤਨਸ਼ੀਲ ਹੋਣ ਬਾਰੇ ਕੀਤੀ ਚਰਚਾ ਤੋਂ ਬਾਅਦ, 'ਗੁਰਮੁਖੀ ਲਿਪੀ' ਬਾਰੇ ਵਿਚਾਰ ਕਰਨੀ ਜ਼ਰੂਰੀ ਹੈ। ਜਿਸ ਰਾਹੀਂ, ਪੰਜਾਬੀ ਬੋਲੀ ਨੂੰ ਭਾਰਤ 'ਚ ਲਿਖਿਆ ਜਾਂਦਾ ਹੈ, ਸ਼ਬਦ-ਜੋੜਾਂ ਵਿਚ ਉਤਾਰਿਆ ਜਾਂਦਾ ਹੈ। ਸ਼ਬਦ-ਜੋੜਾਂ ਬਾਰੇ ਕਠਿਨਾਈ ਤੇ ਸਮੱਸਿਆ ਖੜ੍ਹੀ ਹੁੰਦੀ ਹੈ, ਕਿਉਂਕਿ, ਲਿਪੀ ਦੀ ਸੀਮਾ ਤੇ ਧੁਨੀਆਂ ਦੀ ਅਸੀਮਤਾ

ਦਾ ਪਰਸਪਰ ਰਿਸ਼ਤਾ, ਸਥਾਪਤ ਕਰਨਾ ਹੁੰਦਾ ਹੈ, ਤੇ ਇੱਥੇ ਹੀ, ਸ਼ਬਦ-ਜੋੜ ਮਿਲ ਕੇ ਧੁਨੀਆਂ ਨੂੰ ਰਵਾਇਤੀ ਸਾਰਥਕਤਾ ਪ੍ਰਦਾਨ ਕਰਦੇ ਹਨ।

ਗੁਰਮੁਖੀ ਲਿਪੀ, ਭਾਰਤੀ ਪਰਿਵਾਰ ਦੀਆਂ ਲਿਪੀਆਂ ਵਾਂਗ, 'ਬ੍ਰਾਹਮੀ' ਵਿਚੋਂ ਵਿਕਸਤ ਹੋਈ ਹੈ। ਇਹ ਸਭ ਲਿਪੀਆਂ, ਖੱਬਿਉਂ ਸੱਜੇ ਨੂੰ, ਲਿਖੀਆਂ ਜਾਂਦੀਆਂ ਹਨ। ਹਰ ਧੁਨੀ ਲਈ, ਵੱਖਰਾ ਚਿੰਨ੍ਹ ਹੁੰਦਾ ਹੈ। ਜਿਹਨਾਂ ਨੂੰ ਪਰੰਪਰਾਗਤ ਵਿਅੰਜਨਾਂ ਤੇ ਸਰਾਂ ਵਿਚ ਵੰਡਿਆ ਹੋਇਆ ਹੈ। ਪਰ, ਇਹਨਾਂ ਸਰਾਂ ਨੂੰ ਅੰਕਿਤ ਕਰਨਾ, ਕੋਈ ਸਰਲ ਨਹੀਂ। ਸਗੋਂ, ਇਹ ਖ਼ਾਸੀ ਗੁੰਝਲਦਾਰ ਹੈ। ਮਿਸਾਲ ਦੇ ਤੌਰ 'ਤੇ, 'ਰਾਣੀ' ਸ਼ਬਦ ਵਿਚ 'ਆ' ਤੇ 'ਣੀ' ਦੀ ਧੁਨੀ ਵਾਸਤੇ ਤੇ 'ਕੰਨਾ' ਤੇ 'ਬਿਹਾਰੀ' ਆਏ ਹਨ, ਪਰ 'ਰ' ਤੇ 'ਣ' ਧੁਨੀਆਂ ਦੇ ਚਿੰਨ੍ਹ ਪੂਰੇ ਲਿਖੇ ਗਏ ਹਨ। ਇਸ ਤਰ੍ਹਾਂ, ਅਸੀਂ ਦੇਖਦੇ ਹਾਂ ਕਿ ਸਾਡੀ ਗੁਰਮੁਖੀ ਲਿਪੀ ਵਿਚ, ਵਿਅੰਜਨ ਤੋਂ ਪਿਛੋਂ ਆਉਣ ਵਾਲ਼ਾ ਪਹਿਲਾ ਸਰ, ਲਗ (ਮਾਤਰਾ) ਵਿਚ ਬਦਲ ਜਾਂਦਾ ਹੈ। ਜਿਵੇਂ ੋਰਾਣੀ ਵਿਚ ੋਰੋ ਤੋਂ ਬਾਅਦ 'ਆ' ਦਾ ਸਰ ਤੇ 'ਣ' ਤੋਂ 'ਈ' ਦਾ ਸਰ ਆਇਆ ਹੈ।

ਡਾ. ਹਰਕੀਰਤ ਸਿੰਘ ਅਨੁਸਾਰ, ਇਸ ਨਿਯਮ ਕਾਰਨ, ਅਜੋਕੀ ਪੰਜਾਬੀ ਵਿਚ, ਕਈ ਨਵੇਂ ਮਸਲੇ ਪੈਦਾ ਹੋ ਗਏ ਹਨ। ਉਹਨਾਂ ਨੇ, ਅੱਜ ਦੀ ਪੰਜਾਬੀ ਸਾਹਮਣੇ ਪੈਦਾ ਹੋਈ ਨਵੀਂ ਸਮੱਸਿਆ ਵੱਲ ਧਿਆਨ ਦੁਆਇਆ ਹੈ। ਅਸੀਂ ਉਹਨਾਂ ਦੁਆਰਾ ਉਠਾਏ ਨੁਕ਼ਤੇ ਦੀ, ਹੋਰ ਵਿਆਖਿਆ ਕਰਦੇ ਹਾਂ। ਇਹ ਸਮੱਸਿਆ ਹੈ, ਨਿਰੰਤਰ ਵੱਧ ਰਹੀਆਂ ਨਵੇਂ ਸ਼ਬਦਾਂ ਨੂੰ ਗ੍ਰਹਿਣ ਕਰਨ ਤੇ ਘੜਣ ਦੀਆਂ ਲੋੜਾਂ ਬਾਰੇ। ਸਾਹਿਤ-ਸਿੱਧਾਂਤ ਅਤੇ ਵਿਹਾਰਕ-ਆਲੋਚਨਾ ਨੂੰ ਹੀ ਲੈ ਲਉ। ਅੱਜ ਗਿਆਨ-ਵਿਗਿਆਨ ਦੇ ਵੱਖ ਵੱਖ ਅਨੁਸ਼ਾਸਨਾਂ ਦੀ ਅਧਿਐਨ-ਵਿਧੀ ਦੀ ਸ਼ਬਦਾਵਲੀ ਨੂੰ, ਸਾਹਿਤ ਤੇ ਵਿਹਾਰਕ ਆਲੋਚਨਾ ਦੀਆਂ ਵੱਖ ਵੱਖ ਪੱਧਰਾਂ/ਪਰਤਾਂ ਨਿਖੇੜਣ ਤੇ ਪਰਿਭਾਸ਼ਨ ਲਈ, ਸੰਸਾਰ ਦੀਆਂ ਸਭ ਵਿਕਸਤ ਭਾਸ਼ਾਵਾਂ ਵਿਚ ਬੜੀ ਤੇਜ਼ੀ ਨਾਲ਼ ਅਪਣਾਇਆ ਜਾ ਰਿਹਾ ਹੈ। ਦਰਸ਼ਨ ਅਤੇ ਮਨੋਵਿਗਿਆਨ ਦੇ ਭਾਸ਼ਾਈ ਕੋਸ਼ ਵਿਚੋਂ ਅਨੇਕਾਂ ਸ਼ਬਦਾਂ ਨੂੰ, ਅੱਜ ਦੀ ਪੰਜਾਬੀ-ਆਲੋਚਨਾ ਲਈ ਅਪਣਾਉਣ ਦੀ ਸਮੱਸਿਆ ਵੀ, ਉਸੇ ਤਰ੍ਹਾਂ ਜਾਰੀ ਹੈ। ਦੂਜੇ ਵਿਸ਼ਿਆਂ ਭੁਗੋਲ, ਇਤਿਹਾਸ, ਰਾਜਨੀਤੀ ਸ਼ਾਸਤ੍ਰ, ਮਾਨਵ-ਵਿਗਿਆਨ ਆਦਿ ਕਈ ਅਜਿਹੇ ਵਿਸ਼ੇ ਹੋਰ ਵੀ ਹਨ ਜਿਨ੍ਹਾਂ ਦੀਆਂ ਪੁਸਤਕਾਂ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਲਈ ਨਵੇਂ ਸ਼ਬਦ-ਭੰਡਾਰ ਦੀ ਲੋੜ ਹੈ। ਜਿਸ ਭਾਸ਼ਾ ਵਿਚੋਂ ਉਹ ਸ਼ਬਦ ਲਏ ਜਾਣਗੇ, ਉਸ ਭਾਸ਼ਾ ਦੇ ਉਚਾਰ-ਪ੍ਰਬੰਧ ਨੂੰ, ਪੰਜਾਬੀ ਦੇ ਉਚਾਰ-ਪ੍ਰਬੰਧ ਨਾਲ਼ ਕਿਵੇਂ ਜੋੜਿਆ ਜਾਵੇ ਤੇ ਸ਼ਬਦ ਜੋੜਾਂ ਦੀ ਪੈਦਾ ਹੋਈ ਇਸ ਨਵੀਂ ਸਮੱਸਿਆ ਦਾ ਸਮਾਧਾਨ, ਕਿਵੇਂ ਕੀਤਾ ਜਾਵੇ ? ਇਸ ਸਮੱਸਿਆ ਵੱਲ, ਡਾ. ਹਰਕੀਰਤ ਸਿੰਘ ਨੇ ਧਿਆਨ ਦੁਆ ਕੇ ਅਤੇ ਦੂਜੇ ਪਾਸੇ, ਪੰਜਾਬੀ ਸ਼ਬਦ-ਜੋੜਾਂ ਦੇ ਰਵਾਇਤੀ ਪ੍ਰਬੰਧ ਨੂੰ ਲੈ ਕੇ, ਪੰਜਾਬੀ ਸ਼ਬਦ ਜੋੜਾਂ ਬਾਰੇ ਪੈਦਾ ਹੋਈ ਇਸ ਨਵੀਂ ਸਮੱਸਿਆ ਨੂੰ ਉਘਾੜਣ ਦੀ ਕੋਸ਼ਿਸ਼ ਕੀਤੀ ਹੈ। ਉਹ ਕਹਿੰਦੇ ਹਨ ਕਿ ਭਾਸ਼ਾ ਦੀਆਂ ਲੋੜਾਂ ਅਨੁਸਾਰ, 'ਇਕ ਈਸ਼ਵਰਵਾਦ', 'ਉਤਰ ਅਧਿਕਾਰ' ਆਦਿ ਨਵੇਂ ਸ਼ਬਦ ਅਪਣਾਏ ਗਏ ਹਨ। ਇਹਨਾਂ ਦੇ ਇਹ ਜੋੜ, ਗੁਰਮੁਖੀ ਦੇ ਉਪਰੋਕਤ ਨਿਯਮ ਦੇ ਪੱਖੋਂ ਅਸ਼ੁੱਧ ਹਨ, ਇਕੀਸ਼ਵਰਵਾਦ, ਉਤਰਾਧਿਕਾਰ। ਇਹ ਰੂਪ ਪੰਜਾਬੀ ਉਚਾਰਣ ਦੇ ਅਨੁਕੂਲ ਨਹੀਂ। ਗੁਰਮੁਖੀ ਵਿਚ ਸੰਜੁਗਤ ਵਿਅੰਜਨ ਲਿਖਣ ਦਾ, ਕੋਈ ਤਸੱਲੀਬਖ਼ਸ਼ ਢੰਗ ਨਹੀਂ। ਇਸੇ ਤਰ੍ਹਾਂ, 'ਕ੍ਰਮ' ਤੇ 'ਕਰਮ', ਸੰਸਕ੍ਰਿਤ ਮੂਲ ਦੇ ਦੋ ਵੱਖ ਵੱਖ ਸ਼ਬਦ ਹਨ, ਇਹਨਾਂ ਵਿਚੋਂ ਦੂਜੇ ਦੇ ਮੂਲ ਰੂਪ ਨੂੰ, ਗੁਰਮੁਖੀ ਵਿਚ ਲਿਖਣ ਦਾ ਕੋਈ ਢੰਗ ਨਹੀਂ ਅਪਣਾਇਆ ਗਿਆ। ਸਿਹਾਰੀ, ਜਿਸ ਵਿਅੰਜਨ ਤੋਂ ਪਹਿਲਾਂ ਲਗਾਈ ਜਾਂਦੀ ਹੈ, ਉਚਾਰੀ, ਉਸ ਤੋਂ ਪਿਛੋਂ ਜਾਂਦੀ ਹੈ।

ਸ਼ਬਦ 'ਤਿਲ' ਵਿਚ, ਸਿਹਾਰੀ 'ਤ' ਤੋਂ ਪਹਿਲਾਂ ਲਗਾਈ ਗਈ ਹੈ ਪਰ, ਉਚਾਰਣ ਵਿਚ 'ਤ' ਪਹਿਲਾਂ ਸ਼ੁਰੂ ਹੁੰਦਾ ਹੈ। 'ਤਿਲ' ਦਾ ਸ਼ੁੱਧ ਰੂਪ 'ਤਇਲ' ਹੈ, ਅਰਥਾਤ 'ਇ' ਉਚਾਰਣ ਵਿਚ, 'ਤ' ਤੋਂ ਪਿੱਛੋਂ ਆਂਦੀ ਹੈ, ਪਰ ਲਿਖਤ ਵਿਚ ਅਸੀਂ ਸਿਹਾਰੀ ਨੂੰ 'ਤ' ਤੋਂ ਪਹਿਲਾਂ ਅੰਕਿਤ ਕਰਦੇ ਹਾਂ, ਜੋ ਗ਼ਲਤ ਹੈ। ਇਹ ਨੁਕਸ, ਉੱਤਰੀ ਭਾਰਤ ਦੀਆਂ ਲਗਭਗ ਸਾਰੀਆਂ ਲਿਪੀਆਂ ਵਿਚ ਹੈ। ਇਸ ਚਰਚਾ ਨੂੰ ਅਗੇ ਤੋਰਦੇ ਹੋਏ ਡਾ. ਹਰਕੀਰਤ ਸਿੰਘ ਲਿਖਦੇ ਹਨ ਕਿ ਪਿੱਛਲੀਆਂ ਤਿੰਨਾਂ, ਚੌਂਹ ਸਦੀਆਂ ਵਿਚ, ਪੰਜਾਬੀ ਦਾ ਉਚਾਰਣ ਵੀ ਕੁੱਝ ਬਦਲਿਆ ਹੈ। 'ਸ਼ਹਿਰ', 'ਪਹਿਰ' ਆਦਿ ਸ਼ਬਦਾਂ ਦਾ ਪੁਰਾਣਾ ਉਚਾਰਣ, 'ਸ਼ਹਰ', 'ਪਹਰ' ਸੀ, ਅੱਜ ਵੀ ਮੁਲਤਾਨੀ, ਝਾਂਗੀ ਆਦਿ ਵਿਚ ਇਹਨਾਂ ਦਾ ਉਚਾਰਣ

'ਸ਼ਹਰ', 'ਪਹਰ' ਜਾਂ 'ਸ਼ਾਹਰ' 'ਪਾਹਰ' ਹੈ। ਪਰ, ਕੇਂਦਰੀ ਪੰਜਾਬੀ ਵਿਚ ਅਜਿਹੇ ਸ਼ਬਦਾਂ ਦਾ ਉਚਾਰਣ, ਬਦਲ ਚੁੱਕਿਆ ਹੈ। ਇਸ ਕਾਰਨ, ਸ਼ਬਦ-ਜੋੜਾਂ ਬਾਰੇ ਨਵੇਂ ਮਸਲੇ ਖੜ੍ਹੇ ਹੋ ਗਏ ਹਨ। ਪੰਜਾਬੀ ਦੀਆਂ ਨਵੀਆਂ ਵੱਧ ਰਹੀਆਂ ਜ਼ਿੰਮੇਵਾਰੀਆਂ ਦੇ ਕਾਰਨ, ਇਹ ਸ਼ਬਦ ਜੋੜਾਂ ਦਾ ਮਸਲਾ, ਹੋਰ ਵੀ ਗੰਭੀਰ ਵਿਚਾਰ-ਚਰਚਾ ਦੀ ਮੰਗ ਕਰਦਾ ਹੈ।

ਹਰ ਵਿਕਸਤ ਤੇ ਵਿਕਾਸਸ਼ੀਲ ਭਾਸ਼ਾ, ਸ਼ੁੱਧ, ਸਪੱਸ਼ਟ ਤੇ ਸੁਚੱਜੀ ਤਾਂ ਹੀ ਹੋ ਸਕਦੀ ਹੈ, ਜੇ ਉਸ ਦੀ ਲਿਖਤ ਵਿਚ ਵਰਤੇ ਜਾਣ ਵਾਲ਼ੇ ਸ਼ਬਦ-ਜੋੜ, ਇਕਸਾਰ ਹੋਣ। ਇਸ ਦੇ ਨਾਲ਼, ਉਹਨਾਂ ਦੀ ਬਣਤਰ ਵਿਗਿਆਨਕ ਨਿਯਮਾਂ ਉੱਤੇ ਆਧਾਰਤ ਹੋਵੇ। ਪਰ, ਪੰਜਾਬੀ ਰਚਨਾਵਾਂ ਵਿਚ ਵਰਤੇ ਜਾਣ ਵਾਲ਼ੇ/ਵਰਤੇ ਜਾ ਰਹੇ ਜੋੜ, ਅਜੇ ਇਸ ਟੀਚੇ ਤੋਂ ਬਹੁਤ ਪਿੱਛੇ ਹਨ। ਇਕੋ ਹੀ ਲੇਖਕ ਦੀਆਂ ਲਿਖਤਾਂ ਵਿਚ, ਇਕੋ ਸ਼ਬਦ ਦੇ ਕਈ ਕਈ ਜੋੜ ਵਰਤੇ ਮਿਲਦੇ ਹਨ। ਕਈ ਲੇਖਕ, ਸ਼ਬਦਾਂ ਨੂੰ ਠੀਕ ਉਸੇ ਤਰ੍ਹਾਂ ਲਿਖਣਾ ਉਚਿਤ ਸਮਝਦੇ ਹਨ, ਜਿਵੇਂ ਇਹ ਸ਼ਬਦ ਉਹਨਾਂ ਦੀ ਆਪਣੀ ਉਪ-ਬੋਲੀ ਦੀ ਆਮ ਬੋਲਚਾਲ ਵਿਚ ਉਚਾਰੇ ਜਾਂਦੇ ਹਨ। ਇਸ ਦੀ ਉਦਾਹਰਣ, ਮਾਲਵੇ ਦੇ ਲੇਖਕ ਗੁਰਦਿਆਲ ਸਿੰਘ, ਜਸਵੰਤ ਸਿੰਘ ਕੰਵਲ ਆਦਿ ਹਨ, ਜਿਨ੍ਹਾਂ ਦੇ ਨਾਵਲਾਂ ਵਿਚ ਉਪਰੋਕਤ ਕਥਨ ਦੀਆਂ ਅਨੇਕਾਂ ਉਦਾਹਰਣਾਂ ਲੱਭੀਆਂ ਜਾ ਸਕਦੀਆਂ ਹਨ : 'ਆਪਦਾ', 'ਜਿਮੇਂ' ਆਦਿ। ਕਈ ਹੋਰ ਵਿਦਵਾਨ ਸ਼ਬਦ ਦੇ ਤਤਸਮ-ਰੂਪ ਅਨੁਸਾਰ, ਸ਼ਬਦ ਜੋੜਾਂ ਉਪਰ ਬਲ ਦਿੰਦੇ ਹਨ। ਉਹ ਸ਼ਬਦਾਂ ਦੇ ਜੋੜ, ਉਹਨਾਂ ਦੇ ਮੂਲ (ਸੰਸਕ੍ਰਿਤ, ਫ਼ਾਰਸੀ/ਅਰਬੀ ਜਾਂ ਅੰਗਰੇਜ਼ੀ ਵਾਲ਼ੇ) ਰੂਪ ਅਨੁਸਾਰ ਬਣਾਉਂਦੇ ਹਨ। ਬਹੁਤ ਸਾਰੇ ਸ਼ਬਦ ਅਜਿਹੇ ਵੀ ਹਨ, ਜਿਨ੍ਹਾਂ ਬਾਰੇ ਉਚਾਰਣ ਦੇ 'ਮੂਲ ਰੂਪ' ਵਾਲ਼ਾ ਕੋਈ ਝਗੜਾ ਨਹੀਂ, ਫਿਰ ਵੀ ਇਹਨਾਂ ਦੇ ਜੋੜਾਂ ਵਿਚ ਇਕਸਾਰਤਾ ਨਹੀਂ ਮਿਲ਼ਦੀ। 'ਇਹ', 'ਉਹ', 'ਜਿਹੜਾ', 'ਕਿਹੜਾ', 'ਸਹੁਰਾ', 'ਮਹੁਰਾ', 'ਦੇਹ', 'ਫੇਹ', 'ਕਾਨ੍ਹ', 'ਸਾਨ੍ਹ', 'ਸਾਮ੍ਹਣੇ', 'ਫੇਲ੍ਹ' ਆਦਿ ਹੋਰ ਕਈ ਸ਼ਬਦ ਅਜਿਹੇ ਹਨ; ਜਿਨ੍ਹਾਂ ਦੇ ਇਕ ਤੋਂ ਵੱਧ ਸ਼ਬਦ-ਜੋੜ ਪ੍ਰਚਲਤ ਹਨ। ਇਹਨਾਂ ਵਿਚ ਹਾਲੀਂ ਤੱਕ ਵੀ, ਪ੍ਰਮਾਣਿਕ ਇਕਸਾਰਤਾ ਨਹੀਂ ਆ ਸਕੀ।

ਡਾ. ਹਰਕੀਰਤ ਸਿੰਘ ਦੁਆਰਾ ਸੰਪਾਦਿਤ ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਕੋਸ਼, ਸਾਹਮਣੇ ਆਇਆ ਹੈ, ਜਿਸ ਦਾ ਸਿਰਲੇਖ ਹੈ : **'ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼'**।

ਸ਼ਬਦ-ਜੋੜਾਂ ਬਾਰੇ ਵਿਚਾਰ ਕਰਨ ਵਾਲ਼ੀਆਂ ਕਮੇਟੀਆਂ ਨੇ, ਕੁੱਝ ਉੱਘੀਆਂ ਸ਼ਬਦ-ਸ਼੍ਰੇਣੀਆਂ ਦੇ ਜੋੜਾਂ ਸੰਬੰਧੀ, ਹੇਠ ਲਿਖੇ ਅਨੁਸਾਰ ਫ਼ੈਸਲੇ ਕੀਤੇ :-

"1. ਸ਼ਹਿਰ, ਪਹਿਰ, ਰਹਿ, ਬਹਿ, ਕਹਿਣਾ, ਸਹਿਣਾ, ਰਹਿਣਾ, ਗਹਿਣਾ ਆਦਿ, ਹਾਹੇ ਨੂੰ ਸਿਹਾਰੀ ਲਾ ਕੇ ਲਿਖੇ ਜਾਣ।

2. ਗਿਆ, ਲਿਆ, ਰਿਹਾ, ਕਿਹਾ, ਜਿਹਾ ਆਦਿ ਸ਼ਬਦਾਂ ਵਿਚ ਪਹਿਲੇ ਅੱਖਰ ਨੂੰ ਸਿਹਾਰੀ ਲਾਈ ਜਾਵੇ।

3. 'ਹਾਹੇ' ਵਾਲ਼ੀਆਂ ਕੁੱਝ ਸ਼੍ਰੇਣੀਆਂ ਦੇ ਜੋੜ, ਇਉਂ ਸਵੀਕਾਰ ਕੀਤੇ ਗਏ :-

   (ਕ) ਕਿਹੜਾ, ਜਿਹੜਾ, ਵਿਹੜਾ, ਮਿਹਣਾ, ਫਿਹਣਾ ਆਦਿ।

   (ਖ) ਥੇਹ, ਰੇਹ, ਲੇਹ, ਖੇਹ, ਫੇਹ ਆਦਿ।

   ਫ਼ੈਸਲਾ ਕੀਤਾ ਗਿਆ ਕਿ ਜੇ ਾਹਾਹੋ, ਅਜਿਹੇ ਸ਼ਬਦਾਂ ਦੇ ਅੰਤ ਵਿਚ ਆਵੇ, ਤਾਂ 'ਹਾਹੇ' ਤੋਂ ਪਹਿਲੇ ਵਰਨ ਨੂੰ 'ਲਾਂ' ਲਾਈ ਜਾਵੇ (ਥੇਹ, ਰੇਹ, ਸਨੇਹ)। ਪਰ, ਜੇ 'ਹਾਹਾ' ਵਿਚਾਲੇ ਆਵੇ, ਤਾਂ 'ਹਾਹੇ' ਤੋਂ ਪਹਿਲਾਂ ਵਿਅੰਜਨ ਨੂੰ 'ਸਿਹਾਰੀ' ਲਗਾਈ ਜਾਵੇ : ਵਿਹੜਾ, ਜਿਹੜਾ ਆਦਿ।

   ਪਰ, 'ਇਹ' ਦੇ ਜੋੜ, ਸਿਹਾਰੀ ਨਾਲ਼ ਠੀਕ ਮੰਨ ਲਏ ਗਏ। ਕਿਉਂਕਿ, ਇਹ ਪ੍ਰਚਲਤ ਹੋ ਚੁੱਕੇ ਹਨ।

   (ਗ) 'ਮਹੁਰਾ', 'ਸਹੁਰਾ', 'ਬਹੁਤਾ' ਆਦਿ ਹਾਹੇ ਨੂੰ ਔਂਕੜ ਲਾ ਕੇ ਸ਼ੁੱਧ ਹੈ।

   (ਘ) ਬੋਹਲ, ਥੋਹਰ, ਮੋਹਲੀ, ਛੋਹਰ ਆਦਿ ਹਾਹੇ ਤੋਂ ਪਹਿਲੇ ਅੱਖਰ ਨੂੰ ਹੋੜਾ ਲਾ ਕੇ ਲਿਖਿਆ ਜਾਵੇ।

4. ਤਾਲਵੀ 'ਲ' ਦੀ ਧੁਨੀ ਸਾਧਾਰਣ 'ਲ' ਨਾਲ਼ੋਂ ਵੱਖਰੀ ਹੈ। ਇਹ ਲਲੇ ਦੇ ਪੈਰ ਵਿਚ ਬਿੰਦੀ ਲਾ ਕੇ, ਅੰਕਿਤ ਕੀਤੀ ਜਾਵੇ; ਕਾਲ਼ਾ, ਪਾਲ਼ਾ, ਨਾਲ਼, ਕੋਲ਼ ਆਦਿ ਵਿਚ—ਨਾਲ਼ ਹੀ ਸਿਫ਼ਾਰਸ਼ ਕੀਤੀ ਗਈ ਕਿ ਗੁਰਮੁਖੀ ਲਿਪੀ ਦੀ ਅੰਤਿਮ ਪੰਕਤੀ ਵਿਚ ਸ਼, ਖ਼, ਗ਼, ਜ਼, ਫ਼ ਦੇ ਨਾਲ਼, ਲ਼ ਵੀ ਸ਼ਾਮਿਲ ਕੀਤਾ ਜਾਵੇ।

5. ਅਰਬੀ ਵਿਚ 'ਕ' ਵਾਸਤੇ ਦੋ ਧੁਨੀਆਂ ਹਨ—'ਹ' ਵਾਸਤੇ ਵੀ ਦੋ ਧੁਨੀਆਂ ਹਨ-ਅਤੇ 'ਗ' ਵਾਸਤੇ ਵੀ, ਦੋ ਹੀ ਧੁਨੀਆਂ ਹਨ। ਇਹਨਾਂ ਨੂੰ ਪੰਜਾਬੀ ਵਿਚ ਵੀ ਵਖਰਿਆਉਣ ਦੀ ਲੋੜ ਹੈ। ਅਰਥਾਤ, ਕ, ਗ, ਜ ਦੇ ਪੈਰ ਵਿਚ, ਬਿੰਦੀ ਪਾਣ ਦੀ ਲੋੜ ਹੈ। ਇੰਝ ਕ਼ਸਮ, ਕ਼ਲਮ, ਕ਼ੁਦਰਤ, ਗ਼ਮ, ਗ਼ਰੀਬ, ਗ਼ਲਤ, ਹੱਕ਼, ਹਾਜ਼ਰ, ਹਜ਼ੂਰ, ਸ਼ੁੱਧ ਜੋੜ ਹਨ। ਇਹਨਾਂ ਵਿਚ ਖ਼, ਗ਼, ਫ਼ ਤੇ ਪੈਰਾਂ ਵਿਚ ਬਿੰਦੀ ਪਾਈ ਜਾਵੇ—ਕੱਕੇ ਥੱਲੇ ਬਿੰਦੀ ਪਾਣ ਦੀ ਲੋੜ ਨਹੀਂ। ਕਿਉਂਕਿ 'ਕ', ਦੋਹਾਂ ਅਵਾਜ਼ਾਂ ਲਈ, ਪੰਜਾਬੀ ਵਿਚ ਸਾਂਝਾ ਪ੍ਰਚਲਤ ਹੈ। ਇਸ ਤਰ੍ਹਾਂ 'ਲ' ਦੇ ਪੈਰੀਂ ਬਿੰਦੀ ਦਾ ਚਿੰਨ੍ਹ ਵੀ ਪ੍ਰਵਾਨਿਤ ਨਾ ਹੋ ਸਕਿਆ।

6. ਸੰਸਕ੍ਰਿਤ ਦਾ 'ਯ' ਪੰਜਾਬੀ 'ਜ' ਬਣ ਚੁੱਕਾ ਹੈ। ਇਸ ਲਈ, 'ਯਸ਼' ਦੀ ਬਜਾਏ, 'ਜੱਸ' ਲਿਖਣਾ ਠੀਕ ਹੋਵੇਗਾ :-

ਸੰਜਮ, ਸੰਜੁਗਤ, ਸੰਜੋਗ, ਵਿਜੋਗ, ਜੁਗ, ਸੂਰਜ, ਕਾਰਜ ਆਦਿ।

7. ਕਈ ਹਾਲਤਾਂ ਵਿਚ ਸੰਸਕ੍ਰਿਤ 'ਯ' ਪੰਜਾਬੀ ਵਿਚ ਬਿਲਕੁਲ ਉੱਡ ਗਿਆ ਹੈ ਜਾਂ ਸਰ ਵਿਚ ਬਦਲ ਗਿਆ ਹੈ, ਉਸ ਸੂਰਤ ਵਿਚ ਸ਼ਬਦ-ਜੋੜ ਕਰਨ ਵੇਲ਼ੇ, ਪੰਜਾਬੀ ਰੂਪ ਹੀ ਠੀਕ ਮੰਨਿਆ ਜਾਵੇ। ਉਪਾਯੇ ਦੀ ਥਾਂ ਤੇ ਉਪਾਅ ਠੀਕ ਹੈ। ਇਸੇ ਤਰ੍ਹਾਂ ਆਰੀਆ, ਨਿਰਭੈ, ਪਰਲੋ, ਭਾਰਤੀ, ਮੱਧ, ਮੁੱਲ, ਰਾਸ਼ਟਰੀ, ਵਿਜੇ ਠੀਕ ਸ਼ਬਦ-ਜੋੜ ਹਨ। ਦਇਆ, ਬਿਆਜ, ਵਪਾਰ ਆਦਿ।

8. ਇਸੇ ਤਰ੍ਹਾਂ, ਜਿਨ੍ਹਾਂ ਸ਼ਬਦਾਂ ਦੇ ਪੰਜਾਬੀ-ਰੂਪ ਵਿਚ ਸੰਸਕ੍ਰਿਤ ਦੇ ਮੂਲ, 'ਵ' ਦਾ ਉਚਾਰਣ 'ਬ' ਵਿਚ ਬਦਲ ਜਾਂਦਾ ਹੈ, ਉਹਨਾਂ ਦਾ ਪੰਜਾਬੀ-ਰੂਪ ਹੀ ਠੀਕ ਹੈ। ਮਿਸਾਲ—ਸਰਬ, ਪੂਰਬ (ਦਿਸ਼ਾ ਲਈ) ਪੂਰਵ (ਸਮੇਂ ਲਈ), ਬਸੰਤ, ਬੰਜਰ, ਬਣ, ਬਰਸੀ।

9. ਅੰਗਰੇਜ਼ੀ ਸ਼ਬਦਾਂ ਛਕਵ, ਏਕਵ, ਟਕਵ ਆਦਿ ਵਿਚ ਆਇਆ ਸਰ 'ਕ' ਪੰਜਾਬੀ ਵਿਚ ਦੁਲਾਵਾਂ ਨਾਲ਼, ਅੱਧਕ ਲਾ ਕੇ ਅੰਕਿਤ ਕੀਤਾ ਜਾਵੇ : ਸੈੱਟ, ਜੈੱਟ, ਨੈੱਟ।

10. ਕੰਮ, ਕੰਨ, ਚੰਮ, ਜੰਞ, ਥੰਮ੍ਹੀ, ਲੰਮਾ ਆਦਿ ਵਿਚ ਨਾਸਿਕੀ ਵਿਅੰਜਨ ਤੋਂ ਪਹਿਲਾਂ, ਟਿੱਪੀ ਲਾਈ ਜਾਵੇ, ਅੱਧਕ ਠੀਕ ਨਹੀਂ। ਬਿੰਦੀ ਉੱਥੇ ਲਾਈ ਜਾਵੇ, ਜਿੱਥੇ ਵਿਆਕਰਨ ਅਨੁਸਾਰ, ਇਸ ਦੀ ਲੋੜ ਹੈ।

   (i) ਜਿਨ੍ਹਾਂ, ਉਹਨਾਂ, ਵਿਅੰਜਨਾਂ, ਮਾਵਾਂ, ਜੇਲ੍ਹਾਂ, ਮੰਨੇਂ (ਤੂੰ ਮੰਨੇਂ) ਆਦਿ ਵਿਚ ਆਖ਼ਰੀ ਲਗ ਕੰਨਾ, ਲਾਂ ਆਦਿ ਨੂੰ ਬਿੰਦੀ ਲਗੇਗੀ।

   (ii) ਲੰਮਾ, ਸੁੰਞਾ, ਮੰਨਾ, ਜਿੰਨਾ, ਕਿੰਨਾ, ਮੰਨੇ (ਉਹ ਮੰਨੇ) ਆਖ਼ਰੀ ਲਗ ਨੂੰ ਬਿੰਦੀ ਨਹੀਂ ਲਗੇਗੀ, ਭਾਵੇਂ ਇਹ ਉਚਾਰਣ ਵਿਚ ਮੌਜੂਦ ਹੈ।

   (iii) ਨੀਵਾਂ, ਨਵਾਂ, ਸਵੇਂ (ਉਹ ਸਵੇਂ) ਆਦਿ ਵਿਚ, ਵਾਵੇ ਪਿੱਛੋਂ ਬਿੰਦੀ ਲੱਗ ਸਕਦੀ ਹੈ।

11. ਲੰਮੇਰੇ ਸ਼ਬਦਾਂ (ਆਕਾਸ਼, ਪਾਤਾਲ ਵਿਚ) ਦੇ ਆਰੰਭਿਕ ਦੋਹ ਉਚਾਰ-ਖੰਡਾਂ ਵਿਚ, ਜੇ ਦੋਵੇਂ ਸਰ ਦੀਆਂ ਲਗਾਂ (ਆ+ਕਾ), (ਪਾ+ਤਾ) ਹੋਣ, ਤਾਂ ਇਹਨਾਂ ਵਿਚ ਇਕ ਉਚਾਰ-ਜੋੜ ਛੁਟਿਆ ਦਿੱਤਾ ਜਾਵੇਗਾ। ਇਸ ਆਧਾਰ 'ਤੇ ਇਹ ਜੋੜ, ਸ਼ੁੱਧ ਮੰਨੇ ਗਏ ਹਨ :-

ਅਕਾਸ਼, ਅਵਾਜ਼, ਕਨੂੰਨ, ਚਲਾਕ, ਪਜਾਮਾ, ਪਤਾਲ, ਬਜ਼ਾਰ, ਬਦਾਮ, ਤਜ਼ਾਬ, ਪਸ਼ਾਬ, ਵਸਾਖ, ਪੁਸ਼ਾਕ, ਗੁਦਾਮ, ਸ਼ੁਕੀਨ, ਸੁਗਾਤ ਆਦਿ।

ਪਰ, ਸਾਹਿਤਕ-ਭਾਸ਼ਾ ਵਿਚ ਅਪਣਾਏ ਜਾਣ ਵਾਲ਼ੇ ਅਜਿਹੇ ਸ਼ਬਦ, ਮੂਲ ਰੂਪ ਦੇ ਨੇੜੇ ਰੱਖੇ ਜਾਣਗੇ। ਮਿਸਾਲ ਦੇ ਤੌਰ 'ਤੇ ਸੰਸਕ੍ਰਿਤ ਮੂਲ ਦੇ ਕੁੱਝ ਸ਼ਬਦਾਂ ਦਾ ਆਰੰਭਕ 'ਆ' ਜੋ 'ਅ' ਵਿਚ ਬਦਲ ਦਿੱਤਾ ਜਾਵੇ, ਤਾਂ ਅਰਥ ਹੀ ਬਦਲ ਜਾਂਦੇ ਹਨ। ਅਜਿਹੇ ਸ਼ਬਦਾਂ ਦਾ ਮੂਲ 'ਆ' ਕਾਇਮ ਰੱਖਿਆ ਜਾਵੇਗਾ। ਜਿਵੇਂ : ਆਚਾਰ, ਆਧਾਰ, ਆਵੇਸ਼ ਆਦਿ ਦੇ ਜੋੜ, ਕੰਨਾ ਲਾ ਕੇ ਦੀਰਘ ਸਰ ਨਾਲ਼ ਹੀ ਠੀਕ ਹਨ।

12. ਕਈਆਂ ਸ਼ਬਦਾਂ ਦੇ ਉਚਾਰਣ ਵਿਚ ਸੰਧੀ ਪ੍ਰਚਲਤ ਹੋ ਚੁੱਕੀ ਹੈ। ਅਜਿਹੇ ਸ਼ਬਦਾਂ ਦਾ ਸੰਧੀ ਵਾਲ਼ਾ ਰੂਪ, ਠੀਕ ਮੰਨਿਆ ਗਿਆ। ਸ਼ਬਦਾਂਸ਼, ਸ਼ਬਦਾਰਥ, ਸ਼ਬਦਾਵਲੀ, ਹਸਤਾਖ਼ਰ, ਕਲਾਤਮਕ, ਪ੍ਰਾਣਾਯਾਮ, ਯੋਗਾਸਨ, ਨਿਰਾਦਰ ਆਦਿ।

13. ਪੰਜਾਬੀ ਵਿਚ ਰਲ, ਲ, ੜ ਤੇ ਣ ਦੇ ਪਿੱਛੋਂ, ਣ ਨਹੀਂ ਉਚਾਰਿਆ ਜਾਂਦਾ। ਇਸ ਆਧਾਰ 'ਤੇ ਪ੍ਰਚਲਤ ਉਚਾਰਣ ਵਾਲ਼ਾ ਰੂਪ ਹੀ ਠੀਕ ਹੈ ਅਤੇ ਸ਼ਰਨ, ਸਧਾਰਨ, ਸੰਪੂਰਨ, ਕਾਰਨ, ਚਰਨ, ਪੂਰਨ, ਵਿਆਕਰਨ ਆਦਿ ਸ਼ੁੱਧ ਜੋੜ ਮੰਨੇ ਗਏ ਹਨ।

ਪਰ, ਸ਼ਬਦ 'ਰਣ' ਪੰਜਾਬੀ ਵਿਚ ਪ੍ਰਚਲਤ ਹੈ, ਇਸ ਦਾ ਇਹੋ ਰੂਪ ਠੀਕ ਮੰਨਿਆ ਗਿਆ ਹੈ—ਰਣਜੀਤ, ਰਣਧੀਰ, ਰਣਬੀਰ ਆਦਿ, ਸਮਾਸੀ ਸ਼ਬਦ-ਰੂਪਾਂ ਵਿਚ ਆਇਆ 'ਰਣ' ਵੀ, ਸ਼ੁੱਧ ਸਵੀਕਾਰ ਕੀਤਾ ਗਿਆ ਹੈ।

14. ਸੰਸਕ੍ਰਿਤ ਵਿਆਕਰਨ ਅਨੁਸਾਰ ਬਣਨ ਵਾਲ਼ੇ ਵਿਸ਼ੇਸ਼ਣਾਂ ਦੇ ਅੰਤਿਮ ਉਚਾਰ-ਖੰਡ ਵਿਚ 'ਇ' (ਸਿਹਾਰੀ) ਲਗੇਗੀ। ਪਰ, ਵਿਧੀ ਸਿਰਫ਼ ਉਹਨਾਂ ਵਿਸ਼ੇਸ਼ਣਾਂ ਵਿਚ ਹੋਵੇਗੀ, ਜਿਨ੍ਹਾਂ ਦੇ ਪ੍ਰਚਲਤ ਉਚਾਰਣ ਵਿਚ, ਇਹ ਮੌਜੂਦ ਹੈ :-

(ਕ) ਵਿਧੀ ਤੋਂ ਬਿਨ੍ਹਾਂ:ਇਤਿਹਾਸਿਕ, ਸਪਤਾਹਿਕ, ਸਮਾਜਿਕ, ਵਿਗਿਆਨਿਕ ਆਦਿ।

(ਖ) ਵਿਧੀ ਨਾਲ਼—ਆਂਤਰਿਕ, ਆਰਥਿਕ, ਸ਼ਾਬਦਿਕ, ਹਾਰਦਿਕ, ਦੈਨਿਕ, ਧਾਰਮਿਕ, ਬੌਧਿਕ ਆਦਿ।

15. ਪੰਜਾਬੀ ਵਿਚ ਵਰਤੇ ਜਾਣ ਵਾਲ਼ੇ ਸੰਸਕ੍ਰਿਤ ਅਗੇਤਰਾਂ ਦਾ ਮੂਲ ਰੂਪ ਕਾਇਮ ਰੱਖਿਆ ਜਾਣਾ ਚਾਹੀਦਾ ਹੈ। ਹੇਠ ਲਿਖੇ ਸ਼ਬਦ ਜੋੜ ਠੀਕ ਹਨ :-

(ੳ) 'ਅਨੁ'—ਨਾਲ਼—ਅਨੁਸਾਰ, ਅਨੁਕੂਲ, ਅਨੁਭਵ, ਅਨੁਮਾਨ ਆਦਿ।

(ਅ) 'ਅਤਿ'—ਨਾਲ਼—ਅਤਿਰਸ, ਅਤਿਰਿਕਤ, ਅਤਿਅੰਤ।

(ੲ) 'ਅਧਿ'—ਨਾਲ਼—ਅਧਿਕਾਰ, ਅਧਿਨਾਇਕ, ਅਧਿਨਿਯਮ ਆਦਿ।

(ਸ) 'ਪਰਿ'—ਨਾਲ਼—ਪਰਿਣਾਮ, ਪਰਿਪਾਟੀ, ਪਰਿਭਾਸ਼ਾ ਆਦਿ।

(ਹ) 'ਪ੍ਰ'—ਨਾਲ਼—ਪ੍ਰਤੱਖ, ਪ੍ਰਸ਼ਾਸਕ, ਪ੍ਰਸੰਸਾ, ਪ੍ਰਸਾਦ, ਪ੍ਰਮਾਣ, ਪ੍ਰਸ਼ਾਂਤ, ਪ੍ਰਸ਼ਨ, ਪ੍ਰਸਾਰਣ, ਪ੍ਰਸਿੱਧ ਆਦਿ।

(ਕ) 'ਸੰ'—ਨਾਲ਼—ਸੰਬੰਧ, ਸੰਪੂਰਨ, ਸੰਤੁਲਿਤ ਆਦਿ।

16. ਇਹਨਾਂ, ਉਹਨਾਂ, ਇਹਨੂੰ, ਉਹਨੂੰ ਆਦਿ ਮਿਆਰੀ ਪੰਜਾਬੀ ਰੂਪ ਹਨ, ਇਸ ਲਈ, ਇਹਨਾਂ ਦੇ ਇਹ ਜੋੜ ਸ਼ੁੱਧ ਹਨ। ਇਨ੍ਹਾਂ, ਉਨ੍ਹਾਂ, ਇਨ੍ਹੂੰ, ਉਨ੍ਹੂੰ, ਗ਼ਲਤ ਜੋੜ ਹਨ।

17. ਇਸੇ ਤਰ੍ਹਾਂ, ਉਥੇ, ਉਪਰਸ਼ੁੱਧ ਸ਼ਬਦ ਜੋੜ ਹਨ। ਇੱਥੇ, ਉੱਥੇ, ਇਧਰ, ਉਧਰ ਉਪ-ਭਾਸ਼ਾਈ ਰੂਪ ਹਨ।

18. ਅਰਬੀ, ਫ਼ਾਰਸੀ ਮੂਲ ਦੇ ਕਈਆਂ ਸ਼ਬਦਾਂ ਦੇ ਆਰੰਭ ਵਿਚ ਲੱਗੀ ਸਿਹਾਰੀ, ਲਿਖਤੀ ਭਾਸ਼ਾ ਵਿਚ ਜ਼ਰੂਰੀ ਹੈ—ਸਿਫ਼ਾਰਸ਼, ਹਿਸਾਬ, ਕਿਤਾਬ ਆਦਿ ਠੀਕ ਸ਼ਬਦ-ਜੋੜ ਹਨ।

19. ਅਰਬੀ-ਫ਼ਾਰਸੀ ਮੂਲ ਦੇ ਜਿਨ੍ਹਾਂ ਸ਼ਬਦਾਂ ਦੇ, ਅੰਤਿਮ ਵਿਅੰਜਨ ਤੋਂ ਪਹਿਲਾਂ ਸਿਹਾਰੀ ਆਉਂਦੀ ਹੈ। ਉਹ ਉਚਾਰਣ ਵਿਚ ਖ਼ਤਮ ਹੋ ਚੁੱਕੀ ਹੈ। ਅਜਿਹੇ ਸ਼ਬਦਾਂ ਦਾ ਉਚਾਰਣ ਵਾਲ਼ਾ ਰੂਪ (ਬਿਨਾਂ ਸਿਹਾਰੀ ਤੋਂ) ਸ਼ੁੱਧ ਸ਼ਬਦ-ਜੋੜ ਸਵੀਕਾਰ ਕੀਤਾ ਗਿਆ ਹੈ।

ਸਾਬਤ, ਸਾਲਮ, ਹਾਜ਼ਰ, ਕਾਤਲ, ਖ਼ਾਹਸ਼, ਖ਼ਾਤਰ, ਖ਼ਾਰਜ, ਖ਼ਾਲਸ, ਜ਼ਾਹਰ, ਬਾਹਰ, ਮਾਲਕ, ਖ਼ਾਦਮ ਆਦਿ।

20. ਜਿਨ੍ਹਾਂ ਸ਼ਬਦਾਂ ਦੇ ਮੂਲ ਰੂਪ ਵਿਚ, ਵਿਚਾਲੇ ਸਿਹਾਰੀ ਜਾਂ ਔਂਕੜ ਆਉਂਦਾ ਸੀ੍ਪਰ, ਪੰਜਾਬੀ ਉਚਾਰਣ ਵਿਚ ਇਹ ਹ੍ਰਸਵ (ਛੋਟਾ) ਸਰ ਕਾਇਮ ਨਹੀਂ ਰਿਹਾ, ਉਹਨਾਂ ਦਾ ਪੰਜਾਬੀ-ਰੂਪ ਠੀਕ ਹੈ।

| **ਮੂਲ ਰੂਪ** | **ਸ਼ੁੱਧ ਪੰਜਾਬੀ ਰੂਪ** |
|---|---|
| ਕਠਿਨ | ਕਠਨ |
| ਮੰਦਿਰ | ਮੰਦਰ |
| ਵਣਿਜ | ਵਣਜ |
| ਚਤੁਰ | ਚਤਰ |
| ਠਾਕੁਰ | ਠਾਕਰ |
| ਬਹਾਦੁਰ | ਬਹਾਦਰ |
| ਜੱਟਿਲ | ਜਟਲ |
| ਖਣਿਜ | ਖਣਜ |

ਪਰ, ਸ਼ਬਦ 'ਭੂਮਿਕਾ' ਵਿਚ ਸਿਹਾਰੀ ਵਾਲ਼ਾ ਰੂਪ ਠੀਕ ਹੈ, ਕਿਉਂਕਿ, ਇਹ ਆਪਣੇ ਉਚਾਰਣ ਤੇ ਲਿਖਤ ਵਿਚ ਬਹੁਤ ਪ੍ਰਚਲਤ ਹੋ ਚੁੱਕਾ ਹੈ।

21. ਫ਼ਾਰਸੀ ਦੇ 'ਕਮ' ਤੇ 'ਬੇ' ਅਗੇਤਰ ਵਜੋਂ, ਨਾਂਵ ਦੇ ਨਾਲ਼ ਜੋੜ ਕੇ ਲਿਖੇ ਜਾਣ :

ਕਮਜ਼ਾਤ, ਬੇਆਸ, ਬੇਅੰਤ ਆਦਿ।

22. 'ਆਤਮ' ਤੇ 'ਸੈ' ਵੀ ਅਗੇਤਰ ਦੇ ਰੂਪ ਵਿਚ ਜੁੜਵੇਂ ਲਿਖੇ ਜਾਣ :

ਆਤਮ-ਹੱਤਿਆ, ਆਤਮ-ਰੱਖਿਆ, ਸੈਮਾਣ, ਸੈਰੱਖਿਆ ਆਦਿ।

23. ਫ਼ਾਰਸੀ 'ਖ਼ਾਨਾ' ਅਤੇ ਸੰਸਕ੍ਰਿਤ 'ਕਾਰ' ਤੇ 'ਸ਼ਾਲਾ' (ਪੰਜਾਬੀ ਰੂਪ ਸ਼ਾਲਾ) ਪਿਛੇਤਰ ਵਜੋਂ ਨਾਂਵ ਦੇ ਨਾਲ਼ ਜੋੜ ਕੇ ਲਿਖੇ ਜਾਣ :

ਗੁਸਲਖ਼ਾਨਾ, ਕਹਾਣੀਕਾਰ, ਕਲਾਕਾਰ, ਗਊਸ਼ਾਲਾ, ਧਰਮਸ਼ਾਲਾ ਆਦਿ।

24. ਗਿਣਤੀ ਬੋਧਕ ਵਿਸ਼ੇਸ਼ਣ, ਜਦੋਂ ਅਗੇਤਰ ਵਾਂਗ ਵਰਤੇ ਜਾਣ, ਨਾਂਵ ਦੇ ਨਾਲ਼ ਜੋੜ ਕੇ ਲਿਖੇ ਜਾਣ : ਇਕਸਾਰ, ਇਕਜਾਨ, ਦੁਵੱਲੀ, ਦੁਬਾਰਾ, ਤਿਤੁੱਕਾ, ਸੱਤਲੜਾ, ਬਾਰਾਸਿੰਗਾ, ਬਾਰਾਦਰੀ, ਦੋਗਲਾ ਆਦਿ।

25. ਚਾਰ ਦੇ ਅਰਥਾਂ ਵਾਲ਼ਾ ਅਗੇਤਰ 'ਚੁ' ਅਤੇ ਦੋ ਦੇ ਅਰਥਾਂ ਵਾਲਾ 'ਦੁ' ਔਂਕੜ ਨਾਲ਼ ਲਿਖਿਆ ਜਾਵੇ : ਚੁਕੋਣ, ਚੁਗਾਠ, ਚੁਤਰਫ਼ੀ, ਦੁਬਾਰਾ, ਚੁਰਾਹਾ, ਦੁਆਬਾ, ਦੁਨਾਲੀ, ਦੁਪਹਿਰ, ਦੁਬਾਰਾ, ਦੁਵੱਲੀ, ਦੁਸ਼ਾਲਾ ਆਦਿ।

26. ਸੰਸਕ੍ਰਿਤ 'ਤ' ਦਾ ਪੰਜਾਬੀ ਰੂਪ 'ਤਵ' ਠੀਕ ਸਮਝਿਆ ਗਿਆ ਹੈ। ਇਸ ਲਈ ਮਹੱਤਵ, ਵਿਅਕਤਿਤਵ, ਅਸਤਿਤਵ ਠੀਕ ਸ਼ਬਦ-ਜੋੜ ਹਨ।

27. 'ਨਾਂ', 'ਨਾ' ਤੇ 'ਨਾਂਹ' ਦੀ ਵਰਤੋਂ ਹੇਠ ਲਿਖੇ ਅਨੁਸਾਰ ਠੀਕ ਹੈ :-

(ਕ) ਨਾਂ (ਨਾਮ) 'ਤੇਰਾ ਨਾਂ ਕੀ ਹੈ ?'

(ਖ) ਨਾ, ਜਿਵੇਂ 'ਤੂੰ ਨਾ ਜਾ।'

(ਗ) ਨਾਂਹ, ਜਿਵੇਂ 'ਉਸ ਨੇ ਨਾਂਹ ਕਰ ਦਿੱਤੀ।'

28. ਹੇਠ ਲਿਖੇ ਫੁਟਕਲ ਸ਼ਬਦ-ਜੋੜਾਂ ਵੱਲ ਵੀ ਧਿਆਨ ਦਿੱਤਾ ਜਾਵੇ—ਇਹ ਠੀਕ ਸ਼ਬਦ-ਜੋੜ ਹਨ :-

(ਕ) ਸਵੱਯਾ, ਦਵੱਯਾ, ਦਿਆਲੂ।

(ਖ) ਆਦਿ, ਅਤਿ, ਰਾਇ, ਨਿਆਇਸ਼ਾਸਤਰ, ਪ੍ਰਤਿਯੋਗਤਾ।

(ਗ) ਹਿਮਾਲਾ, ਭੋਜਨਾਲਾ, ਮੰਤਰਾਲਾ।

(ਘ) ਬਾਅਦ, ਵਾਇਦਾ, ਆਹਲਾ, ਸ਼ਬਦ-ਜੋੜ ਮਿਆਰੀ ਪੰਜਾਬੀ ਅਨੁਸਾਰ ਹੋਣੇ ਚਾਹੀਦੇ ਹਨ।

ਉਪ-ਭਾਸ਼ਾਈ ਸ਼ਬਦਾਂ ਅਨੁਸਾਰ ਨਹੀਂ। ਉਪ-ਭਾਸ਼ਾਈ ਸ਼ਬਦ-ਜੋੜ, ਉਹ ਹੀ ਲਏ ਜਾਣ, ਜੋ ਪ੍ਰਚਲਤ ਹੋ ਚੁੱਕੇ ਹਨ।"

ਅੰਤ ਵਿਚ ਆਪਣੇ ਵਿਦਿਆਰਥੀਆਂ ਨੂੰ ਇਹੀ ਕਹਿਣਾ ਚਾਹੁੰਦੇ ਹਾਂ ਕਿ ਉਹ ਸ਼ਬਦ-ਜੋੜਾਂ ਦੀ ਸਮੱਸਿਆ ਨੂੰ, ਚੰਗੀ ਤਰ੍ਹਾਂ ਸਮਝਣ ਲਈ **'ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼'**, ਜੋ ਡਾ. ਹਰਕੀਰਤ ਸਿੰਘ ਦੁਆਰਾ ਸੰਪਾਦਿਤ ਕੀਤਾ ਗਿਆ ਹੈ, ਨੂੰ ਧਿਆਨ ਨਾਲ਼ ਦੇਖਣ। ਕਿਸੇ ਵੀ ਸ਼ਬਦ-ਜੋੜ ਦੀ ਸਮੱਸਿਆ ਦਾ ਹਲ ਕਰਨ ਲਈ, ਇਹ ਕੋਸ਼ ਬਹੁਤ ਲਾਹੇਵੰਦ ਹੈ। ਇਸ ਤੋਂ ਇਲਾਵਾ ਫ਼ਾਰਸੀ, ਅਰਬੀ, ਸੰਸਕ੍ਰਿਤ, ਸਿੰਧੀ ਦੇ ਤਤਸਮ ਸ਼ਬਦ, ਜੋ ਪੰਜਾਬੀ ਵਿਚ, ਖ਼ਾਸ ਕਰਕੇ, ਗੁਰਮਤਿ ਸਾਹਿਤ ਵਿਚ ਵਰਤੇ ਗਏ ਹਨ, ਉਹਨਾਂ ਦੇ ਸਹੀ ਸ਼ਬਦ-ਜੋੜਾਂ ਲਈ **ਮਹਾਨ ਕੋਸ਼ 'ਗੁਰ ਸ਼ਬਦ ਰਤਨਾਕਰ'**, ਕਰਤਾ ਭਾਈ ਕਾਹਨ ਸਿੰਘ ਨਾਭਾ ਨੂੰ ਵਾਚਣ। ਉਸ ਵਿਚ, ੳ-ੜ ਤੱਕ ਸਿਲਸਿਲੇਵਾਰ, ਹਰ ਸ਼ਬਦ ਦਾ ਮੂਲ, ਸ਼ਬਦ-ਜੋੜ ਤੇ ਅਰਥ ਵੀ ਦਿੱਤੇ ਗਏ ਹਨ।

## ਪੁਸਤਕਾਂ


ਬੂਟਾ ਸਿੰਘ ਬਰਾੜ; **ਪੰਜਾਬੀ ਵਿਆਕਰਣ : ਸਿਧਾਂਤ ਤੇ ਵਿਹਾਰ**; 2012; ਚੇਤਨਾ ਪ੍ਰਕਾਸ਼ਨ, ਲੁਧਿਆਣਾ।

ਭਾਈ ਕਾਹਨ ਸਿੰਘ ਨਾਭਾ, **ਮਹਾਨ ਕੋਸ਼ : ਗੁਰਸ਼ਬਦ ਰਤਨਾਕਰ**, ਭਾਸ਼ਾ ਵਿਭਾਗ, ਪੰਜਾਬ।

ਹਰਕੀਰਤ ਸਿੰਘ; **ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼**, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਡਾ. ਹਰਬੰਸ ਸਿੰਘ ਧੀਮਾਨ; **ਵਿਹਾਰਕ ਪੰਜਾਬੀ ਭਾਸ਼ਾ ਅਤੇ ਵਿਆਕਰਨ** (ਭਾਗ ਪਹਿਲਾ); 2009, ਮਨਪ੍ਰੀਤ ਪ੍ਰਕਾਸ਼ਨ, ਦਿੱਲੀ।

ਨਰਿੰਦਰ ਸਿੰਘ ਦੁੱਗਲ; **ਪੰਜਾਬੀ ਵਿਆਕਰਣ ਤੇ ਰਚਨਾਵਲੀ**; 2009; ਨਿਊ ਬੁਕ ਕੰਪਨੀ, ਜਲੰਧਰ।

ਡਾ. ਮਹਿੰਦਰ ਕੌਰ ਗਿੱਲ; **ਵਿਹਾਰਕ ਪੰਜਾਬੀ**; ਪੰਜਾਬੀ ਅਕਾਦਮੀ, ਦਿੱਲੀ।

ਡਾ. ਰਾਜਿੰਦਰ ਸਿੰਘ ਲਾਂਬਾ (ਸੰਪਾ.); **ਖੋਜ ਪਤ੍ਰਿਕਾ**-ਨੰਬਰ : 41 (ਮਾਰਚ 1995, **ਭਾਸ਼ਾ ਅਤੇ ਵਿਆਕਰਣ ਵਿਸ਼ੇਸ਼ ਅੰਕ**, ਪਬਲੀਕੇਸ਼ਨ ਬਿਓਰੋ; ਪੰਜਾਬੀ ਯੂਨੀਵਰਸਿਟੀ, ਪਟਿਆਲਾ।

## 3.2 ਬਹੁਅਰਥਕ ਸ਼ਬਦ

ਪਿਆਰੇ ਵਿਦਿਆਰਥੀਓ ! ਜਿਵੇਂ ਕਿ ਤੁਸੀਂ ਸਾਰੇ ਜਾਣਦੇ ਹੀ ਹੋ ਕਿ ਕਿਸੇ ਵੀ ਭਾਸ਼ਾ ਦਾ ਸ਼ਬਦ-ਸੰਗ੍ਰਹਿ, ਕਈ ਸਦੀਆਂ ਦਾ ਕਮਾਇਆ ਵਿਰਸਾ ਹੁੰਦਾ ਹੈ। ਜਿਉਂ ਜਿਉਂ ਸਮਾਂ ਬੀਤਦਾ ਜਾਂਦਾ ਹੈ, ਤਿਉਂ ਤਿਉਂ ਇਹਨਾਂ ਸ਼ਬਦਾਂ ਦੇ ਅਰਥਾਂ ਵਿਚ ਪਰਿਵਰਤਨ ਵੀ ਹੁੰਦੇ ਰਹਿੰਦੇ ਹਨ। ਕਈ ਵਾਰੀ ਸਮੇਂ, ਸਥਿਤੀ ਅਤੇ ਬੋਲਣ ਵਾਲ਼ੇ ਦੀ ਭਾਵਨਾ ਕਰਕੇ ਵੀ, ਸ਼ਬਦਾਂ ਦੇ ਅਰਥ ਬਣਦੇ/ਬਦਲਦੇ ਰਹਿੰਦੇ ਹਨ। ਇਸੇ ਤਰ੍ਹਾਂ, ਕਈ ਵਾਰੀ ਸ਼ਬਦ ਤਾਂ ਬਹੁਤੇ ਹੁੰਦੇ ਹਨ, ਪਰ, ਉਹਨਾਂ ਦਾ ਅਰਥ ਇਕ ਹੀ ਹੁੰਦਾ ਹੈ। ਜਿਵੇਂ ਕਿ : ਮਨਾ ਕਰਨਾ, ਨਾਂਹ ਕਰਨਾ, ਇਨਕਾਰ ਕਰਨਾ ਆਦਿ। ਇਹ ਸਮਾਨਾਰਥਕ ਸ਼ਬਦ ਹਨ। ਇਸੇ ਤਰ੍ਹਾਂ, ਕਈ ਵਾਰੀ ਇਕੋ ਸ਼ਬਦ ਇਕ ਤੋਂ ਵੱਧ ਅਰਥਾਂ ਵਿਚ ਵਰਤਿਆ ਜਾਂਦਾ ਹੈ—ਇਹੀ ਬਹੁਆਰਥਕ ਸ਼ਬਦ ਹਨ। ਪੰਜਾਬੀ ਵਿਚ ਇਹੋ ਜਿਹੇ ਸ਼ਬਦਾਂ ਦੀ ਗਿਣਤੀ, ਬਹੁਤ ਜ਼ਿਆਦਾ ਹੈ। ਸੋ, ਬਹੁਅਰਥਕ ਸ਼ਬਦਾਂ ਦੇ ਵੱਖੋ ਵੱਖਰੇ ਅਰਥਾਂ ਤੱਕ ਪਹੁੰਚਣ ਲਈ ਜ਼ਰੂਰੀ ਹੈ ਕਿ ਅਜਿਹੇ ਸ਼ਬਦਾਂ ਦੀ ਵਰਤੋਂ ਕਰਦਿਆਂ, ਵਾਕ ਦੇ ਭਾਵ-ਅਰਥ ਅਤੇ ਸਥਿਤੀ-ਅਨੁਸਾਰੀ ਅਰਥ ਹੀ ਉੱਘੜ ਕੇ ਸਾਹਮਣੇ ਆਉਣ।

ਬਹੁ-ਅਰਥਕ ਸ਼ਬਦ ਉਹ ਹੁੰਦਾ ਹੈ, ਜਿਸ ਦੇ ਮੂਲ ਅਰਥ, ਇਕ ਤੋਂ ਵੱਧ ਹੋਣ (ਨਾ ਕਿ ਮੁਹਾਵਰੇ ਵਿਚ ਆ ਕੇ, ਕਈ ਕਈ ਅਰਥ ਦਿੰਦਾ ਹੋਵੇ); ਜਿਵੇਂ-'ਘੜੀ' ਇਕ ਬਹੁ-ਅਰਥਕ ਸ਼ਬਦ ਹੈ, ਕਿਉਂਕਿ ਇਸ ਦੇ ਮੂਲ ਅਰਥ (ਛੋਟਾ ਘੜਾ, ਵੇਲ਼ਾ ਦੱਸਣ ਵਾਲ਼ਾ ਯੰਤਰ ਤੇ ਸੱਠ ਪਲਾਂ ਦਾ ਸਮਾਂ ਆਦਿ) ਕਈ ਹਨ। ਪਰ—'ਘੜਾ', 'ਕੰਘਾ' ਬਹੁ-ਅਰਥਕ ਸ਼ਬਦ ਨਹੀਂ, ਹਾਲਾਂਕਿ ਮੁਹਾਵਰੇ ਵਿਚ ਆ ਕੇ, ਇਹਨਾਂ ਦੇ ਹੋਰ ਵੀ ਕਈ ਅਰਥ ਨਿਕਲ ਆਉਂਦੇ ਹਨ; ਜਿਵੇਂ : ਥਿੰਧਾ ਘੜਾ (ਜਿਸ ਉਪਰ ਕੋਈ ਅਸਰ ਨਾ ਹੋਵੇ), ਕੰਘਾ ਹੋਣਾ-ਬਹੁਤ ਨੁਕਸਾਨ ਹੋਣਾ।

ਹੁਣ ਕੁੱਝ ਕੁ ਬਹੁਅਰਥਕ ਸ਼ਬਦ, ਵਾਕਾਂ ਵਿਚ ਵਰਤ ਕੇ ਦੱਸੇ ਜਾਂਦੇ ਹਨ :-

**ਉਸਤਾਦ :** ਡਾ. ਹਰਿਭਜਨ ਸਿੰਘ, ਪੰਜਾਬੀ ਦੇ **ਉਸਤਾਦ** (ਅਧਿਆਪਕ) ਹਨ। ਸ਼ੰਟੀ ਐਨਾ **ਉਸਤਾਦ** (ਚਲਾਕ) ਨਿਕਲੇਗਾ ਕਦੇ ਸੋਚਿਆ ਵੀ ਨਹੀਂ ਸੀ। ਮੇਰਾ ਉਸਤਾਦ ਤਾਂ, ਉਸਤਾਦਾਂ ਦਾ **ਉਸਤਾਦ** ਹੈ।

**ਉਤਰਾਓ :** ਪਹਾੜਾਂ ਦੇ **ਉਤਰਾਓ** ਵਾਲ਼ੇ ਪਾਸੇ ਮੇਰਾ ਸਕੂਲ ਹੈ। ਮੈਂ ਜ਼ਿੰਦਗੀ ਦੇ **ਉਤਰਾਓ**-ਚੜਾਓ ਦੇਖੇ ਹਨ।

**ਉਤਰ :** ਘੋੜੇ ਤੋਂ **ਉਤਰ** ਪਓ। ਬੱਚੇ ਦੀ ਜਰਾਬ ਉਤਰ ਗਈ ਹੈ। ਤੂੰ ਕੋਠੇ ਤੋਂ **ਉਤਰ** ਆ। ਮੌਜੂ ਦਾ ਮੋਢਾ ਉਤਰ ਗਿਆ ਹੈ। ਉਸ ਦੀ ਅੱਖ ਵਿਚ ਮੋਤੀਆ ਬਿੰਦ **ਉਤਰ** ਆਇਆ ਹੈ। ਜੰਞ, ਬਾਗ ਵਿਚ ਉਤਰੀ ਹੋਈ ਹੈ। ਦਰਿਆ, ਹੁਣ **ਉਤਰ** ਗਿਆ ਹੈ। ਰਿੱਛ, ਪਹਾੜ ਤੋਂ **ਉਤਰ** ਰਿਹਾ ਹੈ। ਮਜਦੂਰ ਦਾ ਚਿਹਰਾ, **ਉਤਰਿਆ** ਹੋਇਆ ਹੈ। ਬਾਪੂ ਦਾ ਬੁਖ਼ਾਰ, **ਉਤਰ** ਗਿਆ ਹੈ। ਸਾਡੀ ਗੱਲ ਸੁਣ ਕੇ, ਉਸ ਦਾ ਗੁੱਸਾ **ਉਤਰ** ਗਿਆ।

**ਉੱਤਰ** : **ਉੱਤਰ** (ਦਿਸ਼ਾ) ਵੱਲ ਮੂੰਹ ਕਰ। ਹੁਣ ਮੇਰੀ ਗੱਲ ਦਾ **ਉੱਤਰ** (ਜਵਾਬ) ਦੇ। ਨੈਂਸੀ ਛੇਤੀ ਹੇਠਾਂ **ਉੱਤਰ** (ਉਤਰਨਾ) ਆਵੇ।

**ਉੱਚਾ** : ਪਹਾੜ **ਉੱਚਾ** ਹੈ। ਤੂੰ **ਉੱਚਾ** ਨਾ ਬੋਲ। ਸੂਰਜ **ਉੱਚਾ** ਚੜ੍ਹ ਆਇਆ ਹੈ। **ਉੱਚੀ** ਜਾਤ ਵਾਲ਼ੇ ਅਭਿਮਾਨੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਜਾਤ ਦਾ **ਉੱਚਾ**, ਗੁਣਾਂ ਕਰਕੇ ਵੀ **ਉੱਚਾ** ਹੋਵੇ।

**ਉੱਠ** : ਨਿੱਤ ਅੰਮ੍ਰਿਤ ਵੇਲੇ **ਉੱਠੋ** (ਜਾਗੋ)। ਪਾਣੀ ਵਿਚ ਬੁਲਬੁਲੇ **ਉੱਠਦੇ** ਰਹਿੰਦੇ ਹਨ। ਕੌਮਾਂ, ਏਕੇ ਨਾਲ਼ ਉੱਠਦੀਆਂ ਨੇ। ਉਸ ਦਾ ਮੁੰਡਾ, ਚੰਗਾ ਨਹੀਂ **ਉੱਠਿਆ**। ਉਹ ਮਦਰਸਿਉਂ, **ਉੱਠ** ਆਇਆ ਹੈ।

**ਉਠਾ** : ਪਿਤਾ ਜੀ ਦੀ ਬਾਂਹ ’ਤੇ **ਉਠਾ**, ਉਠਿਆ ਹੈ। ਮੋਹਨ ਨੂੰ, ਜ਼ਮੀਨ ਤੋਂ **ਉਠਾ**। ਬੇਬੀ ਨੂੰ ਨੀਦਰੋਂ ਉਠਾ ਲਵੋ।

**ਉਲਟੀ** : ਉਸ ਨੇ ਤਰ ਖਾਧੀ ਤਾਂ ਉਹਨੂੰ **ਉਲਟੀ** ਆ ਗਈ। **ਉਲਟੀ** ਗੱਲ ਨਾ ਕਰ। ਜੱਟੀ, **ਉਲਟੀ** ਉਹਨੂੰ ਮਾਰਨ ਨੂੰ ਪਈ।

**ਉੱਲੂ** : **ਉੱਲੂ** ਰਾਤੀਂ ਜਾਗਦਾ ਹੈ। ਤੂੰ ਤਾਂ ਨਿਰਾ **ਉੱਲੂ** ਦਾ ਪੱਠਾ ਹੀ ਨਿਕਲਿਆ।

**ਅੰਬ** : **ਅੰਬ** ਬੜਾ ਚੰਗਾ ਫਲ ਹੈ। ਕੋਇਲ **ਅੰਬ** ’ਤੇ ਬੈਠੀ ਹੈ। **ਅੰਬ** ਦੀ ਛਾਂ ਠੰਢੀ ਹੁੰਦੀ ਹੈ। ਮੇਰੇ ਪੈਰ ਅੰਬ ਗਏ ਹਨ।

**ਅੱਕ** : **ਅੱਕ** ਦਾ ਬੂਟਾ, ਦਵਾਈ ਦੇ ਕੰਮ ਆਉਂਦਾ ਹੈ। ਤੇਰੀਆਂ ਗੱਲਾਂ ਸੁਣ ਸੁਣ ਕੇ, ਮੈਂ **ਅੱਕ** ਗਿਆ ਹਾਂ।

**ਅੰਗ** : ਸ਼ਰੀਰ ਦੇ ਸਾਰੇ **ਅੰਗ** (ਹਿੱਸੇ) ਸਾਫ਼ ਰੱਖੋ। ਉਸ ਦੇ ਸਾਰੇ **ਅੰਗ**-ਸਾਕ (ਸੰਬੰਧੀ) ਬੜੇ ਚੰਗੇ ਹਨ। ਲਾਗੀ ਆਪੋ ਆਪਣੇ **ਅੰਗ** (ਲਾਗ) ਲੈ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 1430 **ਅੰਗ** (ਪੰਨੇ) ਹਨ।

**ਅੱਗੇ** : ਜ਼ੋਰ ਨਾਲ਼ ਦੌੜ, ਤੇ ਸਾਰਿਆਂ ਤੋਂ **ਅੱਗੇ** ਲੰਘ ਜਾ। **ਅੱਗੇ** ਆ ਕੇ ਆਪਣਾ ਇਨਾਮ ਲੈ ਲਵੋ। ਵੱਡਿਆਂ ਦੇ **ਅੱਗੇ** ਨਾ ਬੈਠ। **ਅੱਗੇ** ਸੁਕਾਲ ਸੀ, ਹੁਣ ਬੜਾ ਕਾਲ ਪੈ ਗਿਆ ਹੈ ਤੇ **ਅੱਗੇ** ਜੋ ਹੋਵੇਗਾ, ਸੋ ਵੇਖਿਆ ਜਾਵੇਗਾ।

**ਅਰਕ** : ਮੇਰੀ **ਅਰਕ** ਦੁੱਖਦੀ ਹੈ। ਜਵੈਣ ਤੇ ਗੋਂਦ ਦਾ **ਅਰਕ** ਪੀ ਲਵੋ।

**ਆਨਾ** : ਮੇਰੀ ਗੱਲ, ਸੋਲ੍ਹਾਂ **ਆਨੇ** ਸੱਚ ਹੈ। ਵੈਰੀਆਂ ਨੇ ਉਹਦੇ **ਆਨੇ** ਕੱਢ ਕੇ, ਉਹਨੂੰ ਅੰਨ੍ਹਾ ਕਰ ਦਿੱਤਾ।

**ਸਰ** : **ਸਰਾਂ** ਦਾ ਪਾਣੀ, ਐਨਾ ਸਾਫ਼ ਨਹੀਂ ਹੁੰਦਾ। ਅਕਬਰ ਨੇ, ਚਿਤੌੜ ਦਾ ਕਿਲ੍ਹਾ **ਸਰ** ਕਰ ਲਿਆ। ਤੈਨੂੰ **ਸਰ** ਤਾਂ ਆਉਂਦੀ ਕੋਈ ਨਹੀਂ, ਫਿਰ ਤਾਸ਼ ਕਿਉਂ ਖੇਡਦਾ ਹੈਂ ? ਸਰਕੜੇ ਦੀ **ਸਰ** ਨੂੰ ਅੱਗ ਛੇਤੀ ਲੱਗਦੀ ਹੈ। ਤੂੰ ਮੇਰਾ ਕੰਮ, **ਸਰ** ਕਰ ਦਿੱਤਾ ਹੈ।

**ਸਿਰ** : ਉਸ ਦਾ **ਸਿਰ** ਬੜਾ ਵੱਡਾ ਹੈ। ਕੰਮ ਵੇਲ਼ੇ **ਸਿਰ** ਕਰੋ। ਉਸ ਦੇ **ਸਿਰ** ਕਰਜ਼ਾ ਬਹੁਤ ਹੈ।

**ਸਿੱਟਾ** : ਬਾਜਰੇ ਦਾ **ਸਿੱਟਾ** ਮੋਟਾ ਹੁੰਦਾ ਹੈ। ਬੁਰੇ ਕੰਮਾਂ ਦਾ **ਸਿੱਟਾ**, ਬੁਰਾ ਹੀ ਹੁੰਦਾ ਹੈ।

**ਸਿੱਕਾ** : ਪੰਜ ਰੁਪਏ ਦਾ **ਸਿੱਕਾ** ਦੇਣਾ। ਸੱਚ ਦਾ **ਸਿੱਕਾ** ਹਰ ਥਾਂ ਚਲਦਾ ਹੈ। ਚਾਂਦੀ ਵਿਚ **ਸਿੱਕਾ** ਮਿਲਿਆ ਹੋਇਆ ਹੈ।

**ਸੂਈ** : **ਸੂਈ** ਵਿਚ ਧਾਗਾ ਪਾ। ਸਾਡੀ ਗਾਂ ਅਜੇ ਨਹੀਂ **ਸੂਈ**। ਘੜੀ ਦੀ ਵੱਡੀ **ਸੂਈ**, ਛੋਟੀ ਨਾਲ਼ੋਂ ਤੇਜ਼ ਚਲਦੀ ਹੈ।

**ਸੂਆ** : **ਸੂਆ** ਲੈ ਕੇ ਬੋਰੀਆਂ ਸੀਉਂ ਦੇ। ਨਹਿਰ ਦਾ **ਸੂਆ** ਸਾਡੇ ਪਿੰਡ ਕੋਲ਼ੋਂ ਲੰਘਦਾ ਹੈ। ਬੱਚਾ **ਸੂਏ** ਤੇ ਦਾੜ੍ਹਾ ਕੱਢ ਬੈਠਾ ਹੈ। ਸਾਡੀ ਗਾਂ ਦਾ ਤੀਸਰਾ ਸੂਆ ਹੈ।

**ਸੇਕ** : ਪੱਥਰ ਵਾਲ਼ੇ ਕੋਇਲੇ ਦਾ **ਸੇਕ** ਬਹੁਤ ਤੇਜ਼ ਹੁੰਦਾ ਹੈ। ਸੱਟ ਵਾਲੀ ਥਾਂ **ਸੇਕ** (ਟਕੋਰ) ਕਰੀਏ, ਤਾਂ ਅਰਾਮ ਆ ਜਾਂਦਾ ਹੈ। ਹੁਣ ਬੋਲਿਆ ਤਾਂ ਪਾਸੇ **ਸੇਕ** ਦੇਵਾਂਗਾ। ਸੱਚ ਸੁਣ ਕੇ, ਤੈਨੂੰ **ਸੇਕ** ਕਿਉਂ ਲੱਗਦਾ ਹੈ ?

**ਹੱਸ** : ਬਹੁਤ ਨਾ **ਹੱਸ**। ਉਸ ਦੇ ਗਲ ਵਿਚ ਚਾਂਦੀ ਦਾ **ਹੱਸ** (ਗਹਿਣਾ) ਹੈ। ਮੁੰਡਾ ਕੋਠੇ ਤੋਂ ਡਿੱਗਾ ਤਾਂ ਉਸ ਦਾ **ਹੱਸ** (ਮੋਢੇ ਨੂੰ ਛਾਤੀ ਨਾਲ਼ ਜੋੜਣ ਵਾਲੀ ਹੱਡੀ) ਟੁੱਟ ਗਿਆ।

**ਹਾਰ** : ਰਾਣੀ ਦੇ ਗਲ ਵਿਚ ਮੋਤੀਆਂ ਦਾ **ਹਾਰ** ਹੈ। ਓੜਕ ਨਿਪੋਲੀਅਨ **ਹਾਰ** ਗਿਆ। ਮੁੰਡੇ ਨੇ ਸਾਰੇ ਪਹਾੜੇ, ਤੋਤੇ **ਹਾਰ** (ਵਾਂਙੂ) ਰੱਟ ਲਏ। ਉਹ ਮਰਨ **ਹਾਰ** ਹੋਇਆ ਪਿਆ ਹੈ; ਆਦਿ।

**ਹਾਲ** : ਬਿਮਾਰ ਦਾ ਹੁਣ ਕੀ **ਹਾਲ** ਏ ? ਅਫ਼ਸਰ ਦਾ **ਹਾਲ** ਜ਼ਬਾਨੀ ਸੁਣਾਓ। ਖ਼ਾਲਸਾ ਕਾਲਜ ਦਾ **ਹਾਲ** ਕਮਰਾ ਬੜਾ ਵੱਡਾ ਹੈ। ਫ਼ਕੀਰ ਨੂੰ **ਹਾਲ** ਪੈ ਗਿਆ।

**ਕਸੂਰ** : ਤੂੰ ਬੜਾ ਭਾਰੀ ਕਸੂਰ ਕੀਤਾ ਹੈ, ਤੇਰਾ **ਕਸੂਰ** ਮਾਫ਼ ਨਹੀਂ ਹੋ ਸਕਦਾ। **ਕਸੂਰ** (ਪਾਕਿਸਤਾਨ ਦਾ ਇਕ ਸ਼ਹਿਰ) ਦੀ ਮੇਥੀ ਤੇ ਜੁੱਤੀ ਦੋਵੇਂ ਮਸ਼ਹੂਰ ਹਨ।

**ਕੱਕਾ** : **ਕੱਕਾ** ਲਿਖ। ਉਹਨੂੰ ਤਾਂ **ਕੱਕਾ** (ਕੁਝ) ਵੀ ਨਹੀਂ ਆਉਂਦਾ। ਸਾਹਬ ਦੇ ਵਾਲ਼ਾਂ ਦਾ ਰੰਗ **ਕੱਕਾ** ਹੈ। ਅੰਮ੍ਰਿਤ ਛੱਕ ਕੇ ਪੰਜ **ਕੱਕੇ** (ਕੇਸ, ਕੰਘਾ, ਕੜਾ, ਕ੍ਰਿਪਾਨ ਤੇ ਕਛਹਿਰਾ) ਰੱਖਣੇ ਪੈਂਦੇ ਹਨ।

**ਕਾਟ** : ਇਸ ਕੋਟ ਦੀ **ਕਾਟ**, ਚੰਗੀ ਨਹੀਂ। ਤੇਰੀ ਗੱਲ ਨੇ ਕੋਈ **ਕਾਟ** (ਅਸਰ), ਨਹੀਂ ਕੀਤੀ। ਉਸ ਦੀ ਤਨਖਾਹ ਵਿਚੋਂ ਹਰ ਮਹੀਨੇ **ਕਾਟ** ਹੁੰਦੀ ਹੈ।

**ਕਾਲ** : ਕਾਗਜ਼ ਦਾ **ਕਾਲ** ਪੈ ਗਿਆ ਹੈ। ਕਾਲ (ਮੌਤ) ਤੋਂ ਕੋਈ ਬੱਚ ਨਹੀਂ ਸਕਦਾ। ਹਰ **ਕਾਲ** (ਸਮੇਂ) ਵਿਚ, ਵਿੱਦਿਆ ਸਹਾਈ ਹੁੰਦੀ ਹੈ। ਕਿਰਿਆ ਦੇ ਤਿੰਨ **ਕਾਲ** ਹੁੰਦੇ ਹਨ—ਭੂਤ, ਵਰਤਮਾਨ ਤੇ ਭਵਿੱਖਤ।

**ਕਹੀ** : ਤੂੰ ਗੱਲ ਤਾਂ ਸੱਚੀ **ਕਹੀ** ਹੈ। **ਕਹੀ** ਲਿਆ ਕੇ ਟੋਆ ਪੁੱਟ ਲਵੋ।

**ਕੰਡਾ** : ਪੈਰ ਵਿਚ **ਕੰਡਾ** ਚੁੱਭ ਗਿਆ ਹੈ। ਬੋਰੀ **ਕੰਡੇ** 'ਤੇ ਰੱਖ ਕੇ ਤੋਲੋ। ਮੈਂ ਉਸਦਾ **ਕੰਡਾ** ਹੀ ਕੱਢ ਦੇਣੈ।

**ਕਲੀ** : ਗੁਲਾਬ ਦੀ **ਕਲੀ** ਖਿੜ ਗਈ ਹੈ। ਭਾਂਡੇ **ਕਲੀ** ਕਰਨ ਵਾਲਾ ਆਇਆ ਹੈ। ਮਕਾਨ ਨੂੰ **ਕਲੀ** ਕਰਵਾ ਲਵੋ।

**ਕੌਡੀ** : ਵੀਰਾ **ਕੌਡੀ** (ਇਕ ਪੈਸੇ ਤੋਂ ਵੀ ਘੱਟ) ਦਾ ਤੇ ਭਾਬੀ ਢਾਈ ਲੱਖ ਦੀ। ਯੋਗੀ ਦੀ ਤੜਾਗੀ **ਕੌਡੀਆਂ** ਨਾਲ਼ ਸ਼ਿੰਗਾਰੀ ਹੋਈ ਹੈ।

**ਕਾਰ** : ਚੌਗਿਰਦ ਹਮਾਰੇ ਰਾਮ **ਕਾਰ** (ਓਰਾ) ਦੁੱਖ ਲੱਗੈ ਨਾ ਭਾਈ। ਹੱਥ **ਕਾਰ** (ਕੰਮ) ਵੱਲ ਦਿਲ ਯਾਰ ਵੱਲ। ਗੁਰੂਦਵਾਰੇ **ਕਾਰ**-ਸੇਵਾ ਹੋ ਰਹੀ ਹੈ।

**ਕੋਟ** : **ਕੋਟ** ਪਾ ਲੈ। ਆਪ ਦਾ ਕੋਟਾਨ **ਕੋਟ** (ਲੱਖਾਂ-ਕਰੋੜਾਂ) ਧੰਨਵਾਦ ਹੈ। ਫ਼ੌਜ **ਕੋਟ** (ਕਿਲ੍ਹੇ) ਵਿਚੋਂ ਨਿਕਲ ਕੇ ਬਾਹਰ ਆ ਗਈ।

**ਖੰਡ** : ਸਾਰੀ ਪ੍ਰਿਥਵੀ ਨੌਂ **ਖੰਡਾਂ** (ਹਿੱਸਿਆਂ) ਵਿਚ ਵੰਡੀ ਹੋਈ ਹੈ। ਇਕ ਕਿਲੋ **ਖੰਡ** (ਚੀਨੀ) ਕਿੰਨੇ ਦੀ ਹੈ?

**ਖੱਟੀ** : ਤੇਰੀ ਲੱਸੀ ਤਾਂ **ਖੱਟੀ** ਨਿਕਲੀ। ਅੱਜ ਦੁਕਾਨ ਦੀ ਕਿੰਨੀ **ਖੱਟੀ** (ਕਮਾਈ) ਹੋਈ।

**ਖ਼ਾਤਰ** : ਉਨ੍ਹਾਂ ਜੰਞ ਦੀ ਬੜੀ **ਖ਼ਾਤਰ** (ਸੇਵਾ) ਕੀਤੀ। ਅਸੀਂ ਤੁਹਾਡੀ **ਖ਼ਾਤਰ** (ਵਾਸਤੇ) ਘਰ ਬੈਠੇ ਰਹੇ।

**ਖ਼ਾਰਾ** : ਇਸ ਖੂਹ ਦਾ ਪਾਣੀ **ਖ਼ਾਰਾ** (ਲੂਣਾ) ਹੈ। **ਖ਼ਾਰੇ** ਵਿਚੋਂ ਗਾਜਰਾਂ ਕੱਢ ਲੈ। ਮੁੰਡੇ ਨੂੰ **ਖਾਰੇ** ਬਿਠਾਵੋ।

**ਖ਼ਾਰ** : ਧੋਬੀ **ਖ਼ਾਰ** (ਸੋਢੇ) ਨਾਲ ਕੱਪੜੇ ਧੋਂਦੇ ਹਨ। ਉਹ ਸਾਡੇ ਨਾਲ ਖਾਹਮਖਾਹ **ਖ਼ਾਰ** (ਦੁਸ਼ਮਣੀ, ਈਰਖਾ) ਰੱਖਦਾ ਹੈ। ਫੁੱਲਾਂ ਨਾਲ **ਖ਼ਾਰ** ਵੀ ਹੁੰਦੇ ਹਨ।

**ਗੋਲ** : ਗੇਂਦ **ਗੋਲ** ਹੁੰਦੀ ਹੈ। ਫੁੱਟਬਾਲ **ਗੋਲ** ਵਿਚੋਂ ਲੰਘ ਗਿਆ ਤੇ ਸਾਡੇ ਸਿਰ ਗੋਲ ਹੋ ਗਿਆ। **ਗੋਲ** ਮੋਲ ਗੱਲ ਨਾ ਕਰਿਆ ਕਰ।

**ਗੋਲਾ** : ਲੋਹੇ ਦਾ **ਗੋਲਾ** ਬੜਾ ਭਾਰਾ ਹੁੰਦਾ ਹੈ। ਧਾਗੇ ਦਾ **ਗੋਲਾ** ਬਿਲਕੁਲ ਗੋਲ ਨਹੀਂ ਬਣਿਆ। ਉਸ ਤੀਵੀਂ ਦੇ ਪੇਟ ਵਿਚ **ਗੋਲਾ** (ਗੈਸ ਦਾ) ਹੈ। ਇਸ ਸੜਕ ਦਾ **ਗੋਲਾ** ਬੜਾ ਚੌੜਾ ਹੈ। ਤੋਪ ਦਾ **ਗੋਲਾ**, ਬਹੁਤ ਵੱਡਾ ਹੁੰਦਾ ਹੈ। ਉਸ ਬੋਰੀ ਵਿਚ ਆਤਸ਼ਬਾਜ਼ੀ ਦੇ ਤਿੰਨ ਸੌ **ਗੋਲੇ** ਹਨ। ਤੂੰ ਤਾਂ ਹਰ ਕਿਸੇ ਦਾ **ਗੋਲਾ** (ਦਾਸ) ਬਣਿਆ ਹੋਇਆ ਹੈਂ।

**ਗੇੜ** : ਤੂੰ ਨਲਕਾ **ਗੇੜ**; ਮੈਂ ਹੱਥ ਧੋ ਲਵਾਂ। ਤੁਸੀਂ ਰੋਟੀ ਬਣਾਉ ਮੈਂ ਪਿੰਡ ਦਾ **ਗੇੜ** (ਚਕਰ) ਲਾ ਕੇ ਆਉਂਦਾ ਹਾਂ।

**ਘੋਲ** : ਖੰਡ **ਘੋਲ** (ਮਿਲਾ) ਕੇ ਸ਼ਰਬਤ ਤਿਆਰ ਕਰ ਦਿਉ। ਅੱਜ ਪਿੰਡ ਵਿਚ **ਘੋਲ** (ਕੁਸ਼ਤੀ/ਕਬੱਡੀ) ਹੋਣਾ ਹੈ। ਘੋਲ-ਘੁਮਾਈ ਆਪਣੇ ਬੱਚੇ ਤੋਂ।

**ਘੋੜਾ** : **ਘੋੜਾ** ਇਕ ਸਮਝਦਾਰ ਜਾਨਵਰ ਹੈ। ਬੰਦੂਕ ਦਾ **ਘੋੜਾ** ਨਾ ਦਬਾ। ਸ਼ਤਰੰਜ ਵਿਚ **ਘੋੜੇ** ਦੀ ਚਾਲ ਬੜੀ ਪੇਚਦਾਰ ਹੁੰਦੀ ਹੈ।

**ਚੱਕ** : ਮੁੰਡੇ ਨੇ ਉਹਨੂੰ **ਚੱਕ** ਮਾਰਿਆ। ਨਹਿਰੀ ਇਲਾਕੇ ਵਿਚ ਕਈ **ਚੱਕ** ਵੱਜ ਗਏ ਹਨ। ਘੁਮਿਆਰ ਟਿੰਗਾਂ **ਚੱਕ** ਤੋਂ ਲਾਹ-ਲਾਹ ਕੇ ਧੁੱਪੇ ਰੱਖੀ ਜਾਂਦਾ ਹੈ। ਖੂਹ ਦਾ **ਚੱਕ** ਵਹਾਉਣ ਵੇਲੇ ਗੁੜ ਵੰਡਦੇ ਹਨ। ਮੁੰਡੇ ਨੂੰ **ਚੱਕ** (ਚੁੱਕ) ਲੈ। ਮੰਗਤਿਆਂ ਦੀ ਚਾਰੇ **ਚੱਕ** ਜਾਗੀਰ ਹੈ।

**ਚੱਪਾ** : ਇਹ ਫੱਟਾ ਸੱਤ **ਚੱਪੇ** (ਹੱਥ) ਚੌੜਾ ਹੈ। ਬੇੜੀ **ਚੱਪੇ** (ਚੱਪੂ) ਬਿਨਾਂ ਪਾਰ ਨਹੀਂ ਲੰਘਦੀ। **ਚੱਪਾ** (ਚੁਥਾਈ) ਕੁ ਰੋਟੀ ਹੋਰ ਦੇਵੋ ਜੀ।

**ਜਾਲਾ** : ਦੀਵਾ **ਜਾਲੇ** ਵਿਚ ਰੱਖ। ਕੰਧਾਂ ਤੋਂ ਮੱਕੜੀ ਦਾ **ਜਾਲਾ** ਲਾਹ ਦੇ। ਛੱਪੜ ਦੇ ਪਾਣੀ ਉੱਤੇ **ਜਾਲਾ** ਬੱਝ ਗਿਆ ਹੈ। ਉਸ ਦੀ ਅੱਖ ਵਿੱਚ **ਜਾਲਾ** ਆ ਗਿਆ ਹੈ।

**ਝੜ** : ਅੱਜ **ਝੜ** (ਬਾਰਸ਼) ਹੈ। ਕੁੱਝ ਹੱਥੋਂ ਵੀ **ਝਾੜ** (ਨਿਕਾਲ)। ਰੁੱਖਾਂ ਦੇ ਪੱਤੇ **ਝੜ** ਗਏ ਹਨ।

**ਟਿੱਕੀ** : ਸਿਆਹੀ ਦੀ ਇਕ **ਟਿੱਕੀ** ਦਵਾਤ ਵਿਚ ਪਾ। ਅਜੇ ਸੂਰਜ ਦੀ **ਟਿੱਕੀ** ਨਹੀਂ ਨਿਕਲੀ। ਫ਼ਕੀਰ ਨੂੰ ਦੋ **ਟਿੱਕੀਆਂ** ਮਿਲ ਜਾਣ, ਤਾਂ ਰੱਜ ਜਾਂਦਾ ਹੈ। **ਟਿੱਕੀ** ਦੀ ਪਲੇਟ 80 ਰੁਪਏ ਦੀ ਹੈ।

**ਠੰਢਾ** : ਇਸ ਖੂਹ ਦਾ ਪਾਣੀ ਬੜਾ **ਠੰਢਾ** ਹੈ। ਉਹ ਮੁੰਡਾ ਕੰਮ ਕਰਨ ਵਿਚ ਬੜਾ **ਠੰਢਾ** (ਸੁਸਤ) ਹੈ। ਉਹ ਸੁਭਾਉ ਦਾ **ਠੰਢਾ** (ਨਰਮ) ਹੈ। **ਠੰਢੇ ਠੰਢੇ** (ਸਵੇਰੇ) ਕੰਮ ਬਹੁਤਾ ਹੁੰਦਾ ਹੈ।

**ਡੰਗ** : ਉਸ ਨੇ ਇਕੋ **ਡੰਗ** (ਵੇਲ਼ੇ) ਰੋਟੀ ਖਾਧੀ। ਸੱਪ ਨੇ ਅਜਿਹਾ **ਡੰਗ** ਮਾਰਿਆ ਹੈ ਕਿ ਪਲਾਂ ਵਿਚ ਉਹਦੀ ਜਾਨ ਨਿਕਲ ਗਈ।

**ਡੰਡੀ** : ਇਸ ਤੱਕੜੀ ਦੀ **ਡੰਡੀ** ਵਿਚ ਕਾਣ ਹੈ। ਇਹ **ਡੰਡੀ** (ਕੱਚਾ ਰਾਹ) ਸਿੱਧੀ ਪਿੰਡ ਨੂੰ ਜਾਂਦੀ ਹੈ। ਵਾਕ ਮੁੱਕ ਜਾਏ ਤਾਂ ਅੱਗੇ **ਡੰਡੀ** (।) ਜ਼ਰੂਰ ਲਗਾਓ। ਤੀਵੀਆਂ ਕੰਨਾਂ ਵਿਚ **ਡੰਡੀਆਂ** (ਗਹਿਣਾ) ਪਾਉਂਦੀਆਂ ਹਨ। ਇਸ ਫ਼ਲ ਦੀ **ਡੰਡੀ** ਬੜੀ ਕੌੜੀ ਹੈ।

**ਡੰਡ** : **ਡੰਡ** ਨਾ ਪਾ। **ਡੰਡ** ਕੱਢਿਆ ਕਰ। ਉਹਨੂੰ ਬਰਾਦਰੀ ਵੱਲੋਂ ਇਹ **ਡੰਡ** (ਜੁਰਮਾਨਾ) ਲੱਗਾ ਕਿ ਸੌ ਰੁਪਈਆ, ਧਰਮਸਾਲਾ ਜਮ੍ਹਾਂ ਕਰਾਵੇ।

**ਚੜ੍ਹ** : ਘੋੜੇ ’ਤੇ **ਚੜ੍ਹ**। ਉਹ ਪਹਾੜ ਪੁਰ **ਚੜ੍ਹ** ਨਹੀਂ ਸਕਦਾ। ਸੂਰਜ **ਚੜ੍ਹ** (ਨਿਕਲ) ਆਇਆ ਹੈ। ਅੱਜ ਦਰਿਆ ਬਹੁਤ **ਚੜ੍ਹ** ਗਿਆ ਹੈ। ਬੇੜੀ ਵਿਚ **ਚੜ੍ਹ**। ਛੋਲਿਆਂ ਦਾ ਭਾ ਕੁਝ **ਚੜ੍ਹ** (ਵੱਧ) ਗਿਆ ਹੈ। ਪੋਥੀ ਤੇ ਜਿਲਦ **ਚੜ੍ਹ** ਗਈ ਹੈ। ਉਸ ਦਾ ਮੋਢਾ **ਚੜ੍ਹ** ਗਿਆ ਹੈ। ਜੰਞ **ਚੜ੍ਹੀ** ਤਾਂ ਖ਼ੂਬ ਵਾਜੇ ਵਜਾਏ ਗਏ। ਬੋਰੀ ਭਾਰੀ ਹੈ, ਤੱਕੜੀ ਤੇ ਨਹੀਂ **ਚੜ੍ਹ** ਸਕਦੀ। ਅਫਗਾਨ ਕਈ ਵਾਰੀ ਸਾਡੇ ਦੇਸ਼ ਪੁਰ **ਚੜ੍ਹ** ਆਏ। ਨਸ **ਚੜ੍ਹ** ਜਾਏ ਤਾਂ ਮਾਲਸ਼ ਕਰੋ।

**ਚੌਕੀ** : ਕੜਾਹ ਪ੍ਰਸਾਦ **ਚੌਕੀ** (ਸਟੂਲ) ਤੇ ਰੱਖ ਦਿਓ। ਪੁਲਿਸ ਦੀ **ਚੌਕੀ** (ਪੋਸਟ) ’ਤੇ ਰਿਪੋਰਟ ਲਿਖਵਾ ਆਓ। ਮਸੂਲ ਦੀ **ਚੌਕੀ** ’ਤੇ ਮਸੂਲ ਦੇਣਾ ਪੈਂਦਾ ਹੈ। ਰਾਗੀਆਂ ਦੀ **ਚੌਕੀ** ਬੜੇ ਪ੍ਰੇਮ ਨਾਲ਼ ਕੀਰਤਨ ਕਰ ਰਹੀ ਹੈ। **ਚੌਕੀ** ਪਹਿਰੇ ਤੋਂ ਬਿਨਾਂ, ਰਾਖੀ ਨਹੀਂ ਹੋ ਸਕਦੀ, ਇਕ ਚੌਕੀਦਾਰ ਰੱਖ ਲਓ।

**ਛੇੜ** : ਕਿਸੇ ਨੂੰ ਐਵੇਂ ਨਾ ਛੇੜ। ਉਸ ਨੇ ਮਾਲ-ਡੰਗਰ ਸਵੇਰੇ ਹੀ **ਛੇੜ** ਦਿੱਤਾ। ਕੰਮ **ਛੇੜ** (ਸ਼ੁਰੂ ਕਰਨਾ) ਆਪੇ ਪਰਮੇਸ਼ਰ ਪੂਰਾ ਕਰੇਗਾ। ਡਾਕਟਰ ਨੇ ਫੋੜੇ ਨੂੰ **ਛੇੜਿਆ**, ਤਾਂ ਵਿਚੋਂ ਪਾਕ ਨਿਕਲੀ। ਹਿਟਲਰ ਨੇ, ਐਵੇਂ ਹੀ ਜੰਗ **ਛੇੜ** ਦਿੱਤੀ।

**ਜਾਨ** : **ਜਾਨ** ਸਭ ਨੂੰ ਪਿਆਰੀ ਹੈ। ਇਸ ਸਾਲ ਲੋਕਾਂ ਦਾ **ਜਾਨ** ਮਾਲ ਦਾ ਬੜਾ ਨੁਕਸਾਨ ਹੋਇਆ ਹੈ। ਤੂੰ ਤਾਂ ਮੇਰੀ **ਜਾਨ** (ਪਿਆਰਾ) ਹੈਂ। ਇਸ ਕੱਪੜੇ ਵਿਚ **ਜਾਨ** ਹੈ ਨਹੀਂ।

**ਜੰਦਰਾ** : ਬੂਹਾ ਬੰਦ ਕਰ ਕੇ **ਜੰਦਰਾ** ਲਾ ਦਿਓ। ਕਿਰਸਾਣ **ਜੰਦਰੇ** ਨਾਲ਼ ਪੈਲੀ ਵਿਚ ਵੱਟਾਂ ਪਾ ਰਿਹਾ ਹੈ।

**ਢਾਲ** : ਸਿਪਾਹੀ ਦੇ ਇਕ ਹੱਥ ਵਿਚ **ਢਾਲ** (ਵਾਰ ਬਚਾਣ ਵਾਲ਼ਾ) ਤੇ ਦੂਜੇ ਵਿਚ, ਤਲਵਾਰ ਹੈ। ਸਿੱਕਾ **ਢਾਲ** (ਪਿਘਲਾ) ਕੇ ਛੱਰਾ ਬਣਾਇਆ ਜਾਂਦਾ ਹੈ। ਪੰਜਾਬ ਦੇ ਦਰਿਆ ਦੱਸਦੇ ਹਨ ਕਿ ਇਸ ਦੇਸ਼ ਦੀ **ਢਾਲ** ਦੱਖਣ-ਪੱਛਮ ਵੱਲ ਹੈ।

**ਤਾਰ** : ਬਿਜਲੀ ਦੀ **ਤਾਰ** ਨੂੰ ਹੱਥ ਨਾ ਲਾ। ਗੁਰੂ ਨਾਨਕ ਸਾਹਿਬ ਨੇ ਜਗਤ ਨੂੰ **ਤਾਰ** (ਪਾਰ ਲੱਗਾ) ਦਿੱਤਾ। **ਤਾਰ-ਤਾਰ** ਸੂਤਰ ਜੁੜੇ, ਤਾਂ ਕੰਮ ਪੂਰਾ ਹੋ ਗਿਆ।

**ਥੁੱਕ** : ਸਲੇਟ ’ਤੇ **ਥੁੱਕ** ਨਾ ਪਾ। ਫ਼ਰਸ਼ ਤੇ ਨਾ **ਥੁੱਕ**। ਹੁਣ ਗੁੱਸਾ **ਥੁੱਕ** ਵੀ ਦਿਉ ਜੀ।

**ਦਾਰੂ** : ਅੱਖਾਂ ਵਿਚ **ਦਾਰੂ** (ਦਵਾਈ) ਪਾ। ਦਾਰੂ (ਸ਼ਰਾਬ) ਪੀਣ ਵਾਲ਼ੇ ਸਦਾ ਖ਼ੁਆਰ ਹੁੰਦੇ ਹਨ। ਸਿਪਾਹੀ ਦਾਰੂ-ਸਿੱਕਾ (ਰਿਸ਼ਵਤ) ਲੈ ਕੇ ਤੁਰ ਪਿਆ।

**ਧੋਤੀ** : ਤੇੜ **ਧੋਤੀ** ਬੰਨ੍ਹ ਲੈ। ਧੋਬੀ ਨੇ ਮੇਰੀ ਚਾਦਰ ਧੋਤੀ। ਮਾਂਹ ਦੀ ਧੋਤੀ ਦਾਲ਼ ਚੰਗੀ ਹੁੰਦੀ ਹੈ।

**ਨਾਲੀ** : ਸਫ਼ਾਈ ਕਰਮਚਾਰੀ **ਨਾਲੀ** ਸਾਫ਼ ਕਰਦਾ ਹੈ। ਕਣਕ ਬਹੁਤੀ ਨਾਲੀ ਨਾਲ ਹੀ ਬੀਜੀ ਜਾਂਦੀ ਹੈ। ਇਹ ਬੰਦੂਕ, ਇਕ ਨਹੀਂ, ਦੋ **ਨਾਲੀ** ਹੈ।

**ਪੱਕਾ** : ਇਹ ਫ਼ਲ **ਪੱਕਾ** ਹੈ। ਇਸ ਕੱਪੜੇ ਦਾ ਰੰਗ **ਪੱਕਾ** ਹੈ। ਉਸ ਦਾ ਨਿਸਚਾ **ਪੱਕਾ** ਹੈ। ਸਾਡਾ ਕੋਠਾ **ਪੱਕਾ** ਹੈ। ਇਹ ਮੁੰਡਾ ਬੜਾ **ਪੱਕਾ** (ਹੁਸ਼ਿਆਰ) ਹੈ। ਡਾਕਟਰ **ਪੱਕਾ** ਫੋੜਾ ਚੀਰਦੇ ਹਨ, ਕੱਚਾ ਨਹੀਂ। ਇਹ ਧਾਗਾ **ਪੱਕਾ** ਹੈ। ਮੇਰਾ ਇਰਾਦਾ **ਪੱਕਾ** ਹੈ। **ਪੱਕੀ** ਸਲਾਹ ਕਰ। ਟਾਂਗਾ **ਪੱਕੀ** ਸੜਕ ਪੁਰ ਤੇਜ਼ ਚਲਦਾ ਹੈ। ਇਹ ਨੌਕਰੀ **ਪੱਕੀ** ਹੈ। ਅੰਬ ਅਜੇ **ਪੱਕਾ** (ਖਾਣ ਲਈ ਤਿਆਰ) ਨਹੀਂ।

**ਫ਼ੁੱਲ** : ਗੁਲਾਬ ਦਾ **ਫ਼ੁੱਲ** ਬੜਾ ਖ਼ੂਬਸੂਰਤ ਹੁੰਦਾ ਹੈ। ਉਸ ਦਾ ਪੇਟ **ਫ਼ੁੱਲ** (ਆਫਰ) ਗਿਆ ਹੈ। ਉਸ ਤੀਵੀਂ ਦੇ ਸਿਰ ਪੁਰ ਸੋਨੇ ਦੇ **ਫ਼ੁੱਲ** ਹਨ। ਇਹ ਮਹਿੰ ਦੇ ਮੱਥੇ ਪੁਰ **ਫ਼ੁੱਲ** ਹੈ। ਹਿੰਦੂ ਲੋਕ ਮੁਰਦੇ ਦੇ **ਫ਼ੁੱਲ** ਗੰਗਾ ਵਿਚ ਪਾਉਂਦੇ ਹਨ। ਫਟਕੜੀ **ਫ਼ੁੱਲ** ਹੋ ਗਈ ਹੈ। ਉਸ ਦੇ ਮਸੂੜੇ **ਫ਼ੁੱਲ** (ਸੁੱਜ) ਗਏ ਹਨ। ਮੇਰਾ ਤਾਂ ਸਾਹ ਹੀ **ਫ਼ੁੱਲ** ਗਿਆ।

**ਬਿੱਲਾ** : **ਬਿੱਲਾ**, ਬਿੱਲੀ ਨਾਲ਼ੋਂ ਵੱਡਾ ਹੁੰਦਾ ਹੈ। ਉਹ ਅੱਖਾਂ ਤੋਂ **ਬਿੱਲਾ** (ਰੰਗ) ਹੈ। ਮਾਨੀਟਰ ਦੀ ਬਾਂਹ ਪੁਰ **ਬਿੱਲਾ** ਲੱਗਾ ਹੋਇਆ ਹੈ।

**ਭਰ** : ਪਾਣੀ **ਭਰ** ਲਿਆ। ਜੁਰਮਾਨਾ ਭਰ ਦੇ। ਉਸ ਦਾ ਜ਼ਖ਼ਮ ਹੁਣ **ਭਰ** ਗਿਆ ਹੈ।

**ਮੁਰੱਬਾ** : ਔਲਿਆਂ ਦਾ **ਮੁਰੱਬਾ** ਲੈ ਆ। ਐਤਕੀਂ ਅਸਾਂ ਇਸ **ਮੁਰੱਬੇ** ਵਿਚ ਕਪਾਹ ਬੀਜਣੀ ਹੈ। **ਮੁਰੱਬਾ** ਸ਼ਕਲ ਦੀਆਂ ਚਾਰੇ ਬਾਹੀਆਂ ਬਰਾਬਰ ਤੇ ਚਾਰੇ ਕੋਨੇ ਸਿੱਧੇ ਹੁੰਦੇ ਹਨ।

**ਯੱਕਾ** : **ਯੱਕਾ** (ਯਾਤਾਯਾਤ ਦਾ ਸਾਧਨ) ਲੈ ਆ। ਪਾਨ ਦਾ **ਯੱਕਾ** (ਇੱਕਾ) ਸੁੱਟ, ਦੁੱਕੀ ਨਹੀਂ। **ਯੱਕਾ** ਯੱਕ (ਛੇਤੀ-ਛੇਤੀ) ਮੇਰਾ ਕੰਮ ਕਰ ਦੇ।

**ਰਾਸ** : ਤੂੰ ਵਪਾਰ ਵਿਚ ਕਿੰਨੀ ਕੁ **ਰਾਸ** (ਪੂੰਜੀ) ਲਾਈ ਹੈ। ਤੇਰੀ ਮੇਰੀ **ਰਾਸ** ਮਿਲਦੀ ਹੈ। ਅੱਜ ਰਾਤ ਨੂੰ ਰਾਸ ਧਾਰੀਏ **ਰਾਸ** ਪਾਉਣਗੇ। ਮੈਨੂੰ ਉਸੇ ਡਾਕਟਰ ਦੀ ਦਵਾਈ ਹੀ **ਰਾਸ** (ਮਾਫਕ) ਆਉਂਦੀ ਹੈ।

**ਲਈ** : ਮੁੰਡੇ **ਲਈ** ਦੁੱਧ ਲਿਆ। ਤੂੰ ਐਤਕੀਂ ਤੂੜੀ ਕਿੰਨੀ ਕੁ **ਲਈ** (ਖ਼ਰੀਦੀ) ਹੈ ? ਉਸ ਨੇ ਸਾਰੀ ਪੋਥੀ ਪੜ੍ਹ **ਲਈ** ਹੈ।

**ਵੱਟ** : **ਵੱਟ** ਮਾਰ ਕੇ ਪਾਣੀ ਰੋਕ ਦੇ। ਰੱਸੀ **ਵੱਟ** ਲਈ ਹੈ। ਰੱਸੀ ਨੂੰ ਬਹੁਤ **ਵੱਟ** ਨਾ ਚਾੜ੍ਹ। ਸੌਦਾ ਵੇਚ ਕੇ ਕੁੱਝ **ਵੱਟ** (ਕਮਾਉਣਾ) ਲੈ।

**ਨੋਟ :** ਇਸ ਪਾਠ ਦੀ ਤਿਆਰੀ ਲਈ, ਜਿਨ੍ਹਾਂ ਮਹੱਤਵਪੂਰਨ ਸਮੀਖਿਆ-ਪੁਸਤਕਾਂ ਤੋਂ ਸਹਾਇਤਾ ਲਈ ਗਈ ਹੈ, ਉਨ੍ਹਾਂ ਦੀ ਵਿਸਤ੍ਰਿਤ ਸੂਚੀ, ਇਸ **ਪਾਠ ਨੰਬਰ : 8** ਦੇ ਅੰਤ 'ਤੇ ਦਰਜ ਕੀਤੀ ਗਈ ਹੈ। ਜੇਕਰ ਵਿਦਿਆਰਥੀ, ਇਸ ਵਿਸ਼ੇ ਉਪਰ ਹੋਰ ਡੂੰਘੀ ਜਾਣਕਾਰੀ ਹਾਸਿਲ ਕਰਨਾ ਲੋਚਦੇ ਹਨ, ਉਹ ਇਨ੍ਹਾਂ ਪੁਸਤਕਾਂ ਦਾ ਅਧਿਐਨ ਵੀ ਕਰਨ।

## ਪ੍ਰਸ਼ਨਾਵਲੀ

**ਪ੍ਰਸ਼ਨ 1.** ਪੰਜਾਬੀ ਸ਼ਬਦ-ਜੋੜਾਂ ਦੀ ਮੂਲ ਸਮੱਸਿਆ ਕੀ ਹੈ ?

**ਪ੍ਰਸ਼ਨ 2.** ਪੰਜਾਬੀ ਸ਼ਬਦ-ਜੋੜਾਂ ਬਾਰੇ, ਡਾ. ਹਰਕੀਰਤ ਸਿੰਘ ਦੇ ਵਿਚਾਰਾਂ ਨੂੰ ਚਰਚਾ ਦਾ ਵਿਸ਼ਾ ਬਣਾਉ।

**ਪ੍ਰਸ਼ਨ 3.** ਹੇਠ ਲਿਖੇ ਮੂਲ ਸ਼ਬਦਾਂ ਦੇ, ਸ਼ੁੱਧ ਪੰਜਾਬੀ ਰੂਪ ਲਿਖੋ :-

ਮੂਲ ਸ਼ਬਦ :-

ਕਠਿਨ, ਮੰਦਿਰ, ਵਣਿਜ, ਚਤੁਰ, ਠਾਕੁਰ, ਬਹਾਦੁਰ, ਜੱਟਿਲ, ਖਣਿਜ

**ਪ੍ਰਸ਼ਨ 4.** ਪੰਜਾਬੀ ਦੇ ਬਹੁਅਰਥਕ ਸ਼ਬਦਾਂ ਦੇ ਸਿਧਾਂਤਕ ਪੱਖ ਨੂੰ ਚਰਚਾ ਦਾ ਵਿਸ਼ਾ ਬਣਾਉ।

**ਪ੍ਰਸ਼ਨ 5.** ਹੇਠ ਲਿਖੇ ਸ਼ਬਦਾਂ ਨੂੰ ਦੋ ਦੋ ਵਾਕਾਂ ਵਿਚ ਇੰਝ ਵਰਤੋ ਕਿ ਉਨ੍ਹਾਂ ਦੇ, ਇਕ ਤੋਂ ਵੱਧ ਅਰਥ ਸਪੱਸ਼ਟ ਹੋ ਜਾਣ :-

ਉੱਤਰ, ਸਿੱਟਾ, ਅੰਬ, ਸੂਆ, ਹਾਰ, ਟਿੱਕੀ, ਡੰਡ, ਨਾਲੀ, ਚੜ੍ਹ, ਫੁੱਲ, ਬਿਲਾ, ਜਾਨ, ਵੱਟ।

—0—

**ਪਾਠ ਨੰਬਰ :** 7

**ਭਾਗ ਤੀਜਾ : ਵਿਹਾਰਕ ਪੰਜਾਬੀ**

# ਪੈਰਾ ਰਚਨਾ

*** ਡਾ. ਕੁਲਜੀਤ ਸਿੰਘ ਭਾਟੀਆ**

## 3.3 (ੳ) ਪੈਰਾ ਰਚਨਾ

'ਪੈਰਾ ਰਚਨਾ', ਇਕ ਬੜੀ ਸੰਜਮਸ਼ੀਲ ਕਲਾ ਹੈ। ਭਾਵ, ਇਕ ਹੀ ਪੈਰੇ ਵਿਚ ਸੰਬੰਧਤ ਵਿਸ਼ੇ ਨਾਲ਼ ਇਨਸਾਫ਼ ਕਰਨਾ। ਇਕ ਪੈਰਾ, ਲਗਭਗ ਦਸ ਕੁ ਵਾਕਾਂ ਦਾ ਹੁੰਦਾ ਹੈ। ਆਮ ਤੌਰ 'ਤੇ ਪਹਿਲਾ ਵਾਕ ਹੀ, ਪੈਰੇ ਦੇ ਵਿਸ਼ੇ ਵੱਲ ਇਸ਼ਾਰਾ ਕਰਨ ਵਾਲ਼ਾ ਹੁੰਦਾ ਹੈ। ਪੈਰੇ ਵਿਚ ਕੋਈ ਵੀ ਵਾਕ/ਸ਼ਬਦ ਵਾਧੂ ਨਹੀਂ ਹੋਣਾ ਚਾਹੀਦਾ। ਬਾਹਰੀ ਬਣਤਰ ਤੇ ਬੁਣਤਰ, ਗੁੰਦਵੀਂ ਹੋਣੀ ਚਾਹੀਦੀ ਹੈ। ਕਿਸੇ ਕਿਸਮ ਦੀ ਢਿੱਲੀ ਗੱਲ ਨਹੀਂ ਹੋਣੀ ਚਾਹੀਦੀ। ਕਿਸੇ ਸੁਗਠਿਤ ਪ੍ਰਸਤਾਵ ਨਾਲ਼ੋਂ ਵੀ ਗੰਭੀਰਤਾ ਨਾਲ਼ 'ਪੈਰਾ ਰਚਨਾ' ਦੇ ਵਿਸ਼ੇ ਦਾ ਨਿਭਾਅ ਹੋਣਾ ਚਾਹੀਦਾ ਹੈ। ਇੱਥੇ ਅਸੀਂ ਉਦਾਹਰਣ ਦੇ ਤੌਰ 'ਤੇ ਕੁੱਝ ਪੈਰਾ-ਰਚਨਾਵਾਂ, ਉਹਨਾਂ ਦੇ ਸਿਰਲੇਖਾਂ ਸਮੇਤ, ਦੇ ਰਹੇ ਹਾਂ, ਤਾਂ ਜੋ ਤੁਸੀਂ, ਇਸ ਮਸਲੇ ਦੀ ਗੰਭੀਰਤਾ ਨੂੰ ਬਾਖ਼ੂਬੀ ਸਮਝ ਸਕੋ :-

## 1. ਮੋਬਾਇਲ ਫ਼ੋਨ ਦੇ ਲਾਭ ਤੇ ਹਾਨੀਆਂ

ਮੋਬਾਇਲ ਫ਼ੋਨ ਇਕ ਛੋਟਾ ਜਿਹਾ ਯੰਤਰ ਹੈ। ਇਸ ਨੂੰ ਸੌਖਿਆਂ ਹੀ, ਇਕ ਥਾਂ ਤੋਂ ਦੂਜੀ ਥਾਂ, ਲਿਜਾਇਆ ਜਾ ਸਕਦਾ ਹੈ। ਪਲਕ ਝਪਕਦਿਆਂ ਹੀ ਅਸੀਂ, ਦੁਨੀਆਂ ਦੇ ਕਿਸੇ ਹਿੱਸੇ ਵਿਚ ਰਹਿੰਦੇ ਬੰਦੇ ਨਾਲ਼, ਗੱਲਬਾਤ ਕਰ ਸਕਦੇ ਹਾਂ। ਮੋਬਾਇਲ ਫ਼ੋਨ ਹਰ ਵੇਲ਼ੇ ਸਾਡੀ ਸੇਵਾ ਲਈ ਹਾਜ਼ਰ ਹੈ। ਲੋਕਾਂ ਲਈ, ਇਹ ਲੋੜ ਬਣ ਗਿਆ ਹੈ ਅਤੇ ਜੀਵਨ-ਪੱਧਰ ਦਾ ਪ੍ਰਤੀਕ ਵੀ। ਗੱਡੀ ਚਲਾਂਦਿਆਂ, ਪੜ੍ਹਦਿਆਂ, ਪੂਜਾ ਪਾਠ ਕਰਦਿਆਂ, ਸੌਂਦਿਆਂ ਇਹ ਸਾਨੂੰ, ਪ੍ਰੇਸ਼ਾਨ ਵੀ ਕਰਦਾ ਹੈ। ਕਲਾਸ ਵਿਚ ਭਾਸ਼ਣ ਦੇਂਦਿਆਂ ਤੇ ਸੁਣਦਿਆਂ, ਮੋਬਾਇਲ ਦੀ ਤੇਜ਼ ਘੰਟੀ, ਸਾਰਿਆਂ ਦੀ ਇਕਾਗਰਤਾ ਭੰਗ ਕਰ ਦੇਂਦੀ ਹੈ। ਸਮਾਜ ਵਿਰੋਧੀ ਅਨਸਰਾਂ ਵੱਲੋਂ, ਜੁਰਮ ਕਰ ਕੇ, ਆਪਸੀ ਤਾਲਮੇਲ ਰਾਹੀਂ, ਪੁਲਿਸ ਨੂੰ ਧੋਖਾ ਦੇ ਕੇ, ਨੌਂ ਦੋ ਗਿਆਰ੍ਹਾਂ ਹੋ ਜਾਣ ਵਿਚ ਵੀ, ਮੋਬਾਇਲ ਫ਼ੋਨ ਸਹਾਇਕ ਹੁੰਦਾ ਹੈ। ਮੋਬਾਇਲ ਤਾਂ ਉਹੀ ਹੈ, ਵਰਤਣ ਵਾਲ਼ੇ 'ਤੇ ਨਿਰਭਰ ਹੁੰਦਾ ਹੈ ਕਿ ਉਹ ਇਸ ਦੀ ਯੋਗ ਵਰਤੋਂ ਕਰੇ ਜਾਂ ਕੁਵਰਤੋਂ। ਮੰਦਰ, ਮਸਜਿਦ, ਗੁਰਦੁਆਰੇ, ਸ਼ਮਸ਼ਾਨਘਾਟ ਵਰਗੀਆਂ ਥਾਵਾਂ ਉਪਰ, ਇਸਦਾ ਵੱਜਣਾ ਬੜੀ ਬੇਹੂਦਗੀ ਦੀ ਹਾਲਤ ਪੈਦਾ ਕਰ ਦਿੰਦਾ ਹੈ।

## 2. ਨਸ਼ਿਆਂ ਦਾ ਸੇਵਨ

ਨਸ਼ਿਆਂ ਦਾ ਸੇਵਨ, ਮਨੁੱਖੀ-ਜ਼ਿੰਦਗੀ ਤੇ ਸਭਿਆਚਾਰ ਨੂੰ ਤਬਾਹ ਕਰ ਰਿਹਾ ਹੈ। ਨਸ਼ੇ ਕਰਨ ਵਾਲ਼ਾ ਸੋਚਦਾ ਹੈ ਕਿ ਉਹ ਜ਼ਿੰਦਗੀ ਦਾ ਸਹੀ ਆਨੰਦ ਲੈ ਰਿਹਾ ਹੈ। ਅਸਲ ਵਿਚ, ਨਸ਼ੇ ਚੰਗੇ ਭਲੇ ਬੰਦੇ ਨੂੰ, ਨਿਕੰਮਾ ਬਣਾ ਦਿੰਦੇ ਹਨ। ਸ਼ਰਾਬ, ਅਫ਼ੀਮ, ਚਰਸ, ਗਾਂਜਾ, ਸਮੈਕ, ਚਿੱਟਾ ਅਤੇ ਹੋਰ ਕਈ ਤਰ੍ਹਾਂ ਦੇ ਨਸ਼ੀਲੇ ਪਦਾਰਥ, ਵਰਤਣ ਵਾਲ਼ਿਆਂ

* ਐਸੋਸੀਏਟ ਪ੍ਰੋਫ਼ੈਸਰ (ਸੇਵਾ ਮੁਕਤ), ਦੇਸ਼ਬੰਧੂ ਕਾਲਜ, ਕਾਲਕਾਜੀ, ਨਵੀਂ ਦਿੱਲੀ।

ਦੀ ਗਿਣਤੀ ਦਿਨ-ਬ-ਦਿਨ ਵੱਧਦੀ ਜਾ ਰਹੀ ਹੈ। ਛੋਟੇ ਬੱਚੇ ਅਤੇ ਵਿਦਿਆਰਥੀ ਵੀ ਵੱਡਿਆਂ ਦੀ ਵੇਖਾ-ਵੇਖੀ ਇਹ ਨਸ਼ੀਲੇ ਪਦਾਰਥ ਵਰਤ ਰਹੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਨੂੰ, ਇਸ ਬਾਰੇ ਚੇਤੰਨ ਕਰੇ। ਵਿਸ਼ੇਸ਼ ਤੌਰ 'ਤੇ ਛੋਟੇ ਬੱਚਿਆਂ ਅਤੇ ਵਿਦਿਆਰਥੀਆਂ ਨੂੰ, ਇਸ ਤੋਂ ਬਚਾਉਣ ਦੀ ਲੋੜ ਹੈ। ਸਾਨੂੰ ਆਪ, ਪਰਿਵਾਰ ਅਤੇ ਸਮਾਜ ਨੂੰ ਇਸ ਪ੍ਰਤਿ ਚੇਤੰਨ ਰਹਿਣ ਦੀ ਲੋੜ ਹੈ। ਅੱਜਕੱਲ੍ਹ ਬਹੁਤ ਗ਼ਰੀਬ ਅਤੇ ਬਹੁਤ ਹੀ ਛੋਟੀ ਉਮਰ ਦੇ ਮੁੰਡੇ, ਕਈ ਸਸਤੀਆਂ ਦਵਾਈਆਂ ਨੂੰ ਵੀ ਨਸ਼ਿਆਂ ਵਾਂਗ ਵਰਤ ਰਹੇ ਹਨ। ਇਉਂ, ਨਸ਼ੇ ਸਾਡੀ ਜ਼ਿੰਦਗੀ ਨੂੰ, ਤਬਾਹ ਤੇ ਬਰਬਾਦ ਕਰ ਰਹੇ ਹਨ।

## 3. ਅਨੁਸ਼ਾਸਨ

ਅਨੁਸ਼ਾਸਨ ਦਾ ਅਰਥ ਹੈਨਿਯਮਾਂ ਅਨੁਸਾਰ ਜ਼ਿੰਦਗੀ ਜੀਊਣਾ। ਅਨੁਸ਼ਾਸਨ, ਮਨੁੱਖੀ-ਜ਼ਿੰਦਗੀ ਵਿਚ ਸਫ਼ਲਤਾ ਪ੍ਰਾਪਤੀ ਲਈ ਮੂਲ ਮੰਤਰ ਹੈ। ਅਨੁਸ਼ਾਸਨ ਨਾਲ਼, ਮਨੁੱਖ ਦੀਆਂ ਸਾਰੀਆਂ ਸ਼ਕਤੀਆਂ ਕੇਂਦਰਿਤ ਹੋ ਜਾਂਦੀਆਂ ਹਨ। ਬਿਨਾਂ ਅਨੁਸ਼ਾਸਨ ਤੋਂ ਸਮਾਂ ਬੜਾ ਬੇਕਾਰ ਹੋ ਜਾਂਦਾ ਹੈ। ਪ੍ਰਕਿਰਤੀ ਨੇ ਮਨੁੱਖ ਨੂੰ, ਇਹ ਆਜ਼ਾਦੀ ਦਿੱਤੀ ਹੈ ਕਿ ਜੇ ਉਹ ਚਾਹੇ ਤਾਂ ਅਨੁਸ਼ਾਸਨ ਵਿਚ ਰਹਿ ਕੇ, ਆਪਣੀ ਜ਼ਿੰਦਗੀ ਸੰਵਾਰ ਲਵੇ। ਜੇ ਉਹ ਚਾਹੇ ਤਾਂ ਅਨੁਸ਼ਾਸਨਹੀਣ ਹੋ ਕੇ, ਆਪਣੀ ਜ਼ਿੰਦਗੀ ਵਿਗਾੜ ਲਵੇ। ਆਪਣੀ ਜ਼ਿੰਦਗੀ ਨੂੰ ਅਨੁਸ਼ਾਸਨ ਵਿਚ ਰੱਖ ਕੇ ਹੀ, ਅਸੀਂ ਆਪਣੀ, ਪਰਿਵਾਰ ਅਤੇ ਸਮਾਜ ਦੀ ਭਲਾਈ ਕਰ ਸਕਦੇ ਹਾਂ। ਅਨੁਸ਼ਾਸਨ ਜ਼ਿੰਦਗੀ ਦੇ ਹਰੇਕ ਖ਼ੇਤਰ ਵਿਚ ਜ਼ਰੂਰੀ ਹੈ। ਇਹ ਸਾਡੀ ਸ਼ਖ਼ਸੀਅਤ ਨੂੰ ਨਿਖਾਰਣ ਲਈ ਵੀ, ਬੜਾ ਮਹੱਤਵਪੂਰਨ ਰੋਲ ਅਦਾ ਕਰਦਾ ਹੈ।

## 4. ਪ੍ਰਦੂਸ਼ਣ

ਪ੍ਰਦੂਸ਼ਣ ਤੋਂ ਭਾਵ ਹੈ, ਦੂਸ਼ਿਤ ਹੋਣਾ। ਵਾਤਾਵਰਨ ਦੇ ਪ੍ਰਕ੍ਰਿਤਕ ਸੰਤੁਲਨ ਵਿਚ ਗੜਬੜੀ ਨਾਲ਼, ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ। ਪਾਣੀ ਵਿਚ ਗੰਦ ਮਿਲ ਕੇ, ਪਾਣੀ ਦਾ ਪ੍ਰਦੂਸ਼ਣ ਹੁੰਦਾ ਹੈ। ਸ਼ੋਰ-ਸ਼ਰਾਬੇ ਨਾਲ਼ ਆਵਾਜ਼ ਦਾ ਪ੍ਰਦੂਸ਼ਣ ਹੁੰਦਾ ਹੈ। ਸ਼ਹਿਰੀਕਰਨ ਅਤੇ ਵਿਗਿਆਨਕ ਪ੍ਰਗਤੀ ਕਾਰਨ ਵੀ ਪ੍ਰਦੂਸ਼ਣ ਫੈਲ ਰਿਹਾ ਹੈ। ਵੱਧਦੀ ਜਨਸੰਖਿਆ ਕਾਰਨ ਵੀ, ਪ੍ਰਦੂਸ਼ਣ ਫੈਲ ਰਿਹਾ ਹੈ। ਕਚਰਾ, ਧੂੰਆਂ, ਗੰਦਗੀ ਕਾਰਨ, ਸਾਹ ਲੈਣਾ ਦਿਨ-ਬ-ਦਿਨ ਔਖਾ ਹੁੰਦਾ ਜਾ ਰਿਹਾ ਹੈ। ਪੀਣ ਨੂੰ ਗੰਦਾ ਪਾਣੀ ਮਿਲ਼ਦਾ ਹੈ। ਇਹ ਪਾਣੀ, ਸਾਡੀਆਂ ਫ਼ਸਲਾਂ ਨੂੰ ਖ਼ਰਾਬ ਕਰਦਾ ਹੈ। ਫ਼ੈਕਟਰੀਆਂ, ਕਾਰਖ਼ਾਨੇ, ਮਸ਼ੀਨਾਂ ਦੇ ਸ਼ੋਰ ਨਾਲ਼ ਖ਼ੂਨ ਦਾ ਦੌਰਾ, ਮਾਨਸਿਕ ਦਬਾਓ, ਬਹਿਰਾਪਨ ਆਦਿ ਬਿਮਾਰੀਆਂ ਵੱਧ ਰਹੀਆਂ ਹਨ। ਦਰੱਖ਼ਤ ਲੱਗਾ ਕੇ, ਸ਼ੋਰ ਘਟਾ ਕੇ, ਸਾਧਾਰਣ ਜ਼ਿੰਦਗੀ ਜੀਅ ਕੇ, ਅਸੀਂ ਇਹਨਾਂ ਪ੍ਰਦੂਸ਼ਣਾਂ ਤੋਂ ਬਚ ਸਕਦੇ ਹਾਂ। ਪ੍ਰਦੂਸ਼ਣ, ਸਾਨੂੰ ਸ਼ਰੀਰਕ ਅਤੇ ਮਾਨਸਿਕ ਤੌਰ ਤੇ ਬੀਮਾਰ ਬਣਾਉਂਦਾ ਹੈ। ਇਸ ਤੋਂ ਬਚਾਓ ਵਿਚ ਹੀ, ਸਾਡੀ ਭਲਾਈ ਹੈ। ਸਾਨੂੰ ਹਰ ਤਰ੍ਹਾਂ ਦੇ ਪ੍ਰਦੂਸ਼ਣ ਤੋਂ ਬਚਣ ਦੀ ਲੋੜ ਹੈ।

## 5. ਭਰੂਣ-ਹੱਤਿਆ

ਸਾਡੇ ਦੇਸ਼ ਵਿਚ, ਬਜ਼ੁਰਗ ਲੋਕਾਂ ਲਈ, ਕੋਈ ਸਮਾਜਕ ਸੁਰੱਖਿਆ ਨਹੀਂ ਅਤੇ ਨਾ ਹੀ, ਚੰਗਾ ਜੀਵਨ ਜੀਊਣ ਦੇ ਸਾਧਨ ਹਨ। ਇਸੇ ਲਈ, ਸਾਰੇ ਮੁੰਡਾ ਚਾਹੁੰਦੇ ਹਨ। ਕੁੜੀ ਤਾਂ ਵਿਆਹ ਮਗਰੋਂ, ਸਹੁਰਿਆਂ ਦੀ ਹੋ ਜਾਂਦੀ ਹੈ। ਪਰ, ਮੁੰਡਾ ਆਪਣੇ ਘਰ ਹੀ ਰਹਿੰਦਾ ਹੈ। ਦਾਜ ਦੀ ਪਰੰਪਰਾ ਵੀ, ਭਰੂਣ-ਹੱਤਿਆ ਦਾ ਕਾਰਨ ਹੈ। ਮੁੰਡਿਆਂ ਨਾਲ਼, ਵੰਸ਼ ਚਲਦਾ ਹੈ। ਮੁੰਡੇ ਘਰ ਦਾ ਚਿਰਾਗ਼ ਹੁੰਦੇ ਹਨ, ਪਿਓ ਦੀ ਚਿੱਤਾ ਨੂੰ ਮੁੰਡੇ ਹੀ ਅੱਗ ਦਿੰਦੇ ਹਨ ਆਦਿ ਧਾਰਾਵਾਂ ਪ੍ਰਚਲਤ ਹਨ। ਕੁੜੀਆਂ ਦੇ ਸਮਾਜ ਵਿਚ ਸੁਰੱਖਿਅਤ ਰਹਿਣ ਦੀ ਕੋਈ ਗਾਰੰਟੀ ਨਹੀਂ। ਹਾਲਾਂਕਿ, ਅਜੋਕੇ ਸਮੇਂ ਵਿਚ, ਇਹ ਪੁਰਾਣੀਆਂ ਧਾਰਣਾਵਾਂ ਟੁੱਟ ਰਹੀਆਂ ਹਨ। ਹੁਣ ਤਾਂ ਲੱਗਦਾ ਹੈ ਕਿ ਕੁੜੀਆਂ ਹੀ, ਮਾਂ-ਪਿਉ ਦੀ ਸੇਵਾ ਕਰਦੀਆਂ

ਹਨ। ਜਦੋਂ ਤੱਕ ਪੁਰਾਣੀਆਂ ਧਾਰਾਵਾਂ ਪੂਰੀ ਤਰ੍ਹਾਂ ਟੁੱਟ ਕੇ, ਚਕਨਾਚੂਰ ਨਹੀਂ ਹੋ ਜਾਣਗੀਆਂ ਅਤੇ ਨਵੀਆਂ ਸਿਹਤਮੰਦ ਪਰੰਪਰਾਵਾਂ ਸਥਾਪਤ ਨਹੀਂ ਹੋਣਗੀਆਂ, ਉਦੋਂ ਤੱਕ ਕੁੜੀਆਂ ਲਈ, ਸਿਹਤਮੰਦ-ਸੁਰੱਖਿਅਤ ਮਾਹੌਲ, ਤਿਆਰ ਨਹੀਂ ਹੋ ਸਕਦਾ ਅਤੇ ਨਾ ਹੀ ਭਰੂਣ-ਹੱਤਿਆ ਨੂੰ, ਪੂਰੀ ਤਰ੍ਹਾਂ ਰੋਕਿਆ ਜਾ ਸਕਦਾ ਹੈ। ਭਰੂਣ-ਹੱਤਿਆ ਨੂੰ ਰੋਕ ਕੇ ਹੀ, ਅਸੀਂ ਸਿਹਤਮੰਦ-ਸਮਾਜ ਦੀ ਸਿਰਜਣਾ ਕਰ ਸਕਦੇ ਹਾਂ।

# 6. ਸਮੇਂ ਦੀ ਕਦਰ

ਸਮਾਂ, ਪੈਸੇ ਤੋਂ ਵੱਧ ਮਹੱਤਵਸ਼ਾਲੀ ਹੈ। ਇਸ ਨੂੰ ਬਰਬਾਦ ਨਹੀਂ ਕਰਨਾ ਚਾਹੀਦਾ। ਇਹ ਕਦੀ ਵੀ ਰੁਕਦਾ ਨਹੀਂ। ਹਮੇਸ਼ਾਂ ਆਪਣੀ ਚਾਲੇ ਚਲਦਾ ਰਹਿੰਦਾ ਹੈ। ਜਿਹੜਾ ਸਮਾਂ ਲੰਘ ਜਾਵੇ, ਉਹ ਮੁੜ ਕੇ ਪ੍ਰਾਪਤ ਨਹੀਂ ਹੁੰਦਾ। ਸਮੇਂ ਦੀ ਕਦਰ ਕਰਨ ਵਾਲ਼ਾ ਬੰਦਾ ਹੀ, ਵਧੇਰੇ ਸਫ਼ਲ ਹੁੰਦਾ ਹੈ। ਸਮੇਂ ਦੀ ਯੋਗ ਵਰਤੋਂ ਹੀ, ਮਨੁੱਖ ਨੂੰ ਮਹਾਨ ਬਣਾਉਣ ਵਿਚ ਸਹਾਇਕ ਹੁੰਦੀ ਹੈ। ਜਿਹੜੇ ਇਸ ਦੀ ਯੋਗ ਵਰਤੋਂ ਕਰਨ ਦੀ ਥਾਂ, ਅਜਾਈਂ ਹੀ ਸਮੇਂ ਨੂੰ ਬਰਬਾਦ ਕਰਦੇ ਰਹਿੰਦੇ ਹਨ, ਸਮਾਂ ਉਹਨਾਂ ਨੂੰ ਬਰਬਾਦ ਕਰ ਕੇ ਰੱਖ ਦਿੰਦਾ ਹੈ। ਸਮਾਂ ਗੁਜ਼ਾਰਨ ਲਈ ਨਹੀਂ ਹੁੰਦਾ, ਸਗੋਂ ਜੀਊਣ ਲਈ ਹੁੰਦਾ ਹੈ। ਜਿਹੜਾ ਵਿਅਕਤੀ, ਸਮੇਂ ਦੀ ਕਦਰ ਕਰਦਿਆਂ, ਇਸ ਨੂੰ ਜੀਊਂਦਾ ਹੈ; ਉਹੀ ਅਸਲ ਜ਼ਿੰਦਗੀ ਜੀਅ ਰਿਹਾ ਹੈ। ਭਾਵੇਂ, ਦੇਸ਼ ਨੂੰ ਗ਼ੁਲਾਮੀ ਦੀਆਂ ਜੰਜ਼ੀਰਾਂ ਵਿਚੋਂ ਆਜ਼ਾਦ ਕਰਾਉਣਾ ਹੋਵੇ ਅਤੇ ਭਾਵੇਂ, ਦੇਸ਼ ਨੂੰ ਵਿਕਾਸ ਦੀ ਰਾਹ ਉਪਰ ਤੋਰਨਾ ਹੋਵੇ; ਇਸ ਤਰ੍ਹਾਂ ਦੇ ਕੰਮ; ਸਮੇਂ ਦੀ ਯੋਗ ਵਰਤੋਂ ਕਰ ਕੇ ਹੀ ਸੰਭਵ ਹੋ ਸਕਦੇ ਹਨ। ਸੋ, ਸਮੇਂ ਨੂੰ ਆਪਣੀ ਰਾਸ-ਪੂੰਜੀ ਵਾਂਗ ਹੀ ਖ਼ਰਚੋ/ਵਰਤੋ ਅਤੇ ਇਸਦੀ ਕਦਰ ਕਰੋ। ਇਹ ਤੁਹਾਨੂੰ, ਆਬਾਦ ਵੀ ਕਰ ਸਕਦਾ ਹੈ ਅਤੇ ਬਰਬਾਦ ਵੀ।

# 7. ਵਿਗਿਆਨ ਅਤੇ ਤਕਨਾਲੋਜੀ

ਵਿਗਿਆਨ, ਗਿਆਨ ਦਾ ਭੰਡਾਰ ਹੈ ਅਤੇ ਤਕਨਾਲੋਜੀ, ਇਸ ਗਿਆਨ ਨੂੰ ਵਿਹਾਰ ਵਿਚ ਲਿਆ ਕੇ ਵਸਤਾਂ/ਸੇਵਾਵਾਂ ਦਾ ਉਤਪਾਦਨ ਕਰਨਾ ਹੈ। ਇਹਨਾਂ ਰਾਹੀਂ ਮਨੁੱਖੀ-ਵਿਕਾਸ ਦੇ ਰਾਹ ਖੁੱਲ੍ਹਦੇ ਹਨ। ਇਹਨਾਂ ਰਾਹੀਂ, ਮਨੁੱਖੀ-ਜ਼ਿੰਦਗੀ ਸੌਖੀ ਬਣਦੀ ਹੈ। ਚਿਕਿਤਸਾ-ਵਿਗਿਆਨ ਨੇ, ਮਨੁੱਖੀ ਪ੍ਰੇਸ਼ਾਨੀਆਂ ਨੂੰ ਘਟਾਇਆ ਹੈ। ਮਸ਼ੀਨਾਂ ਰਾਹੀਂ ਉਦਯੋਗਾਂ ਦਾ ਵਿਕਾਸ ਹੋਇਆ ਹੈ। ਦਿਨੋ-ਦਿਨ ਵੱਧਦੀਆਂ ਮਨੁੱਖੀ-ਸਮੱਸਿਆਵਾਂ ਨੂੰ, ਵਿਗਿਆਨ ਤੇ ਤਕਨਾਲੋਜੀ ਦੀ ਮਦਦ ਨਾਲ਼ ਹਲ ਕਰਨ ਵਿਚ, ਮਦਦ ਮਿਲ ਰਹੀ ਹੈ। ਅੱਜਕਲ੍ਹ ਇਸ ਦੀ ਮਦਦ ਨਾਲ਼ ਹੀ, ਮਨੁੱਖੀ ਭਲਾਈ ਦੇ ਰਾਹ ਖੁੱਲ੍ਹ ਰਹੇ ਹਨ। ਅੱਜ ਵਿਗਿਆਨ ਤੇ ਤਕਨਾਲੋਜੀ ਕਾਰਨ ਹੀ, ਸਾਰੀ ਦੁਨੀਆਂ ਇਕ ਗਲੋਬਲ ਪਿੰਡ ਵਰਗੀ ਲੱਗਦੀ ਹੈ। ਪੂਰੀ ਦੁਨੀਆ, ਗਿਆਨ ਅਤੇ ਸੂਚਨਾਵਾਂ ਨੂੰ, ਮਿੰਟਾਂ-ਸਕਿੰਟਾਂ ਵਿਚ ਹੀ, ਪਰਸਪਰ ਆਦਾਨ-ਪ੍ਰਦਾਨ ਕਰ ਸਕਦੀ ਹੈ।

# 8. ਵੱਧਦੀ ਮਹਿੰਗਾਈ

ਅੱਜਕੱਲ੍ਹ ਜ਼ਰੂਰੀ ਵਸਤਾਂ ਦੇ ਮੁੱਲ, ਹਰ ਰੋਜ਼ ਵੱਧ ਰਹੇ ਹਨ। ਦੁੱਧ, ਘਿਉ, ਦਾਲ਼ਾਂ, ਸਬਜ਼ੀਆਂ, ਬਿਜਲੀ, ਪਾਣੀ, ਮਕਾਨ, ਦੁਕਾਨ, ਦਵਾਈਆਂ, ਡੀਜ਼ਲ, ਪੈਟਰੋਲ, ਗੈਸ ਆਦਿ। ਹਰ ਰੋਜ਼ ਵਰਤੀਆਂ ਜਾਣ ਵਾਲ਼ੀਆਂ ਚੀਜ਼ਾਂ ਦੇ ਮੁੱਲ, ਅਸਮਾਨ ਛੂਹ ਰਹੇ ਹਨ। ਇਸ ਨਾਲ਼ ਗ਼ਰੀਬਾਂ, ਦਿਹਾੜੀਦਾਰਾਂ ਅਤੇ ਤਨਖ਼ਾਹ ਉਪਰ ਗੁਜ਼ਾਰਾ ਕਰਨ ਵਾਲਿਆਂ ਨੂੰ, ਦੋ ਵੇਲੇ ਦੀ ਰੋਟੀ ਖਾਣੀ ਔਖੀ ਹੋ ਰਹੀ ਹੈ। ਵਪਾਰੀਆਂ ਉਪਰ ਇਸ ਦਾ ਬਹੁਤਾ ਫ਼ਰਕ ਨਹੀਂ ਪੈਂਦਾ, ਕਿਉਂਕਿ, ਉਹ ਆਪਣੀਆਂ ਵਸਤਾਂ ਦੀਆਂ ਕੀਮਤਾਂ ਵਧਾ ਲੈਂਦੇ ਹਨ। ਇਸ ਨਾਲ਼, ਆਮ ਆਦਮੀ ਦੀਆਂ ਸਮੱਸਿਆਵਾਂ ਹੋਰ ਵੀ ਵੱਧ ਜਾਂਦੀਆਂ ਹਨ। ਸਰਕਾਰ ਚਲਾਉਣ ਵਾਲ਼ੇ ਪ੍ਰਤੀਨਿਧਾਂ ਨੂੰ, ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਉਹ ਆਪਣੀਆਂ ਤਨਖ਼ਾਹਾਂ ਤਾਂ, ਜਦੋਂ ਚਾਹੁਣ ਅਤੇ ਜਿੰਨੀਆਂ ਚਾਹੁਣ ਵਧਾ ਲੈਂਦੇ ਹਨ। ਪਰ, ਆਮ ਲੋਕਾਂ ਨੂੰ ਇਸ ਮਹਿੰਗਾਈ ਦੀ ਮਾਰ

ਤੋਂ ਬਚਾਉਣਾ ਵੀ, ਉਹਨਾਂ ਦੀ ਜ਼ਿੰਮੇਵਾਰੀ ਹੈ। ਜ਼ਰੂਰੀ ਵਸਤਾਂ, ਜਿਹੜੀਆਂ ਮਨੁੱਖ ਦੀ ਜ਼ਿੰਦਗੀ ਬਚਾ ਸਕਦੀਆਂ ਹਨ, ਉਹਨਾਂ ਦੀਆਂ ਕੀਮਤਾਂ ਉਪਰ, ਜ਼ਰੂਰ ਸਰਕਾਰੀ ਨਿਅੰਤਰਣ ਹੋਣਾ ਚਾਹੀਦਾ ਹੈ।

# 9. ਕਿਤਾਬਾਂ ਦੀ ਦੋਸਤੀ

ਕਿਤਾਬਾਂ, ਸਾਡਾ ਹਮੇਸ਼ਾਂ ਦਾ ਸਾਥੀ ਹਨ। ਜੇ ਸਾਡੇ ਕੋਲ਼ ਕਿਤਾਬਾਂ ਹਨ ਤਾਂ ਅਸੀਂ ਕਦੀ ਇਕੱਲ ਮਹਿਸੂਸ ਨਹੀਂ ਕਰਦੇ। ਕਿਤਾਬਾਂ, ਸਾਨੂੰ ਭੈੜੀ ਸੰਗਤ ਤੋਂ ਬਚਾਉਂਦੀਆਂ ਹਨ। ਇਸ ਨਾਲ਼, ਸਾਡਾ ਗਿਆਨ, ਸੂਚਨਾ ਅਤੇ ਸਿਆਣਪ ਵੱਧਦੀ ਹੈ। ਇਹ ਸਾਨੂੰ, ਸਹੀ ਰਸਤਾ ਦਿਖਾਂਦੀਆਂ ਹਨ। ਇਹ ਸਾਡੀ, ਪ੍ਰੇਰਨਾ ਤੇ ਉਤਸ਼ਾਹ ਵਧਾਉਂਦੀਆਂ ਹਨ। ਇਹ ਸਾਡੇ ਦਿਲ ਅਤੇ ਦਿਮਾਗ਼ ਨੂੰ ਸੰਤੁਲਿਤ ਰੱਖਦੀਆਂ ਹਨ। ਕਿਤਾਬਾਂ ਦੀ ਚੋਣ, ਚੰਗੇ ਦੋਸਤਾਂ ਵਾਂਗ ਕਰੋ, ਤਾਂ ਜੋ, ਇਹ ਸਾਨੂੰ ਚੰਗਾ ਵਿਅਕਤੀ ਬਣਾਉਣ। ਜਿਸ ਘਰ ਵਿਚ ਕਿਤਾਬਾਂ ਹੋਣ, ਉਸ ਘਰ ਦੇ ਬੱਚੇ, ਆਪਣੇ ਆਪ ਇਨ੍ਹਾਂ ਵੱਲ ਰੁਚਿਤ ਹੋ ਜਾਂਦੇ ਹਨ। ਇਸ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਪਰਿਵਾਰ ਤੇ ਸਮਾਜ ਨੂੰ, ਕਿਤਾਬਾਂ ਨਾਲ਼ ਜੋੜੀਏ। ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੂੰ, ਉਪਹਾਰ ਦੇਣ ਲਈ, ਚੰਗੀਆਂ ਕਿਤਾਬਾਂ ਵੀ ਖ਼ਰੀਦਣ ਦੀ ਆਦਤ ਪਾਈਏ।

# 10. ਨਾਨਕ ਦੁਖੀਆ ਸਭ ਸੰਸਾਰ

ਗੁਰੂ ਨਾਨਕ ਦੇਵ ਜੀ ਦੀ ਲਿਖੀ ਇਹ ਤੁੱਕ, ਮਨੁੱਖੀ-ਜੀਵਨ ਦੀ ਅਟੱਲ ਸੱਚਾਈ ਹੈ। ਹਰ ਮਨੁੱਖ ਨੂੰ ਭੁਲੇਖਾ ਹੁੰਦਾ ਹੈ ਕਿ ਇਕ ਉਹੀ ਦੁੱਖੀ ਹੈ; ਬਾਕੀ ਸਾਰੇ ਸੁੱਖੀ ਹਨ। ਗ਼ਰੀਬ ਆਦਮੀ, ਪੈਸੇ ਦੀ ਤੰਗੀ ਕਾਰਨ ਅਤੇ ਅਮੀਰ ਆਦਮੀ, ਸ਼ਰੀਰਕ ਤੇ ਮਾਨਸਿਕ ਰੋਗਾਂ ਕਾਰਨ ਦੁਖੀ ਰਹਿੰਦਾ ਹੈ। ਦੁੱਖਾਂ ਵਿਚ ਘਿਰਿਆ ਬੰਦਾ ਹੀ, ਸੰਘਰਸ਼ ਕਰਦਾ ਹੈ। ਸੰਘਰਸ਼ ਰਾਹੀਂ ਵਿਕਾਸ ਦੇ ਰਾਹ ਖੁੱਲ੍ਹਦੇ ਹਨ। ਗੁਰੂ ਨਾਨਕ ਦੀ ਉਚਾਰੀ ਇਹ ਤੁੱਕ, ਆਪਣੇ ਆਪ ਵਿਚ ਇਕ ਲੋਕ-ਅਖਾਣ ਦਾ ਰੂਪ ਧਾਰਣ ਕਰ ਚੁੱਕੀ ਹੈ। ਗੁਰੂ ਨਾਨਕ ਅਨੁਸਾਰ, ਸੁੱਖੀ ਸਿਰਫ਼ ਉਹੀ ਹੈ, ਜਿਸ ਨੇ ਨਾਮ ਨੂੰ ਆਧਾਰ ਬਣਾ ਲਿਆ ਹੈ। ਸ਼ੇਖ਼ ਬਾਬਾ ਫ਼ਰੀਦ ਜੀ ਵੀ ਕਹਿੰਦੇ ਹਨ ਕਿ : "ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥ ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥"

# 11. ਘਰ ਦਾ ਭੇਦੀ ਲੰਕਾ ਢਾਹਵੇ

ਇਹ ਤੁੱਕ ਵੀ, ਇਕ ਅਖਾਣ ਹੀ ਹੈ। ਜਦੋਂ ਤੁਹਾਡੇ ਘਰ ਦਾ ਹੀ ਕੋਈ ਬੰਦਾ, ਤੁਹਾਨੂੰ ਨੁਕਸਾਨ ਪਹੁੰਚਾਣ ਦੀ ਕੋਸ਼ਿਸ਼ ਕਰੇ ਤਾਂ ਉਸ ਵੇਲ਼ੇ, ਇਹ ਅਖਾਣ ਬੋਲਿਆ ਜਾਂਦਾ ਹੈ। ਰਾਵਣ ਦੇ ਭਰਾ ਵਿਭੀਸ਼ਣ ਨੇ ਹੀ, ਆਪਣੇ ਭਰਾ ਦੀ ਜਾਨ, ਮੰਜੀ ਦੇ ਪਾਵੇ ਵਿਚ ਬੰਨ੍ਹੀ ਜਾਂ ਧੁੰਨੀ ਵਿਚ ਹੋਣ ਦਾ ਭੇਦ, ਰਾਮ ਨੂੰ ਦੱਸਿਆ ਸੀ। ਜਿਸ ਕਾਰਨ ਉਸ ਦੀ ਸੋਨੇ ਦੀ ਲੰਕਾ, ਢਹਿ ਢੇਰੀ ਹੋ ਗਈ ਅਤੇ ਉਸ ਦੀ ਜਾਨ ਵੀ ਗਈ। ਇਸੇ ਤਰ੍ਹਾਂ, ਤੁਹਾਡੇ ਪਰਿਵਾਰ ਦਾ ਕੋਈ ਜੀਅ, ਰਿਸ਼ਤੇਦਾਰ, ਦੋਸਤ ਜਾਂ ਪਿਆਰਾ ਬੰਦਾ, ਤੁਹਾਡੀ ਕੋਈ ਕਮਜ਼ੋਰੀ ਦੂਜਿਆਂ ਨੂੰ ਦੱਸੇ; ਜਿਸ ਕਾਰਨ, ਤੁਹਾਨੂੰ ਨੁਕਸਾਨ ਹੋਵੇ ਤਾਂ ਇਹੀ ਕਹਾਵਤ ਢੁੱਕਦੀ ਹੈ। ਅੱਜਕਲ੍ਹ ਚੋਣਾਂ ਸਮੇਂ, ਵੱਖੋ ਵੱਖਰੀਆਂ ਪਾਰਟੀਆਂ ਦੇ ਬੰਦੇ, ਆਪਣੀਆਂ ਪਾਰਟੀਆਂ ਵਿਚੋਂ ਨਿਕਲ ਕੇ, ਦੂਜੀਆਂ ਪਾਰਟੀਆਂ ਵਿਚ ਜਾ ਕੇ, ਦੂਜੀਆਂ ਪਾਰਟੀਆਂ ਨੂੰ ਫ਼ਾਇਦਾ ਪਹੁੰਚਾਉਂਦੇ ਹਨ ਤਾਂ ਉਹਨਾਂ ਉਪਰ ਵੀ ਇਹ ਅਖਾਣ ਢੁੱਕਦਾ ਹੈ ਕਿ ਘਰ ਦਾ ਭੇਦੀ, ਲੰਕਾ ਢਾਹਵੇ।

# 12. ਔਰਤਾਂ ਦੀ ਸੁਰੱਖਿਆ

ਪਿੱਛਲੇ ਕੁੱਝ ਸਾਲਾਂ ਤੋਂ, ਔਰਤਾਂ ਦਾ ਮਹਾਨਗਰਾਂ ਵਿਚ ਰਹਿਣਾ ਸੁਰੱਖਿਅਤ ਨਹੀਂ ਰਹਿ ਗਿਆ। ਬਲਾਤਕਾਰ ਤੇ ਗੈਂਗਰੇਪ ਦੀਆਂ ਘਟਨਾਵਾਂ ਵੱਧਦੀਆਂ ਹੀ ਜਾ ਰਹੀਆਂ ਹਨ। ਇਸ ਵਿਚ, ਛੋਟੀ ਉਮਰ ਦੀਆਂ, ਜਵਾਨ ਤੇ ਵੱਡੀ ਉਮਰ ਦੀਆਂ ਤੀਵੀਆਂ ਵੀ ਸ਼ਾਮਿਲ ਹਨ। ਘਰ, ਬਾਹਰ, ਕੰਮ ਵਾਲ਼ੀਆਂ ਥਾਵਾਂ ਉਪਰ; ਭਾਵ ਕਿਧਰੇ ਵੀ ਔਰਤ ਸੁਰੱਖਿਅਤ ਨਹੀਂ। ਧਾਰਮਕ ਦਿੱਸਣ ਵਾਲ਼ੇ ਬਾਪੂ, ਬਾਬੇ, ਪਾਖੰਡੀ, ਸਾਧੂ-ਸੰਤ, ਇਹਨਾਂ ਕੰਮਾਂ ਵਿਚ ਜ਼ਿਆਦਾ ਅੱਗੇ ਹਨ। ਅੱਜ ਦੇ ਸਮੇਂ ਦੀ ਲੋੜ ਹੈ ਕਿ ਔਰਤਾਂ, ਸਰਕਾਰਾਂ ਅਤੇ ਸਮਾਜ ਇਸ ਪ੍ਰਤਿ ਚੇਤੰਨ ਹੋਵੇ, ਤਾਂ ਜੋ ਔਰਤਾਂ ਵੀ ਸਮਾਜ ਵਿਚ ਆਜ਼ਾਦੀ ਨਾਲ਼, ਆਪਣੀ ਜ਼ਿੰਦਗੀ ਸਨਮਾਨ ਨਾਲ਼ ਜੀਊ ਸਕਣ। ਧਾਰਮਕ ਅੰਧ-ਵਿਸ਼ਵਾਸ ਅਤੇ ਅੰਨ੍ਹੀ ਸ਼ਰਧਾ, ਇਸ ਪਾਸੇ, ਵੱਡੇ ਨੁਕਸਾਨ ਦਾ ਕਾਰਨ ਬਣ ਰਹੇ ਹਨ। ਅੱਜ ਤੀਵੀਆਂ ਨੂੰ ਪੜ੍ਹਾ ਲਿਖਾ ਕੇ, ਆਪਣੀ ਸੁਰੱਖਿਆ ਆਪ ਕਰ ਸਕਣ ਦੇ ਯੋਗ ਬਣਾਉਣ ਦੀ ਲੋੜ ਹੈ। ਮਾਪਿਆਂ ਦਾ ਵੀ ਫ਼ਰਜ਼ ਹੈ ਕਿ ਉਹ ਆਪਣੀਆਂ ਜਵਾਨ ਤੇ ਖ਼ੂਬਸੂਰਤ ਧੀਆਂ ਨੂੰ, ਇਹਨਾਂ ਪਾਖੰਡੀ ਬਾਬਿਆਂ ਦੀਆਂ ਚੇਲੀਆਂ ਬਣਨ ਤੋਂ ਰੋਕਣ ਅਤੇ ਆਪਣੇ ਬੱਚਿਆਂ ਨੂੰ, ਯੋਗ ਸਿੱਖਿਆ ਦੇਣ, ਤਾਂ ਜੋ, ਅਸੀਂ ਆਪਣੇ ਸਮਾਜ ਨੂੰ ਇਸ ਕਾਬਿਲ ਬਣਾ ਸਕੀਏ ਕਿ ਇਸ ਵਿਚ, ਔਰਤਾਂ ਆਪਣੀ ਇੱਜ਼ਤ ਤੇ ਸੁਰੱਖਿਆ ਵਾਲ਼ੀ ਜ਼ਿੰਦਗੀ ਜੀਊ ਸਕਣ।

# 3.4 (ਅ) ਵਿਗਿਆਪਨ ਲਿਖਣਾ

ਪਿਆਰੇ ਵਿਦਿਆਰਥੀਉ ! ਤੁਹਾਡੇ ਇਮਤਿਹਾਨ ਲਈ ਅੱਜ ਦੇ ਸਮੇਂ ਅਤੇ ਲੋੜ ਅਨੁਸਾਰ, 'ਵਿਗਿਆਪਨ' ਇਕ ਜ਼ਰੂਰੀ ਵਿਸ਼ੇ ਦੇ ਤੌਰ 'ਤੇ, ਤੁਹਾਡੇ ਸਲੇਬਸ ਵਿਚ ਰੱਖਿਆ ਗਿਆ ਹੈ। ਵੈਸੇ ਤਾਂ ਤੁਸੀਂ, 'ਵਿਗਿਆਪਨ' ਸ਼ਬਦ ਤੋਂ ਜਾਣੂ ਹੀ ਹੋਵੋਗੇ, ਪਰ ਤੁਹਾਨੂੰ ਵਿਗਿਆਪਨ ਦੀਆਂ ਵਿਸ਼ੇਸ਼ਤਾਵਾਂ, ਲੋੜਾਂ, ਮੰਗਾਂ, ਕਿਸਮਾਂ, ਉਦੇਸ਼ਾਂ ਆਦਿ ਬਾਰੇ ਵੀ, ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ, ਤਾਂ ਹੀ ਤੁਸੀਂ, ਕਹਿ ਸਕਦੇ ਹੋ ਕਿ ਤੁਹਾਨੂੰ, ਇਸ ਵਿਸ਼ੇ ਬਾਰੇ ਪੂਰਨ ਰੂਪ ਵਿਚ ਜਾਣਕਾਰੀ ਹਾਸਿਲ ਹੋ ਚੁੱਕੀ ਹੈ। ਇਨ੍ਹਾਂ ਸਭ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ, ਅਸੀਂ ਇਸ ਪਾਠ ਵਿਚ, ਲੋੜੀਂਦੀ ਜਾਣਕਾਰੀ ਦੇਣ ਦੀ ਪੂਰੀ ਕੋਸ਼ਿਸ਼ ਕਰਾਂਗੇ। ਇਸ ਵਿਸ਼ੇ ਬਾਰੇ ਜਾਣਕਾਰੀ ਦੀ ਲੋੜ, ਸਿਰਫ਼ ਪ੍ਰੀਖਿਆ ਪਾਸ ਕਰਨ ਲਈ ਹੀ ਨਹੀਂ, ਬਲਕਿ ਨਿੱਜੀ ਜ਼ਿੰਦਗੀ ਵਿਚ ਵੀ ਜੇ ਕਿਸੇ ਨੂੰ 'ਵਿਗਿਆਪਨ' ਬਾਰੇ ਜਾਣਕਾਰੀ ਨਹੀਂ ਹੈ ਤਾਂ ਸਮਝਿਆ ਜਾਂਦਾ ਹੈ ਕਿ ਇਹ ਮਨੁੱਖ ਤਾਂ ਬਹੁਤ ਪਿੱਛੇ ਹੀ ਰਹਿ ਗਿਆ ਹੈ।

ਇਮਤਿਹਾਨਾਂ ਵਿਚ ਪੁੱਛੇ ਗਏ ਪ੍ਰਸ਼ਨਾਂ ਨੂੰ ਹੱਲ ਕਰਦਿਆਂ, ਤੁਹਾਡਾ ਲਿਖਿਆ 'ਵਿਗਿਆਪਨ', ਥੋੜ੍ਹੇ ਸ਼ਬਦਾਂ ਵਿਚ ਲੋੜੀਂਦੀ ਜਾਣਕਾਰੀ ਦੇਣ ਵਾਲ਼ਾ ਅਤੇ ਪ੍ਰਭਾਵਿਤ ਕਰਨ ਵਾਲ਼ਾ ਹੋਣਾ ਚਾਹੀਦਾ ਹੈ। ਹੁਣ ਅਸੀਂ, ਇਨ੍ਹਾਂ ਸਭ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ, ਇਸ ਵਿਸ਼ੇ ਬਾਰੇ ਚਰਚਾ ਆਰੰਭ ਕਰਦੇ ਹਾਂ।

# ਵਿਗਿਆਪਨ ਕਿਸ ਨੂੰ ਕਹਿੰਦੇ ਹਨ ?

ਅੱਜ ਜਦੋਂ ਅਸੀਂ, ਵਿਗਿਆਪਨ ਦੀ ਗੱਲ ਕਰਦੇ ਹਾਂ ਤਾਂ ਸਭ ਤੋਂ ਪਹਿਲਾਂ ਇਹੀ ਪ੍ਰਸ਼ਨ ਸਾਡੇ ਸਾਹਮਣੇ ਆਉਂਦਾ ਹੈ ਕਿ ਇਹ 'ਵਿਗਿਆਪਨ', ਜਿਸ ਦਾ ਪੂਰੀ ਦੁਨੀਆਂ ਵਿਚ ਚਰਚਾ ਹੈ, ਇਹ ਹੁੰਦਾ ਕੀ ਹੈ ? ਅੱਜਕੱਲ੍ਹ ਹਰ ਛੋਟੇ ਬੱਚੇ ਨੂੰ ਇਹ ਤਾਂ ਪਤਾ ਹੁੰਦਾ ਹੈ ਕਿ ਟੀ.ਵੀ. 'ਤੇ ਵਿਗਿਆਪਨ ਦਿਖਾਏ ਜਾ ਰਹੇ ਹਨ। ਪਰ, ਉਨ੍ਹਾਂ ਕੋਲੋਂ ਵਿਗਿਆਪਨ ਦਾ ਅਰਥ ਪੁੱਛਿਆ ਜਾਵੇ ਤਾਂ ਦੱਸਣਾ ਮੁਸ਼ਕਿਲ ਹੋ ਜਾਵੇਗਾ। ਕੁੱਝ ਸ਼ਬਦ, ਸਾਡੀ ਰੋਜ਼ਾਨਾ ਜ਼ਿੰਦਗੀ ਵਿਚ ਐਨੇ ਪ੍ਰਚਲਤ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਅਸੀਂ ਸਹਿਜੇ ਹੀ, ਆਪਣੇ ਜੀਵਨ ਵਿਚ ਗ੍ਰਹਿਣ ਤਾਂ ਕਰ ਲੈਂਦੇ ਹਾਂ। ਪਰ, ਜਦੋਂ ਸਾਡੇ ਕੋਲ਼ੋਂ ਕੋਈ ਇਹਨਾਂ ਸ਼ਬਦਾਂ ਦਾ ਅਰਥ ਪੁੱਛਦਾ ਹੈ ਤਾਂ ਅਸੀਂ ਪੂਰੀ ਤਰ੍ਹਾਂ, ਉਨ੍ਹਾਂ ਨੂੰ ਅਰਥ ਦੱਸਣ ਵਿਚ ਸਫ਼ਲ

ਨਹੀਂ ਹੁੰਦੇ। ਅਸੀਂ ਸ਼ਬਦਾਂ ਵਿਚ ਉਲਝ ਕੇ ਰਹਿ ਜਾਂਦੇ ਹਾਂ। ਸਾਨੂੰ ਇਹ ਵੀ ਯਾਦ ਨਹੀਂ ਰਹਿੰਦਾ ਕਿ ਸ਼ਬਦਾਂ ਦੇ ਇਸਤੇਮਾਲ ਨਾਲ਼ ਹੀ ਅਸੀਂ, ਕਿਸੇ ਨੂੰ ਪ੍ਰਭਾਵਿਤ ਨਹੀਂ ਕਰ ਸਕਦੇ ਜਾਂ ਆਪਣਾ ਕੰਮ ਨਹੀਂ ਕਰ ਸਕਦੇ। ਜਦੋਂ ਤੱਕ ਕਿ ਸਾਨੂੰ, ਉਸ ਦੇ ਸਹੀ ਅਰਥ ਨਾ ਪਤਾ ਹੋਣ।

ਸਾਧਾਰਣ ਸ਼ਬਦਾਂ ਵਿਚ ਅਸੀਂ, 'ਵਿਗਿਆਪਨ' ਸ਼ਬਦ ਦਾ ਅਰਥ, 'ਮਸ਼ਹੂਰੀ' ਵੀ ਲੈ ਸਕਦੇ ਹਾਂ। ਵਿਗਿਆਪਨ ਸ਼ਬਦ ਦੇ ਦੋ ਅੰਗ ਹਨ ਵਿ+ਗਿਆਪਨ। 'ਵਿ' ਨੂੰ ਅਸੀਂ ਅਗੇਤਰ ਦੇ ਤੌਰ 'ਤੇ ਵੀ ਇਸਤੇਮਾਲ ਕਰਦੇ ਹਾਂ।

ਵਿ = ਪਦਾਰਥ

ਗਿਆਪਨ = ਸੂਚਨਾ ਜਾਂ ਜਾਣਕਾਰੀ

ਵਿਗਿਆਪਨ = ਪਦਾਰਥਾਂ ਬਾਰੇ ਜਾਣਕਾਰੀ ਦੇਣਾ (ਹੁਣ, ਪਦਾਰਥਾਂ ਦੇ ਨਾਲ਼, ਸੇਵਾਵਾਂ ਵੀ ਜੁੜ ਗਈਆਂ ਹਨ)

ਅੰਗਰੇਜ਼ੀ ਵਿਚ ਇਸ ਦਾ ਸਮਾਨਾਰਥੀ Advertisement ਸ਼ਬਦ ਹੁੰਦਾ ਹੈ। ਇਸ ਸ਼ਬਦ ਦੇ ਵੀ ਤਿੰਨ ਪੱਧਰਾਂ 'ਤੇ ਅਰਥ ਕਰ ਕੇ, ਇਸ ਨੂੰ ਇਉਂ ਸਮਝਿਆ ਜਾ ਸਕਦਾ ਹੈ :-

Advert = ਧਿਆਨ ਦਿਵਾਉਣਾ ਜਾਂ ਸੰਬੰਧ ਦੱਸਣਾ

Advertise = ਲੋਕਾਂ ਤੱਕ ਪਹੁੰਚਾਉਣਾ

Advertisement = ਅਖ਼ਬਾਰਾਂ, ਟੈਲੀਵਿਜ਼ਨ, ਸੋਸ਼ਲ ਮੀਡੀਆ, ਪੱਤ੍ਰਿਕਾਵਾਂ ਜਾਂ ਹੋਰ ਤਰੀਕਿਆਂ ਨਾਲ਼, ਆਪਣੀਆਂ ਵਸਤਾਂ ਤੇ ਸੇਵਾਵਾਂ ਵੱਲ, ਲੋਕਾਂ ਦਾ ਧਿਆਨ ਦਿਵਾਉਣਾ।

ਇਉਂ, ਅਸੀਂ ਕਹਿ ਸਕਦੇ ਹਾਂ ਆਪਣੀ ਬਣਾਈ ਵਸਤੂ ਦਾ ਵਿਗਿਆਪਨ ਦੇਣ ਦਾ ਮਤਲਬ ਹੈ, ਉਸ ਵਸਤੂ ਵੱਲ, ਲੋਕਾਂ ਦਾ ਧਿਆਨ ਦਿਵਾਉਣਾ। ਉਸ ਦਾ ਸੰਬੰਧ ਦੱਸਦੇ ਹੋਏ, ਉਸ ਵਸਤੂ ਬਾਰੇ ਲੋਕਾਂ ਨੂੰ ਗਿਆਨ ਦੇ ਕੇ, ਆਕਰਸ਼ਿਤ ਕਰਨਾ। ਤਾਂ ਕਿ, ਉਸ ਵਸਤੂ ਦਾ ਲੋਕਾਂ ਵੱਲੋਂ ਇਸਤੇਮਾਲ ਕੀਤਾ ਜਾਵੇ ਅਤੇ ਵਸਤਾਂ ਬਣਾਉਣ ਜਾਂ ਸੇਵਾਵਾਂ ਦੇਣ ਵਾਲ਼ੇ ਦੀ ਵਿੱਕਰੀ ਹੋ ਜਾਵੇ।

'ਵਿਗਿਆਪਨ' ਨੂੰ ਅਸੀਂ, ਇਕ ਵਪਾਰਕ ਖੇਡ ਵੀ ਕਹਿ ਸਕਦੇ ਹਾਂ। ਅੱਜ ਦੇ ਮਸ਼ੀਨੀ ਯੁੱਗ ਵਿਚ ਵਪਾਰਕ ਖ਼ੇਤਰ ਵਿਚ, ਹਰ ਰੋਜ਼ ਨਵੀਆਂ-ਨਵੀਆਂ ਵਸਤਾਂ ਦਾ ਉਤਪਾਦਨ ਹੋ ਰਿਹਾ ਹੈ। ਬਾਜ਼ਾਰ ਵਿਚ, ਇਨ੍ਹਾਂ ਵਸਤਾਂ ਨੂੰ ਵਿਗਿਆਪਨ ਰਾਹੀਂ ਪੇਸ਼ ਕੀਤਾ ਜਾ ਸਕਦਾ ਹੈ। ਵਿਗਿਆਪਨ ਚੀਜ਼ਾਂ ਉਤਪਾਦਿਤ ਕਰਨ ਵਾਲ਼ਿਆਂ ਅਤੇ ਚੀਜ਼ਾਂ ਖ਼ਰੀਦਣ ਵਾਲ਼ਿਆਂ ਨੂੰ, ਆਪਸ ਵਿਚ ਜੋੜਣ ਦੀ ਕੜੀ ਦਾ ਕੰਮ ਕਰਦਾ ਜਾਂ ਇਨ੍ਹਾਂ ਨੂੰ ਇਕੱਠਿਆਂ ਕਰਦਾ ਹੈ। ਇਕ ਵਪਾਰੀ, ਆਪਣੀਆਂ ਉਤਪਾਦਿਤ ਵਸਤਾਂ ਨੂੰ ਕਈ ਤਰੀਕਿਆਂ ਨਾਲ਼ ਵਿਗਿਆਪਿਤ ਕਰਦਾ ਹੈ, ਜਿਸ ਨਾਲ਼ ਉਪਭੋਗਤਾਵਾਂ/ ਖ਼ਰੀਦਾਰਾਂ ਨੂੰ, ਉਨ੍ਹਾਂ ਵਸਤਾਂ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਉਨ੍ਹਾਂ ਦੇ ਮਨ ਵਿਚ, ਉਨ੍ਹਾਂ ਵਸਤਾਂ ਨੂੰ ਖ਼ਰੀਦਣ ਦੀ ਲਾਲਸਾ ਪੈਦਾ ਹੁੰਦੀ ਹੈ।

## ਇਕ ਚੰਗੇ ਵਿਗਿਆਪਨ ਦੀਆਂ ਵਿਸ਼ੇਸ਼ਤਾਵਾਂ

ਇਕ ਚੰਗੇ ਵਿਗਿਆਪਨ ਦੀਆਂ ਕੁੱਝ ਪ੍ਰਮੁੱਖ ਵਿਸ਼ੇਸ਼ਤਾਵਾਂ ਹੇਠਾਂ ਲਿਖੀਆਂ ਹਨ :-

1. ਇਹ ਮਨੁੱਖੀ-ਮਨੋਵਿਗਿਆਨ ਉਪਰ ਆਧਾਰਤ ਹੋਣੇ ਚਾਹੀਦੇ ਹਨ। ਮਨੋਵਿਗਿਆਨ, ਮਨੁੱਖੀ-ਮਨ ਦੇ ਅਧਿਐਨ ਨਾਲ਼ ਸੰਬੰਧ ਰੱਖਦਾ ਹੈ। ਇਸ ਦਾ ਵਿਗਿਆਪਨ ਨਾਲ਼, ਨੇੜੇ ਦਾ ਸੰਬੰਧ ਇਸ ਲਈ ਹੈ ਕਿ

ਕਿਸੇ ਵੀ ਮਨੁੱਖ ਨੂੰ, ਕਿਸੇ ਵਿਸ਼ੇਸ਼-ਵਸਤੂ ਦੀ ਖ਼ਰੀਦ ਵੱਲ ਆਕਰਸ਼ਿਤ ਕਰਨ ਲਈ, ਸਾਨੂੰ ਮਨੁੱਖੀ-ਮਨ ਦੀਆਂ ਲੋੜਾਂ, ਇੱਛਾਵਾਂ ਅਤੇ ਰੀਝਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਇਹ ਜਾਣਕਾਰੀ, ਮਨੋਵਿਗਿਅਨ ਤੋਂ ਹੀ ਪ੍ਰਾਪਤ ਹੁੰਦੀ ਹੈ। ਇਹੀ ਕਾਰਨ ਹੈ ਕਿ ਚੰਗਾ ਵਿਗਿਆਪਨ ਲਿਖਣਾ ਆਸਾਨ ਕੰਮ ਨਹੀਂ, ਸਗੋਂ ਇਸ ਲਈ, ਡੂੰਘੀ ਯੋਗਤਾ ਦੀ ਲੋੜ ਹੁੰਦੀ ਹੈ। ਵਿਗਿਆਪਨ ਲਿਖਣ ਵਿਚ ਸਭ ਤੋਂ ਵੱਡੀ ਯੋਗਤਾ, ਮਨੋਵਿਗਿਆਨ ਦਾ ਗਿਆਨ ਹੀ ਮੰਨੀ ਜਾਂਦੀ ਹੈ। ਮਿਸਾਲ ਵਜੋਂ ਕੋਈ ਚੀਜ਼, ਜੇ ਔਰਤਾਂ ਦੇ ਇਸਤੇਮਾਲ ਦੀ ਹੈ, ਤਾਂ ਉਸ ਦਾ ਵਿਗਿਆਪਨ, ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜਿਹੜਾ ਔਰਤਾਂ ਨੂੰ ਖ਼ਾਸ ਤੌਰ ’ਤੇ ਆਕਰਸ਼ਿਤ ਕਰ ਸਕੇ। ਜੇ ਕੋਈ ਚੀਜ਼ ਆਦਮੀਆਂ ਦੀ ਵਰਤੋਂ ਵਾਲ਼ੀ ਹੈ, ਤਾਂ ਉਨ੍ਹਾਂ ਦੀ ਪਸੰਦ ਨੂੰ ਦੇਖਦਿਆਂ ਹੀ, ਵਿਗਿਆਪਨ ਤਿਆਰ ਕਰਨਾ ਚਾਹੀਦਾ ਹੈ।

2. ਆਮਦਨੀ ਦੇ ਵੱਖ ਵੱਖ ਪੱਧਰਾਂ ਨੂੰ ਦੇਖਦਿਆਂ, ਵਿਗਿਆਪਨ ਅਜਿਹਾ ਹੋਣਾ ਚਾਹੀਦਾ ਹੈ ਕਿ ਚੀਜ਼ਾਂ ਦੀ ਕੀਮਤ ਵੀ, ਉਨ੍ਹਾਂ ਦੀ ਖ਼ਰੀਦਣ ਦੀ ਤਾਕਤ ਦੇ ਅਨੁਸਾਰ ਹੋਵੇ। ਇਸੇ ਤਰ੍ਹਾਂ, ਵਿਗਿਆਪਨ ਲਿਖਣ ਵੇਲ਼ੇ ਭਿੰਨ ਭਿੰਨ ਵਸਤੂਆਂ ਨੂੰ ਵਰਗਾਂ ਦੀ ਦਿਲਚਸਪੀ ਅਤੇ ਉਨ੍ਹਾਂ ਦੀ ਮੰਗ ਨੂੰ ਵੀ ਧਿਆਨ ਵਿਚ ਰੱਖਣਾ ਪੈਂਦਾ ਹੈ। ਇਸ ਤਰ੍ਹਾਂ, ਆਰਥਕ ਦ੍ਰਿਸ਼ਟੀ ਤੋਂ ਬਣੇ, ਵੱਖੋ ਵੱਖਰੇ ਵਰਗਾਂ ਦੀਆਂ ਲੋੜਾਂ, ਵਿਗਿਆਪਨ ਲੇ ਖਣ ਨੂੰ ਪ੍ਰਭਾਵਿਤ ਕਰਦੀਆਂ ਹਨ। ਮਿਸਾਲ ਵਜੋਂ, ਉਪਰਲੀ ਮੱਧ-ਸ਼੍ਰੇਣੀ ਦੇ ਲੋਕਾਂ ਦੀ ਆਰਥਕ ਹੈਸੀਅਤ, ਮਹਿੰਗੇ ਮੁੱਲ ਦੀਆਂ ਵਸਤਾਂ ਖ਼ਰੀਦਣ ਵਾਲ਼ੀ ਹੁੰਦੀ ਹੈ। ਉਨ੍ਹਾਂ ਦੀ ਦਿਲਚਸਪੀ ਨੂੰ ਜਗਾਉਣ ਲਈ, ਵਿਗਿਆਪਨ ਅਜਿਹਾ ਹੋਣਾ ਚਾਹੀਦਾ ਹੈ ਕਿ ਉਹ ਉਤਪਾਦਿਤ ਵਸਤੂ ਨੂੰ, ਅਮੀਰੀ ਜਾਂ ਉੱਚਤਾ ਦਾ ਪ੍ਰਤੀਕ ਬਣਾ ਕੇ ਪੇਸ਼ ਕਰੇ। ਜਿਵੇਂ ਕਿ ਅਸੀਂ ਸਾਰੇ ਇਹ ਤਾਂ ਜਾਣਦੇ ਹੀ ਹਾਂ ਕਿ ਲਗਜ਼ਰੀ ਕਾਰ, ਇਕ ਅਜਿਹੀ ਵਸਤੂ ਹੈ ਕਿ ਜੋ ਆਮ ਵਿਅਕਤੀ ਨਹੀਂ ਖ਼ਰੀਦ ਸਕਦਾ ਅਤੇ ਸਿਲਾਈ ਮਸ਼ੀਨ, ਇਕ ਅਜਿਹੀ ਵਸਤੂ ਹੈ, ਜਿਸ ਨੂੰ ਸਾਧਾਰਣ ਵਿਅਕਤੀ ਵੀ ਖ਼ਰੀਦ ਸਕਦਾ ਹੈ। ਕਿਉਂਕਿ, ਉਸ ਨਾਲ਼ ਉਸ ਨੂੰ ਆਰਥਕ ਮਦਦ ਵੀ ਮਿਲ ਸਕਦੀ ਹੈ।

3. ਵਿਗਿਆਪਨ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ, ਉਸ ਦੀ ਆਕਰਸ਼ਣ ਸ਼ਕਤੀ ਹੈ। ਕਿਸੇ ਵੀ ਵਿਗਿਆਪਨ ਲਈ, ਇਹ ਬਹੁਤ ਜ਼ਰੂਰੀ ਗੱਲ ਹੈ ਕਿ ਉਸ ਨੂੰ, ਅਜਿਹੇ ਆਕਰਸ਼ਿਤ ਢੰਗ ਨਾਲ਼ ਪੇਸ਼ ਕੀਤਾ ਜਾਵੇ ਕਿ ਉਹ ਵੱਧ ਤੋਂ ਵੱਧ ਲੋਕਾਂ ਨੂੰ, ਆਪਣੇ ਵੱਲ ਖਿੱਚੇ। ਸੁੰਦਰ ਤੇ ਅਸਰਦਾਰ ਚਿੱਤਰ/ਚਲ-ਚਿੱਤਰ ਵਾਲ਼ੇ ਵਿਗਿਆਪਨ, ਜ਼ਿਆਦਾ ਚੰਗੇ ਮੰਨੇ ਜਾਂਦੇ ਹਨ। ਜਿਵੇਂ ਕਿ ਤੁਸੀਂ, ਅੱਜਕੱਲ੍ਹ ਦੂਰਦਰਸ਼ਨ ’ਤੇ ਹੀ ਬਹੁਤ ਸਾਰੇ ਵਿਗਿਆਪਨਾਂ ਨੂੰ ਦੇਖਦੇ ਹੋ, ਜਿਨ੍ਹਾਂ ਨੂੰ ਵੱਖੋ ਵੱਖਰੇ ਢੰਗਾਂ ਨਾਲ਼ ਪੇਸ਼ ਕੀਤਾ ਜਾਂਦਾ ਹੈ। ਹਰ ਇਕ ਵਿਗਿਆਪਨ, ਇਕ-ਦੂਜੇ ਤੋਂ ਕੁੱਝ ਕਦਮ, ਅੱਗੇ ਵੱਧਿਆ ਪ੍ਰਤੀਤ ਹੁੰਦਾ ਹੈ। ਉਸ ਵਿਚ ਜੇ ਬੱਚਿਆਂ ਦੀਆਂ ਗੋਲ਼ੀਆਂ, ਚਾਕਲੇਟਾਂ, ਖੇਡਾਂ ਆਦਿ ਲਈ ਵਿਗਿਆਪਨ ਹੋਵੇ, ਤਾਂ ਉਸ ਵਿਚ ਬੱਚਿਆਂ ਨੂੰ, ਅਜਿਹੇ ਕੰਮ ਕਰਦੇ ਵਿਖਾਇਆ ਜਾਂਦਾ ਹੈ ਕਿ ਬੱਚੇ ਖ਼ੁਦ-ਬ-ਖ਼ੁਦ, ਉਸ ਵੱਲ ਆਕਰਸ਼ਿਤ ਹੋ ਜਾਂਦੇ ਹਨ ਅਤੇ ਆਪਣੇ ਮਾਤਾ-ਪਿਤਾ ਨੂੰ, ਉਸ ਚੀਜ਼ ਨੂੰ ਲੈ ਕੇ ਦੇਣ ਲਈ ਜ਼ਿੱਦ ਕਰ ਕੇ, ਮਨਾ ਹੀ ਲੈਂਦੇ ਹਨ। ਕਈ ਵਾਰ ਤਾਂ ਉਹ, ਇਨ੍ਹਾਂ ਵਿਗਿਆਪਨਾਂ ਤੋਂ ਐਨੇ ਪ੍ਰਭਾਵਿਤ ਹੋ ਜਾਂਦੇ ਹਨ ਕਿ ਆਪ ਵੀ ਉਨ੍ਹਾਂ ਵਿਗਿਆਪਨਾਂ ਵਿਚ ਪੇਸ਼ ਕੀਤੇ ਬੱਚਿਆਂ ਵਾਂਗ ਹੀ, ਕਰਨ ਦੀ ਕੋਸ਼ਿਸ਼ ਕਰਦੇ ਹਨ। ਬਹੁਤ ਛੋਟੇ ਬੱਚੇ ਵੀ ਵਿਗਿਆਪਨ ਨੂੰ, ਬੜੇ ਧਿਆਨ ਨਾਲ਼ ਵੇਖਦੇ/ ਸੁਣਦੇ ਹਨ।

4. ਵਿਗਿਆਪਨਾਂ ਰਾਹੀਂ ਵੱਧ ਤੋਂ ਵੱਧ ਮਸ਼ਹੂਰੀ ਕਰਨ ਲਈ, ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਉਸ ਵਿਚ ਵੱਧ ਤੋਂ ਵੱਧ ਦੁਹਰਾਉ ਵਾਲ਼ੀ ਗੱਲ ਵੀ ਹੋਵੇ, ਤਾਂ ਕਿ ਲੋਕਾਂ ਨੂੰ, ਉਨ੍ਹਾਂ ਚੀਜ਼ ਬਾਰੇ ਯਾਦ ਰਹੇ। ਜਿਵੇਂ ਕਿ, ਅਸੀਂ ਕੋਈ ਗੱਲ ਯਾਦ ਕਰਨੀ ਹੋਵੇ ਤਾਂ ਉਸ ਨੂੰ ਦੁਹਰਾ ਕੇ ਯਾਦ ਕਰਦੇ ਹਾਂ। ਉਸੀ ਤਰ੍ਹਾਂ ਹੀ ਜਦੋਂ ਤੱਕ ਵਿਗਿਆਪਨਾਂ ਦਾ ਦੁਹਰਾਉ ਨਹੀਂ ਹੁੰਦਾ, ਉਦੋਂ ਤੱਕ ਲੋਕਾਂ ਅੰਦਰ, ਉਸ

ਚੀਜ਼ ਪ੍ਰਤਿ ਰੁੱਚੀ ਪੈਦਾ ਨਹੀਂ ਕੀਤੀ ਜਾ ਸਕਦੀ। ਇਸੇ ਲਈ, ਇਕ ਇਕ ਚੀਜ਼ ਦੀ ਮਸ਼ਹੂਰੀ ਲਈ ਤੁਸੀਂ ਵੱਖ ਵੱਖ ਸਮੇਂ ਤੇ ਕਈ ਕਈ ਵਾਰ, ਉਸ ਦੇ ਸੰਪਰਕ ਵਿਚ ਆਉਂਦੇ ਹੋ ਅਤੇ ਤੁਹਾਡਾ ਮਨ ਕਰਦਾ ਹੈ ਕਿ ਕਿਉਂ ਨਾ ਇਸ ਨੂੰ ਇਸਤੇਮਾਲ ਕਰ ਕੇ ਦੇਖਿਆ ਜਾਵੇ। ਇਸੇ ਲਈ ਤਾਂ ਜਦੋਂ ਤੁਸੀਂ, ਫ਼ਿਲਮਾਂ ਦੇਖਣ ਸਿਨੇਮਾ ਹਾਲ 'ਚ ਜਾਂਦੇ ਹੋ ਜਾਂ ਘਰ ਵਿਚ ਹੀ, ਦੂਰਦਰਸ਼ਨ 'ਤੇ ਕੋਈ ਖ਼ਾਸ ਵਿਸ਼ੇ 'ਤੇ ਪ੍ਰੋਗਰਾਮ ਆ ਰਿਹਾ ਹੋਵੇ, ਤਾਂ ਉਸ ਵਿਚ ਬਾਰ ਬਾਰ ਵਿਗਿਆਪਨ ਦਿਖਾਏ ਜਾਂਦੇ ਹਨ। ਕਿਉਂਕਿ, ਦੂਰਦਰਸ਼ਨ ਵਾਲ਼ਿਆਂ ਨੂੰ ਪਤਾ ਹੁੰਦਾ ਹੈ ਕਿ ਇਸ ਸਮੇਂ ਲੋਕ, ਇਹਨਾਂ ਵਿਗਿਆਪਨਾਂ ਨੂੰ ਧਿਆਨ ਨਾਲ਼ ਦੇਖਣਗੇ।

5. ਅੱਜ ਦੇ ਮਸ਼ੀਨੀ ਯੁੱਗ ਵਿਚ ਲੋਕਾਂ ਕੋਲ਼ ਐਨਾ ਸਮਾਂ ਨਹੀਂ ਹੁੰਦਾ ਕਿ ਉਹ, ਉਹਨਾਂ ਚੀਜ਼ਾਂ ਵੱਲ ਧਿਆਨ ਦੇ ਸਕਣ, ਜਿਨ੍ਹਾਂ ਨੂੰ ਉਹ ਆਪਣੀ ਵਰਤੋਂ ਵਿਚ ਨਹੀਂ ਲਿਆਉਂਦੇ। ਵਿਗਿਆਪਨ ਬਣਾਉਣ ਜਾਂ ਲਿਖਣ ਵਾਲ਼ੇ ਨੂੰ, ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ। ਵਿਗਿਆਪਨ ਉਹੀ ਸਫ਼ਲ ਮੰਨਿਆ ਜਾਂਦਾ ਹੈ, ਜਿਹੜਾ ਸੰਖੇਪ ਰੂਪ ਵਿਚ ਹੁੰਦਾ ਹੋਇਆ ਵੀ, ਨਵੇਂ ਉਤਪਾਦ ਬਾਰੇ ਪੂਰੀ ਜਾਣਕਾਰੀ ਦੇ ਸਕੇ। ਜ਼ਿਆਦਾ ਵੱਡੇ ਵਿਗਿਆਪਨ, ਨਾ ਤਾਂ ਲੋਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੇ ਹਨ ਅਤੇ ਨਾ ਹੀ, ਲੋਕਾਂ 'ਤੇ ਆਪਣਾ ਪ੍ਰਭਾਵ ਛੱਡਦੇ ਹਨ। ਇਸ ਤੋਂ ਇਲਾਵਾ, ਉਨ੍ਹਾਂ ਉੱਤੇ ਉਤਪਾਦਕ ਨੂੰ ਵਧੇਰੇ ਖ਼ਰਚਾ ਵੀ ਕਰਨਾ ਪੈਂਦਾ ਹੈ। ਇਸ ਤੇਜ਼ ਦੌੜ ਅਤੇ ਰੁਝੇਵੇਂ ਭਰੀ ਜ਼ਿੰਦਗੀ ਵਿਚ, ਜਦੋਂ ਥੋੜ੍ਹੇ ਸਮੇਂ ਅਤੇ ਥੋੜ੍ਹੇ ਸ਼ਬਦਾਂ ਵਾਲ਼ੇ ਵਿਗਿਆਪਨ ਪੇਸ਼ ਕੀਤੇ ਜਾਣ, ਜੋ ਕਿ ਥੋੜ੍ਹੇ ਸਮੇਂ ਵਿਚ, ਕਿਸੇ ਵਸਤੂ ਬਾਰੇ ਵੱਧ ਤੋਂ ਵੱਧ ਜਾਣਕਾਰੀ ਦੇ ਸਕਣ ਅਤੇ ਲੋਕਾਂ ਨੂੰ, ਉਹ ਵਸਤੂ ਖ਼ਰੀਦਣ ਵੱਲ ਪ੍ਰੇਰਿਤ ਕਰ ਸਕਣ, ਉਹੀ ਵਿਗਿਆਪਨ ਸਭ ਤੋਂ ਉੱਤਮ ਅਤੇ ਸਫ਼ਲ ਮੰਨੇ ਜਾਂਦੇ ਹਨ।

# ਵਿਗਿਆਪਨ ਦੇ ਲਾਭ ਅਤੇ ਉਦੇਸ਼

ਵਿਗਿਆਪਨ ਦੇ ਬਹੁਤ ਸਾਰੇ ਲਾਭ ਹੁੰਦੇ ਹਨ, ਇਸੇ ਲਈ ਤਾਂ ਅੱਜਕੱਲ੍ਹ ਵਿਗਿਆਪਨਾਂ ਦੇ ਤਰੀਕੇ ਅਤੇ ਕੀਮਤਾਂ ਵੀ ਐਨੀਆਂ ਵੱਧ ਹਨ। ਉਤਪਾਦਕ ਨੂੰ ਇਨ੍ਹਾਂ ਵਿਗਿਆਪਨਾਂ ਨਾਲ਼, ਕਾਫ਼ੀ ਫ਼ਾਇਦਾ ਹੁੰਦਾ ਹੈ। ਇਸੇ ਲਈ, ਉਹ ਪਹਿਲਾਂ ਆਪਣੀ ਉਤਪਾਦਿਤ ਵਸਤੂ ਬਾਰੇ, ਲੋਕਾਂ ਤੱਕ ਜਾਣਕਾਰੀ ਪਹੁੰਚਾਉਂਦਾ ਹੈ। ਤੁਸੀਂ ਜਾਣਦੇ ਹੀ ਹੋ ਕਿ ਅਰਥ-ਸ਼ਾਸਤ੍ਰ ਦਾ ਇਹ ਨੇਮ ਹੈ ਕਿ ਜਿਉਂ ਜਿਉਂ ਕਿਸੇ ਚੀਜ਼ ਦੀ ਮੰਗ ਵੱਧਦੀ ਹੈ, ਉਸੇ ਤਰ੍ਹਾਂ ਹੀ, ਉਸ ਦੀ ਪੂਰਤੀ 'ਤੇ ਅਸਰ ਪੈਂਦਾ ਹੈ ਅਤੇ ਉਸ ਦੀ ਕੀਮਤ ਵੀ ਵੱਧ ਜਾਂਦੀ ਹੈ। ਵਿਗਿਆਪਨਾਂ ਦਾ ਲਾਭ, ਸਿਰਫ਼ ਉਤਪਾਦਕਾਂ ਨੂੰ ਹੀ ਨਹੀਂ ਹੁੰਦਾ, ਸਗੋਂ ਦੇਸ਼ ਦੇ ਲੋਕਾਂ ਨੂੰ ਵੀ ਹੁੰਦਾ ਹੈ।

## ਉਤਪਾਦਕਾਂ ਨੂੰ ਲਾਭ

ਇਸ ਦਾ ਸਭ ਤੋਂ ਪਹਿਲਾ ਅਤੇ ਵੱਡਾ ਲਾਭ, ਤਾਂ ਉਤਪਾਦਕਾਂ ਨੂੰ ਹੁੰਦਾ ਹੈ। ਕਿਉਂਕਿ, ਉਹ ਜਿਸ ਨਵੀਂ ਚੀਜ਼ ਦਾ ਉਤਪਾਦਨ ਕਰਦੇ ਹਨ, ਉਸ ਨੂੰ ਬਾਜ਼ਾਰ ਵਿਚ ਲਿਆ ਕੇ, ਵੱਧ ਤੋਂ ਵੱਧ ਪੈਸਾ ਕਮਾਉਣਾ ਹੀ, ਉਨ੍ਹਾਂ ਦਾ ਮੂਲ ਉਦੇਸ਼ ਹੁੰਦਾ ਹੈ। ਆਪਣੇ ਵੱਖ ਵੱਖ ਵਿਗਿਆਪਨਾਂ ਰਾਹੀਂ, ਉਹ ਲੋਕਾਂ ਨੂੰ ਐਨਾ ਪ੍ਰਭਾਵਿਤ ਕਰਦੇ ਹਨ ਕਿ ਲੋਕ, ਆਪਣੀਆਂ ਲੋੜਾਂ ਅਤੇ ਐਸ਼ੋ-ਆਰਾਮ ਨੂੰ ਪੂਰਾ ਕਰਨ ਲਈ, ਇਨ੍ਹਾਂ ਚੀਜ਼ਾਂ ਨੂੰ ਖ਼ਰੀਦਦੇ ਹਨ। ਜਦੋਂ ਇਕ ਵਾਰੀ ਬਾਜ਼ਾਰ ਵਿਚ, ਉਨ੍ਹਾਂ ਉਤਪਾਦਕਾਂ ਦੀਆਂ ਚੀਜ਼ਾਂ ਜ਼ਿਆਦਾ ਗਿਣਤੀ ਵਿਚ ਵਿੱਕਣੀਆਂ ਸ਼ੁਰੂ ਹੋ ਜਾਂਦੀਆਂ ਹਨ ਤਾਂ ਉਨ੍ਹਾਂ ਦੀ 'ਗੁਡਵਿਲ' ਬਣ ਜਾਂਦੀ ਹੈ, ਜਿਸ ਦਾ ਫ਼ਾਇਦੇਮੰਦ ਅਸਰ, ਉਨ੍ਹਾਂ ਦੁਆਰਾ ਉਤਪਾਦਿਤ ਅਗਲੀਆਂ ਵਸਤੂਆਂ ਦੀ ਵਿੱਕਰੀ 'ਤੇ ਵੀ ਪੈਂਦਾ ਹੈ ਅਤੇ ਉਹ ਇਨ੍ਹਾਂ ਵਿਗਿਆਪਨਾਂ ਰਾਹੀਂ, ਕਈ ਗੁਣਾਂ ਵਧੇਰੇ ਵਿਕਰੀ ਕਰ ਕੇ, ਵਧੇਰੇ ਲਾਭ ਕਮਾਉਂਦੇ ਹਨ।

### ਦੇਸ਼ ਨੂੰ ਲਾਭ

ਵਿਗਿਆਪਨਾਂ ਦਾ ਅਸਰ ਦੇਸ਼ ਦੀ ਤਰੱਕੀ ਅਤੇ ਆਮਦਨੀ ’ਤੇ ਵੀ ਪੈਂਦਾ ਹੈ ਅਤੇ ਸਰਕਾਰ ਨੂੰ ਵੀ, ਲਾਭ ਪ੍ਰਾਪਤ ਹੁੰਦਾ ਹੈ। ਜਦੋਂ ਰੇਡੀਉ ਅਤੇ ਦੂਰਦਰਸ਼ਨ ਆਦਿ ਰਾਹੀਂ ਵਿਗਿਆਪਨ ਪੇਸ਼ ਕੀਤੇ ਜਾਂਦੇ ਹਨ ਤਾਂ ਸਰਕਾਰ ਨੂੰ, ਉਨ੍ਹਾਂ ਵਿਗਿਆਪਨਾਂ ਤੋਂ ਕਾਫੀ ਆਮਦਨ ਹੁੰਦੀ ਹੈ। ਦੂਜਾ ਇਹ ਕਿ ਨਿੱਜੀ ਕੰਪਨੀਆਂ ਨਵੀਆਂ ਅਤੇ ਵੱਧੀਆ ਚੀਜ਼ਾਂ ਬਣਾਉਂਦੀਆਂ ਹਨ, ਜਿਨ੍ਹਾਂ ਕਰਕੇ, ਦੇਸ਼ ਦਾ ਨਾਂ ਪੂਰੀ ਦੁਨੀਆਂ ਵਿਚ ਵੀ ਪ੍ਰਸਿੱਧ ਹੁੰਦਾ ਹੈ ਅਤੇ ਵਸਤਾਂ ਦੀ ਬਾਹਰਲੇ ਮੁਲਕਾਂ ਵਿਚ ਵਿੱਕਰੀ ਤੋਂ, ਦੇਸ਼ ਨੂੰ ਵੀ ਆਰਥਕ ਲਾਭ ਪਹੁੰਚਦਾ ਹੈ। ਦੇਸ਼ ਵਿਚ ਅਤੇ ਦੇਸ਼ ਦੇ ਬਾਹਰ ਵਿੱਕਣ ਗਏ ਮਾਲ ਉਪਰ, ਸਰਕਾਰ ਨੂੰ ਜੀ.ਐੱਸ.ਟੀ. ਅਤੇ ਹੋਰ ਕਈ ਤਰ੍ਹਾਂ ਦੇ ਟੈਂਕਸ ਪ੍ਰਾਪਤ ਹੁੰਦੇ ਹਨ।

### ਉਪਭੋਗਤਾ ਨੂੰ ਲਾਭ

ਇਨ੍ਹਾਂ ਵਿਗਿਆਪਨਾਂ ਰਾਹੀਂ, ਉਪਭੋਗਤਾ ਨੂੰ ਇਹ ਲਾਭ ਹੁੰਦਾ ਹੈ ਕਿ ਉਨ੍ਹਾਂ ਨੂੰ ਘਰ ਬੈਠਿਆਂ ਹੀ, ਨਵੀਆਂ ਉਤਪਾਦਿਤ ਚੀਜ਼ਾਂ ਬਾਰੇ ਜਾਣਕਾਰੀ ਹਾਸਿਲ ਹੋ ਜਾਂਦੀ ਹੈ, ਜਿਨ੍ਹਾਂ ਨੂੰ ਇਸਤੇਮਾਲ ਕਰ ਕੇ, ਉਹ ਆਪਣੀ ਜ਼ਿੰਦਗੀ ਨੂੰ ਹੋਰ ਆਰਾਮਦਾਇਕ ਬਣਾ ਸਕਦੇ ਹਨ ਜਾਂ ਉਨ੍ਹਾਂ ਚੀਜ਼ਾਂ ਦੀ ਬਦੌਲਤ, ਆਰਥਕ ਤਰੱਕੀ ਕਰ ਸਕਦੇ ਹਨ। ਇਸ ਤਰ੍ਹਾਂ, ਅਸੀਂ ਦੇਖਦੇ ਹਾਂ ਕਿ ਵਿਗਿਆਪਨਾਂ ਦੇ ਬਹੁਤ ਵੱਡੇ ਵੱਡੇ ਲਾਭ ਹਨ। ਵਿਗਿਆਪਨ ਲਿਖਣ ਸਮੇਂ ਇਸ ਗੱਲ ਦਾ ਧਿਆਨ ਵੀ ਰੱਖਣਾ ਚਾਹੀਦਾ ਹੈ ਕਿ ਉਹ ਵਿਗਿਆਪਿਤ ਵਸਤੂ ਦੇ ਗੁਣਾਂ ਦੀ, ਹੱਦੋਂ ਵੱਧ ਤਾਰੀਫ਼ ਨਾ ਕਰੇ, ਨਹੀਂ ਤਾਂ ਲੋਕਾਂ ਦੇ ਮਨ ਵਿਚ, ਉਸ ਵਸਤੂ ਬਾਰੇ ਬਣਿਆ ਭਰਮ ਟੁੱਟ ਜਾਵੇਗਾ ਅਤੇ ਇਸ ਦੇ ਨਾਲ਼ ਉਹ, ਉਸ ਉਤਪਾਦਕ ਦੀ ਬਣਾਈ ਹੋਈ ਵੀ ਵਸਤੂ ਨੂੰ ਖ਼ਰੀਦਣਾ ਪਸੰਦ ਨਹੀਂ ਕਰਨਗੇ। ਇਹੋ ਜਿਹੇ ਵਿਗਿਆਪਨ, ਨਾ ਸਿਰਫ਼ ਗਾਹਕ ਦੇ ਵਿਸ਼ਵਾਸ ਨੂੰ ਧੋਖਾ ਦਿੰਦੇ ਹਨ, ਪਰ, ਉਹ ਸਿਰਫ਼ ਇਕ ਵਾਰ ਹੀ ਧੋਖਾ ਦੇ ਸਕਦੇ ਹਨ, ਵਾਰ ਵਾਰ ਨਹੀਂ। ਸਭ ਤੋਂ ਵੱਡਾ ਨੁਕਸਾਨ, ਉਸ ਵੇਲ਼ੇ ਹੁੰਦਾ ਹੈ, ਜਦੋਂ ਵਿਗਿਆਪਨ ਵਿਚ ਤਾਂ ਚੀਜ਼ ਦੀ ਕਾਫੀ ਤਾਰੀਫ਼ ਕੀਤੀ ਜਾਂਦੀ ਹੈ, ਪਰ ਉਸ ਦੀ ਅਸਲੀਅਤ ਕੁੱਝ ਹੋਰ ਹੀ ਹੁੰਦੀ ਹੈ। ਵਿਗਿਆਪਨਾਂ ਦਾ ਮੁੱਖ ਉਦੇਸ਼, ਕਿਸੇ ਚੀਜ਼ ਨੂੰ ਵੱਧ ਤੋਂ ਵੱਧ ਲੋਕਾਂ ਵਿਚ ਪ੍ਰਚਲਤ ਕਰਨਾ ਅਤੇ ਵੱਧ ਤੋਂ ਵੱਧ ਲਾਭ ਕਮਾਉਂਦੇ ਹੋਏ ਲੋਕਾਂ ਨੂੰ, ਇਨ੍ਹਾਂ ਨਵੀਆਂ ਚੀਜ਼ਾਂ ਬਾਰੇ ਜਾਣੂ ਕਰਾਉਣਾ ਹੁੰਦਾ ਹੈ।

### ਵਪਾਰਕ ਖ਼ੇਤਰ ਵਿਚ ਵਿਗਿਆਪਨ ਦੀ ਥਾਂ

ਵਿਗਿਆਪਨ ਰਾਹੀਂ ਲੋਕਾਂ ਨੂੰ, ਉਨ੍ਹਾਂ ਚੀਜ਼ਾਂ ਦੇ ਮਹੱਤਵ ਤੇ ਜ਼ਰੂਰਤ ਬਾਰੇ ਪਤਾ ਲੱਗਦਾ ਹੈ, ਜਿਨ੍ਹਾਂ ਬਾਰੇ, ਉਨ੍ਹਾਂ ਨੇ ਕਦੀ ਸੁਣਿਆ ਵੀ ਨਹੀਂ ਹੁੰਦਾ। ਵਿਗਿਆਪਨਾਂ ਰਾਹੀਂ ਹੀ ਕਿਸੇ ਚੀਜ਼ ਦੀ ਮੰਗ ਵੱਧਦੀ ਹੈ, ਵਪਾਰ ਦੇ ਖ਼ੇਤਰ ਵਿਚ ਵਿਗਿਆਪਨਾਂ ਦੀ ਬਹੁਤ ਮਹੱਤਤਾ ਹੈ। ਕਿਉਂਕਿ, ਵਿਗਿਆਪਨ ਆਪਣੇ ਵਪਾਰ ਨੂੰ ਫੈਲਾਉਣ ਅਤੇ ਵਧਾਉਣ ਲਈ, ਸਭ ਤੋਂ ਉਤਮ ਸਾਧਨ ਹੈ। ਵਿਗਿਆਪਨ ਨੂੰ ਵਪਾਰਕ ਖ਼ੇਤਰ ਵਿਚ, ਰੀੜ੍ਹ ਦੀ ਹੱਡੀ ਮੰਨਿਆ ਜਾਂਦਾ ਹੈ। ਜੇ ਕਿਸੇ ਦੀ ਰੀੜ੍ਹ ਦੀ ਹੱਡੀ ਵਿਚ, ਕੋਈ ਖ਼ਰਾਬੀ ਆ ਜਾਵੇ, ਤਾਂ ਉਹ ਆਪਣੇ ਜੀਵਨ ਨੂੰ ਠੀਕ ਤਰੀਕੇ ਨਾਲ਼ ਨਹੀਂ ਚਲਾ ਸਕਦਾ। ਉਹ ਸਿੱਧੀ ਤਰ੍ਹਾਂ ਉਠ-ਬੈਠ ਹੀ ਨਹੀਂ ਸਕੇਗਾ। ਇਸੇ ਤਰ੍ਹਾਂ ਕੋਈ ਵੀ ਵਪਾਰੀ ਵਪਾਰ ਦੀ ਦੁਨੀਆਂ ਵਿਚ ਬਿਨਾਂ ਵਿਗਿਆਪਨ ਦੇ ਨਹੀਂ ਟਿੱਕ ਸਕਦਾ। ਵਪਾਰਕ ਖ਼ੇਤਰ ਵਿਚ, ਵਿਗਿਆਪਨ ਹੀ ਇਕ ਐਸਾ ਮੁੱਲਵਾਨ ਸਾਧਨ ਹੈ, ਜਿਸ ਰਾਹੀਂ ਇਕ ਵਪਾਰੀ, ਦੇਸ਼-ਦੁਨੀਆਂ ਦੇ ਕੋਨੇ ਕੋਨੇ ਵਿਚ, ਆਪਣੀਆਂ ਉਤਪਾਦਿਤ ਵਸਤੂਆਂ ਨੂੰ, ਮਸ਼ਹੂਰ ਕਰ ਸਕਦਾ ਹੈ। ਅੱਜਕੱਲ੍ਹ ਤਾਂ ਵੈਸੇ ਵੀ ਵਿਗਿਆਪਨਾਂ ਦੇ ਅਜਿਹੇ ਨਵੇਂ ਨਵੇਂ ਤਰੀਕੇ ਸਾਹਮਣੇ ਆ ਰਹੇ ਹਨ ਕਿ ਹਰ ਕੋਈ, ਇਨ੍ਹਾਂ ਦੀ ਸਹਾਇਤਾ ਨਾਲ਼ ਵਪਾਰ ਦੀ ਦੁਨੀਆਂ ਵਿਚ, ਸਭ ਤੋਂ ਅੱਗੇ ਵੱਧਣਾ ਚਾਹੁੰਦਾ ਹੈ। ਸੱਚਮੁੱਚ, ਜੇ ਇਹ ਵਿਗਿਆਪਨ ਨਾ ਹੋਣ, ਤਾਂ ਅੱਜ ਜਿੰਨੀ ਤਰੱਕੀ ਅਸੀਂ ਕਰ ਚੁੱਕੇ ਹਾਂ, ਉਸ ਤੋਂ ਬਹੁਤ ਪਿੱਛੇ ਹੀ ਰਹਿ ਜਾਂਦੇ। ਇਸ ਗੱਲ ਨੂੰ ਅਸੀਂ, ਇਉਂ ਵੀ ਕਹਿ ਸਕਦੇ ਹਾਂ ਕਿ ਅੱਜ ਵਿਗਿਆਪਨ ਵਪਾਰ ਦੇ ਦਿਲ ਦੀ ਧੜਕਣ ਬਣ ਚੁੱਕਿਆ ਹੈ। ਜੇ ਇਹ ਧੜਕਣ ਬੰਦ ਹੋ ਜਾਵੇ, ਤਾਂ ਸਾਰਾ ਵਪਾਰ ਹੀ ਠੱਪ ਹੋ ਕੇ ਰਹਿ ਜਾਵੇ।

# ਵਿਗਿਆਪਨਾਂ ਦੀ ਪ੍ਰਕਾਰ ਵੰਡ

ਜਿਉਂ ਜਿਉਂ ਦੁਨੀਆਂ ਵਿਚ, ਹਰ ਪਾਸੇ ਤਰੱਕੀ ਹੋ ਰਹੀ ਹੈ, ਉਸ ਦੇ ਨਾਲ਼ ਨਾਲ਼, ਵਿਗਿਆਪਨਾਂ ਦੇ ਵੀ ਕਈ ਨਵੇਂ ਨਵੇਂ ਤਰੀਕੇ ਸਾਹਮਣੇ ਆ ਰਹੇ ਹਨ। ਅਸੀਂ ਸਾਰੇ ਹੀ ਜਾਣਦੇ ਹਾਂ ਕਿ ਸੜਕਾਂ ਦੇ ਕਿਨਾਰੇ ਰੰਗ-ਬਿਰੰਗੇ, ਆਕਰਸ਼ਿਤ ਕਰਨ ਵਾਲ਼ੇ ਬੋਰਡ, ਹੋਰਡਿੰਗ, ਦੀਵਾਰਾਂ ੇਤੇ ਲੱਗੇ ਹੋਏ ਵੱਡੇ ਵੱਡੇ ਇਸ਼ਤਿਹਾਰ; ਦੁਕਾਨਾਂ ਦੇ ਬਾਹਰ ਝੌਂਪੜੀ ਨੁਮਾ ਬੋਰਡ ਉਹ ਇਸ਼ਤਿਹਾਰ ਜਿਹੜੇ ਕਿ ਲੋਕਾਂ ਨੂੰ ਹੱਥੋਂ ਹੱਥੀਂ ਵੰਡੇ ਜਾਂਦੇ ਹਨ, ਇਹ ਸਾਰੇ, ਵਿੱਕਰੀ ਵਧਾਉਣ ਦੇ ਜ਼ਰੀਏ ਹੁੰਦੇ ਹਨ। ਜੇ ਅਸੀਂ ਫ਼ਿਲਮ ਵੇਖਣ ਜਾਂਦੇ ਹਾਂ ਤਾਂ ਉੱਥੇ ਵੀ ਪਹਿਲਾਂ, ਵਿਗਿਆਪਨਾਂ ਦੀਆਂ ਸਲਾਈਡਸ ਦਿਖਾਉਂਦੇ ਹਨ। ਰੇਡੀਉ ਅਤੇ ਦੂਰਦਰਸ਼ਨ ਵੀ, ਇਨ੍ਹਾਂ ਵਪਾਰਕ ਵਿਗਿਆਪਨਾਂ ਦੇ ਮਹੱਤਵਪੂਰਨ ਜ਼ਰੀਏ ਹਨ। ਅੱਜਕੱਲ੍ਹ ਤਾਂ ਦੂਰਦਰਸ਼ਨ ਵਿਚ, ਵੱਖ ਵੱਖ ਤਰੀਕਿਆਂ ਦੇ ਵਿਗਿਆਪਨ, ਮਨੋਰੰਜਕ ਢੰਗ ਨਾਲ਼ ਪੇਸ਼ ਕੀਤੇ ਜਾਂਦੇ ਹਨ। ਅੱਜਕੱਲ੍ਹ ਤਾਂ ਛੋਟੇ ਤੋਂ ਛੋਟਾ ਬੱਚਾ ਵੀ, ਮਾਂ ਅਤੇ ਹੋਰ ਥੋੜ੍ਹੇ ਜਿਹੇ ਸ਼ਬਦ ਸਿੱਖਣ ਤੋਂ ਬਾਅਦ, ਇਨ੍ਹਾਂ ਵਿਗਿਆਪਨਾਂ ਦੀ ਸੁਰ ਨਾਲ਼ ਸੁਰ ਮਿਲਾ ਕੇ, ਉਹੋ ਜਿਹੀਆਂ ਹੀ ਗੱਲਾਂ/ਹਰਕਤਾਂ ਕਰਨੀਆਂ ਸ਼ੁਰੂ ਕਰ ਦਿੰਦਾ ਹੈ।

ਵਿਗਿਆਪਨ ਦੇ ਸਾਧਨਾਂ ਦੀ ਪ੍ਰਕਾਰ ਵੰਡ ਕਰਨ ਲੱਗਿਆਂ, ਅਸੀਂ ਉਹ ਪੂਰੇ ਸਾਧਨ/ਜ਼ਰੀਏ ਨਹੀਂ ਗਿਣਾ ਸਕਾਂਗੇ, ਜਿਹੜੇ ਅੱਜਕੱਲ੍ਹ ਪ੍ਰਚਲਤ ਹਨ। ਕਿਉਂਕਿ, ਰੋਜ਼ ਹੀ ਤਾਂ ਕੋਈ ਨਾ ਕੋਈ ਵੱਧ ਪ੍ਰਭਾਵਿਤ ਕਰਨ ਵਾਲ਼ਾ ਅਤੇ ਵੱਧ ਤੋਂ ਵੱਧ ਲੋਕਾਂ ਦੇ ਸੰਪਰਕ ਵਿਚ ਆਉਣ ਵਾਲ਼ਾ ਸਾਧਨ, ਲੱਭ ਲਿਆ ਜਾਂਦਾ ਹੈ ਤਾਂ ਕਿ ਉਸ ਵਿਚ ਵੀ, ਲੋਕਾਂ ਨੂੰ ਕੋਈ ਬਦਲਾਉ ਨਜ਼ਰ ਆਵੇ ਅਤੇ ਉਨ੍ਹਾਂ ਨੂੰ ਖ਼ਰੀਦਣ ਲਈ ਉਤਸ਼ਾਹਿਤ ਕੀਤਾ ਜਾ ਸਕੇ। ਬਦਲਾਉ ਹੀ, ਜ਼ਿੰਦਗੀ ਦਾ ਨਾਮ ਹੈ। ਜੇ ਸਭ ਕੁੱਝ ਕਾਫੀ ਦੇਰ ਤੱਕ ਇਕੋ ਜਿਹਾ ਹੀ ਚਲਦਾ ਰਹੇਗਾ ਤਾਂ ਵੀ ਸਾਡੀ ਜ਼ਿੰਦਗੀ ਵਿਚ, ਨੀਰਸਤਾ ਆਉਣੀ ਸੁਭਾਵਕ ਹੋ ਜਾਂਦੀ ਹੈ। ਇਸੇ ਲਈ ਤਾਂ ਥੋੜ੍ਹੇ ਥੋੜ੍ਹੇ ਦਿਨਾਂ ਬਾਅਦ, ਇਕ ਹੀ ਚੀਜ਼ ਦੇ ਵਿਗਿਆਪਨ ਵਿਚ ਵੀ ਕੁੱਝ ਬਦਲਾਉ ਲਿਆਇਆ ਜਾਂਦਾ ਹੈ। ਕਦੀ,ੇਸੇਲੋ ਲਗਾ ਦਿੱਤੀ ਜਾਂਦੀ ਹੈ ਅਤੇ ਕਦੀ, ਉਸ ਦੇ ਨਾਲ਼ ਕੁੱਝ ਮੁਫ਼ਤ ਉਪਹਾਰ ਦੇਣ ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਤਾਂ ਕਿ ਲੋਕ ਆਪਣਾ ਫ਼ਾਇਦਾ ਹਾਸਿਲ ਕਰਨ ਦੇ ਚੱਕਰ ਵਿਚ, ਉਤਪਾਦਕ ਨੂੰ ਵੀ ਪੂਰਾ ਪੂਰਾ ਫ਼ਾਇਦਾ ਪਹੁੰਚਾਉਣ। ਅੱਜਕੱਲ੍ਹ ਸੋਸ਼ਲ ਮੀਡੀਆ ਅਤੇ ਵੱਖੋ ਵੱਖਰੀਆਂ ਐਪਸ ਦੇ ਰਾਹੀਂ ਵੀ, ਬੜੇ ਪ੍ਰਭਾਵਸ਼ਾਲੀ ਵਿਗਿਆਪਨ ਦਿੱਤੇ ਜਾਂਦੇ ਹਨ।

ਵਿਗਿਆਪਨਾਂ ਲਈ ਕਈ ਤਰੀਕਿਆਂ/ਸਾਧਨਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਜਿਵੇਂ ਕਿ : ਰੇਡੀਉ, ਦੂਰਦਰਸ਼ਨ, ਅਖ਼ਬਾਰਾਂ, ਪੱਤ੍ਰਿਕਾਵਾਂ, ਇਸ਼ਤਿਹਾਰ, ਪੋਸਟਰ, ਵੱਡੇ ਵੱਡੇ ਬੋਰਡ, ਬੈਨਰ, ਸਿਨੇਮਾ, ਕੇਬਲ ਟੀ.ਵੀ. ਅਤੇ ਥਾਂ ਥਾਂ ਘੁੰਮ ਕੇ, ਲਾਊਡ ਸਪੀਕਰਾਂ ਰਾਹੀਂ ਵਿਗਿਆਪਨ ਦੇਣਾ। ਬੱਸ ਸਟੈਂਡਾਂ, ਮੈਟਰੋ ਪਲੇਟਫ਼ਾਰਮਾਂ, ਮੈਟਰੋ ਰੇਲਾਂ ਦੇ ਬਾਹਰੀ ਹਿੱਸਿਆਂ ਨੂੰ ਰੰਗ-ਬਰੰਗਾ ਪੇਂਟ ਕਰ ਕੇ ਆਦਿ। ਬੱਸਾਂ ਤੇ ਰੇਲਗੱਡੀਆਂ ਵਿਚ ਉੱਚਾ ਉੱਚਾ ਬੋਲ ਕੇ, ਆਪਣੀ ਵਸਤੂ ਦੀ ਮਸ਼ਹੂਰੀ ਕਰਨਾ ਅਤੇ ਮੁਫ਼ਤ ਸੈਂਪਲ/ਨਮੂਨਾ, ਤੋਹਫ਼ਾ ਆਦਿ ਦੇਣਾ। ਘਰ ਘਰ ਜਾ ਕੇ, ਆਪਣੀਆਂ ਚੀਜ਼ਾਂ ਘੱਟ ਮੁੱਲ 'ਤੇ ਦੇਣਾ ਅਤੇ ਨਾਲ਼, ਮੁਫ਼ਤ ਤੋਹਫ਼ੇ ਦੇਣਾ। ਇੱਥੋਂ ਤੱਕ ਕਿ ਬੱਸਾਂ/ਰੇਲਗੱਡੀਆਂ ਤੇ ਜਹਾਜ਼ਾਂ ਵਿਚ ਸਫ਼ਰ ਕਰਨ ਲਈ ਮਿਲਣ ਵਾਲ਼ੀਆਂ ਟਿਕਟਾਂ ਰਾਹੀਂ ਵੀ, ਵਿਗਿਆਪਨ ਦਿੱਤੇ ਜਾਣ ਲੱਗ ਪਏ ਹਨ।

ਇਨ੍ਹਾਂ ਤੋਂ ਇਲਾਵਾ, ਹੋਰ ਵੀ ਕਈ ਤਰੀਕੇ ਹਨ, ਜਿਹੜੇ ਵਿਗਿਆਪਨਾਂ ਦੇ ਸਾਧਨਾਂ ਦੇ ਰੂਪ ਵਿਚ ਵਰਤੇ ਜਾਂਦੇ ਹਨ। ਤੁਹਾਡੇ ਇਮਤਿਹਾਨ ਲਈ, ਵਿਗਿਆਪਨ ਦੇ ਜਿਹੜੇ ਤਰੀਕੇ ਦੀ ਵਧੇਰੇ ਗੱਲ ਕੀਤੀ ਜਾਂਦੀ ਹੈ, ਉਹ ਅਖ਼ਬਾਰੀ ਵਿਗਿਆਪਨ ਹੈ। ਅਖ਼ਬਾਰਾਂ, ਵਿਗਿਆਪਨ ਲਈ ਬੜੀ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਹਰ ਤਰ੍ਹਾਂ ਦੀਆਂ ਵਸਤੂਆਂ ਅਤੇ ਸੇਵਾਵਾਂ ਦੇ ਵਿਗਿਆਪਨ, ਅਖ਼ਬਾਰਾਂ ਵਿਚ ਦਿੱਤੇ ਜਾ ਸਕਦੇ ਹਨ। ਇਹ ਵਪਾਰ ਨੂੰ ਅੱਗੇ ਵਧਾਉਣ ਵਿਚ, ਪੂਰੀ ਤਰ੍ਹਾਂ ਸਹਾਇਕ ਹੁੰਦੀਆਂ ਹਨ। ਜੇ ਇਕ ਉਦਯੋਗਪਤੀ ਜਾਂ ਵਪਾਰੀ ਆਪਣੇ ਵਪਾਰ ਨੂੰ ਅੱਗੇ ਵਧਾਉਣਾ ਚਾਹੁੰਦਾ ਹੈ ਤਾਂ ਉਹ ਆਪਣੇ ਬਣਾਏ ਸਮਾਨ ਦੀ ਮਸ਼ਹੂਰੀ ਲਈ ਜਾਂ ਹੋਰ ਲੋੜਾਂ ਪੂਰੀਆਂ ਕਰਨ ਲਈ, ਅਖ਼ਬਾਰ ਵਿਚ ਵਿਗਿਆਪਨ ਦਿੰਦਾ ਹੈ। ਇਹ ਵਿਗਿਆਪਨ, ਸਿੱਧੇ ਜਾਂ ਅਸਿੱਧੇ ਤੌਰ 'ਤੇ, ਮਾਲਕ ਅਤੇ ਨੌਕਰ, ਦੋਹਾਂ ਲਈ 'ਲੋੜ ਹੈ', ਕਾਲਮ ਰਾਹੀਂ ਵੀ ਮਦਦ ਕਰਦਾ ਹੈ।

ਅਖ਼ਬਾਰਾਂ ਵਿਚ ਛਪੇ ਵਿਗਿਆਪਨਾਂ ਦੀ ਗਿਣਤੀ ਵੀ, ਦਿਨੋ-ਦਿਨ ਵੱਧਦੀ ਜਾ ਰਹੀ ਹੈ। ਕਿਉਂਕਿ, ਅਖ਼ਬਾਰ ਦੀ ਸਾਡੇ ਜੀਵਨ ਵਿਚ ਬਹੁਤ ਅਹਿਮੀਅਤ ਹੁੰਦੀ ਹੈ। ਅਖ਼ਬਾਰਾਂ, ਇਕ ਐਸਾ ਜ਼ਰੀਆ ਹਨ, ਜੋ ਤਕਰੀਬਨ ਹਰ ਰੋਜ਼ ਸਾਡੇ ਸੰਪਰਕ ਵਿਚ ਆਉਂਦੀਆਂ ਹਨ। ਵੱਖੋ ਵੱਖਰੀਆਂ ਅਖ਼ਬਾਰਾਂ, ਵੱਖੋ ਵੱਖਰੀਆਂ ਥਾਵਾਂ ਤੋਂ ਛਪਦੀਆਂ ਹਨ ਅਤੇ ਦੂਜੇ ਰਾਜਾਂ ਵਿਚ ਵੀ ਭੇਜੀਆਂ ਜਾਂਦੀਆਂ ਹਨ। ਜਿਸ ਨਾਲ਼, ਦੇਸ਼ ਵਿਦੇਸ਼ ਦੀਆਂ ਖ਼ਬਰਾਂ ਤੋਂ ਇਲਾਵਾ ਬਹੁਤ ਸਾਰੀਆਂ ਜ਼ਰੂਰੀ ਵਸਤਾਂ, ਲੋੜਾਂ ਆਦਿ ਦੀ ਜਾਣਕਾਰੀ ਵੀ, ਸਾਨੂੰ ਵਿਗਿਆਪਨਾਂ ਰਾਹੀਂ ਇਨ੍ਹਾਂ ਅਖ਼ਬਾਰਾਂ ਤੋਂ ਪ੍ਰਾਪਤ ਹੋ ਜਾਂਦੀ ਹੈ। ਇਨ੍ਹਾਂ ਵਿਗਿਆਪਨਾਂ ਦੀ ਛਪਾਈ ਦੀ ਕੀਮਤ ਵੀ, ਉਸੀ ਰਫ਼ਤਾਰ ਨਾਲ਼ ਵੱਧਦੀ ਜਾ ਰਹੀ ਹੈ, ਜਿਸ ਰਫ਼ਤਾਰ ਨਾਲ਼, ਵਿਗਿਆਪਨਾਂ ਲਈ ਅਖ਼ਬਾਰਾਂ ਵਿਚ ਪੰਨੇ। ਇੱਥੋਂ ਤੱਕ ਕਿ ਹੁਣ ਅਖ਼ਬਾਰਾਂ ਦੇ ਪਹਿਲੇ ਅਤੇ ਆਖ਼ਰੀ ਪੰਨੇ, ਵਿਗਿਆਪਨ ਹੀ ਹੁੰਦੇ ਹਨ। ਖ਼ਬਰਾਂ ਅਤੇ ਲੇਖ ਆਦਿ, ਅੰਦਰਲੇ ਹਿੱਸਿਆਂ ਵਿਚ ਜਾ ਕੇ, ਦੁਜੈਲਾ ਸਥਾਨ ਪ੍ਰਾਪਤ ਕਰਦੇ ਜਾ ਰਹੇ ਹਨ। ਹੁਣ ਪਹਿਲੇ ਸਥਾਨ ਉਪਰ ਵਿਗਿਆਪਨ ਅਤੇ ਦੂਜੇ-ਤੀਜੇ ਸਥਾਨ ਉਪਰ ਖ਼ਬਰਾਂ ਤੇ ਲੇਖ ਆਦਿ ਦੀ ਪਰੰਪਰਾ ਬਣਦੀ ਜਾ ਰਹੀ ਹੈ। ਅਜੋਕੇ ਸਮੇਂ ਵਿਚ ਇਹ ਅਖ਼ਬਾਰੀ ਵਿਗਿਆਪਨ ਵੀ, ਆਮਦਨੀ ਦੇ ਵੱਡੇ ਸ੍ਰੋਤ ਸਮਝੇ ਜਾਂਦੇ ਹਨ। ਅਖ਼ਬਾਰੀ ਵਿਗਿਆਪਨਾਂ ਦੀ ਐਨੀ ਭਰਮਾਰ ਹੋ ਗਈ ਹੈ ਕਿ ਅਖ਼ਬਾਰਾਂ ਛਾਪਣ ਵਾਲ਼ਿਆਂ ਨੂੰ, ਵਿਗਿਆਪਨ ਲਈ ਥਾਂ ਤਾਂ ਵਧਾਉਣੀ ਹੀ ਪਈ ਹੈ, ਨਾਲ਼ੇ ਛਪਾਈ ਦੇ ਅੱਖਰ ਵੀ ਛੋਟੇ ਹੋ ਗਏ ਤਾਂ ਕਿ ਵੱਧ ਤੋਂ ਵੱਧ ਵਿਗਿਆਪਨ, ਥੋੜ੍ਹੀ ਜਗ੍ਹਾ ਵਿਚ ਆ ਸਕਣ। ਵਿਗਿਆਪਨਾਂ ਦਾ ਵੀ ਬਿਲਕੁਲ ਉਹੀ ਹਾਲ ਜਾਪਦਾ ਹੈ, ਜਿਵੇਂ ਮਹਾਂਨਗਰ ਵਿਚ ਲੋਕਾਂ ਦੀ ਭੀੜ ਅਤੇ ਉਨ੍ਹਾਂ ਦੇ ਸਮਾਉਣ ਲਈ ਥਾਂ ਦੀ ਘਾਟ ਤੇ ਨਾਲ ਹੀ ਵੱਧਦੀਆਂ ਕੀਮਤਾਂ।

ਅਖ਼ਬਾਰਾਂ ਵਿਚ ਵੱਖ ਵੱਖ ਕਿਸਮਾਂ ਦੇ ਵਿਗਿਆਪਨਾਂ ਲਈ, ਵੱਖ ਵੱਖ ਖ਼ਾਨੇ ਜਾਂ ਕਾਲਮ ਨੀਅਤ ਕੀਤੇ ਗਏ ਹੁੰਦੇ ਹਨ। ਇਕੋ ਕਿਸਮ ਦੇ ਵਿਗਿਆਪਨਾਂ ਲਈ ਕੁੱਝ ਵਿਸ਼ੇਸ਼ ਥਾਂ ਨੀਅਤ ਕੀਤੀ ਹੁੰਦੀ ਹੈ, ਕੁੱਝ ਹੋਰ ਕਿਸਮ ਦੇ ਕਾਲਮਾਂ ਲਈ, ਹੋਰ ਵੱਖਰੀ ਥਾਂ ਨੀਯਤ ਕੀਤੀ ਹੁੰਦੀ ਹੈ। ਇਹ ਸਭ ਕਾਲਮ, ਵਿਸ਼ੇ ਅਨੁਸਾਰ ਹੀ ਨੀਅਤ ਕੀਤੇ ਹੁੰਦੇ ਹਨ ਜਿਵੇਂ ਕਿ :-

ਖ਼ਾਲੀ ਥਾਵਾਂ, ਲੋੜ ਹੈ, ਨਿਲਾਮੀ, ਆਮ ਸੂਚਨਾ, ਜਾਇਦਾਦ ਵਿਕਾਊ, ਵਰ ਦੀ ਲੋੜ, ਕੰਨਿਆਂ ਦੀ ਲੋੜ, ਗੁਆਚੇ ਦੀ ਭਾਲ, ਪਾਠ ਦਾ ਭੋਗ, ਖਰੀਦਣਾ ਤੇ ਵੇਚਣਾ, ਚਾਹੀਦਾ ਹੈ, ਦਾਖ਼ਲੇ ਲਈ, ਜੋਤਿਸ਼, ਟੈਂਡਰ ਨੋਟਿਸ, ਤਸਵੀਰਾਂ ਸਹਿਤ ਕੁੱਝ ਇਸ਼ਤਿਹਾਰੀ ਵਿਗਿਆਪਨ, ਅਦਾਲਤੀ ਸੂਚਨਾਵਾਂ, ਨਾਂ ਦੀ ਤਬਦੀਲੀ, ਜਾਇਦਾਦ ਤੋਂ ਬੇਦਖ਼ਲੀ, ਅਪੀਲ ਅਤੇ ਰੁਜ਼ਗਾਰ ਸੇਵਾਵਾਂ ਆਦਿ ਆਦਿ।

ਵਿਦਿਆਰਥੀਆਂ ਨੂੰ ਇਸ ਗੱਲ ਦਾ ਵੀ ਧਿਆਨ ਰਹੇ ਕਿ ਜੇ ਇਮਤਿਹਾਨ ਵਿਚ ਪੁੱਛੇ ਗਏ ਪ੍ਰਸ਼ਨ ਵਿਚ, ਇਹ ਨਹੀਂ ਲਿਖਿਆ ਗਿਆ ਕਿ ਵਿਗਿਆਪਨ, ਕਿਸ ਸਿਰਲੇਖ ਹੇਠ ਲਿਖਣਾ ਹੈ ? ਤਾਂ ਵੀ, ਉਨ੍ਹਾਂ ਲਈ ਜ਼ਰੂਰੀ ਹੈ ਕਿ ਪੁੱਛੇ ਗਏ ਪ੍ਰਸ਼ਨ ਦੇ ਉੱਤਰ ਦੇ ਨਾਲ਼ ਨਾਲ਼, ਉਸ ਦਾ ਸਿਰਲੇਖ ਵੀ ਲਿਖਣ। ਅੱਗੇ ਚਲ ਕੇ (ਪਾਠ ਨੰਬਰ : 8 'ਚ) ਅਸੀਂ ਕੁੱਝ ਵਿਗਿਆਪਨਾਂ ਦੀਆਂ ਉਦਾਹਰਣਾਂ, ਤੁਹਾਡੀ ਸਹੂਲਤ ਲਈ ਪੇਸ਼ ਕਰਾਂਗੇ।

**ਨੋਟ** : ਇਸ ਪਾਠ ਦੀ ਤਿਆਰੀ ਲਈ, ਜਿਨ੍ਹਾਂ ਮਹੱਤਵਪੂਰਨ ਸਮੀਖਿਆ-ਪੁਸਤਕਾਂ ਤੋਂ ਸਹਾਇਤਾ ਲਈ ਗਈ ਹੈ, ਉਨ੍ਹਾਂ ਦੀ ਵਿਸਤ੍ਰਿਤ ਸੂਚੀ, ਇਸ ਪਾਠ ਨੰਬਰ : 8 ਦੇ ਅੰਤ 'ਤੇ ਦਰਜ਼ ਕੀਤੀ ਗਈ ਹੈ। ਜੇਕਰ ਵਿਦਿਆਰਥੀ, ਇਸ ਵਿਸ਼ੇ ਉਪਰ ਹੋਰ ਡੂੰਘੀ ਜਾਣਕਾਰੀ ਹਾਸਿਲ ਕਰਨਾ ਲੋਚਦੇ ਹਨ, ਉਹ ਇਨ੍ਹਾਂ ਪੁਸਤਕਾਂ ਦਾ ਅਧਿਐਨ ਵੀ ਕਰਨ।

## ਪ੍ਰਸ਼ਨਾਵਲੀ

**ਪ੍ਰਸ਼ਨ 1.** ਪੈਰਾ ਰਚਨਾ ਕਿਸ ਨੂੰ ਕਹਿੰਦੇ ਹਨ ? ਇਸ ਨੂੰ ਲਿਖਦਿਆਂ ਕਿਹੜੀਆਂ, ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ?

**ਪ੍ਰਸ਼ਨ 2.** ਹੇਠਾਂ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਬਾਰੇ ਪੈਰਾ ਰਚਨਾ ਕਰੋ :-

(ੳ) ਧਰਮ

(ਅ) ਰਾਜਨੀਤੀ

(ੲ) ਕਰੋਨਾ

(ਸ) ਸਮਾਜ

**ਪ੍ਰਸ਼ਨ 3.** ਵਿਗਿਆਪਨ ਦੀ ਪਰਿਭਾਸ਼ਾ ਲਿਖੋ।

**ਪ੍ਰਸ਼ਨ 4.** ਇਕ ਚੰਗੇ ਵਿਗਿਆਪਨ ਦੀਆਂ ਵਿਸ਼ੇਸ਼ਤਾਵਾਂ ਦੱਸੋ।

**ਪ੍ਰਸ਼ਨ 5.** ਵਿਗਿਆਪਨ ਨਾਲ਼, ਕਿਸ ਕਿਸ ਦਾ ਫ਼ਾਇਦਾ ਹੁੰਦਾ ਹੈ ?

**ਪ੍ਰਸ਼ਨ 6.** ਵਿਗਿਆਪਨ, ਕਿੰਨੀ ਪ੍ਰਕਾਰ ਦੇ ਹੁੰਦੇ ਹਨ ?

**ਪ੍ਰਸ਼ਨ 7.** ਸਿਨੇਮਾ ਅਤੇ ਟੈਲੀਵਿਜ਼ਨ ਵਿਚ ਆਉਣ ਵਾਲ਼ੇ ਵਿਗਿਆਪਨਾਂ ਬਾਰੇ, ਸੰਖੇਪ ਨੋਟ ਲਿਖੋ।

***(ਚਲਦਾ, ਪਾਠ ਨੰਬਰ : 8)***

—0—

**ਪਾਠ ਨੰਬਰ : 8**

**ਭਾਗ ਤੀਜਾ : ਵਿਹਾਰਕ ਪੰਜਾਬੀ**

# 3.4 ਵਿਗਿਆਪਨ ਰਚਨਾ

*** ਡਾ. ਕੁਲਜੀਤ ਸਿੰਘ ਭਾਟੀਆ**

## ਵਿਗਿਆਪਨ ਲਿਖਣਾ : ਇਕ ਕਲਾ

ਜਿਵੇਂ ਕਿ ਅਸੀਂ ਪਹਿਲਾਂ ਵੀ ਦੱਸ ਚੁੱਕੇ ਹਾਂ ਕਿ ਵਿਗਿਆਪਨ ਲਿਖਣਾ, ਇਕ ਕਲਾ ਹੈ। ਜਿਸ ਲਈ, ਵਿਗਿਆਪਨ ਲਿਖਣ ਵਾਲ਼ੇ ਨੂੰ ਕੁੱਝ ਨੁਕ਼ਤਿਆਂ ਦੀ ਲੋੜੀਂਦੀ ਜਾਣਕਾਰੀ ਹੋਣੀ ਚਾਹੀਦੀ ਹੈ। ਅੱਜ ਦੇ ਮਸ਼ੀਨੀ ਯੁੱਗ ਵਿਚ, ਜਦੋਂ ਕਿ ਅਸੀਂ ਇਕ ਵਿਕਾਸਸ਼ੀਲ ਦੇਸ਼ ਦੇ ਨਾਗਰਿਕ ਹੋਣ ਦੇ ਨਾਤੇ, ਵਿਕਾਸ ਦੀ ਇਸ ਤੇਜ਼ ਦੌੜ ਵਿਚ ਸ਼ਾਮਿਲ ਹਾਂ ਅਤੇ ਸਮੇਂ ਦੀ ਘਾਟ ਮਹਿਸੂਸ ਹੁੰਦੀ ਹੈ ਤਾਂ ਇਸ ਘੱਟ ਸਮੇਂ ਵਿਚ, ਜਲਦੀ ਤੋਂ ਜਲਦੀ ਆਪਣੇ ਕੰਮਾਂ ਨੂੰ ਪੂਰਾ ਕਰਨ ਲਈ, ਕਦੀ ਨਾ ਕਦੀ, ਕਿਸੇ ਨਾ ਕਿਸੇ ਖ਼ੇਤਰ ਵਿਚ, ਹਰੇਕ ਨੂੰ, ਇਨ੍ਹਾਂ ਵਿਗਿਆਪਨਾਂ ਨੂੰ ਵਰਤਣ ਦੀ ਲੋੜ ਪੈਂਦੀ ਹੈ। ਇਸ ਲਈ, ਸਾਨੂੰ ਹਰ ਇਕ ਨੂੰ, ਇਸ ਬਾਰੇ ਜਾਣਕਾਰੀ ਹੋਣੀ ਜ਼ਰੂਰੀ ਹੈ ਕਿ ਇਨ੍ਹਾਂ ਵਿਗਿਆਪਨਾਂ ਨੂੰ, ਕਿਵੇਂ ਲਿਖਿਆ ਜਾਂਦਾ ਹੈ ਅਤੇ ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ? ਜਦੋਂ ਅਸੀਂ ਕੋਈ ਵਿਗਿਆਪਨ, ਕਿਸੇ ਅਖ਼ਬਾਰ ਵਿਚ ਛਪਵਾਉਣਾ ਹੋਵੇ ਤਾਂ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿਚ ਰੱਖ ਕੇ, ਆਪਣਾ ਵਿਗਿਆਪਨ ਤਿਆਰ ਕਰਨਾ ਚਾਹੀਦਾ ਹੈ :-

1. ਸਭ ਤੋਂ ਪਹਿਲਾਂ ਇਹ ਨਿਸਚਿਤ ਕਰਨਾ ਚਾਹੀਦਾ ਹੈ ਕਿ ਜਿਸ ਬਾਰੇ, ਤੁਸੀਂ ਵਿਗਿਆਪਨ ਲਿਖਣਾ ਹੈ, ਉਹ ਕਿਸ ਕਾਲਮ ਅਤੇ ਸਿਰਲੇਖ ਹੇਠ ਆਵੇਗਾ ?

2. ਅਖ਼ਬਾਰ, ਕਿਉਂਕਿ ਲਿਖਤ ਵਿਗਿਆਪਨ ਦਾ ਇਕ ਸਭ ਤੋਂ ਵੱਧੀਆ ਸਾਧਨ ਹੈ, ਇਸ ਲਈ, ਵਿਗਿਆਪਨਾਂ ਦੀ ਬਹੁਤਾਤ ਹੋਣ ਕਰਕੇ, ਪੂਰੀ ਸੂਰੀ ਥਾਂ ਹੀ ਮਿਲ਼ਦੀ ਹੈ। ਵਿਗਿਆਪਨ, ਬਹੁਤ ਵੱਡੇ ਨਹੀਂ ਲਿਖਣੇ ਚਾਹੀਦੇ, ਸਗੋਂ, ਇਹ ਸੰਖੇਪ ਅਤੇ ਆਕਰਸ਼ਿਤ ਹੋਣੇ ਚਾਹੀਦੇ ਹਨ।

3. ਜਦੋਂ ਅਸੀਂ ਕੋਈ ਵਿਗਿਆਪਨ, ਕਿਸੇ ਅਖ਼ਬਾਰ ਵਿਚ ਛਪਵਾਉਣਾ ਹੋਵੇ ਤਾਂ ਉਸ ਦਾ ਮੁੱਲ, ਅਸੀਂ ਸ਼ਬਦਾਂ ਅਤੇ ਥਾਂ ਦੇ ਹਿਸਾਬ ਨਾਲ਼ ਦੇਣਾ ਹੁੰਦਾ ਹੈ। ਇਸ ਲਈ, ਸਾਨੂੰ ਇਨ੍ਹਾਂ ਵਿਗਿਆਪਨਾਂ ਵਿਚ ਥੋੜ੍ਹੇ ਸ਼ਬਦਾਂ ਰਾਹੀਂ, ਆਪਣੀ ਗੱਲ ਪੇਸ਼ ਕਰਨੀ ਚਾਹੀਦੀ ਹੈ।

4. ਇਹ ਜ਼ਰੂਰੀ ਨਹੀਂ ਹੁੰਦਾ ਕਿ ਵਿਗਿਆਪਨ, ਵਿਆਕਰਨਕ ਤੌਰ ’ਤੇ ਠੀਕ ਹੋਵੇ। ਜੇ ਅਸੀਂ ਵਿਗਿਆਪਨ ਨੂੰ ਵਿਆਕਰਨਕ ਤੌਰ ’ਤੇ ਠੀਕ ਲਿਖਣ ਦੀ ਕੋਸ਼ਿਸ਼ ਕਰਾਂਗੇ, ਤਾਂ ਉਨ੍ਹਾਂ ਦਾ ਆਕਾਰ ਵੱਡਾ ਹੋ ਜਾਵੇਗਾ ਅਤੇ ਉਹ ਵੱਧ ਥਾਂ ਘੇਰਣਗੇ। ਨਾਲ਼ ਹੀ, ਮੁੱਲ ਵੀ ਵੱਧ ਦੇਣਾ ਪਵੇਗਾ। ਆਪਣੀ ਗੱਲ ਨੂੰ, ਘੱਟ ਤੋਂ ਘੱਟ ਸ਼ਬਦਾਂ ਵਿਚ ਪੇਸ਼ ਕਰਨਾ ਹੁੰਦਾ ਹੈ। ਸਿਰਫ਼ ਐਨਾ ਧਿਆਨ ਰਹੇ ਕਿ ਤੁਹਾਡੀ ਗੱਲ, ਦੂਜੇ ਤੱਕ ਸਪੱਸ਼ਟ ਰੂਪ ਵਿਚ ਪਹੁੰਚ ਸਕੇ।

---

* ਐਸੋਸੀਏਟ ਪ੍ਰੋਫ਼ੈਸਰ (ਸੇਵਾ ਮੁਕਤ), ਦੇਸ਼ਬੰਧੂ ਕਾਲਜ, ਕਾਲਕਾਜੀ, ਨਵੀਂ ਦਿੱਲੀ।

5. ਗਲੀਆਂ, ਮੁਹੱਲਿਆਂ, ਸ਼ਹਿਰਾਂ ਦੇ ਨਾਮ ਦੇਣੇ ਜ਼ਰੂਰੀ ਨਹੀਂ ਹੁੰਦੇ। ਅਖ਼ਬਾਰ ਦੇ ਦਫ਼ਤਰ ਦੇ ਪੋਸਟ ਬਾਕਸ ਨੰਬਰ ਦੇ ਨਾਲ ਵੀ, ਵਿਗਿਆਪਨ ਦਿੱਤੇ ਜਾ ਸਕਦੇ ਹਨ।

## ਵਿਗਿਆਪਨਾਂ ਦੇ ਕੁੱਝ ਨਮੂਨੇ

**1. ਅੱਖਾਂ ਲਈ :**

ਅੱਖਾਂ ਦੀ ਰੌਸ਼ਨੀ ਲਈ ਗੁਣਕਾਰੀ
ਦੇਸੀ ਔਸ਼ਧੀਆਂ ਨਾਲ਼ ਬਣਿਆ
ਕੁਦਰਤੀ ਸੁਰਮਾ/ਕਾਜਲ
ਕੋਈ ਨੁਕਸਾਨ ਨਹੀਂ।

**2. ਨੋਵਲ ਕੋਰੋਨਾ ਵਾਇਰਸ–19**

ਸੁਰੱਖਿਅਤ ਰਹੋ
ਸੁਰੱਖਿਅਤ ਰੱਖੋ
ਹੱਥਾਂ ਨੂੰ ਸਾਫ਼ ਰੱਖੋ
ਕੋਰੋਨਾ ਵਾਇਰਸ ਤੋਂ ਬਚੋ
ਦੂਜਿਆਂ ਤੋਂ, ਦੋ ਮੀਟਰ ਦੂਰ ਰਹੋ
ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਜਾਰੀ।

**3. ਖ਼ਾਲੀ ਥਾਵਾਂ**

ੳ.ਅ.ੲ ਪਬਲਿਕ ਸਕੂਲ
ਆਈਪੈਕਸ, ਦਿੱਲੀ–110092
ਅਧਿਆਪਕਾਂ ਦੀ ਲੋੜ
ਵੇਰਵੇ ਸਹਿਤ ਇੰਟਰਵਿਊ ਲਈ ਮਿਲ਼ੋ।

**4. ਜ਼ਮੀਨ ਵਿਕਾਊ ਹੈ**

7500 ਮੀਟਰ ਚੌਰਸ ਜ਼ਮੀਨ ਦਾ ਟੁੱਕੜਾ
ਐੱਲ ਟਾਈਪ : ਦੋ ਪਾਸਿਉਂ ਸੜਕਾਂ
ਐੱਨ.ਐੱਚ.–24, ਦਿੱਲੀ।
ਫ਼ੋਨ : 222444999

**5. ਗੁਆਚਾ/ਲੱਭਾ**

ਆਮ ਲੋਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੈਂ ਆਪਣਾ ਬੈਗ, ਜਿਸ ਵਿਚ ਜ਼ਰੂਰੀ ਕਾਗਜ਼ ਹਨ, ਦਿੱਲੀ ਬੱਸ ਅੱਡੇ ਉਪਰ ਗੁਆ ਬੈਠਾ ਹਾਂ। ਜਿਸ ਕਿਸੇ ਨੂੰ ਮਿਲੇ, ਸੂਚਿਤ ਕਰੇ। ਫ਼ੋਨ : 9999888899 ਉਚਿਤ ਇਨਾਮ ਦਿੱਤਾ ਜਾਵੇਗਾ।

**6. ਜਨਤਕ ਸੂਚਨਾ**

ਮੈਂ, ਮਨਜੀਤ ਸਿੰਘ, ਸਪੁੱਤਰ ਤੇਜਾ ਸਿੰਘ, ਆਪਣੇ ਪੁੱਤਰ ਗੁਰਦਿਆਲ ਸਿੰਘ ਨੂੰ, ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਉਸ ਦੇ ਕਿਸੇ ਲੈਣ-ਦੇਣ ਦੀ ਜ਼ਿੰਮੇਵਾਰੀ, ਮੇਰੀ ਨਹੀਂ ਹੋਵੇਗੀ। ਫ਼ੋਨ : 111222333

**7. ਵਰ/ਕੰਨਿਆ ਦੇ ਰਿਸ਼ਤੇ ਲਈ**

ਸਿੱਖ, ਪੰਜਾਬੀ, ਖ਼ਤਰੀ, ਸੈਨੀ, ਰਾਜਪੂਤ, ਡਾਕਟਰ, ਇੰਜੀਨੀਅਰ, ਐੱਨ.ਆਰ.ਆਈ., ਤਲਾਕਸ਼ੁਦਾ ਵੇਰਵੇ ਲਈ ਈ-ਮੇਲ ਕਰੋ :

ੳ.ਆਈ.001 ਯਾਹੂ.ਇਨ

**8. ਹਫ਼ਤਾਵਾਰੀ 'ਪੰਥ ਸੇਵਾ' ਵਿਚ ਇਸ਼ਤਿਹਾਰ ਦਿਉ :-**

ਪਹਿਲਾ ਸਫ਼ਾ : 15,000/- ਰੁਪਏ

ਪਿੱਛਲਾ ਸਫ਼ਾ : 10,000/- ਰੁਪਏ

ਅੰਦਰਲਾ ਸਫ਼ਾ : 5,000/- ਰੁਪਏ

ਅੱਧਾ ਸਫ਼ਾ : 3,000/- ਰੁਪਏ

**9. ਰਿਹਾਇਸ਼ੀ ਮਕਾਨ ਲਈ ਕਰਜ਼ੇ ਲਵੋ**

ਹਰਿਆਣਾ-ਪੰਜਾਬ ਬੈਂਕ ਲਿਮਟਿਡ ਦੀ ਕਿਸੇ ਵੀ ਸ਼ਾਖਾ ਤੋਂ :-

ਫ਼ਲੈਟ ਖ਼ਰੀਦਣ ਲਈ,

ਮਕਾਨ ਦੀ ਮੁਰੰਮਤ ਲਈ,

ਕੋਈ ਫ਼ਾਈਲ ਚਾਰਜ ਨਹੀਂ,

ਵਿਆਜ਼ ਦਰ 11 ਫ਼ੀਸਦੀ।

ਮੈਨੇਜਰ / ਹ.ਪੰ.ਬ.ਲਿ.

**10. ਨਾਂ ਬਦਲੀ ਲਈ**

ਮੈਂ ਰਸ਼ਮੀ ਕੌਰ, ਸੁਪਤਨੀ ਸ੍ਰ. ਜਤਿੰਦਰ ਸਿੰਘ

ਟੈਂਕ ਰੋਡ, ਕਰੋਲ ਬਾਗ, ਨਵੀਂ ਦਿੱਲੀ-110005

ਨੇ ਆਪਣਾ ਨਾਂ ਬਦਲ ਕੇ, ਸੁਮੀਤ ਕੌਰ ਰੱਖ ਲਿਆ ਹੈ।

ਭਵਿੱਖ ਵਿਚ ਮੈਨੂੰ, ਇਸ ਨਵੇਂ ਨਾਂ ਨਾਲ ਹੀ ਸੰਬੋਧਿਤ ਕੀਤਾ ਜਾਵੇ।

**11. ਕਾਰਾਂ ਦੀ ਖ਼ਰੀਦ/ਵਿੱਕਰੀ**

ਇੱਥੇ ਹਰ ਤਰ੍ਹਾਂ ਦੀਆਂ ਨਵੀਆਂ ਤੇ ਪੁਰਾਣੀਆਂ ਕਾਰਾਂ ਖ਼ਰੀਦੀਆਂ ਤੇ ਵੇਚੀਆਂ ਜਾਂਦੀਆਂ ਹਨ।

ਆਸਾਨ ਕਿਸ਼ਤਾਂ ਤੇ ਕਰਜ਼ੇ ਦੇਣ ਦੀ ਸੁਵਿਧਾ ਵੀ ਹੈ।

ੳ.ਅ.ੲ ਡੀਲਰਜ਼, ਫ਼ੋਨ-3600036000

**12. ਅੰਤਿਮ ਅਰਦਾਸ**

ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਪੂਜਨੀਕ ਮਾਤਾ ਸ੍ਰੀਮਤੀ ਹਰਪਾਲ ਕੌਰ ਜੀ ਅਕਾਲ ਚਲਾਣਾ ਕਰ ਗਏ ਹਨ। ਮਾਤਾ ਜੀ ਦੀ ਆਤਮਕ ਸ਼ਾਂਤੀ ਲਈ ਰਖੇ ਅਖੰਡ ਪਾਠ ਦਾ ਭੋਗ, ਐਤਵਾਰ ਸ਼ਾਮੀਂ 3.00 ਤੋਂ 4.30 ਵਜੇ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਯੂਰ ਵਿਹਾਰ ਵਿਖੇ ਪਵੇਗਾ।

ਜੱਸਲ ਪਰਿਵਾਰ

**13. ਸ਼ਾਹ ਕੋਚਿੰਗ ਸੈਂਟਰ**

ਪਹਿਲੀ ਤੋਂ ਬਾਹਰਵੀਂ ਤੱਕ / ਦੋ ਦਿਨਾਂ ਲਈ ਮੁਫ਼ਤ ਕਲਾਸਾਂ

ਸਾਰੇ ਵਿਸ਼ਿਆਂ ਦੇ ਮਾਹਰ ਅਧਿਆਪਕ। ਸੈਨਿਕ ਕਾਲੋਨੀ, ਫ਼ਰੀਦਾਬਾਦ, ਹਰਿਆਣਾ

**14. ਸੇਲ ਸੇਲ ਸੇਲ**

ਜੀਨ, ਜੈਕਟ, ਟਾਪ

ਇਕ ਖ਼ਰੀਦੋ, ਤਿੰਨ ਪਾਵੋ

ਸਟਾਕ ਖ਼ਤਮ ਹੋਣ ਤੱਕ

ਨਾਵਲਟੀ ਹੋਟਲ, ਸਟੇਸ਼ਨ ਰੋਡ, ਦਿੱਲੀ-110006

**15. ਕੋਰੋਨਾ ਵਾਇਰਸ**

ਅਯੂਰ ਤੁਲਸੀ-51
ਕੁਦਰਤੀ ਤੇ ਲੈਬ ਪ੍ਰਮਾਣਿਤ
ਇਮਊਨ ਸਿਸਟਮ ਨੂੰ ਮਜ਼ਬੂਤ ਬਣਾਏ
ਕੋਰੋਨਾ ਜਿਹੇ ਰੋਗਾਂ ਨਾਲ਼ ਲੜੇ
ਸੁਰੱਖਿਆ ਕਵਚ ਬਣੇ
ਵਾਇਰਸ ਦੇ ਹਮਲਿਆਂ ਨੂੰ ਰੋਕੇ।

**16. ਗੁੰਮਸ਼ੁਦਾ ਦੀ ਤਲਾਸ਼**

ਇਕ ਕੁੜੀ (ੳ.ਅ.ੲ.), ਕੱਦ 5×6
ਰੰਗ ਸਾਂਵਲਾ, ਵਾਲ਼ ਲੰਬੇ, 1 ਅਪ੍ਰੈਲ 2020 ਤੋਂ ਲਾਪਤਾ ਹੈ।
ਸੂਚਨਾ ਦੇਣ ਵਾਲ਼ੇ ਨੂੰ ਇਕ ਲੱਖ ਰੁਪਏ ਇਨਾਮ ਦਿੱਤਾ ਜਾਵੇਗਾ।
ਫ਼ੋਨ : 12-34567890

**17. ਹੈਪੀ ਅਕਾਦਮੀ**

ਵਿਸ਼ਵਾਸ ਵਧਾਏ
ਸਮੇਂ ਦਾ ਪ੍ਰਬੰਧਨ
ਪ੍ਰੇਰਨਾ ਤੇ ਉਤਸ਼ਾਹ ਸੈਸ਼ਨ
ਇਕਾਗਰਤਾ ਬਣਾਏ
ਸੈਮੀਨਾਰ ਤੇ ਵਾਦ-ਵਿਵਾਦ
ਹਰੇਕ ਉਮਰ ਲਈ
ਫ਼ੋਨ ਕਰ ਕੇ ਸਮਾਂ ਲਵੋ।
ਮੋਬਾਇਲ ਨੰਬਰ : 9080706050

**18. ਗਰੁੱਪ/ਹੋਮ ਟਿਊਸ਼ਨ**

ਦਸਵੀਂ ਤੇ ਬਾਹਰਵੀਂ
ਮੈਥਸ ਕਰੈਸ਼ ਕੌਰਸ 2020-21 ਲਈ
ਅਨੁਭਵੀ ਅਧਿਆਪਕਾਂ ਵੱਲੋਂ
ਐਂਟਰਸ ਇਮਤਿਹਾਨ ਲਈ
ੳ,ਅ,ੲ,ਸ,ਹ,ਕ,ਖ,ਗ,ਘ

**19. ਗਾਂ ਦਾ ਦੇਸੀ ਘਿਉ**

ਦੁੱਧ, ਦਹੀਂ, ਮੱਖਣ ਤੇ ਪਨੀਰ
ਖ਼ਰੀਦੋ ਅਤੇ ਮੁਫ਼ਤ ਪਾਉ
ਮਸਾਲੇਦਾਰ ਲੱਸੀ।

**20. ਸ੍ਰੀ ਹਰੀ ਦਰਸ਼ਨ ਭੰਡਾਰ**

ਧੂਪ, ਅਗਰਬੱਤੀ, ਇੱਤਰ ਅਤੇ ਹੋਰ
ਖੁਸ਼ਬੂਦਾਰ ਹਵਨ ਸਾਮੱਗਰੀ ਪ੍ਰਾਪਤ ਕਰੋ।
ਦੁਕਾਨ ਨੰਬਰ : XXX ਮਾਰਕਿਟ, ਦਿੱਲੀ-110088

**21. ਸੌਲਰ ਸਿੰਚਾਈ ਪੰਪ 'ਤੇ ਸਬਸਿਡੀ ਪ੍ਰਾਪਤ ਕਰੋ**

ਸੁਨਹਿਰੀ ਮੌਕਾ
20 ਫ਼ੀਸਦੀ ਰਾਜ ਸਰਕਾਰ ਵੱਲੋਂ
20 ਫ਼ੀਸਦੀ ਕੇਂਦਰ ਸਰਕਾਰ ਵੱਲੋਂ
60 ਫ਼ੀਸਦੀ ਦਾ ਡਰਾਫਟ ਲਿਆਉ
ਸੌਲਰ ਪੰਪ ਲੈ ਜਾਉ
ਖੇਤੀਬਾੜੀ ਵਿਭਾਗ ਵੱਲੋਂ ਜਾਰੀ।

**22. ਮੁੱਖ ਮੰਤਰੀ ਹੈੱਲਪਲਾਈਨ : 1076**

ਲੋਕਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ
ਕਿਸੇ ਵੀ ਸ਼ਿਕਾਇਤ/ਸੁਝਾਅ/ਸੂਚਨਾ ਲਈ, ਹਮੇਸ਼ਾਂ ਤਿਆਰ-ਬਰ-ਤਿਆਰ।
ਟੋਲ ਫ੍ਰੀ ਨੰਬਰ (24X7) 123456789

**23. ਆਮਦਨ ਕਰ ਵਿਭਾਗ ਵੱਲੋਂ**

10 ਨਵੰਬਰ ਤੱਕ ਆਪੋ ਆਪਣੇ ਆਮਦਨ ਕਰ ਨਿਪਟਾਉ
ਜ਼ਿਆਦਾ ਲਾਭ ਪਾਉ
ਕੇਂਦਰੀ ਪ੍ਰਤੱਖ ਟੈਕਸ
ਆਮਦਨ ਕਰ ਵਿਭਾਗ ਵੱਲੋਂ ਜਾਰੀ।

**24. ਮਿਊਚਲ ਫੰਡ ਹੋਵੇ ਜਾਂ ਕ੍ਰਿਕਟ**

ਜ਼ੋਖ਼ਮ ਦੀ ਤਿਆਰੀ ਸਹੀ ਹੈ
ਮਿਊਚਲ ਫੰਡ ਤੁਹਾਡੇ ਲਈ ਕਿਵੇਂ ਠੀਕ ਹੈ ?
ਜਾਣਨ ਲਈ...ਵਿਜ਼ਿਟ ਕਰੋ
ਸਾਰੇ ਦਸਤਾਵੇਜ਼ ਧਿਆਨ ਨਾਲ਼ ਪੜ੍ਹੋ।

**25. ਏ.ਸੀ. ਖ਼ਰੀਦੋ**

ਵੱਡੀ ਰਿਆਇਤ ਪਾਉ
ਏ.ਸੀ. ਬਦਲਣ ਦੇ ਪੈਸੇ ਵੱਖਰੇ
ਗਰਮੀਆਂ ਤੋਂ ਪਹਿਲਾਂ
5000 ਰੁਪਏ ਤੱਕ ਰਿਆਇਤ।

**26. ਵਿਗਿਆਪਨ ਬੁਕ ਕਰਾਉ**

ਟੋਲ ਫ੍ਰੀ ਨੰਬਰ 1211121112
24X7 ਫ਼ੋਨ/ਈ-ਮੇਲ : ਐਡਬੁਕਿੰਗ ਵਿਦਰੋਹੀ ਕ੍ਰਾਂਤੀ ਡਾਟਕਾਮ.ਈ.ਪੇਪਰ
ਨਵੀਂ ਦਿੱਲੀ-110001

# ਵਿਗਿਆਪਨਾਂ ਦੀ ਬਦਲਦੀ ਭਾਸ਼ਾ

ਤਕਨਾਲੌਜੀ ਦੇ ਇਸ ਯੁੱਗ ਵਿਚ, ਹਰੇਕ ਮਨੁੱਖ ਉਪਭੋਗਤਾ (consumer) ਬਣ ਗਿਆ ਹੈ। ਮੰਡੀ/ਬਾਜ਼ਾਰਵਾਦ ਦੇ ਅਜੋਕੇ ਸਮੇਂ, ਵਸਤਾਂ ਦੀ ਵਿੱਕਰੀ ਅਤੇ ਵਪਾਰ ਵਿਚਲਾ ਮੁਨਾਫ਼ਾ, ਗੁਣਾਂ ਨਾਲ਼ੋਂ ਵੱਧ, ਉਹਨਾਂ ਦੀ ਪੇਸ਼ਕਾਰੀ ਉਪਰ ਆਧਾਰਤ ਹੋ ਗਿਆ ਹੈ। ਉਪਭੋਗਤਾ ਵੀ ਕਾਫੀ ਵਾਰ, ਵਸਤੂ ਨੂੰ ਖ਼ਰੀਦਣ ਲਈ, ਉਸ ਦੀ ਪੇਸ਼ਕਾਰੀ ਪ੍ਰਤਿ ਆਕਰਸ਼ਿਤ ਹੋ ਕੇ, ਮਨ ਬਣਾ ਲੈਂਦਾ ਹੈ ਅਤੇ ਅਜਿਹੇ ਸਮੇਂ, ਲੋੜ ਨਾਲ਼ੋਂ ਵੱਧ ਵਸਤਾਂ ਖ਼ਰੀਦਣ ਦਾ ਕਾਰਨ, ਵਿਗਿਆਪਨ ਬਣ ਜਾਂਦਾ ਹੈ।

ਅਜਿਹੇ ਸਮੇਂ ਵਿਚ ਵਿਗਿਆਪਨਾਂ ਦੀ ਸਿਰਜਣ-ਕਿਰਿਆ ਨੂੰ, ਕਲਾ ਕਹਿਣਾ, ਸ਼ਾਇਦ ਗ਼ਲਤ ਨਹੀਂ ਹੋਵੇਗਾ। ਵਿਗਿਆਪਨਾਂ ਰਾਹੀਂ ਕੀਤੀ ਜਾਂਦੀ ਪੇਸ਼ਕਾਰੀ ਦਾ ਵਾਹਨ, ਭਾਸ਼ਾ ਬਣਦੀ ਹੈ। ਹਰੇਕ ਵਿਗਿਆਪਨ, ਵਿਹਾਰਕ ਤੌਰ ’ਤੇ ਸੁਣਾਇਆ/ਵਿਖਾਇਆ ਜਾਂਦਾ ਹੈ। ਅਜਿਹੇ ਵਿਚ ਵਿਗਿਆਪਨ ਦੀ ਭਾਸ਼ਾ ਹੀ, ਉਪਭੋਗਤਾ ਨੂੰ ਰਿਝਾਉਣ ਦਾ ਮੁੱਖ ਵਸੀਲਾ ਬਣਦੀ ਹੈ। ਇਹ ਭਾਸ਼ਾ ਹੀ ਹੈ, ਜੋ ਸਰੋਤਿਆਂ ਦੇ ਜ਼ਹਿਨ ਵਿਚ ਕਿਸੇ ਵਸਤੂ ਪ੍ਰਤਿ ਆਕਰਸ਼ਨ ਦਾ ਪਹਿਲਾ ਕਾਰਨ ਬਣਨ ਵਿਚ ਸਫ਼ਲ ਹੁੰਦੀ ਹੈ। ਉਦਾਹਰਣ ਵਜੋਂ, ਇਕ ਸੁਆਣੀ ਵੱਲੋਂ ਕੱਪੜੇ ਧੋਣ ਲਈ ਵਰਤੇ ਜਾਣ ਵਾਲ਼ੇ ‘ਸਰਫ਼’ ਨੂੰ, ਵੇਚਣ ਜਾਂ ਲੈਣ ਲਈ ਵਰਤੀ ਗਈ ‘ਘੜੀ’ ਦੇ ਵਿਗਿਆਪਨ ਲਈ, ਇਕ ਤੁੱਕ :-

“ਪਹਿਲੇ ਇਸਤੇਮਾਲ ਕਰੇਂ, ਫਿਰ ਵਿਸ਼ਵਾਸ ਕਰੇਂ।”

ਵਸਤੂ ਪ੍ਰਤਿ ਵਿਸ਼ਵਾਸ ਕਰਨ ਤੋਂ ਪਹਿਲਾਂ, ਉਸ ਦਾ ਇਸਤੇਮਾਲ ਕਰਨ ਲਈ, ਉਪਭੋਗਤਾ ਨੂੰ ਪ੍ਰੇਰਿਤ ਕਰਦੀ ਹੈ।

ਇਕ 20-25 ਸਕਿੰਟਾਂ ਦੇ ਵਿਗਿਆਪਨ ਦੀ, ਇਕ 'ਮੁੱਖ/ਕੇਂਦਰੀ ਤੁੱਕ' (Tag Line) ਹੀ, ਵਿਗਿਆਪਨ ਅਤੇ ਵਸਤ—ਦੋਹਾਂ ਦਾ ਸਾਰ ਪੇਸ਼ ਕਰਨ ਦੀ ਸਮਰੱਥਾ ਸਾਬਿਤ ਕਰਦੀ ਹੈ।

ਅਜੋਕੇ, ਵਿਸ਼ਵ ਮਹਾਂਮਾਰੀ 'ਨੋਵਲ : ਕੋਰੋਨਾ ਵਾਇਰਸ' ਦੇ ਮੁਸ਼ਕਿਲ ਸਮੇਂ ਵਿਚ ਵਿਗਿਆਪਨ ਜਗਤ ਨੂੰ ਵਸਤਾਂ ਦੀ ਵਿੱਕਰੀ ਵਿਚ ਵਾਧੇ ਲਈ ਅਤੇ ਉਪਭੋਗਤਾ ਨੂੰ ਮਨਾਉਣ/ਰਿਝਾਉਣ ਲਈ, ਕਈ ਲੋੜੀਂਦੀਆਂ ਤਬਦੀਲੀਆਂ ਕੀਤੀਆਂ ਹਨ। ਹਾਲਾਂਕਿ, ਇਹ ਇਸ ਬਾਜ਼ਾਰਵਾਦ ਦੀ ਕਮੀਂ ਹੈ, ਉਸਦੀ ਸੀਮਾ (drawback) ਹੈ ਕਿ ਅੱਜ ਦਾ ਵਪਾਰੀ, ਵਸਤੂ ਦੀ ਵਿੱਕਰੀ ਨੂੰ, ਕੇਵਲ ਆਪਣੇ ਮੁਨਾਫ਼ੇ ਦੇ ਨਜ਼ਰੀਏ ਤੋਂ ਚਲੰਤ ਰੱਖਦਾ ਹੈ। ਉਪਭੋਗਤਾ ਦੇ ਭਲੇ-ਬੁਰੇ ਨਾਲ਼, ਉਸ ਦਾ ਕੋਈ ਸੰਬੰਧ ਨਹੀਂ ਰਿਹਾ ਜਾਂ ਕਹਿ ਲਵੋ, ਫ਼ਿੱਕਾ ਪੈ ਗਿਆ ਹੈ।

ਕੋਰੋਨਾ ਮਹਾਂਮਾਰੀ ਨੂੰ ਵੀ ਵਪਾਰੀਆਂ ਨੇ, ਵਿਗਿਆਪਨਾਂ ਦੀ ਆੜ ਵਿਚ ਬਹੁਤ ਚਲਾਕੀ ਨਾਲ਼, ਆਪਣੇ ਵਪਾਰ ਦਾ ਇਕ ਜ਼ਰੀਆ ਬਣਾ ਲਿਆ ਹੈ। 'ਸਾਬਣ' ਦਾ ਉਤਪਾਦਨ ਕਰਨ ਵਾਲ਼ੀ ਲਗਭਗ ਹਰੇਕ ਕੰਪਨੀ ਨੇ, ਇਸ ਨੂੰ ਆਪਣੇ ਲਾਭ ਨੂੰ ਚੋਖਾ ਕਰਨ ਦਾ ਵਸੀਲਾ ਬਣਾਉਣ ਵਿਚ, ਕੋਈ ਕਸਰ ਨਹੀਂ ਛੱਡੀ।

'ਡਿਟੌਲ', 'ਲਾਈਫ਼ਬੁਆਇ' ਵਰਗੀਆਂ, ਸ਼ਰੀਰਕ ਵਾਇਰਸ-ਕੀਟਾਣੂਆਂ ਵਿਰੁੱਧ, ਆਪਣੇ ਸਾਬਣ ਨੂੰ ਉੱਤਮ ਦੱਸਣ ਵਾਲ਼ੀਆਂ ਕੰਪਨੀਆਂ, ਹੁਣ ਆਪਣੇ ਪਦਾਰਥ ਨੂੰ, ਕੋਰੋਨਾ ਦੇ ਕੀਟਾਣੂਆਂ ਉਪਰ ਵੀ 90% ਤੋਂ 99.99% ਤੱਕ ਹਾਵੀ ਹੋਣ ਦਾ ਦਾਅਵਾ ਕਰਦੀਆਂ ਹਨ। ਇਹੋ ਜਿਹੇ ਦਾਅਵੇ, ਦੂਸਰੀਆਂ ਵਸਤਾਂ ਦੇ ਵਿਗਿਆਪਨ ਵੀ ਕਰ ਰਹੇ ਹਨ।

ਪਰੰਤੂ, ਤਰਕ ਰਹਿਤ ਇਹ ਵਿਗਿਆਪਨ, ਪਿੱਛਲੇ ਉਤਪਾਦਨ ਅਤੇ ਵਿੱਕਰੀ ਲਾਭ ਨੂੰ, ਬਾਖ਼ੂਬੀ ਸਮਝਣ ਵਾਲ਼ਾ ਮਨੁੱਖ, ਇਸ ਗੱਲ 'ਤੇ ਪ੍ਰਸ਼ਨ ਚੁੱਕਦਾ ਹੈ ਕਿ ਜੇਕਰ 99% ਤੱਕ ਕੋਰੋਨਾ-ਕਿਟਾਣੂਆਂ ਨੂੰ ਹਰਾਉਣ ਦੀ ਸ਼ਕਤੀ, ਸਿਰਫ਼ ਇਕ ਸਾਬਣ ਦੀ ਟਿੱਕੀ ਵਿਚ ਹੈ, ਤਾਂ ਵਿਸ਼ਵ ਭਰ ਦੇ 'ਸਿਹਤ ਵਿਭਾਗ', ਇਕ ਫ਼ੀਸਦੀ ਕਿਟਾਣੂਆਂ ਪਿੱਛੇ, 'ਵੈਕਸੀਨ' ਦੇ ਨਿਰਮਾਣ ਲਈ, ਦਿਨ-ਰਾਤ ਮਿਹਨਤ ਕਿਉਂ ਕਰ ਰਹੇ ਹਨ ? ਵਪਾਰ ਖ਼ੇਤਰ ਦੇ ਛੋਟੇ ਤੋਂ ਵੱਡੇ ਵਰਗ ਤੱਕ, ਲਗਭਗ ਹਰ ਕਿਸੇ ਨੇ, ਇਸ ਸਮੇਂ ਸੈ-ਸੁੱਚਮਤਾ (personal hygene) ਲਈ ਲੋੜੀਂਦੇ 'ਸੈਨੀਟਾਈਜ਼ਰ', 'ਹੈਂਡ ਵਾਸ਼', 'ਮਾਸਕ' ਆਦਿ ਦਾ ਨਿਰਮਾਣ ਕਾਰਜ, ਆਰੰਭ ਕਰ ਦਿੱਤਾ ਹੈ।

ਉਦਾਹਰਣ ਵਜੋਂ, ਸ਼ਰੀਰਕ ਤੰਦਰੁਸਤੀ ਲਈ ਤਾਕਤ ਦਾ ਮੰਤਰ—'ਚਯਵਨਪਰਾਸ਼' ਦੇਣ ਵਾਲ਼ੀ 'ਡਾਬਰ' ਕੰਪਨੀ ਵੀ, ਸੈਨੀਟਾਈਜ਼ਰ ਦਾ ਨਿਰਮਾਣ-ਕਾਰਜ ਆਰੰਭ ਕਰ ਚੁੱਕੀ ਹੈ। ਇਸ ਹੈਂਡ ਸੈਨੀਟਾਈਜ਼ਰ ਅਤੇ ਸਾਧਾਰਣ ਸੈਨੀਟਾਈਜ਼ਰ ਦੇ ਖ਼ੇਤਰ ਵਿਚ, ਨਵੇਂ ਨਵੇਂ ਬ੍ਰਾਂਡ ਹੋਂਦ ਵਿਚ ਆ ਚੁੱਕੇ ਹਨ।

ਪੁਰਾਤਨ ਜੜ੍ਹੀਆਂ ਬੂਟੀਆਂ ਸਹਿਤ, ਚਮੜੀ ਨੂੰ ਕੋਮਲ ਅਤੇ ਮੁਲਾਇਮ ਬਣਾਉਣ ਵਾਲ਼ੇ ਸਾਬਣ ਦਾ ਪ੍ਰਚਾਰ ਕਰਨ ਵਾਲ਼ੇ, ਹੁਣ ਇਹਨਾਂ ਨੂੰ ਹੀ, ਕੋਰੋਨਾ ਵਾਇਰਸ ਦਾ ਦੁਸ਼ਮਣ ਦੱਸਣ ਦਾ ਦਾਅਵਾ ਕਰ ਰਹੇ ਹਨ। ਕੁੱਝ ਉਦਾਹਰਣਾਂ ਵੇਖੋ :-

* **ਨੰਬਰ 1 ਸਾਬਣ :**

ਮੁੰਡਾ - ਬਾਹਰ ਸੇ ਸਮਾਨ ਆ ਗਿਆ (ਬਾਹਰੋਂ ਸਮਾਨ ਲਿਆਂਦਾ ਹੈ)

ਕੁੜੀ - ਅਬ ਸਾਬੁਨ ਸੇ ਹਾਥ ਧੋਨੇ ਕੀ ਬਾਰੀ ਹੈ (ਹੁਣ ਹੱਥ ਧੋਣ ਦੀ ਵਾਰੀ ਹੈ)

* **ਖ਼ੁਸ਼ਬੂਦਾਰ ਚੰਦਨ ਵਾਲਾ ਸੰਤੂਰ ਸਾਬਣ :**

  ...ਦਿਨ ਮੇਂ ਦੋ ਬਾਰ ਨਹਾਨੇ ਸੇ ਹਮ ਵਾਇਰਸ ਕੋ ਫ਼ੈਲਨੇ ਸੇ ਰੋਕ ਸਕਤੇ ਹੈਂ

  (ਹਰ ਰੋਜ਼, ਦੋ ਵਾਰੀ ਨਹਾ ਕੇ, ਅਸੀਂ ਵਾਇਰਸ ਨੂੰ ਫੈਲਣ ਤੋਂ ਰੋਕ ਸਕਦੇ ਹਾਂ)

* **'ਡਿਟੌਲ' ਕੋਵਿਡ-19 ਖ਼ਿਲਾਫ਼ ਅਸਰਦਾਰ**

  99.9 ਫੀਸਦੀ ਜ਼ਰਮਾਂ ਦਾ ਨਾਸ਼ ਕਰੇ।

* **ਠੰਡਕ ਪਹੁੰਚਾਉਣ ਵਾਲ਼ਾ ਸਿੰਥੋਲ ਸਾਬਣ/ਸੈਨੀਟਾਈਜ਼ਰ :**

  ਖ਼ੁਦ ਸਿੰਥੋਲ-ਸਵੱਛ ਹੋਵਾਂਗੇ ਤਾਂ ਹੀ

  ਤਾਂ ਹੀ ਸਿੰਥੋਲ-ਸਵੱਛ ਹੋਏਗਾ ਭਾਰਤ

  ਕੋਰੋਨਾ ਤੋਂ ਬਚੋ, ਸਿੰਥੋਲ ਵਰਤੋ।

ਬਹੁਤ ਸਾਰੀਆਂ ਕੰਪਨੀਆਂ ਨੇ ਤਰਲ ਪਦਾਰਥ ਵਜੋਂ, ਸੈਨੀਟਾਈਜ਼ਰ ਬਣਾਉਣੇ ਆਰੰਭ ਕਰ ਦਿੱਤੇ ਹਨ। ਇਸ ਦੌੜ ਵਿਚ, ਸੁੰਦਰਤਾ ਅਤੇ ਠੰਡਕ ਪਹੁੰਚਾਉਣ ਵਾਲ਼ੇ ਸਾਬਣ, ਮੁੱਖ ਤੌਰ 'ਤੇ ਹੱਥ ਧੋਣ ਦੇ ਨਿਰਦੇਸ਼ਾਂ ਨੂੰ ਆਧਾਰ ਬਣਾ ਕੇ ਕੰਪਨੀਆਂ, ਆਪਣੇ ਵਿਗਿਆਪਨਾਂ ਅਤੇ ਪ੍ਰਚਾਰ ਵਿਚ, ਆਪਣੇ ਉਤਪਾਦ ਨੂੰ ਉੱਤਮ ਦਿਖਾਉਣ ਦੀ ਹੋੜ ਵਿਚ ਹਨ। ਜਿਵੇਂ ਕਿ :-

* ਸੁੰਦਰਤਾ ਵਧਾਉਣ ਦੇ ਪਦਾਰਥ ਵੇਚਣ ਵਾਲ਼ੀ 'ਫੇਅਰ ਐਂਡ ਲਵਲੀ' ਵੀ, ਕਿਸੇ ਤੋਂ ਪਿੱਛੇ ਨਹੀਂ, ਫੇਸ ਵਾਸ਼ੋ ਦੇ ਵਿਗਿਆਪਨ ਵਿਚ ਉਸ ਦਾ ਕਥਨ ਹੈ :

  ...ਹਾਥੋਂ ਕੋ ਸੁਰੱਕਸ਼ਿਤ ਕਰ ਲੀਆ (ਹੱਥਾਂ ਨੂੰ ਸੁਰੱਖਿਅਤ ਕਰ ਲਿਆ)

  ਅਬ ਮੂੰਹ ਕੋ ਭੀ ਸੁਰੱਕਸ਼ਿਤ ਕਰ ਲੋ (ਹੁਣ ਮੂੰਹ ਨੂੰ ਵੀ ਸੁਰੱਖਿਅਤ ਕਰ ਲਵੋ)

  **ਫੇਅਰ ਐਂਡ ਲਵਲੀ ਫੇਸ ਵਾਸ਼**

ਇਸੇ ਪ੍ਰਕਾਰ 'ਆਹਾਰ' ਸੰਬੰਧਤ ਕਈ ਵਿਗਿਆਪਨਾਂ ਦੇ ਉਦਾਹਰਣ, ਇਸੇ ਪ੍ਰਕਾਰ ਦੀ ਭਾਸ਼ਾ ਨੂੰ ਵਰਤ ਕੇ, ਆਪਣੇ ਉਤਪਾਦਾਂ ਦੀ ਵਿੱਕਰੀ ਵਧਾ ਰਹੇ ਹਨ। ਜਿਵੇਂ ਕਿ :-

* **ਹਾਰਲਿਕਸ :**

  "...ਸਟਰੋਂਗ ਇਮੀਊਨਿਟੀ ਲਈ ਵਿਟਾਮਿਨ ਸੀ. ਡੀ.

  ਐਂਡ ਜਿੰਕ ਯੁਕਤ..."

*   **"ਨੋਵਾ ਸ਼ੁੱਧ ਘਿਉ ਖਾਉ ;** ਇਮੀਊਨਿਟੀ ਵਧਾਉ; ਤੰਦਰੁਸਤ ਰਹੋ, ਬਿਮਾਰੀ ਭਜਾਉ"

*   **ਕਵਾਲਿਟੀ ਵਾਲਜ਼** :

    Happiness is Essential / ਖੁਸ਼ੀ ਜ਼ਰੂਰੀ ਹੈ

    ਸੰਤੁਲਿਤ ਆਹਾਰ ਦੇ ਤੌਰ 'ਤੇ ਸੇਵਨ ਕਰੋ।

*   **ਰੈੱਡ ਲੇਬਲ ਚਾਹ-ਪੱਤੀ :**

    "ਇਕਾਂਤਵਾਸ ਹੋਏ ਪੜੌਸੀ ਲਈ : ਦੂਰ ਰਹਿ ਕੇ ਵੀ ਕੇਅਰ ਵਿਖਾ ਸਕਦੇ ਹਾਂ।"

*   **ਪ੍ਰੋਟੀਨੈੱਕਸ :**

    ਦਸ ਪੌਸ਼ਟਿਕ ਤੱਤਾਂ ਨਾਲ਼ ਇਮਊਨਿਟੀ ਵਧਾਉਣ ਵਿਚ ਮਦਦ ਕਰੇ

    ਤੰਦਰੁਸਤੀ ਵਧਾਏ; ਕਰੋਨਾ ਤੋਂ ਬਚਾਵੇ।

ਵਸਤਾਂ ਤੋਂ ਇਲਾਵਾ, ਟੀ.ਵੀ. ਜਗਤ ਵਿਚ, 'ਬਿਗ ਮੈਜ਼ਿਕ' ਅਤੇ 'ਜ਼ੀ' ਦੇ ਚੈਨਲਾਂ ਵੱਲੋਂ, ਲੋਕਾਂ ਨੂੰ ਹੱਥ ਧੋਣ ਦੀ ਪ੍ਰੇਰਨਾ ਦੇਣ ਲਈ, ਦਿਨ 'ਚ ਕਈ ਵਾਰ ਇਸ ਨਿਰਦੇਸ਼ ਦੇ ਨਾਲ਼ ਨਾਲ਼, ਸਕ੍ਰੀਨ ਤੇ 20 ਸਕਿੰਟ ਦਾ ਸਮਾਂ, ਘੜੀ ਵਿਖਾ ਕੇ, ਦਰਸ਼ਕਾਂ ਲਈ ਇੰਤਜ਼ਾਰ ਕੀਤਾ ਜਾਣ ਲੱਗਾ। ਤਾਂ ਜੋ ਉਤਨਾ ਚਿਰ, ਨਾ ਤਾਂ ਦਰਸ਼ਕਾਂ ਦਾ ਪ੍ਰੋਗਰਾਮ ਛੁੱਟੇ ਅਤੇ ਵਾਇਰਸ ਤੋਂ ਬਚਾਅ ਖ਼ਾਤਰ, ਹੱਥ ਵੀ ਧੋਤੇ ਜਾਣ। ਇਉਂ, ਵਾਇਰਸ ਤੋਂ ਡਰ ਦੀ ਭਾਵਨਾ ਨੂੰ, ਵਿਗਿਆਪਨਾਂ ਦੀ ਦੁਨੀਆਂ ਵਿਚ, ਭੁਨਾਇਆ ਜਾ ਰਿਹਾ ਹੈ। ਸੰਪੂਰਨ ਤੌਰ 'ਤੇ, ਵਿਗਿਆਪਨ ਦੀ ਮਾਨਸਿਕਤਾ ਨਾਲ਼ ਜੁੜੀ ਭਾਸ਼ਾ ਦਾ ਮੁੱਖ ਕੇਂਦਰ, ਵਸਤਾਂ ਦੀ ਵਿੱਕਰੀ ਵਧਾਉਣ ਅਤੇ ਉਹਨਾਂ ਨੂੰ ਲੋਕ ਪਿਆਰਾ ਬਣਾਉਣ ਵੱਲ ਕਾਰਜਸ਼ੀਲ ਹੁੰਦੀ ਹੈ। ਅਜੋਕੇ ਬਦਲਦੇ ਯੁੱਗ ਵਿਚ, ਵਿਗਿਆਪਨਾਂ ਵਿਚ ਵਰਤੇ ਜਾਣ ਵਾਲ਼ੇ ਸ਼ਬਦਾਂ ਰਾਹੀਂ, ਵਸਤਾਂ ਦੀ ਵਿੱਕਰੀ ਨੂੰ ਪ੍ਰਭਾਵਿਤ ਕਰਨ ਦੀ ਪੁਰਜ਼ੋਰ ਕੋਸ਼ਿਸ਼ ਕੀਤੀ ਜਾਂਦੀ ਹੈ। ਵਸਤਾਂ ਦੇ ਨਿਰਮਾਣ ਵਿਚ, ਫੇਰ-ਬਦਲ ਕਰਨ ਨਾਲ਼ੋਂ, ਵਿਗਿਆਪਨ ਦੀ ਭਾਸ਼ਾ ਨੂੰ ਬਦਲ ਕੇ, ਕਿੰਨੀ ਹੁਸ਼ਿਆਰੀ ਨਾਲ਼ ਵਪਾਰੀ ਵਰਗ, ਆਪਣੇ ਉਤਪਾਦ ਨੂੰ ਵੇਚਣ ਵਿਚ ਤੇਜ਼ੀ ਨਾਲ਼ ਸਫ਼ਲ ਹੋ ਰਿਹਾ ਹੈ। ਇਹ ਬੜੀ ਹੈਰਾਨੀ ਦੀ ਗੱਲ ਹੈ।

**ਚੰਗੇ ਉਪਭੋਗਤਾ ਬਣੋ ; ਜਾਗਰਿਤ ਰਹੋ ; ਸੁਚੇਤ ਰਹੋ।**

**ਨੋਟ :** ਇਸ ਪਾਠ ਦੀ ਤਿਆਰੀ ਲਈ, ਜਿਨ੍ਹਾਂ ਮਹੱਤਵਪੂਰਨ ਸਮੀਖਿਆ-ਪੁਸਤਕਾਂ ਤੋਂ ਸਹਾਇਤਾ ਲਈ ਗਈ ਹੈ, ਉਨ੍ਹਾਂ ਦੀ ਵਿਸਤ੍ਰਿਤ ਸੂਚੀ, ਇਸ ਪਾਠ ਦੇ ਅੰਤ 'ਤੇ ਦਰਜ਼ ਕੀਤੀ ਗਈ ਹੈ। ਜੇਕਰ ਵਿਦਿਆਰਥੀ, ਇਸ ਵਿਸ਼ੇ ਉਪਰ ਹੋਰ ਡੂੰਘੀ ਜਾਣਕਾਰੀ ਹਾਸਿਲ ਕਰਨਾ ਲੋਚਦੇ ਹਨ, ਤਾਂ ਉਹ ਇੱਥੇ ਅੱਗੇ ਦਿੱਤੀਆਂ ਗਈਆਂ ਪੁਸਤਕਾਂ ਦਾ ਅਧਿਐਨ ਵੀ ਕਰਨ।

## ਪ੍ਰਸ਼ਨਾਵਲੀ

**ਪ੍ਰਸ਼ਨ 1.** ਵਿਗਿਆਪਨ ਲਿਖਣਾ, ਇਕ ਕਲਾ ਹੈ : ਸਪੱਸ਼ਟ ਕਰੋ।

**ਪ੍ਰਸ਼ਨ 2.** ਹੇਠਾਂ ਲਿਖਿਆਂ ਵਿਚੋਂ ਕਿਸੇ ਇਕ ਬਾਰੇ ਵਿਗਿਆਪਨ ਲਿਖੋ ਅਤੇ ਅਖ਼ਬਾਰ ਵਿਚ ਛਪਣ ਲਈ, ਕਵਰਿੰਗ ਲੈਟਰ ਵੀ ਨੱਥੀ ਕਰੋ :-

(ੳ) ਰਹਾਇਸ਼ੀ ਪਲਾਟ ਦੀ ਵਿੱਕਰੀ

(ਅ) ਸਮਾਜਕ-ਵਿੱਥ ਬਣਾ ਕੇ ਰਖੋ

(ੲ) ਦੁਕਾਨ ਕਿਰਾਏ ਉਪਰ ਦੇਣ ਸੰਬੰਧੀ

(ਸ) ਪੁਸਤਕ-ਮੇਲਾ

**ਪ੍ਰਸ਼ਨ 3.** ਅਜੋਕੇ ਸਮੇਂ ਵਿਚ ਵਿਗਿਆਪਨਾਂ ਦੀ ਬਦਲਦੀ ਭਾਸ਼ਾ ਬਾਰੇ, ਸੰਖੇਪ ਨੋਟ ਲਿਖੋ।

**ਪ੍ਰਸ਼ਨ 4.** ਮੋਬਾਇਲ ਫ਼ੋਨ ਅਤੇ ਵਿਗਿਆਪਨ ਦਾ ਪਰਸਪਰ ਰਿਸ਼ਤਾ ਕੀ ਹੈ ?

## ਸਹਾਇਕ ਪੁਸਤਕ ਸੂਚੀ


1. ਅਸ਼ੋਕ ਮਹਾਜਨ, **ਵਿਗਿਆਪਨ**, (ਚੌਥਾ ਸੰਸਕਰਣ), 2008, ਹਰਿਆਣਾ ਸਾਹਿਤ ਅਕਾਦਮੀ, ਪੰਚਕੂਲਾ।
2. ਡਾ. ਵਿਨੋਦ ਗੋਦਰੇ, **ਪ੍ਰਯੋਜਨਮੂਲਕ ਹਿੰਦੀ**, 1991, ਮਹਾਰਾਸ਼ਟਰ ਰਾਜ ਹਿੰਦੀ ਸਾਹਿਤ ਅਕਾਦਮੀ, ਬੰਬਈ।
3. ਐਸ.ਐਸ. ਦਿਲਗੀਰ, **ਜਨਸੰਪਰਕ**, 1986, ਪੰਜਾਬੀ ਯੂਨੀਵਰਸਿਟੀ, ਪਟਿਆਲਾ।
4. ਡੀ.ਆਰ. ਗਰੋਵਰ, **ਸੂਚਨਾ ਸੇਵਾਵਾਂ**, 1993, ਪੰਜਾਬੀ ਯੂਨੀਵਰਸਿਟੀ, ਪਟਿਆਲਾ।
5. ਕੇਵਲ ਕੁਮਾਰ, **ਮਾਸ ਕੌਮਨੀਕੇਸ਼ਨ ਇਨ ਇੰਡੀਆ**, 2002, ਜਾਇਕੋ, ਦਿੱਲੀ।
6. ਐਨ.ਐਲ. ਨਾਗਪਾਲ, **ਵਿਗਿਆਪਨ : ਡਿਜ਼ਾਇਨ ਤੇ ਛਪਾਈ ਕਲਾ**, 1995, ਪੰਜਾਬੀ ਯੂਨੀਵਰਸਿਟੀ, ਪਟਿਆਲਾ।
7. ਅਨੂਪ ਸਿੰਘ, **ਸੰਪਾਦਨ ਤੇ ਪ੍ਰਕਾਸ਼ਨ ਪ੍ਰਕਿਰਿਆ**, 1994, ਪੰਜਾਬੀ ਯੂਨੀਵਰਸਿਟੀ, ਪਟਿਆਲਾ।
8. ਮਹਿੰਦਰ ਪ੍ਰਤਾਪ ਸਿੰਘ ਤੇ ਸੇਵਾ ਸਿੰਘ, **ਸੰਧਰਭ ਤੇ ਸੂਚਨਾ ਸ੍ਰੋਤ**, 1994, ਪੰਜਾਬੀ ਯੂਨੀਵਰਸਿਟੀ, ਪਟਿਆਲਾ।
9. ਐਡੀਟਰਸ ਆਫ਼ ਐਨਸਾਇਕਲੋਪੀਡੀਆ ਬ੍ਰੀਟੈਨਿਕਾ, ਬ੍ਰੀਟੈਨਿਕਾ ਰੇਡੀ ਰੈਫਰੰਸ, ਐਨਸਾਇਕਲੋਪੀਡੀਆ, (ਜਿਲਦ ਪਹਿਲੀ), ਇਮਪਲਸਿਸ, ਨਵੀਂ ਦਿੱਲੀ।
10. ਪ੍ਰੀਮਿੰਗਰ, ਐਲੈਂਕਸ ਤੇ ਹੋਰ, **ਐਨਸਾਇਕਲੋਪੀਡੀਆ ਪੋਇਟਰੀ ਐਂਡ ਪੋਇਟਿਕਸ**, 1974, ਦੀ ਮੈਕਮਿਲਨ ਪ੍ਰੈਸ ਲਿਮਟਿਡ, ਲੰਡਨ।

11. ਲਿਟਲ ਵਿਲੀਅਮ ਤੇ ਹੋਰ, **ਦੀ ਸ਼ੋਰਟਰ ਆਕਸਫੌਰਡ ਇੰਗਲਿਸ਼ ਡਿਕਸ਼ਨਰੀ**, 1980, ਆਕਸਫੋਰਡ।

12. ਫਲੌਅਰਸ, ਰੌਜਰ (ਸੰਪਾ.), **ਏ ਡਿਕਸ਼ਨਰੀ ਆਫ਼ ਮਾਡਰਨ ਕ੍ਰਿਟਿਕਲ ਟਰਮਸ**, 1973, ਰਾਜਰ ਐਂਡ ਕੀਜਨ ਪਾੱਲ, ਲੰਡਨ।

13. ਅਰਵਿੰਦ ਕੁਮਾਰ, **ਪੱਤਰਕਾਰ ਔਰ ਪੱਤਰਕਾਰਿਤਾ ਪ੍ਰੀਕਸ਼ਣ**, 2002, ਸਾਮਯਿਕ, ਦਿੱਲੀ।

14. ਧੀਰੇਂਦਰ ਵਰਮਾ (ਸੰਪਾ.), **ਹਿੰਦੀ ਸਾਹਿਤਯ ਕੌਸ਼**, ਸੰਮਤ: 2020, ਗਿਆਨ ਮੰਡਲ ਲਿਮਟਿਡ, ਵਾਰਾਣਸੀ।

**–0–**